# ਸੁੰਨ ਮੰਡਲ ਦੇ ਜੋਗੀ



ਗੁਰਬਚਨ ਸਿੰਘ ਨਾਮਧਾਰੀ

Sri Satguru Jagjit Singh Ji eLibrary NamdhariElibrary@gmail.com



# Sri Satguru Jagjit Singh Ji eLibrary

www.archive.org/details/namdhari

Sri Satguru Jagjit Singh Ji eLibrary (Namdhari eLibrary) has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji eLibrary online, which until now have only been available to a handful of scholars and researchers.

This new Sri Satguru Jagjit Singh Ji eLibrary allows school children, students, researchers, and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji eLibrary, but it is just a first step on a long road.

You can access this information free of charge. The range of books available in this Elibrary are on Gurbani, Ancient, Sikhism, Namdhari, History, Youth, Children, and others.

In order to continue conserving, digitising and publishing our numerous literatures online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the eLibrary's collections are conserved and digitised, and are made available to students, scholars, and readers the world over. The eLibrary collection is growing day by day and some rare and priceless books/magazines/manuscripts and other items have already been digitised.

Access the SJS eLibrary on the following link

www.archive.org/details/namdhari

For INDEX to the SJS eLibrary please use

www.archive.org/details/IndexSJSELibrary

You can also search Namdhari eLibrary on Google to access this Elibrary.

Contact Details

Please contact us on

NamdhariElibrary@gmail.com

# ਸੁੰਨ ਮੰਡਲ ਦੇ ਜੋਗੀ

# ਸੁੰਨ ਮੰਡਲ ਦੇ ਜੋਗੀ


## ਗੁਰੂਬਚਨ ਸਿੰਘ ਨਾਮਧਾਰੀ



ਪ੍ਰਕਾਸ਼ਕ
ਵਿਸ਼ਵ ਨਾਮਧਾਰੀ ਸੰਗਤ
ਸ੍ਰੀ ਭੈਣੀ ਸਾਹਿਬ



Sri Satguru Jagjit Singh Ji eLibrary NamdhariElibrary@gmail.com

**Vishav Namdhari Sangat**
**Siri Bhaini Sahib**

Price: 200/-

# Sunn Mandal De Jogi

*by*

**Gurubachan Singh Namdhari**

2020
printed & bound by
Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429, 4027552

*© Author 2020*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

Sri Satguru Jagjit Singh Ji eLibrary NamdhariElibrary@gmail.com

## ਸਾਦਰ ਸਮਰਪਿਤ

ਗੁਰੂ ਪਰੰਪਰਾ ਨੂੰ
ਜਿਹੜੀ, ਗੁਰੂ ਨਾਨਕ ਜੋਤਿ ਲੈ ਕੇ ਤੁਰੀ...
ਕਈ ਬਿਖਮ ਘਾਟੀਆਂ 'ਚੋਂ ਲੰਘਦੀ
ਝੱਖੜਾਂ ਨੂੰ ਝੱਲਦੀ...
ਸ੍ਰੀ ਭੈਣੀ ਸਾਹਿਬ ਪੁੱਜੀ...
ਗੁਰੂ ਜੋਤਿ "ਉਦੈ" ਹੋਈ.....।

# ਤਤਕਰਾ


| | | |
|---|---|---|
| | ਦੋ ਸ਼ਬਦ | 7 |
| | ਮੁੱਖ ਬੰਧ | 9 |
| 1 | ਮਾਨਸ ਕੀ ਜਾਤ ਸਭੈ... | 11 |
| 2 | ਮੂਲ ਮੰਤ੍ਰ | 20 |
| 3 | ਸੁਚਿ ਹੋਵੈ ਤਾਂ ਸਚੁ ਪਾਈਐ | 28 |
| 4 | ਦੁਇ ਕਰ ਜੋੜਿ ਕਰਉ ਅਰਦਾਸਿ... | 33 |
| 5 | ਪਾਲਿ ਸਮੁਹਾ ਸਰਵਰੁ ਭਰਾ | 38 |
| 6 | ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ... | 41 |
| 7 | ਕੂਕਾ : ਸ਼ਾਹ ਫ਼ਕੀਰ | 47 |
| 8 | ਮਾਧੋ ਸਾਧੂ ਜਨ ਦੇਹੁ ਮਿਲਾਇ | 53 |
| 9 | ਪਿਰ ਪਰਦੇਸਿ ਸਿਧਾਏ | 62 |
| 10 | ਨਾਨਕ ਬਿਜੁਲੀਆ ਚਮਕੰਨਿ..... | 70 |
| 11 | ਸਤਿਗੁਰੁ ਮੇਰਾ ਪੂਰਾ | 75 |
| 12 | ਧਰਮ ਖੰਡ | 80 |
| 13 | ਧੁਨਿ ਮਹਿ ਧਿਆਨੁ | 83 |
| 14 | ਵਿਦਿਆਰਥੀ | 87 |
| 15 | ਤਿਚਰ ਵਸਹਿ ਸੁਹੇਲੜੀ | 94 |
| 16 | ਮੂ ਲਾਲਨ ਸਿਉ ਪ੍ਰੀਤਿ ਬਨੀ.... | 99 |
| 17 | ਭੁਗਤਿ ਗਿਆਨੁ ਦਇਆ ਭੰਡਾਰਣਿ | 105 |
| 18 | ਜਗਦਾ ਦੀਵਾ | 110 |
| 19 | "ਬੋਲਦਾ ਬੋਹੜ" | 117 |
| 20 | ਹਰਿ ਕੀ ਗਤਿ ਨਹਿ ਕੋਊ ਜਾਨੈ | 125 |




Sri Satguru Jagjit Singh Ji eLibrary NamdhariElibrary@gmail.com

| | | |
|---|---|---|
| 21 | ਸਤਿਗੁਰ ਪੁਰਖੁ ਅਗੰਮ ਹੈ.... | 128 |
| 22 | "ਸਭ ਮੁਕਦੀ ਚਲੀ ਰੈਣਿ" | 133 |
| 23 | "ਇਹੁ ਤੇਲੁ ਦੀਵਾ ਇਉ ਜਲੈ" | 136 |
| 24 | ਗੁਰਮੁਖਿ ਅੰਤਰਿ ਸਹਜੁ ਹੈ | 140 |
| 26 | ਰੁਤਿ ਫਿਰੀ ਵਣੁ ਕੰਬਿਆ | 143 |
| 27 | ਗੁਹਜ ਕਥਾ | 147 |
| 28 | ਬੂੰਦ ਮਹਿ ਸਾਗਰ | 151 |
| 29 | ਮਾਹ ਦਿਵਸ ਮੂਰਤਿ ਭਲੇ... | 157 |
| 30 | ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ.... | 164 |
| 31 | ਸਭ ਤੇ ਊਤਮ ਹਰਿ ਕੀ ਕਥਾ | 168 |
| 32 | ਗੁਰੁ ਮੇਰਾ ਪਾਰਬ੍ਰਹਮ | 174 |
| 33 | ਅਬ ਮੋਹਿ ਜਲਤ ਰਾਮ ਜਲ ਪਾਇਆ | 179 |
| 34 | ਕਰਹਿ ਭਗਤਿ ਆਤਮ ਕੈ ਚਾਇ | 182 |
| 35 | ਕਰਮ ਬਿਰਖ | 185 |
| 36 | ਤੁਮ ਘਰਿ ਆਵਹੁ ਮੇਰੇ ਮੀਤ | 189 |
| 37 | ਫਰੀਦਾ ਬੁਰੇ ਦਾ ਭਲਾ ਕਰਿ | 192 |
| 38 | ਜਿਨ ਪ੍ਰੇਮ ਕੀਓ | 198 |
| 39 | ਤੀਰਥ ਬਰਤ ਅਰੁ ਦਾਨ ਕਰਿ.... | 204 |



Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਬ੍ਰਹਮਾਂਡ ਵਿਚ ਕਈ ਲੋਕ ਹਨ: ਧਰਤ ਲੋਕ, ਆਕਾਸ਼ ਲੋਕ, ਪਾਤਾਲ ਲੋਕ, ਸਵਰਗ ਲੋਕ, ਵਿਸ਼ਨੂੰ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਦੇਵ ਲੋਕ। ਇਕ ਨਿਰੰਕਾਰ ਵਲੋਂ ਸਿਰਜੇ ਹੋਏ, ਅਨੇਕਾਂ ਮੰਡਲ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹਨਾਂ ਸਾਰਿਆਂ ਮੰਡਲਾਂ ਤੋਂ ਪਰ੍ਹੇ, ਜਿੱਥੇ ਸਾਰੇ ਮੰਡਲ ਸਿਰਜੇ ਜਾ ਰਹੇ ਹਨ, ਉਹ "ਸੁੰਨ ਮੰਡਲ" ਹੈ। ਸਾਰੇ ਲੋਕ ਇਥੋਂ ਹੀ ਉਪਜ ਰਹੇ ਹਨ...ਇਸੇ ਵਿਚ ਸਮਾਹਿਤ ਹੋ ਰਹੇ ਹਨ-

ਸੁੰਨਹੁ ਖਾਣੀ ਸੁੰਨਹੁ ਬਾਣੀ॥
ਸੁੰਨਹੁ ਉਪਜੀ ਸੁੰਨਿ ਸਮਾਣੀ॥ (ਪੰ.1037)

ਪਰਮੇਸ਼ਰ ਦੇ ਸਿਰਜਨ ਵਿਧਾਨ ਅੰਦਰ, ਕਈ ਮੁਕਤਿ ਰੂਹਾਂ ਜਗ ਤੇ ਆਈਆਂ, ਜਿਹਨਾਂ ਨੂੰ ਮਾਇਆ ਦੇ ਦੂਤ ਛੂਹ ਨਾ ਸਕੇ। ਉਹ ਮੁਕਤਿ ਜਨ ਕਹਿਲਾਏ। ਤੱਤੀ ਲੋਹ ਤੇ ਬੈਠ ਗਏ, ਪੇਸ਼ਾਨੀ ਤੇ ਸ਼ਿਕਨ ਨਾ ਆਈ। ਸੀਸ ਕਟਵਾਇਆ, ਸੀਅ ਨਾ ਕੀਤੀ। ਸਰਬੰਸ ਵਾਰ ਦਿੱਤਾ। ਅਸਹਿ ਕਸਟ ਸਹੇ...ਦੇਸ਼ੋਂ ਪਰਦੇਸ ਚਲੇ ਗਏ... ਭਾਣਾ ਪਰਮੇਸ਼ਰ ਦਾ ਮੰਨਿਆ। ਉਹ ਪਰਮਹੰਸ ਪ੍ਰਾਣੀ, ਧਰਤੀ ਤੇ ਆਏ... ਜ਼ਿੰਦਗੀ ਨੂੰ ਕੁਝ ਜਾਚਾਂ ਦਿੱਤੀਆਂ...ਸੰਸਾਰ ਨੂੰ ਕੁਝ ਸੁਨੇਹੇ ਦਿੱਤੇ ਔਰ ਸੁੰਨ ਵਿਚ ਲੀਨ ਹੋ ਗਏ। ਉਹ "ਸੁੰਨ ਮੰਡਲ ਦੇ ਜੋਗੀ" ਹਨ।

ਜਿਵੇਂ ਪੰਜਵੇਂ ਪਾਤਸ਼ਾਹ ਨੇ, ਆਤਮ ਫੁਰਨੇ ਨਾਲ ਉਹਨਾਂ ਮੁਕਤਿ ਆਤਮਾਵਾਂ ਦਾ ਆਵਾਹਨ ਕੀਤਾ। ਉਹ ਮੁਕਤਿ ਰੂਹਾਂ, ਸੰਪਰਦਾ ਭੇਦ ਤੋਂ ਬਹੁਤ ਦੂਰ ਦੇ, ਦਿੱਵ ਪ੍ਰਾਣੀ ਹਨ। ਪਾਤਸ਼ਾਹ ਨੇ ਉਹਨਾਂ ਭਗਤਾਂ ਦੇ ਸੰਦੇਸ਼, ਪਵਿੱਤਰ ਗੁਰਬਾਣੀ ਰਾਹੀਂ ਜਗ ਜਾਹਿਰ ਕੀਤੇ।

ਮਾਰਚ 2019 ਨੂੰ ਉਤਰਾਖੰਡ ਦੇ ਉੱਚੇ ਪਹਾੜਾਂ ਦੀ ਇਕ ਮੌਨ ਘਾਟੀ "ਦੇਵ ਪ੍ਰਯਾਗ" ਵਿਚ ਇਕਾਂਤਵਾਸ ਕਰਦਿਆਂ, ਭਾਗੀਰਥੀ-ਅਲਕਨੰਦਾ, ਦੋ ਦੇਵ ਨਦੀਆਂ ਦੇ ਸੰਗਮ ਤੇ, ਅੰਮ੍ਰਿਤ ਵੇਲੇ, ਮੇਰੀ ਆਤਮਕ ਅਨੁਭੂਤੀ ਨੇ ਸੰਕਲਪ ਲਿਆ। ਉਸ ਸੰਕਲਪ ਨੇ ਅੱਖਰਾਂ ਦਾ ਰੂਪ ਧਰਿਆ ਅਤੇ ਅੱਖਰਾਂ ਨੇ ਪੁਸਤਕ ਦਾ ਆਕਾਰ ਲਿਆ.... "ਸੁੰਨ ਮੰਡਲ ਦੇ ਜੋਗੀ"....।



Sri Satguru Jagjit Singh Ji eLibrary NamdhariElibrary@gmail.com

# ਮੁੱਖ ਬੰਧ

ਦੋ ਬਿੰਦੂਆਂ ਨੂੰ ਜੋੜਨ ਵਾਲੀ ਇਕ ਰੇਖਾ:- ਇਹ ਜੀਵਨ ਰੇਖਾ ਹੈ। ਇੱਕ ਬਿੰਦੂ ਜਨਮ ਹੈ, ਦੂਜਾ...ਮੌਤ। ਇਹਨਾਂ ਦੁਹਾਂ ਦਾ ਵਿਚਲਾ ਕਾਲ ਖੰਡ, ਜੀਵਨ ਹੈ। ਇਸ ਜੀਵਨ ਦੇ ਦੋ ਖੰਡ ਹਨ: ਦੇਹ ਖੰਡ ਅਤੇ ਆਤਮ ਖੰਡ। ਦੁਹਾਂ ਖੰਡਾਂ ਦੇ ਮੰਡਲ ਵੱਖ ਵੱਖ ਹਨ। ਦੇਹ, ਸੰਸਾਰ ਮੰਡਲ ਦੀ ਸ਼ੈਅ ਹੈ....ਪੰਚ ਭੂਤਕ ਦੇਹ। ਜੀਵਾਤਮਾ ਸੁੰਨ ਮੰਡਲ ਦਾ ਪੰਖੀ ਹੈ।

ਸੰਸਾਰ ਨਾਲ ਜੁੜੀਆਂ ਹੋਈਆਂ ਦੇਹ ਦੀਆਂ ਲੋੜਾਂ-ਥੋੜਾਂ ਬਾਬਤ, ਅਨੇਕ ਭੌਤਕ ਸ਼ਾਸਤ੍ਰੀ ਮੌਜੂਦ ਹਨ। ਜੀਵਾਤਮਾ ਦੀ ਸੁੱਧ ਤਾਂ ਕੋਈ ਜੋਗੀ ਲੈਂਦਾ ਹੈ... "ਸੁੰਨ ਮੰਡਲ ਦਾ ਜੋਗੀ"। ਸ੍ਰਿਸ਼ਟੀ ਦਾ ਪਹਿਲਾ ਜੋਗੀ, ਨਿਰੰਕਾਰ ਹੈ। ਸ੍ਰਿਸ਼ਟੀ ਸਾਜੀ... ਜੀਵ-ਨਿਰਜੀਵ ਬਣਾਏ। ਸਭ ਵਿਚ ਆਪਣੀ ਜੋਤਿ ਰੱਖੀ ਔਰ ਜੋਤ ਰਾਹੀਂ ਸਭ ਨਾਲ ਜੁੜ ਗਿਆ। ਪਰਮ ਜੋਗੀ।

ਸੁੰਨ ਦਾ ਅਰਥ ਹੈ, ਸੱਖਣਾ...ਰਿਕਤ...ਖਾਲੀ...ਪੁਲਾੜ...ਆਸਮਾਂ! ਆਸਮਾਂ ਤੇ ਬੱਦਲ ਛਾਏ, ਬਰਖਾ ਹੋਈ ਔਰ ਅੱਗੇ ਨਿਕਲ ਗਏ। ਆਸਮਾਂ, ਫੇਰ ਖਾਲੀ ਹੋ ਗਿਆ। ਤਾਂ ਆਕਾਸ਼ ਨੂੰ ਸ਼ਬਦ ਜਾਂ ਸੁੰਨ ਭੀ ਕਿਹਾ ਗਿਆ। ਆਕਾਰ ਨੂੰ ਸਿਰਜਤ ਕੀਤਾ ਜਾ ਸਕਦੈ, ਨਿਰਾਕਾਰ ਨੂੰ ਨਹੀਂ। ਸੰਸਾਰ ਨੂੰ ਸਿਰਜਤ ਕੀਤਾ ਗਿਆ.... ਸੁੰਨ, ਆਪ "ਸੈਭੰ" ਹੈ। "ਸੁੰਨ", ਖਾਲੀ ਹੋਣ ਦੀ ਘਟਨਾ ਹੈ। ਸੰਸਾਰ ਭਰਿਆ ਹੋਇਆ ਹੈ। ਧਰਤੀ ਤੇ ਜੀਅ, ਜੰਤ, ਨਦੀਆਂ, ਸਾਗਰ, ਪਹਾੜ ਭਰੇ ਹਨ। ਆਕਾਸ਼ ਤੇ ਸੂਰਜ, ਚੰਦ, ਤਾਰੇ ਭਰੇ ਹਨ। ਭਾਂਡੇ ਭਰੇ ਹਨ, ਭੋਜਨ ਨਾਲ। ਮੂੰਹ ਭਰਿਆ ਹੈ, ਬੁਰਕੀ ਨਾਲ। ਬੋਲ ਨਹੀਂ ਸਕਦੇ। ਖਾਲੀ ਹੋਵੇ ਤਾਂ ਗੱਲ-ਬਾਤ ਹੋਵੇ। ਖਾਲੀ ਹੋਵੇ ਤਾਂ ਸੁੰਨ ਸਿਰਜਿਆ ਜਾਏ। ਇਹੁ ਰਿਕਤਤਾ, ਇਹੁ ਸੁੰਨ, ਬੇਸ਼ਕੀਮਤੀ ਹੈ।

ਨਿਰੰਕਾਰ ਜੋਗੀ ਹੈ। ਸਤਿਗੁਰ, ਸੰਤ, ਜੋਗੀ ਹਨ। ਪੰਜਵੇਂ ਪਾਤਸ਼ਾਹ ਕਹਿੰਦੇ ਹਨ-

"ਐਸਾ ਜੋਗੀ ਵਡਭਾਗੀ ਭੇਟੈ, ਮਾਇਆ ਕੇ ਬੰਧਨ ਕਾਟੈ॥"



Sri Satguru Jagjit Singh Ji eLibrary NamdhariElibrary@gmail.com

ਦੇਹਧਾਰੀ ਜੋਗੀਆਂ ਦੀ ਕਹਾਣੀ ਹੈ। ਉਹ ਜੱਗ ਵਿਚ ਆਏ, ਬਹੁਤ ਕੁਝ ਦੇ ਕੇ ਚਲੇ ਗਏ। ਪਵਿੱਤਰ ਗੁਰਬਾਣੀ, ਉਹਨਾਂ ਜੋਗੀਆਂ ਦੀਆਂ ਦਾਤਾਂ ਦਾ ਦਸਤਾਵੇਜ਼ ਹੈ। ਉਹਨਾਂ ਦਿੱਵ ਰੂਹਾਂ ਦੀਆਂ ਸਿੱਖਿਆਵਾਂ ਨੂੰ, ਸਰਲ...ਵਾਰਤਿਕ ਰੂਪ ਵਿਚ ਭੇਟ ਕਰਨ ਦਾ ਨਿਮਾਣਾ ਜਿਹਾ ਉਦਮ ਹੈ–

"ਸੁੰਨ ਮੰਡਲ ਦੇ ਜੋਗੀ"....।



Sri Satguru Jagjit Singh Ji eLibrary NamdhariElibrary@gmail.com

## 1.

# ਮਾਨਸ ਕੀ ਜਾਤ ਸਭੈ...

ਵਿਕਾਸ ਦੀ ਅੰਨ੍ਹੀ ਦੌੜ ਲੱਗੀ ਹੈ। ਹਜ਼ਾਰਾਂ ਸਾਲਾਂ ਤੋਂ, ਭੌਤਿਕ ਵਿਕਾਸ ਦੀ, ਕਦੇ ਨਾ ਮੁੱਕਣ ਵਾਲੀ ਰੇਸ ਦੌੜਦਾ ਹੋਇਆ ਮਨੁੱਖ, ਅੱਜ ਉਸ ਮੁਕਾਮ ਤੇ ਪਹੁੰਚ ਗਿਆ ਹੈ ਕਿ ਉਸਦਾ ਸਭ ਕੁਝ, ਉਸਦੀ ਆਪਣੀ ਪਹਿਚਾਣ ਵੀ, ਬਹੁਤ ਪਿੱਛੇ ਕਿਤੇ ਛੁੱਟ ਗਈ। ਕਿੰਨਾ ਵਿਚਾਰਾ, ਕਿੰਨਾ ਅਸਹਾਇ, ਕਿੰਨਾ ਇਕੱਲਾ। ਆਪਣੀ ਨਿਵੇਕਲੀ ਪਛਾਣ ਬਨਾਉਣ ਦੇ ਜਨੂਨ ਵਿਚ, ਸਮਾਜ ਤੋਂ ਪਰਿਵਾਰ ਤੋਂ.... ਮਿੱਤਰਾਂ-ਰਿਸ਼ਤੇਦਾਰਾਂ ਸਭ ਤੋਂ....ਕਿਸ਼ਤਾਂ ਵਿੱਚ ਟੁੱਟਦਾ ਹੋਇਆ ਮਨੁੱਖ! ਅੱਜ ਪਤੀ-ਪਤਨੀ, ਪਿਤਾ-ਪੁੱਤ, ਭਾਈ, ਸਾਰੇ ਰਿਸ਼ਤੇ, ਸੰਬੰਧ, ਸ਼ੰਕਾ ਨਾਲ ਭਰੇ ਹੋਏ ਹਨ। ਹਰ ਰਿਸ਼ਤੇ ਦੀ ਪਉੜੀ ਬਣਾ ਕੇ, ਉਪਰ ਚੜਦਾ ਹੋਇਆ.... ਸੁਆਰਥ ਸਾਧਦਾ ਹੋਇਆ ਮਨੁੱਖ, ਇਕੱਲਾ ਰਹਿ ਗਿਆ.... ਤਨਹਾ ਇਨਸਾਨ!

ਹਜ਼ਾਰਾਂ ਸਾਲਾਂ ਤੋਂ ਰਿਸ਼ੀ ਮੁਨੀ, ਸਤਿਗੁਰ, ਸੰਤ, ਮਨੁੱਖ ਨੂੰ, ਮਜ਼ਬੂਤ ਦਰੱਖ਼ਤ ਵਾਂਗ ਸਮਾਜ ਦੀਆਂ ਜੜ੍ਹਾਂ ਨਾਲ ਜੁੜਿਆਂ ਰਹਿਣ ਦਾ ਮਸ਼ਵਰਾ ਦਿੰਦੇ ਰਹੇ। ਸਮਾਜ ਸ਼ਾਸਤ੍ਰੀ ਕਹਿੰਦੇ ਰਹੇ, ਮਨੁੱਖ ਸਮਾਜਿਕ ਪ੍ਰਾਣੀ ਹੈ। ਅਮੀਰ, ਗਰੀਬ ਅਤੇ ਵੱਖ-ਵੱਖ ਫ਼ਿਰਕਿਆਂ ਵਿਚ ਵੰਡਦੇ ਹੋਏ, ਮਨੁੱਖ ਮਾਤਰ ਨੂੰ ਰਿਸ਼ੀ ਨੇ ਰਿਗਵੇਦ ਵਿਚ ਕਿਹਾ-

"ਅਜਯੇਸਠਾਸੋ...ਅਕਨਿਸਠਾਸੋ, ਏਤੇ ਸੰ ਭ੍ਰਾਤਰੋ" ਰਿਗਵੇਦ 5:60

ਕੋਈ ਵੱਡਾ ਨਹੀਂ... ਕੋਈ ਛੋਟਾ ਨਹੀਂ, ਇਸ ਭ੍ਰਾਤਰੀ ਭਾਵ ਨਾਲ ਨਵੇਂ ਸਮਾਜ ਦਾ ਸਿਰਜਣ ਹੋਣਾ ਚਾਹੀਦਾ ਹੈ। ਜੀਊਣ ਦਾ ਸਮਾਨ ਹੱਕ ਅਤੇ ਵਿਕਾਸ ਦਾ ਸਮਾਨ ਅਵਸਰ ਪ੍ਰਾਪਤ ਸਮਾਜ ਹੀ ਸੁੱਖੀ ਅਤੇ ਸੁਰੱਖਿਅਤ ਰਹਿ ਸਕਦੈ। ਸੰਪਰਦਾ ਭੇਦ ਰਾਹੀਂ ਨਹੀਂ....ਅਮੀਰ ਗਰੀਬ ਦਾ ਭੇਦ ਨਹੀਂ... ਅਭਿੰਨ, ਅਭੇਦ, ਮਨੁੱਖ ਸਮਾਜ!



Sri Satguru Jagjit Singh Ji eLibrary NamdhariElibrary@gmail.com

ਭਗਤ ਕਬੀਰ ਜੀ ਨੇ ਕਿਹਾ—

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।

ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ॥ (ਪੰ. 1349)

ਸਭ ਦਾ ਸਾਥ... ਸਭ ਦਾ ਵਿਕਾਸ... ਸਭ ਦਾ ਭਲਾ... ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ!

ਭਾਰਤ ਦਾ ਪ੍ਰਾਚੀਨ ਨਾਂ "ਆਰਿਆਵਰਤ" ਸੀ।

ਆਰਿਆ ਦਾ ਅਰਥ ਹੈ ਗੁਰੂ ਅਤੇ ਗੁਰੂ ਦਾ ਅਰਥ ਹੈ ਗਿਆਨ। ਗਿਆਨ ਦਾ ਖੇਤਰ...ਆਰਿਆ ਦਾ ਖੇਤਰ...। ਗਿਆਨ ਪੂਰਨ, ਸਮਾਨਤਾ ਪੂਰਨ, ਸੰਬੰਧ ਨਿਰਵਾਹ ਦਾ ਖੇਤਰ...। ਸੁਆਰਥ, ਸਿਰ ਚੜ੍ਹ ਗਿਆ। ਆਰਿਅਤਾ, ਸਭਿਅਤਾ, ਸਭਿਆਚਾਰ, ਗਿਆਨ ਮਾਰ ਦਿੱਤੇ ਗਏ। ਅਗਿਆਨਤਾ ਆ ਗਈ ਤਾਂ ਇਹ ਆਰਿਆ ਖੇਤਰ, ਕੁਰੂਕਸ਼ੇਤਰ ਵਿਚ ਤਬਦੀਲ ਹੋ ਗਿਆ। ਅੰਜਾਮ ਦੁਨੀਆਂ ਜਾਣਦੀ ਹੈ।

ਤ੍ਰੇਤਾ ਯੁੱਗ ਵਿਚ ਅਯੁਧਿਆ ਦੇ ਰਾਜਾ ਦਸ਼ਰਥ, ਸਮਾਨਤਾ ਦੇ ਆਧਾਰ ਤੇ ਸ਼ਾਸਨ ਕਰਦੇ ਸਨ। ਅਯੁਧਿਆ ਦੀ ਇਕ ਆਦੀਵਾਸੀ ਲੜਕੀ, ਮੱਧ ਪ੍ਰਦੇਸ਼ ਦੇ ਜੰਗਲੀ ਕਬੀਲੇ ਵਿਚ ਵਿਆਹੀ ਗਈ। ਸਮੇਂ ਦੀ ਰੀਤ ਅਨੁਸਾਰ, ਪਹਿਲੇ ਬੱਚੇ ਦਾ ਜਨਮ ਪੇਕੇ ਘਰ ਹੁੰਦਾ ਸੀ। ਉਸ ਲੜਕੀ ਦੇ ਪਹਿਲੇ ਬੱਚੇ ਦਾ ਜਨਮ ਅਯੁਧਿਆ ਵਿਖੇ ਹੋਇਆ। ਸ਼ਗਨ ਭੇਟ ਲੈ ਕੇ ਵਧਾਈ ਦੇਣ, ਰਾਜਾ ਦਸ਼ਰਥ ਗਿਆ। ਉਸ ਮਾਂ ਬਣੀ ਔਰਤ ਨੂੰ ਉਹ ਭੈਣ ਕਹਿੰਦਾ ਸੀ। ਵਧਾਈ ਦੇਣ ਗਿਆ। ਘਰ ਵਾਲਿਆਂ ਦਾ ਸਿਰ ਉੱਚਾ ਹੋਇਆ। ਉਸ ਔਰਤ ਨੇ ਬਾਲ, ਰਾਜੇ ਦੀ ਗੋਦ ਵਿਚ ਦਿੱਤਾ ਤੇ ਕਿਹਾ, ਵੀਰ! ਮੈਨੂੰ ਇਕ ਵਚਨ, ਭੇਟ ਦਿਉ...ਮੇਰਾ ਇਹ ਬੱਚਾ ਤੁਸੀਂ ਪੜ੍ਹਾਉਗੇ। ਰਾਜੇ ਵਚਨ ਦਿੱਤਾ, ਭੈਣ ਇਸਦੀ ਚਿੰਤਾ ਛੱਡ ਦੇ। ਜਿੱਥੇ ਮੇਰਾ ਰਾਮ ਪੜ੍ਹੇਗਾ... ਮੇਰੇ ਚਾਰੇ ਬੱਚੇ ਪੜ੍ਹਨਗੇ। ਉਥੇ ਹੀ ਇਹ ਬਾਲ ਵੀ ਪੜ੍ਹੇਗਾ। ਸ੍ਰੀ ਗੁਰੂ ਵਸ਼ਿਸ਼ਠ ਆਸ਼ਰਮ ਵਿਚ ਚਾਰੇ ਅਵਧ ਕੁਮਾਰਾਂ ਦੇ ਨਾਲ ਇਹ ਬਨਵਾਸੀ ਪੁੱਤਰ ਵੀ ਪੜ੍ਹਿਆ। ਵੇਦ ਗਿਆਨ ਅਤੇ ਅਸਤ੍ਰ-ਸ਼ਸਤ੍ਰ ਵਿਦਿਆ ਪ੍ਰਾਪਤ ਕੀਤੀ। ਇਹੋ ਬਾਲਕ ਵੱਡਾ ਹੋਇਆ, ਮੱਧ ਪ੍ਰਦੇਸ ਦੇ ਜੰਗਲ "ਸ੍ਰਿੰਗਵੇਰਪੁਰ" ਦਾ ਰਾਜਾ ਬਣਿਆ। ਇਸੇ ਦਾ ਨਾਂ "ਨਿਸ਼ਾਦਰਾਜ" ਹੋਇਆ। ਸਮਾਂ ਪਾ ਕੇ, ਜਦੋਂ ਭਗਵਾਨ ਸ੍ਰੀ ਰਾਮ, ਬਨਵਾਸ



Sri Satguru Jagjit Singh Ji eLibrary NamdhariElibrary@gmail.com

ਜਾਂਦਿਆਂ ਜਾਨਕੀ, ਲੱਛਮਣ ਸਹਿਤ, ਗੰਗਾ ਪਾਰ ਸ੍ਰਿਗਵੇਰਪੁਰ ਪੁੱਜੇ ਤਾਂ, ਉਹੀ ਬਾਲ ਸਖਾ, ਨਿਸ਼ਾਦਰਾਜ ਅਨੇਕਾਂ ਸਾਥੀਆਂ, ਸਹਿਯੋਗੀਆਂ ਸਹਿਤ, ਭੇਟਾ ਲੈ ਕੇ ਮਿਲਣ ਆਇਆ। ਤੁਲਸੀ ਦਾਸ ਜੀ ਲਿਖਦੇ ਹਨਃ

"ਕਰਿ ਦੰਡਵਤ ਭੇਂਟ ਧਰਿ ਆਗੇ, ਪ੍ਰਭੁਹਿ ਬਿਲੋਕਤ ਅਤਿ ਅਨੁਰਾਗੇ॥

ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ, ਭੇਟ ਰੱਖ ਦੰਡਵਤ ਪ੍ਰਣਾਮ ਕੀਤੀ।

ਸਮਾਜ ਸ਼ਾਸਤਰੀਆਂ ਦਾ ਮੱਤ ਹੈ, ਤ੍ਰੇਤਾ ਯੁੱਗ ਦੇ ਅੰਤ ਤਕ, ਸਮਾਜ ਨੂੰ ਵੰਡਣ ਵਾਲੀ ਭੇਦ ਦ੍ਰਿਸ਼ਟੀ ਆਰੰਭ ਹੋ ਗਈ। ਹੋਰ ਅੱਗੇ ਚਲ ਕੇ ਸ਼ਿਵ, ਵੈਸ਼ਨਵ, ਰਾਮ ਭਗਤੀ ਸ਼ਾਖਾ, ਕ੍ਰਿਸ਼ਨ ਭਗਤੀ ਸ਼ਾਖਾ, ਦਵੈਤ, ਅਦਵੈਤ,ਵਸ਼ਿਸ਼ਟ ਅਦਵੈਤ.....ਕਈ ਮੱਤ....ਮਤਾਂਤਰ ਪ੍ਰਚਲਿਤ ਹੋਏ। ਮਨੁੱਖ ਦੀ ਪਹਿਚਾਣ, ਉਸਦੀ ਜ਼ਾਤ ਅਤੇ ਧਰਮ ਵਿਸ਼ੇਸ਼ ਦੇ ਅਨੁਯਾਈ ਰੂਪ ਵਿਚ ਹੋਣ ਲੱਗੀ। ਸਮਾਜ ਵਿਭਾਜਨ ਦੇ ਨਾਲ-ਨਾਲ, ਮਨੁੱਖ ਵੀ ਵੰਡਿਆ ਗਿਆ।

ਭਗਤ ਕਬੀਰ ਜੀ ਨੇ ਸਮਾਜ ਦੀ ਇਸ ਮਨੋਦਸ਼ਾ ਦਾ ਭਰਪੂਰ ਵਿਰੋਧ ਕੀਤਾ—

"ਕਬੀਰ ਨਾ ਮੋਹਿ ਛਾਨਿ ਨ ਛਾਪਰੀ, ਨਾ ਮੋਹਿ ਘਰੁ ਨਹੀ ਗਾਉ॥"

ਮਤ ਹਰਿ ਪੂਛੈ ਕਉਨੁ ਹੈ, ਮੇਰੇ ਜਾਤਿ ਨ ਨਾਉ॥ (ਪੰ.1367)

ਮੇਰਾ ਨਾਂ ਨਹੀਂ, ਘਰਾਨਾ ਨਹੀਂ, ਜਾਤ ਨਹੀਂ......।

ਮਨੁੱਖ ਪਤਾ ਨਹੀਂ, ਕਿਸ ਮੋੜ ਤੇ ਭਟਕ ਗਿਆ। ਇਕੋ ਬੱਦਲੀ, ਆਕਾਸ਼ੋਂ ਵਰ੍ਹੀ... ਕਰੋੜਾਂ ਬੂੰਦਾਂ ਧਰਤੀ ਤੇ ਡਿੱਗੀਆਂ। ਬੂੰਦ ਆਪਣੀ ਪਛਾਣ ਗਵਾ ਬੈਠੀ। ਨਦੀ, ਝੀਲ, ਸਰੋਵਰ, ਤਲਾਅ, ਪੋਖਰ, ਖੂਹ ਜਾਂ ਕੋਈ ਖੱਡ.....। ਪਾਣੀ ਇੱਕੋ.... ਨਾਂ ਜਮਾਤ ਦਾ। ਗੁਰਸਿੱਖ ਸਮਾਜ ਵਿਚ, ਅਰਦਾਸ ਰੂਪ ਵਿਚ, ਇਕ ਸਮਾਜਿਕ ਸਮਰਸਤਾ ਦੀ ਪਰੰਪਰਾ ਤੁਰੀ। ਗੁਰੂ ਸਾਹਿਬਾਂ ਨੇ ਮਨੁੱਖ ਨੂੰ ਵੱਖ ਵੱਖ ਪੂਜਾ ਪ੍ਰਤੀਕਾਂ ਤੋਂ ਉਪਰ, ਇਕ ਓਂਕਾਰ ਨਾਲ, ਨਿਰਭਉ ਨਿਰਵੈਰ ਅਕਾਲ ਮੂਰਤਿ ਨਾਲ ਜੋੜ ਕੇ, ਸੁਖੀ ਅਤੇ ਸ਼ਾਂਤ, ਸੁਰੱਖਿਅਤ ਸਮਾਜ ਨਿਰਮਾਣ ਦਾ ਸੰਕਲਪ ਦੁਨੀਆਂ ਨੂੰ ਦਿੱਤਾ। "ਗੁਰੂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ", ਅਰਦਾਸ ਦਾ ਵਾਕ ਬਣਿਆ।

ਸੰਨ 1604 ਵਿੱਚ, ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਇਹ ਪਵਿੱਤਰ ਗੁਰਬਾਣੀ ਸੰਕਲਨ, ਗੁਰੂ ਨਾਨਕ ਤੋਂ ਤੁਰੀ, ਸਰਬ ਸਾਂਝੀਵਾਲਤਾ ਦਾ, ਸੰਸਾਰ ਦੀਆਂ ਸਰਬ ਧਰਮ ਸੰਪਰਦਾਵਾਂ ਤੋਂ ਨਿਵੇਕਲਾ, ਪ੍ਰਮਾਣ ਹੈ। ਬੰਗਾਲ ਤੋਂ ਭਗਤ ਜੈਦੇਵ, ਮਹਾਰਾਸ਼ਟਰ ਤੋਂ ਭਗਤ ਨਾਮਦੇਵ, ਤ੍ਰਿਲੋਚਨ ਰਾਜਸਥਾਨ ਤੋਂ, ਭਗਤ ਪੀਪਾ ਜੀ, ਭਗਤ ਧੰਨਾ ਜੀ, ਮੱਧ ਪ੍ਰਦੇਸ਼ ਤੋਂ, ਭਗਤ ਸੈਣ ਜੀ, ਉੱਤਰ ਪ੍ਰਦੇਸ਼ ਤੋਂ, ਭਗਤ ਰਾਮਾਨੰਦ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਭੀਖਨ ਜੀ, ਸਿੰਧ ਤੋਂ ਭਗਤ ਸਧਨਾ ਜੀ, ਪੰਜਾਬ ਤੋਂ ਗੁਰੂ ਸਾਹਿਬਾਨ, ਭੱਟ ਸਾਹਿਬਾਨ, ਭਗਤ ਫਰੀਦ ਜੀ, ਸਭ ਦੀ ਸਾਂਝੀ ਬਾਣੀ ਦਾ ਸੰਕਲਨ। ਪ੍ਰਾਂਤਵਾਦ, ਜਾਤੀਵਾਦ, ਸਭ ਤੋੜ ਕੇ ਇਕ "ਦੇਵ ਸਥਾਨਮ" ਦਾ ਸੰਕਲਪ ਦੁਨੀਆਂ ਵਿਚ ਰਖਿਆ।

ਸੰਨ 1937 ਵਿੱਚ ਪ੍ਰਮੁੱਖ ਲੇਖਕ ਅਤੇ ਨਾਟਕਕਾਰ ਸ੍ਰੀ ਬਲਰਾਜ ਸਾਹਨੀ, ਇਕ ਨਾਟਕ ਦੇ ਸਿਲਸਿਲੇ ਵਿੱਚ ਦਿੱਲੀ ਆਏ। ਸ੍ਰੀ ਰਵਿੰਦਰਨਾਥ ਟੈਗੋਰ, ਇਸ ਨੌਜੁਆਨ ਦੇ ਕਿਰਦਾਰ ਤੋਂ ਬਹੁਤ ਪ੍ਰਭਾਵਿਤ ਹੋਏ। ਇਕ ਵਾਰਤਾ ਦਰਮਿਆਨ, ਬਲਰਾਜ ਸਾਹਨੀ ਨੇ ਟੈਗੋਰ ਜੀ ਨੂੰ ਬੇਨਤੀ ਕੀਤੀ, ਤੁਸੀਂ ਭਾਰਤ ਦਾ ਖੂਬਸੂਰਤ ਰਾਸ਼ਟਰ ਗਾਨ ਲਿਖਿਆ ਹੈ, ਬੰਗਾਲ ਦੀ ਰਾਸ਼ਟਰ ਵੰਦਨਾ ਲਿਖੀ ਹੈ। ਸਾਰੀ ਸ੍ਰਿਸ਼ਟੀ ਲਈ ਇਕ ਸਾਂਝਾ ਵਿਸ਼ਵ ਗਾਨ ਲਿਖੋ। ਟੈਗੋਰ ਨੇ ਕਿਹਾ, ਸਾਰੇ ਬ੍ਰਹਿਮਾਂਡ ਲਈ, ਇਕ ਸਾਂਝਾ ਸਰਵ ਸੁੰਦਰ ਗਾਨ, ਸ੍ਰੀ ਗੁਰੂ ਨਾਨਕ ਲਿਖ ਗਏ ਹਨਃ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ"

ਸੰਨ 1669 ਵਿੱਚ ਔਰੰਗਜ਼ੇਬ ਨੇ ਬਨਾਰਸ ਦਾ ਕਾਸ਼ੀ ਵਿਸ਼ਵਨਾਥ ਮੰਦਰ ਢਾਹ ਦਿੱਤਾ। ਸੰਨ 1770 ਵਿਚ ਇੰਦੌਰ ਦੀ ਰਾਣੀ ਅਹਿਲਆ ਬਾਈ ਹੋਲਕਰ ਨੇ ਉਸੇ ਥਾਂ ਤੇ ਕਾਸ਼ੀ ਵਿਸ਼ਵਨਾਥ ਮੰਦਰ ਦਾ ਪੁਨਰ ਨਿਰਮਾਣ ਕਰਾਇਆ। 1810 ਵਿੱਚ ਸ਼ੇਰੇ ਪੰਜਾਬ, ਮਹਾਰਾਜਾ ਰਣਜੀਤ ਸਿੰਘ ਨੇ ਨੌ ਮਣ ਸੋਨੇ ਦਾ ਛੱਤਰ ਚੜ੍ਹਾਇਆ। ਗਵਾਲੀਅਰ ਦੀ ਰਾਣੀ ਬੈਜਾ ਬਾਈ ਨੇ ਗਿਆਨ ਵਾਪੀ ਮੰਦਰ ਬਣਵਾਇਆ। ਨੇਪਾਲ ਨਰੇਸ਼ ਨੇ ਨੰਦੀ ਦੀ ਮੂਰਤੀ ਬਣਵਾਈ.....ਕਾਸ਼ੀ ਵਿਸ਼ਵਨਾਥ ਮੰਦਰ ਫਿਰ ਉਸੇ ਸ਼ਾਨ ਨਾਲ, ਉਸੇ ਥਾਂ ਤੇ ਸਥਾਪਿਤ ਹੋਇਆ। ਸਮਾਜਿਕ ਸਮਰਸਤਾ ਦੀ ਪ੍ਰਾਚੀਨ ਪਰੰਪਰਾ ਦਾ ਉਤਕ੍ਰਿਸ਼ਟ ਨਮੂਨਾ ਰਖਿਆ ਗਿਆ।

ਪ੍ਰਮੁੱਖ ਵਿਦਵਾਨ, ਸਿੱਖਿਆਵਿਦ ਅਤੇ ਭਾਰਤੀ ਆਜ਼ਾਦੀ ਅੰਦੋਲਨ ਦੇ ਸੈਨਿਕ, ਭਾਰਤੀ ਰਾਸ਼ਟਰੀ ਕਾਂਗਰਸ ਦੇ ਸਾਬਕਾ ਪ੍ਰਮੁੱਖ, ਸ੍ਰੀ ਮਦਨ ਮੋਹਨ ਮਾਲਵੀਯ ਜੀ, ਬਨਾਰਸ ਵਿਚ ਬਹੁਤ ਵੱਡੀ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਲਈ ਯਤਨਸ਼ੀਲ ਸਨ। ਰੂਪ ਰੇਖਾ ਤਿਆਰ ਹੋ ਗਈ। ਨਿਰਮਾਣ ਆਰੰਭ ਕਰਨ ਯੋਗ ਲੋੜੀਂਦੀ ਮਾਇਆ ਵੀ ਇਕੱਠੀ ਹੋ ਗਈ। ਨੀਂਹ ਪੱਥਰ ਰੱਖਣ ਲਈ, ਕਿਸੇ ਪਹੁੰਚੇ ਹੋਏ ਮਹਾਂਪੁਰਖ ਦੀ ਭਾਲ ਵਿਚ ਸਨ। "ਸੰਤ ਅਤਰ ਸਿੰਘ ਮਸਤੁਆਣਾ" ਜੀ ਇਸ ਪਵਿੱਤਰ ਕਾਰਜ ਲਈ ਯੋਗ ਦਿੱਸੇ। ਟ੍ਰੇਨ ਰਾਹੀਂ ਸ੍ਰੀ ਮਾਲਵੀਯ ਜੀ ਸੰਗਰੂਰ ਉਤਰੇ। ਅੱਗੋਂ ਸੜਕ ਰਾਹੀਂ ਪੁੱਜਣਾ ਸੀ। ਸੰਤਾਂ ਦੇ ਕੁਝ ਸੇਵਕ, ਸਟੇਸ਼ਨ, ਮਾਲਵੀਯ ਜੀ ਨੂੰ ਲੈਣ ਲਈ ਆਏ ਸਨ। ਮਾਲਵੀਯ ਜੀ ਨੇ ਪੈਰਾਂ ਦਾ ਜੋੜਾ, ਉਥੇ ਸਟੇਸ਼ਨ ਤੇ ਲਾਹ ਲਿਆ। ਸੇਵਕਾਂ ਕਿਹਾ, ਇਥੋਂ ਅਜੇ ਡੇਰਾ ਦੂਰ ਹੈ। ਜੋੜਾ ਪਾ ਲਵੋ। ਮਾਲਵੀਯ ਜੀ ਨੇ ਕਿਹਾ, ਅਜਿਹੇ ਸੰਤ, ਦੁਰਲੱਭ ਹੁੰਦੇ ਹਨ.... ਨੰਗੇ ਪੈਰਾਂ ਹੀ ਜਾਣਾ ਮੇਰੇ ਲਈ ਉਚਿਤ ਹੈ। ਸੰਤਾਂ ਨੇ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣ ਲਈ ਹਾਂ ਕਰ ਦਿੱਤੀ। ਸੰਗਰੂਰ ਤੋਂ ਨਾਭਾ ਦੇ ਮਹਾਰਾਜਾ ਰਿਪੂਦਮਨ ਸਿੰਘ ਨੇ ਆਪਣੇ ਖਰਚ ਤੇ ਸਪੈਸ਼ਲ ਰੇਡਗੱਡੀ ਦਾ ਪ੍ਰਬੰਧ, ਸੰਗਰੂਰ ਤੋਂ ਬਨਾਰਸ ਜਾਣ ਤੇ ਆਉਣ ਲਈ ਕੀਤਾ। ਮਹਾਰਾਜਾ ਪਟਿਆਲਾ ਨੇ, ਉਸ ਸਮੇਂ ਬਨਾਰਸ ਹਿੰਦੂ ਯੂਨੀਵਰਸਿਟੀ ਨਿਰਮਾਣ ਲਈ ਪੰਜ ਲੱਖ ਦਿੱਤੇ। ਮਹਾਰਾਜਾ ਫਰੀਦਕੋਟ, ਮਹਾਰਾਜਾ ਕਪੂਰਥਲਾ.... ਸਾਰੇ ਪੰਜਾਬੀ ਰਾਜਿਆਂ ਨੇ ਖੁੱਲ੍ਹੇ ਹੱਥ, ਇਸ ਮੰਤਵ ਲਈ ਧੰਨ ਭੇਟ ਕੀਤਾ.... ਯੂਨੀਵਰਸਿਟੀ ਮੁਕੰਮਲ ਹੋਈ।

ਕਰਨਲ ਨਾਸਿਰ, ਮਿਸਰ ਦੇ ਦੂਜੇ ਰਾਸ਼ਟਰਪਤੀ, ਸੰਨ 1953 ਵਿਚ ਹਿੰਦੁਸਤਾਨ ਆਏ। ਉਹਨਾਂ ਦੇ ਨਾਲ ਜਨਰਲ ਨਜੀਬ ਵੀ ਸਨ। ਉਸ ਸਮੇਂ ਦੇ ਭਾਰਤੀ ਰਾਸ਼ਟਰਪਤੀ, ਡਾ. ਰਾਜਿੰਦਰ ਪ੍ਰਸਾਦ ਨੂੰ ਮਿਲੇ, ਪ੍ਰਧਾਨ ਮੰਤਰੀ, ਪੰ. ਜਵਾਹਰਲਾਲ ਨਹਿਰੂ ਨਾਲ ਉਪਚਾਰਿਕ ਵਾਰਤਾ ਕੀਤੀ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸਿਫ਼ਤ ਸੁਣੀ ਹੋਈ ਸੀ। ਵਾਪਸੀ ਤੇ ਹਲਵਾੜਾ ਹਵਾਈ ਅੱਡੇ, ਸ੍ਰੀ ਅੰਮ੍ਰਿਤਸਰ ਉਨ੍ਹਾਂ ਦਾ ਜਹਾਜ਼ ਉਤਰਿਆ। ਮੱਥਾ ਟੇਕਣ, ਸ੍ਰੀ ਦਰਬਾਰ ਸਾਹਿਬ ਗਏ। ਹਜ਼ੂਰੀ ਰਾਗੀ ਕੀਰਤਨ ਕਹਿ ਰਹੇ ਸਨਃ

"ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰੁ ਕਪਿ ਉਤਾਰਿ॥" (ਪੰ. 1381)



Sri Satguru Jagjit Singh Ji eLibrary NamdhariElibrary@gmail.com

ਥੋੜ੍ਹਾ ਚਿਰ, ਮੱਥਾ ਟੇਕ ਬੈਠ ਗਏ। ਭਗਤ ਫਰੀਦ ਜੀ ਦੀ ਉਚਾਰੀ ਇਸਲਾਮੀ ਰਹੁ ਰੀਤਾਂ ਨੂੰ, ਪਵਿੱਤਰ ਗੁਰਬਾਣੀ ਵਿਚ ਪ੍ਰਾਪਤ ਮਾਣਤਾ ਤੇ....ਸੁਰ ਅਤੇ ਰਾਗ ਦੇ ਰੰਗਣ ਵਿੱਚ ਰੰਗੇ ਗਏ। ਕਰਨਲ ਨਾਸਿਰ ਨੇ ਜੇਬ ਵਿਚ ਜਿੰਨੇ ਪੈਸੇ ਸਨ, ਸਾਰੇ ਮੱਥਾ ਟੇਕ ਦਿੱਤੇ। ਜਨਰਲ ਨਜੀਬ ਨੂੰ ਕਿਹਾ, ਇਹ ਅੱਲਾਹ ਦਾ ਸੱਚਾ ਥਾਂ ਹੈ....ਤੂੰ ਵੀ ਜਿੰਨੇ ਪੈਸੇ ਕੋਲ ਹਨ, ਮੱਥਾ ਟੇਕ ਦੇ।

ਸ੍ਰੀ ਗੁਰੂ ਨਾਨਕ ਦਾ ਪਹਿਲਾ ਗੁਰਮਤਿ ਸਿਧਾਂਤ,

ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਕੀਰਤਨ ਸੋਹਿਲਾ)

ਇਹੀ ਗੁਰਮਤਿ ਪ੍ਰਵਾਹ, ਗੁਰੂ ਪਰੰਪਰਾ 'ਚੋਂ ਲੰਘਦਾ, ਦਸਮ ਪਾਤਸ਼ਾਹ ਤਕ ਪਹੁੰਚ ਕੇ ਹੋਰ ਵੀ ਪਰਪੱਕ ਹੋਇਆ। ਪਾਤਸ਼ਾਹ ਕਹਿੰਦੇ ਹਨਃ

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ॥

ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ॥

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥ (ਅਕਾਲ ਉਸਤਤਿ)

ਵੱਖ ਵੱਖ ਭੂਗੋਲ, ਰੁੱਤ, ਦੇਸ਼ਾਂ ਦੇ ਭੇਸ ਪਹਿਰਾਵੇ, ਭਾਸ਼ਾ ਦਾ ਵੱਖਰਾਪਨ, ਦਸਮ ਪਾਤਸ਼ਾਹ ਕਹਿੰਦੇ ਹਨ–

"ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ" (ਅਕਾਲ ਉਸਤਤਿ)

ਪ੍ਰਮਾਤਮਾ ਦੇ ਨਾਂ ਵੱਖ ਵੱਖ, ਪੂਜਾ ਦੀ ਪਰੰਪਰਾ ਵੱਖ ਵੱਖ, ਧਰਮ ਦਰਸ਼ਨ ਦੀ ਵਿਆਖਿਆ ਵੱਖ ਵੱਖ, ਪ੍ਰਾਣੀ ਮਾਤਰ ਨੂੰ ਇਕ ਪ੍ਰਮਾਤਮਾ ਤੋਂ ਵੱਖ ਨਹੀਂ ਕਰਦਾ.... ਹਰ ਪ੍ਰਾਣੀ ਵਿੱਚ ਪ੍ਰਮੇਸ਼ਰ ਦਾ ਦਰਸ਼ਨ, ਗੁਰਸਿੱਖ ਦੀ....ਗੁਰਮਤਿ ਦੀ ਪਛਾਣ ਹੈ।

ਸੰਨ 1942! ਨੋਆ ਖਲੀ (ਵਰਤਮਾਨ ਬੰਗਲਾ ਦੇਸ਼) ਵਿੱਚ, ਹਿੰਦੂ–ਮੁਸਲਿਮ ਦੰਗੇ ਹੋ ਗਏ। ਦੇਖਦੇ ਹੀ ਦੇਖਦੇ ਹਿੰਸਾ ਦੀ ਅੱਗ, ਢਾਕਾ, ਖੁਲਨਾ ਅਤੇ ਪੱਛਮੀ ਬੰਗਾਲ ਤਕ ਫੈਲ ਗਈ। ਕਮਿਸ਼ਨਰ ਹਾਫਿਜ਼, ਆਪਣੀ ਘਰ ਵਾਲੀ ਤੇ ਦੋ ਛੋਟੇ ਬੱਚਿਆਂ ਨਾਲ ਟ੍ਰੇਨ ਰਾਹੀਂ ਕਲਕੱਤੇ ਪੁੱਜੇ। ਸਟੇਸ਼ਨ ਤੇ

ਸੰਨਾਟਾ ਸੀ! ਕੋਈ ਬੰਦਾ ਨਹੀਂ। ਹਾਲਾਤ ਦੇ ਅੰਦਾਜ਼ੇ ਨਾਲ, ਕਾਲਜਾ ਕੰਬ ਗਿਆ। ਇਕ ਬਜ਼ੁਰਗ ਕੁਲੀ ਨਜ਼ਰ ਆਇਆ। ਉਸ ਤੋਂ ਪੁੱਛਿਆ ਤਾਂ ਪਤਾ ਲੱਗਾ, ਕਲ ਰਾਤ ਤੋਂ ਹਿੰਦੂ-ਮੁਸਲਿਮ ਭਿਆਨਕ ਦੰਗੇ ਹੋ ਰਹੇ ਹਨ।

ਸਟੇਸ਼ਨ ਦੇ ਬਾਹਰੋਂ, ਜੈ ਬਜਰੰਗ ਬਲੀ.... ਅੱਲਾ ਹੂ ਅਕਬਰ.... ਜਿਹੇ ਬੁਲੰਦ ਨਾਅਰਿਆਂ ਦਾ ਸ਼ੋਰ ਸੁਣਾਈ ਦੇਣ ਲੱਗਾ। ਘਬਰਾ ਗਿਆ। ਕਦੀ ਬੇਗਮ, ਬੱਚਿਆਂ ਦੇ ਹੱਥ ਫੜਦਾ.... ਕਦੀ ਸਹਾਇਤਾ ਲਈ ਨਜ਼ਰਾਂ ਦੌੜਾਂਦਾ। ਰੇਲਵੇ ਸਟਾਫ ਵੀ ਕੋਈ ਨਾ ਦਿੱਸਿਆ। ਉਸ ਕੁਲੀ ਨੇ ਕਿਹਾ, ਸਾਹਿਬ ਇਸ ਵੇਲੇ ਜੇ ਕੋਈ ਸਿੱਖ ਟੈਕਸੀ ਡਰਾਈਵਰ ਮਿਲ ਜਾਏ ਤਾਂ ਸਹਾਇਤਾ ਮਿਲ ਸਕਦੀ ਹੈ। "ਸਿੱਖ ਟੈਕਸੀ ਯੂਨੀਅਨ" ਨੇ ਮਤਾ ਪਾਸ ਕੀਤਾ ਸੀ, ਕਿ ਮੁਸੀਬਤ ਦੀ ਇਸ ਘੜੀ, ਅਸੀਂ ਲੋਕਾਂ ਦੀ ਸਹਾਇਤਾ ਲਈ ਟੈਕਸੀ ਸੇਵਾ ਜਾਰੀ ਰੱਖਾਂਗੇ। ਕਮਿਸ਼ਨਰ ਨੇ ਕੁਲੀ ਨੂੰ, ਐਸੇ ਸਿੱਖ ਨੂੰ ਮਿਲਾਉਣ ਦੀ ਗੁਜ਼ਾਰਿਸ਼ ਕੀਤੀ। ਉਹ ਕੁਲੀ ਸਟੇਸ਼ਨ ਤੋਂ ਬਾਹਰ ਗਿਆ। ਦੋ ਮਿੰਟਾਂ ਵਿਚ, ਇਕ ਸਿੱਖ ਨੌਜਵਾਨ ਦੌੜਦਿਆਂ ਪਲੇਟਫਾਰਮ ਤੇ ਆਇਆ। ਕਾਹਲੀ-ਕਾਹਲੀ ਇਹਨਾਂ ਦਾ ਸਮਾਨ ਚੁੱਕਿਆ ਤੇ ਕਿਹਾ, ਜਲਦੀ ਮੇਰੇ ਪਿੱਛੇ ਆਉ। ਬਾਹਰ ਖੜ੍ਹੀ ਟੈਕਸੀ ਵਿੱਚ, ਸਮਾਨ ਰਖਿਆ....ਇਹਨਾਂ ਨੂੰ ਬਿਠਾਇਆ ਤੇ ਪਲਕ ਝਪਕਦਿਆਂ ਟੈਕਸੀ ਜਿਵੇਂ ਹਵਾ ਵਿਚ ਉਡਾ ਲਈ। ਰਸਤੇ ਵਿਚ ਖੜ੍ਹੀ ਭੀੜ ਨੂੰ ਜਿਵੇਂ ਨਿਧੱੜਕ ਚੀਰਦਿਆਂ ਨਿਕਲਦਾ ਗਿਆ। ਸਾਨੂੰ ਨਜ਼ਦੀਕ, ਕਿਸੇ ਸੁਰੱਖਿਅਤ ਮਸਜਿਦ ਤਕ ਪਹੁੰਚਾ ਦਿਉ—ਕਮਿਸ਼ਨਰ ਨੇ ਜਿਵੇਂ ਬੇਨਤੀ ਕੀਤੀ। ਹਨੇਰੀ ਵਾਂਗ, ਧਰਮਤੱਲਾ ਦੀ ਵੱਡੀ ਮਸਜਿਦ ਅੱਗੇ ਟੈਕਸੀ ਰੋਕੀ। ਫਟਾਫਟ, ਸਵਾਰੀ ਅਤੇ ਸਮਾਨ ਉਤਾਰਿਆ। ਬੱਚਿਆਂ, ਬੇਗਮ ਸਮੇਤ ਦਰਵਾਜ਼ੇ ਦੇ ਅੰਦਰ ਦਾਖਲ ਹੋ ਕੇ, ਕਮਿਸ਼ਨਰ ਨੇ ਪਰਸ ਵਿਚ ਜਿੰਨੇ ਰੁਪਏ ਸਨ, ਸਾਰੇ ਸਿੱਖ ਦੇ ਹੱਥ ਤੇ ਰੱਖ ਦਿੱਤੇ....ਅਤੇ ਭਰੀਆਂ ਅੱਖਾਂ ਨਾਲ ਸ਼ੁਕਰਾਨਾ ਕੀਤਾ। ਸਿੱਖ ਨੌਜਵਾਨ ਨੇ ਮੀਟਰ ਵੇਖਿਆ, ਦੋ ਰੁਪੈ ਰੱਖ ਕੇ ਬਾਕੀ ਸਾਰੇ ਮੋੜ ਦਿੱਤੇ। "ਮੇਰੇ ਸਤਿਗੁਰ ਦਾ ਹੁਕਮ ਨਹੀਂ, ਹੱਕ ਤੋਂ ਵੱਧ ਲੈਣ ਦਾ".... ਅਤੇ ਉਹ ਟੈਕਸੀ... ਫਿਰ ਹਵਾ ਵਿੱਚ ਉੱਡਦੀ ਚਲੀ ਗਈ..... ਕਿਸੇ ਹੋਰ ਮੁਸੀਬਤ ਵਿਚ ਫਸੇ ਹੋਏ ਮਨੁੱਖ ਦੀ ਤਲਾਸ਼ ਵਿਚ। ਦੇਸ਼ ਦੀ ਵੰਡ ਤੋਂ ਬਾਅਦ, ਇਹੋ ਕਮਿਸ਼ਨਰ ਹਾਫਿਜ਼, ਲਾਹੌਰ ਦਾ ਕਮਿਸ਼ਨਰ ਲੱਗਾ। ਇਕ ਕਿਤਾਬ ਲਿਖੀ, "ਅਨਨੋਨ

ਐਂਜਲਸ" (ਅਨਜਾਣ ਫ਼ਰਿਸ਼ਤੇ) ਲਿਖਿਆ, ਮੈਨੂੰ ਪਤਾ ਨਹੀਂ ਫ਼ਰਿਸ਼ਤੇ ਕਿਵੇਂ ਦੇ ਹੁੰਦੇ ਹਨ... ਮੈਂ ਫ਼ਰਿਸ਼ਤੇ ਨਹੀਂ ਵੇਖੇ... ਪਰ ਮੈਂ ਦਾਅਵੇ ਨਾਲ ਕਹਿ ਸਕਦਾਂ, ਉਹ ਯਕੀਨਨ, ਗੁਰੂ ਨਾਨਕ ਦੇ ਸਿੱਖਾਂ ਵਾਂਗ ਹੋਣਗੇ।

ਅੱਜ ਮਨੁੱਖ ਹੀ, ਧਰਮ ਸੰਪਰਦਾ ਦੇ ਨਾਂ ਤੇ, ਮਨੁੱਖ ਦਾ ਦੁਸ਼ਮਨ ਹੋਇਆ, ਦਿੱਸਦਾ ਹੈ। ਜਿਸ ਧਰਮ ਅਦਾਰਿਆਂ ਚੋਂ ਮਨੁੱਖੀ ਸਾਂਝੀਵਾਲਤਾ ਦਾ ਸੰਦੇਸ਼, ਚਹੁੰ ਦਿਸ਼ਾਵਾਂ ਵਿਚ ਪੁੱਜਣਾ ਚਾਹੀਦਾ ਹੈ, ਉਥੋਂ ਅੱਗ ਭਰੀਆਂ ਜਿਹਾਦੀ ਵੰਗਾਰਾਂ ਅਤੇ ਬੰਦੂਕ ਦੀਆਂ ਗੋਲੀਆਂ ਨਿਕਲ ਕੇ ਵਾਰ ਵਾਰ ਮਨੁੱਖਤਾ ਨੂੰ ਕਲੰਕਿਤ ਕਰ ਰਹੀਆਂ ਹਨ। ਧਰਮ, ਸੰਪਰਦਾਵਾਂ ਦਾ ਰੂਪ ਲੈਂਦਾ ਰਿਹਾ..... ਸੰਪਰਦਾਵਾਂ ਦੀਆਂ ਅੱਗੋਂ ਨਿੱਤ ਨਵੀਆਂ ਸ਼ਾਖਾਵਾਂ ਨਿਕਲਦੀਆਂ ਗਈਆਂ.... ਸਾਰੇ ਆਪਣੇ ਅਨੁਯਾਈਆਂ ਹੱਥ, ਮਾਲਾ, ਸਿਮਰਨੇ, ਅਤੇ ਧਰਮ ਗ੍ਰੰਥਾਂ ਦੀ ਥਾਂ ਡਾਂਗਾਂ ਫੜਾਉਂਦੇ ਰਹੇ। ਪਾਣੀ ਇਕੋ, ਸਰੂਪ ਅਨੇਕ.....

ਝੀਲ ਸਰੋਵਰ ਤਾਲ ਔ ਨਦੀਆਂ।

ਸਭ ਵਿਚ ਅੱਗ ਦੀਆਂ ਧਾਰਾਂ ਵਗੀਆਂ।

ਇਕੋ ਸ੍ਰੋਤ.... ਇਕੋ ਰੂਪ, ਫੇਰ ਕਿਉਂ ਵੈਰੀ... ਵਾਂਗ ਇਉਂ ਸੋਚੇ।

ਇਕ ਦੂਜੇ ਦੇ ਦੁਸ਼ਮਨ ਜਾਪਣ, ਸਾਰੇ ਡਾਂਗਾਂ ਫੜ ਖਲੋਤੇ।

ਸ਼ੇਖ ਸਾਅਦੀ ਨੇ ਲਿਖਿਐ-

ਸੁਣੀਦਮ ਕਿ ਰਾਹੇ ਮਰਦਾਨੇ ਖੁਦਾ, ਦਿਲੇ ਦੁਸ਼ਮਨੇ ਨਾ ਕਰਿਦੰਦ ਤੰਗ।

ਤੁੱਰਾ ਕਿ ਮਯੱਸਰ ਯੇ ਸਵਾਦੇ ਮੁਕਾਂ, ਕਿੰ ਵਾ ਦੋਸਤਾਨਦ ਖਿਲਾਫਸਤੇ ਜੰਗ॥

ਸੁਣਿਐ ਕਿ ਧਰਮੀ ਇਨਸਾਨ, ਕਦੇ ਦੁਸ਼ਮਨ ਨੂੰ ਵੀ ਪ੍ਰੇਸ਼ਾਨ ਨਹੀਂ ਕਰਦਾ.... ਅੱਜ ਹਾਲਾਤ ਇਹ ਹਨ ਕਿ ਅਸੀਂ ਦੋਸਤਾਂ ਦੇ ਖ਼ਿਲਾਫ਼ ਵੀ ਜੰਗ ਦਾ ਐਲਾਨ ਕਰੀ ਬੈਠੇ ਹਾਂ।

5 ਅਗਸਤ, ਸੰਨ 1947! ਸ੍ਰੀ ਅੰਮ੍ਰਿਤਸਰ ਦੇ ਸੁਲਤਾਨਵਿੰਡ ਗੇਟ ਇਲਾਕੇ ਦੇ ਮੁਸਲਿਮ ਰਿਹਾਇਸ਼ੀ ਇਲਾਕੇ ਵਿਚ, ਇਕ ਗੁੱਜਰ ਦੋਧੀ ਦੀ ਹੱਤਿਆ ਕਰ ਦਿੱਤੀ ਗਈ। ਨਤੀਜੇ ਵਜੋਂ ਦੰਗਾ ਭੜਕ ਗਿਆ..... ਪਿੰਡਾਂ



Sri Satguru Jagjit Singh Ji eLibrary NamdhariElibrary@gmail.com

ਤੋਂ ਜੱਟ ਗੁੱਜਰ ਆ ਗਏ। ਦੁਹਾਂ ਪਾਸਿਓਂ ਕਾਫੀ ਗਿਣਤੀ ਵਿਚ ਲੋਕ ਮਾਰੇ ਵੀ ਗਏ..... ਜਖ਼ਮੀ ਵੀ ਹੋਏ। ਉਦੋਂ ਮਨੁੱਖਤਾ ਤੇ ਝੂਲਦੇ ਸੰਕਟ ਦੇ ਸਮੇਂ, ਨਾਨਕ ਸਿੰਘ ਨਾਵਲਿਸਟ ਉਨ੍ਹਾਂ ਦੇ ਮਿੱਤਰ, ਸ੍ਰ. ਰਵੇਲ ਸਿੰਘ ਐਡਵੋਕੇਟ ਆਦਿ ਮਿਲ ਕੇ ਇਕ "ਸੇਵਾ ਦਲ" ਬਣਾਇਆ। ਸ੍ਰ. ਰਵੇਲ ਸਿੰਘ ਐਡਵੋਕੇਟ, ਅਜੀਤ ਅਖਬਾਰ ਦੇ ਟਰੱਸਟੀ ਵੀ ਰਹੇ। ਮੈਨੂੰ ਇਸ ਘਟਨਾ ਦਾ ਬਿਰਤਾਂਤ, ਉਹਨਾਂ ਆਪ ਸੰਨ 1990 ਵਿਚ ਸੁਣਾਇਆ। ਦੁਹਾਂ ਫਿਰਕਿਆਂ ਦੇ ਜਖ਼ਮੀਆਂ ਨੂੰ ਗੁਰੂ ਰਾਮਦਾਸ ਸਰਾਂ ਵਿਚ ਲੈ ਜਾਂਦੇ। ਬਗੈਰ ਜਾਤ ਭੇਦ ਉਹਨਾਂ ਦੀ ਸੇਵਾ ਹੁੰਦੀ..... ਪ੍ਰਸਾਦਾ ਪਾਣੀ, ਦੁੱਧ, ਦਵਾਈਆਂ, ਮਰਹਮ ਪੱਟੀ, ਪੂਰੀ ਤਨ-ਦੇਹੀ ਨਾਲ ਹੁੰਦੀ। 7 ਅਗਸਤ 1947 "ਨਵਾਏ ਵਕਤ" ਲਾਹੌਰ ਤੋਂ ਛੱਪਦੀ ਉਰਦੂ ਅਖਬਾਰ ਨੇ ਮੁੱਖ ਪੰਨੇ ਤੇ ਛਾਪਿਆ--"ਖੁਦਾਈ ਖਿਦਮਤਗਾਰ" ਅੰਮ੍ਰਿਤਸਰ ਗੁਰੂ ਰਾਮ ਦਾਸ ਸਰਾਂ ਤੋਂ ਬਾਹਰ, ਕੁਝ ਦੂਰ ਦੰਗਾਈ, ਇਕ ਦੂਜੇ ਦੇ ਖ਼ੂਨ ਦੇ ਤ੍ਰਿਹਾਏ ਸਨ.... ਅੰਦਰ ਖੁਦਾ ਦੇ ਬੰਦੇ, ਹਰ ਜਖ਼ਮੀ ਵਿਚ ਮੁੜ ਜਾਨ ਪਾਉਣ ਲਈ ਸੇਵਾ ਕਰ ਰਹੇ ਸਨ..... ਇਹ ਨਜ਼ਾਰਾ ਅਦੁੱਤੀ ਸੀ।

ਮਾਨਸ ਦੀ ਕੋਈ ਸੰਪਰਦਾ ਨਹੀਂ.....ਕੋਈ ਜਾਤਿ ਨਹੀਂ....ਉਹ ਤਾਂ ਕਰਮਾਂ ਦਾ ਮਾਰਿਆ....ਕਰਮਾਂ ਦੇ ਭੋਗਣ ਨੂੰ ਸੰਸਾਰ ਤੇ ਆਇਆ ਅਤੇ ਧਰਤੀ ਨੂੰ ਕੁਰੂਕਸ਼ੇਤਰ ਬਣਾ ਕੇ, ਇਕ ਦੂਜੇ ਖ਼ਿਲਾਫ਼ ਮੋਰਚੇਬੰਦੀ ਕਰੀ ਬੈਠਾ ਹੈ......। ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ......।



Sri Satguru Jagjit Singh Ji eLibrary NamdhariElibrary@gmail.com

# 2.

# ਮੂਲ ਮੰਤ੍ਰ

ਪੰਜ ਸੌ ਕਰੋੜ ਸਾਲਾਂ ਦਾ ਮਨੁੱਖ, ਹੋਸ਼ ਸੰਭਾਲ ਤੋਂ, ਸ੍ਰਿਸ਼ਟੀ ਸਿਰਜਨ ਅਤੇ ਸਿਰਜਨਹਾਰ ਪ੍ਰਤੀ ਜਗਿਆਸਾ ਨਾਲ ਭਰਿਆ ਰਿਹਾ। ਪ੍ਰਾਣੀ ਦਾ ਜਨਮ, ਮੌਤ, ਇਹ ਧਰਤੀ, ਸੂਰਜ, ਚੰਦ, ਤਾਰੇ, ਨਦੀਆਂ, ਹਵਾ, ਅਗਨੀ, ਆਕਾਸ਼, ਸਾਰਿਆਂ ਲਈ ਪ੍ਰਸ਼ਨ ਕਰਦਾ ਰਿਹਾ।

ਦੀਰਘ ਕਾਲ ਬਤੀਤ ਹੋ ਗਿਆ। ਵੈਦਿਕ ਕਾਲ ਵਿਚ, ਰਿਸ਼ੀਆਂ ਨੇ ਨਿਰਾਕਾਰ ਰੂਪ, ਸਿਰਜਨ ਸ਼ਕਤੀ ਦੀ ਖੋਜ ਕਰ ਲਈ। ਕਿਹਾ, ਇਹ ਬ੍ਰਹਮ ਹੈ। ਸ੍ਰਿਸ਼ਟੀ ਦੇ ਛੋਟੇ ਤੋਂ ਛੋਟੇ ਅਣੂ ਵਿਚ ਮੌਜੂਦ ਬ੍ਰਹਮ। ਇਸ ਬ੍ਰਹਮ ਦਾ ਵਿਸਥਾਰ ਹੀ ਬ੍ਰਹਮਾਂਡ ਹੈ। ਉਸ ਅਦਿੱਖ ਨਿਰੰਕਾਰ ਨੂੰ ਅਸੀਂ ਵੇਖ ਨਹੀਂ ਸਕਦੇ। ਉਸਦਾ ਆਕਾਰ ਨਹੀਂ, ਰੂਪ ਰੰਗ ਨਹੀਂ...। ਉਸਦਾ ਗੀਤ....ਮਧੁਰ ਮੰਦ ਸੰਗੀਤ ਸਾਰੇ ਅਸਤਿਤੱਵ ਵਿਚ ਗੂੰਜ ਰਿਹੈ। ਉਹ ਅਨਹਦ ਨਾਦ ਹੈ। ਉਸਦੀ ਸੰਗੀਤਮਈ.... ਨਾਦ ਰੂਪ ਕਲਪਨਾ ਤੋਂ, ਉਸਦਾ ਨਾਂ "ॐ" ਰਖਿਆ ਗਿਆ। ਇਹ "ॐ" ਇਕ ਨਾਦਾਤਮਕ ਸ਼ਬਦ ਹੈ। ਰੱਬੀ ਨਾਦ ਦਾ ਸੰਬੋਧਨ ਸ਼ਬਦ। ਇਹ ॐ ਤਿੰਨ ਅੱਖਰਾਂ ਨਾਲ ਬਣਿਆ ਹੈ; ਅ..ਓ...ਮ। ਬ੍ਰਹਮ ਦਾ ਨਾਦ ਰੂਪ ਨਾਂ...। ਇਕ ਗੂੰਗਾ, ਜਿਸਦੀ ਜਿਵਹਾ ਨਾ ਹੋਵੇ, ਉਹ ਵੀ ॐ ਦਾ ਉਚਾਰਨ ਕਰ ਸਕਦੈ। ਇਸਦੇ ਤਿੰਨ ਅੱਖਰ, ਸਿਰਜਨ...ਪਾਲਨਾ ਅਤੇ ਵਿਨਾਸ਼ ਦੇ ਬੋਧਕ ਹਨ। ਜਦੋਂ ਅ ਬੋਲਦੇ ਹਾਂ, ਮੂੰਹ ਖੁਲਦੈ, ਇਹ ਸ੍ਰਿਸ਼ਟੀ ਸਿਰਜਨ ਦਾ ਪ੍ਰਤੀਕ ਹੈ। ਓ ਬੋਲਿਆ...ਇਕ ਧੁਨਿ ਦਾ ਸੰਚਾਰ ਮੂੰਹ ਅੰਦਰ ਹੋ ਰਿਹੈ...ਇਹ ਸ੍ਰਿਸ਼ਟੀ ਪਾਲਨਾ ਦਾ ਪ੍ਰਤੀਕ ਹੈ। ਮ ਬੋਲਿਆ ਮੂੰਹ ਬੰਦ ਹੋਇਆ, ਇਹ ਸ੍ਰਿਸ਼ਟੀ ਦੇ ਨਾਸ ਦਾ ਸੂਚਕ ਹੈ। "ॐ" ਸਾਰੇ ਬ੍ਰਹਮਾਂਡ ਦੀ ਉਤਪਤੀ, ਸੰਚਾਰ ਅਤੇ ਵਿਨਾਸ਼ ਕਰਤਾ, ਪ੍ਰਮੇਸ਼ਰ ਦਾ ਸਾਰਥਕ ਸ਼ਬਦ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ "ॐ" ਸ਼ਬਦ ਨੂੰ ਸਵੀਕਾਰ ਕੀਤੈ। ਪਰ ਚੰਦ ਦੇ ਪ੍ਰਤੀਬਿੰਬ ਨੂੰ, ਆਪਣੀ ਆਪਣੀ



Sri Satguru Jagjit Singh Ji eLibrary NamdhariElibrary@gmail.com

ਕਠੌਤੀ ਵਿਚ ਵੱਖ ਵੱਖ ਵੇਖਣ ਵਾਲੀਆਂ ਕਈ ਸੰਪਰਦਾਵਾਂ, ਚੰਦ ਸਾਡੇ ਕੋਲ ਹੋਣ ਦਾ ਦਾਅਵਾ ਕਰਨ ਲੱਗੀਆਂ। ਕਈ ਪੰਥਾਂ...ਸੰਪਰਦਾਵਾਂ ਵਲੋਂ ਉਸ ਦੀਆਂ ਲਹਿਰਾਂ ਨੇ, ਜਵਾਰ-ਭਾਟੇ ਦਾ ਰੂਪ ਧਾਰ ਲਿਆ। ਤਾਂ ਗੁਰੂ ਨਾਨਕ ਪਾਤਸ਼ਾਹ ਨੇ "ਓਅੰ" ਦੇ ਅੱਗੇ ੧ ਲਾ ਕੇ "੧ਓ" ਪ੍ਰਗਟ ਕੀਤਾ। ਨਿਰਸੰਦੇਹ, ਪਰਮ ਸ਼ਕਤੀਮਾਨ, ਸਿਰਜਨਹਾਰ ਓਅੰਕਾਰ ਹੈ। ਸ੍ਰਿਸ਼ਟੀ ਦਾ ਨਿਯੰਤਾ ਹੈ...। ਉਹ ਇਕ ਹੈ। ਪੰਥ ਤਾਂ ਪਉੜੀਆਂ ਹਨ, ਉਪਰ ਚੜ੍ਹਨ ਲਈ। ਉਪਰ ਮੰਦਰ ਦੀ ਛੱਤ ਇਕ ਹੈ...

"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥" (ਜਪੁ ਜੀ)

ਇਹ ਸਭ ਸੰਪਰਦਾਵਾਂ, ਪੰਥ...ਰਸਤੇ ਹਨ, ਉਪਰ ਜਾਣ ਲਈ। ਉਪਰ "ਇਕੀਸ"! ਇਕ "ਇਸ਼", ਇਕ ਰੱਬ! ਨਾਂ, ਜਿਹੜਾ ਸਉਖਾ ਲੱਗੇ, ਰੱਖ ਲਵੋ। ਪ੍ਰਮੇਸ਼ਰ ਦਾ ਪਹਿਲਾ ਪ੍ਰੀਚੈ॥ ੧ਓਂਕਾਰ ਹੋਇਆ।

**ਸਤਿਨਾਮੁ-** ਸਾਰੀ ਸ੍ਰਿਸ਼ਟੀ ਅਸੱਤ॥ ਸੱਤ ਤਾਂ ਉਹ, ਜੋ ਸਦਾ ਰਹੇ... ਸਦੀਵੀ.. ਅਵਿਨਾਸ਼ੀ ਹੋਵੇ। ਇਹ ਜਿੰਨਾ ਪਸਾਰਾ ਦਿੱਖ ਰਿਹੈ, ਸਾਰਾ ਨਸ਼ਟ ਹੋ ਜਾਏਗਾ।

"ਜੋ ਦੀਸੈ ਸੋ ਸਗਲ ਬਿਨਾਸੈ॥"

ਇਕ ਪ੍ਰਮੇਸ਼ਰ ਸਤਿ ਹੈ.... ਸਦੀਵੀ...ਅਵਿਨਾਸ਼ੀ! ਵੇਦਾਂਤ ਕਹਿੰਦੈ- "ਏਕਮ ਸਤਿ, ਵਿਪ੍ਰਾ ਬਹੁਧਾ ਬਦੰਤੀਂ"। ਸਭਿ ਇਕੋ ਹੈ। ਪੰਥ, ਮਤਿ ਅਤੇ ਭਾਸ਼ਾ ਅਨੁਸਾਰ ਵਿਦਵਾਨਾਂ ਨੇ ਉਸਦੇ ਕਈ ਨਾਂ ਵੱਖ ਵੱਖ ਰਖ ਲਏ।

ਰਾਮਕਲੀ ਰਾਗ ਵਿਚ, ਪੰਜਵੇਂ ਪਾਤਸ਼ਾਹ ਨਾਥ ਜੋਗੀਆਂ ਨੂੰ ਕਹਿੰਦੇ ਹਨ-

"ਚਾਰਿ ਪੁਕਾਰਹਿ ਨਾ ਤੂ ਮਾਨਹਿ॥ ਖਟ ਭੀ ਏਕਾ ਬਾਤ ਵਖਾਨਹਿ॥
ਦਸ ਅਸਟੀ ਮਿਲਿ ਏਕੋ ਕਹਿਆ॥ ਤਾ ਭੀ ਜੋਗੀ ਭੇਦੁ ਨ ਲਹਿਆ॥
(ਪੰ.741)

ਚਾਰ ਵੇਦ ਪੁਕਾਰ ਪੁਕਾਰ ਕੇ ਕਹਿ ਰਹੇ ਹਨ। ਛੇ ਸ਼ਾਸਤ੍ਰ ਵੀ ਇਕੋ ਦੀ ਗੱਲ ਕਰ ਰਹੇ ਹਨ। ਅਠਾਰਾਂ ਪੁਰਾਣ ਵੀ, ਇਕ ਨਿਰੰਕਾਰ ਦੀ ਉਸਤਤਿ ਕਰ ਰਹੇ ਹਨ। ਪਰ ਨਾਥ ਜੀ...ਤਾਂ ਭੀ ਸ਼ਾਇਦ ਤੁਸੀਂ ਸਮਝ ਨਹੀਂ ਸਕੇ। ਉਹ ਸਤਿ ਹੈ। ਉਸਦਾ ਨਾਂ "ਸਤਿਨਾਮੁ"... ਹੈ।

**ਕਰਤਾ ਪੁਰਖੁ–** "ਉਹ" ਸਾਰੀ ਸ੍ਰਿਸ਼ਟੀ ਦਾ ਕਰਤਾ ਹੈ। ਸਾਰੀ ਸ੍ਰਿਸ਼ਟੀ ਜੜ੍ਹ, ਚੇਤਨ, ਜੀਵ ਜਗਤ.... ਸਭ ਦਾ ਰਚਯਤਾ... ਰਚਨਹਾਰ। ਗੁਰੂ ਨਾਨਕ ਪਾਤਸ਼ਾਹ, ਜਿਸ ਤੇ ਪ੍ਰਸੰਨ ਹੁੰਦੇ, ਉਸਨੂੰ ਆਸ਼ੀਰਵਾਦ ਦੇਂਦੇ, "ਸਤਿ ਕਰਤਾਰ"। "ਕਰਤਾਰ ਚਿਤ ਆਵੇ।"

"ਤੂੰ ਕਰਤਾ ਸਚਿਆਰੁ ਮੈਡਾ ਸਾਂਈਂ....॥"

ਉਹ ਕਰਤਾ, ਕੋਈ ਨਿਰਜੀਵ ਨਹੀਂ ਹੋ ਸਕਦਾ.... ਕੋਈ ਅਚੇਤਨ ਸੱਤਾ, ਚੇਤਨ ਜਗਤ ਦੀ ਸੰਭਾਲ ਨਹੀਂ ਕਰ ਸਕਦੀ ਤਾਂ ਕਹਿੰਦੇ ਉਹ ਪੁਰਖੁ ਹੈ, ਪਰਮ ਚੇਤਨ ਕਰਤਾ ਪੁਰਖੁ....। ਜਨਮ ਔਰ ਮੌਤ ਦਾ ਇਕੋ ਅਧਿਕਾਰੀ.... ਸਾਜਨਹਾਰ, ਭੰਜਨਹਾਰ.... ਪਰਮ ਪੁਰਖੁ।

**ਨਿਰਭਉ–** ਸਾਰਾ ਬ੍ਰਹਮਾਂਡ ਭੈਅ ਵਿਚ ਹੈ। ਚੰਦ, ਸੂਰਜ, ਨਦੀਆਂ, ਹਵਾਵਾਂ, ਅਗਨਿ, ਧਰਤੀ, ਪ੍ਰਾਣੀ ਮਾਤਰ.... ਸਾਰੇ ਭੈਅ ਵਿਚ ਹਨ:

"ਭੈ ਵਿਚ ਪਵਣੁ ਵਹੈ ਸਦ ਵਾਉ॥ ਭੈ ਵਿਚ ਚਲਹਿ ਲਖ ਦਰੀਆਉ॥

ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥

(ਆਸਾ ਦੀ ਵਾਰ)

ਚਲਦੀਆਂ ਹਵਾਵਾਂ, ਵਗਦੇ ਦਰਿਆਵਾਂ ਦੀ ਇਕ ਵਿਅਵਸਥਾ ਹੈ। ਪ੍ਰਮੇਸ਼ਰ ਦਾ ਦਿੱਤਾ ਕੁਦਰਤ ਦਾ ਇਕ ਵਿਧਾਨ ਹੈ। ਇਕ ਅਨੁਸ਼ਾਸਨ, ਇਕ ਨਿਯਮਾਵਲੀ। ਕਿਸੇ ਦੇ ਭੈ ਵਿਚ ਇਹ ਸਾਰੇ ਸੂਰਜ, ਚੰਦ, ਆਪਣੀ ਧੁਰੀ ਤੇ ਸਥਾਪਤ ਹਨ। ਆਗਿਆ ਦੀ ਉਲੰਘਨਾ ਦਾ ਅਰਥ ਹੈ, ਸਰਵਨਾਸ਼।

ਉਹ ਓਂਕਾਰ, ਨਿਰਭਉ ਹੈ:

ਸਗਲਿਆ ਭਉ ਲਿਖਿਆ ਸਿਰਿ ਲੇਖੁ॥

ਨਾਨਕ ਨਿਰਭਉ ਨਿਰੰਕਾਰ ਸਚੁ ਏਕੁ॥ (ਆਸਾ ਦੀ ਵਾਰ)

**ਨਿਰਵੈਰ–** ਪ੍ਰਮੇਸ਼ਰ ਦਾ.....ਸਤਿਗੁਰ ਦਾ ਕੋਈ ਵੈਰੀ ਨਹੀਂ....। ਕੋਈ ਸੱਜਣ ਨਹੀਂ, ਕੋਈ ਦੁਸ਼ਮਨ ਨਹੀਂ। ਸੰਸਾਰ ਵਿਚ ਕੁਝ ਸੁਖੀ ਦਿਸਦੇ ਹਨ... ਕੁਝ ਦੁਖੀ। ਸ਼ਿਕਾਇਤ ਕਰਦੇ ਹਨ, ਰੱਬਾ ਮੇਰੇ ਨਾਲ ਕਿਉਂ ਏਨਾ ਮਾੜਾ ਕੀਤਾ? ਭਗਤ ਤ੍ਰਿਲੋਚਨ ਜੀ ਦੀ ਘਰ ਵਾਲੀ ਨੂੰ ਸ਼ਿਕਾਇਤ ਰਹਿੰਦੀ, ਪ੍ਰਮੇਸ਼ਰ ਨੇ ਸਾਨੂੰ ਧਨਵਾਨ ਕਿਉਂ ਨਹੀਂ ਬਣਾਇਆ। ਛੱਕਣ ਛਕੌਣ ਨੂੰ ਖੁੱਲ੍ਹੇ



Sri Satguru Jagjit Singh Ji eLibrary NamdhariElibrary@gmail.com

ਪਦਾਰਥ ਕਿਉਂ ਨਹੀਂ ਦਿੱਤੇ। ਇਹਨਾਂ ਦੇ ਘਰ "ਨਰਸੀ" ਵਿਖੇ ਸੰਤ ਮੰਡਲੀ ਆਉਂਦੀ ਰਹਿੰਦੀ। ਕਈ ਵਾਰ ਪਦਾਰਥ ਦੀ ਘਾਟ ਹੁੰਦੀ, ਪ੍ਰਮੇਸ਼ਰ ਨੂੰ ਨਿੰਦਦੀ। ਭਗਤ ਤ੍ਰਿਲੋਚਨ ਜੀ ਕਿਹਾ:

"ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ (ਪੰ. 695)

ਇਹ ਸਾਡੇ ਕਰਮਾਂ ਦਾ ਪ੍ਰਤਿਫਲ, ਸੁਖ-ਦੁਖ, ਅਮੀਰੀ-ਗਰੀਬੀ, ਰੂਪ ਵਿਚ ਆਉਂਦੈ। ਨਾਰਾਇਣ ਕਿਸੇ ਦਾ ਬੁਰਾ ਨਹੀਂ ਚਾਹੁੰਦਾ। ਕਿਉਂ ਨਾਰਾਇਣ ਨੂੰ ਨਿੰਦਦੀ ਹੈਂ। ਭਗਵਾਨ ਸ੍ਰੀ ਕ੍ਰਿਸ਼ਨ, ਗੀਤਾ ਦੇ ਨੌਵੇਂ ਅਧਿਆਇ ਵਿਚ ਅਰਜਨ ਨੂੰ ਕਹਿੰਦੇ ਹਨ-

"ਸਮੋ ਅਹਮ ਸਰਵ ਭੂਤੇਸੁ, ਨ ਮੇ ਦਵੇਸਯੋ ਅਸਤਿ ਨ ਪ੍ਰਿਯ:॥"

ਸਾਰਾ ਜਗਤ ਮੇਰੇ ਲਈ ਸਮਾਨ ਹੈ। ਨਾ ਕੋਈ ਦੁਸ਼ਮਨ ਹੈ ਨਾ ਸੱਜਣ। ਪੰਜਵੇਂ ਪਾਤਸ਼ਾਹ ਇਸੇ ਭਾਵ ਵਿਚ ਕਹਿੰਦੇ ਹਨ-

"ਨਾ ਕੋ ਬੈਰੀ ਨਹੀ ਬਿਗਾਨਾ॥

ਸਗਲ ਸੰਗਿ ਹਮ ਕਉ ਬਨਿ ਆਈ॥" (ਪੰ. 703)

ਤਾਂ ਨਿਰੰਕਾਰ-੦ ਦੀ ਇਕ ਪਛਾਣ, ਉਹ ਨਿਰਵੈਰ ਹੈ।

**ਅਕਾਲ ਮੂਰਤਿ**— ਦਸਮ ਪਾਤਸ਼ਾਹ ਕਹਿੰਦੇ ਹਨ-

ਔਰ ਸੁਕਾਲ ਸਭੈ ਬਸ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ। (ਸਵੈਯਾ)

ਸਾਰੀ ਸ੍ਰਿਸ਼ਟੀ ਸਮੇਂ ਦੇ ਅਧੀਨ ਹੈ। ਜਨਮ, ਜੀਵਨ, ਦੁਖ, ਸੁਖ, ਮੌਤ, ਕਾਲ ਨੀਯਤ ਹੈ। ਇਕ ਖਿਣ, ਅੱਗੇ ਪਿੱਛੇ ਨਹੀਂ ਹੋ ਸਕਦਾ। ਵੇਦਾਂਤ ਕਹਿੰਦੈ- ਜਿਹੜਾ ਜੰਮਿਐ ਉਹ ਅਵੱਸ਼ ਮਰੇਗਾ।

"ਜਾਤਮਯ ਹੀ ਧ੍ਰਵੋ ਮ੍ਰਿਤਯਾ"

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥

ਅੰਨ ਪਉਣ ਥਿਰ ਨਾ ਕੁਈ। ਏਕੁ ਤੁਈ ਏਕੁ ਤੁਈ॥ (ਪੰ. 755)



Sri Satguru Jagjit Singh Ji eLibrary NamdhariElibrary@gmail.com

ਸੂਰਜ ਮੰਡਲ.... ਚੰਦਰ ਲੋਕ....ਸੱਤ ਮਹਾਂਦੀਪਾਂ ਵਾਲੀ ਧਰਤੀ, ਮਹਾਂਸਾਗਰ.....ਅੰਨ, ਪਵਨ ਕੁਝ ਥਿਰ ਨਹੀਂ। ਕਾਲ, ਇਕ ਖਿਣ, ਸਭ ਨੂੰ ਖਾ ਜਾਏਗਾ। ਇਕ ਤੂੰ "ਸਤਿ ਕਰਤਾਰ" ਰਹਿ ਜਾਣੈ।

ਗੁਰੂ ਨਾਨਕ ਪਾਤਸ਼ਾਹ, ਜੱਗਨਨਾਥਪੁਰੀ ਪੁੱਜੇ। ਭਗਵਾਨ ਸ੍ਰੀ ਜਗਨਨਾਥ ਮੰਦਰ ਵਿਚ, ਆਰਤੀ ਉਚਾਰਨ ਕੀਤੀ। ਦੂਰ ਦੂਰ ਤਕ ਚਰਚਾ ਹੋਣ ਲੱਗੀ। ਉੜੀਸਾ ਦਾ ਰਾਜਾ, ਪਰਤਾਪੁਰ ਦੇਵ, ਅਰਜ਼ ਕਰਕੇ ਸਤਿਗੁਰੂ ਜੀ ਨੂੰ ਮਹਿਲ ਵਿਚ ਲੈ ਗਿਆ। ਯਥਾਯੋਗ ਸਤਿਕਾਰ ਕੀਤਾ। ਬੇਨਤੀ ਕੀਤੀ, ਬਹੁਤ ਸੁਖ ਬਣਿਆ ਹੋਇਐ। ਕਿਰਪਾ ਕਰੋ- ਮੇਰਾ ਜੀਵਨ ਪ੍ਰੀਵਾਰ, ਮਹਿਲ ਸਾਰੇ ਸੁਖ ਬਣੇ ਰਹਿਣ। ਪਾਤਸ਼ਾਹ ਨੇ ਪਵਿੱਤਰ ਗੁਰਬਾਣੀ ਰਾਹੀਂ ਜਵਾਬ ਦਿੱਤਾ:

"ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥

ਸੇ ਭੀ ਢਹਿੰਦੇ ਡਿਠੁ ਮੈ ਮੁੰਧ ਨਾ ਗਰਬ ਥਣੀ॥" (ਪੰ. 1410)

ਰਾਜਨ! ਮੈਂ ਰਾਵਣ ਦੀ ਲੰਕਾ ਦੇਖੀ ਹੈ। ਕਾਰੂ ਬਾਦਸ਼ਾਹ ਦੇ ਉਜੜੇ ਮਹਿਲ ਵੀ ਦੇਖੇ ਹਨ। ਵੱਡੇ ਵੱਡੇ ਰਾਜੇ-ਮਹਾਰਾਜੇ, ਬਹੁਤ ਉੱਮਦਾ ਸੁਰਖੀ, ਚੂਨਾ, ਗਾਰੇ, ਮਸਾਲੇ ਲਾ ਕੇ ਉਸਾਰੇ ਗਏ ਸੰਗਮਰਮਰ ਦੇ ਆਲੀਸ਼ਾਨ ਮਹਿਲ ਵੀ.... ਸਮੇਂ ਹੱਥੋਂ ਮਲਵੇ ਦਾ ਢੇਰ ਹੋ ਗਏ....ਵੇਖੇ ਹਨ। ਤੂੰ ਇਹਨਾਂ ਦਾ ਭਰੋਸਾ ਨਾ ਕਰੀਂ। ਇਹਨਾਂ ਨਾਸ਼ਵਾਨ ਪਦਾਰਥਾਂ ਦਾ ਹੰਕਾਰ ਨਾ ਕਰੀਂ। ਇਕ ਕਰਤਾਰ ਸੱਤਿ ਹੈ, ਸਦੀਵੀ ਹੈ। "ਕਹੋ ਸਤਿ ਕਰਤਾਰ!"

**ਅਜੂਨੀ—** ਕਰਮ ਵਿਧਾਨ ਦੀ ਸ੍ਰਿਸ਼ਟੀ ਹੈ। ਇਥੇ ਸਾਰੇ ਕਰਮ ਭੋਗ ਦੀ ਜੂਨਾਂ ਨੂੰ ਭੋਗ ਰਹੇ ਹਨ। ਕੋਈ ਅਪਵਾਦ ਨਹੀਂ। ਰਿਸ਼ੀ-ਮੁਨੀ, ਨਰ ਅਵਤਾਰ ਸਾਰੇ ਕਰਮਾਂ ਅਨੁਸਾਰ ਜੀਵਨ ਭੋਗਦੇ ਹਨ।

ਭਗਵਾਨ ਸ੍ਰੀ ਕ੍ਰਿਸ਼ਨ ਨੂੰ, ਸ਼ਿਕਾਰੀ ਨੇ ਦਵਾਰਕਾ ਦੇ ਜੰਗਲ ਵਿਚ ਤੀਰ ਮਾਰਿਆ। "ਆਹ" ਦੀ ਆਵਾਜ਼ ਆਈ। ਦੌੜਦਾ ਸ਼ਿਕਾਰੀ ਆਇਆ। ਦਵਾਰਕਾਧੀਸ਼ ਨੂੰ ਤੀਰ ਲੱਗਾ ਵੇਖ ਕੇ ਰੋਣ ਲੱਗਾ, ਪਛਤਾਵਾ ਕਰਨ ਲੱਗਾ। ਭਗਵਾਨ ਸ੍ਰੀ ਨੇ ਕਿਹਾ, "ਤੇਰਾ ਕੋਈ ਕਸੂਰ ਨਹੀਂ। ਮੇਰਾ ਅੰਤ ਇਸੇ ਤਰ੍ਹਾਂ ਹੋਣਾ ਸੀ। ਤ੍ਰੇਤਾ ਯੁਗ ਵਿਚ ਤੂੰ ਬਾਲੀ ਸੈਂ, ਮੈਂ ਰਾਮ ਅਵਤਾਰ ਦਾ ਜਨਮ ਧਾਰਿਆ ਸੀ। ਦਰੱਖਤ ਵਿਚੋਂ ਲੁਕ ਕੇ ਤੈਨੂੰ ਤੀਰ ਮਾਰਿਆ ਸੀ। ਤੇਰੀ ਮੌਤ



Sri Satguru Jagjit Singh Ji eLibrary NamdhariElibrary@gmail.com

ਹੋਈ ਸੀ। ਇਸ ਜਨਮ, ਤੂੰ ਬਿਆਧ ਬਣਿਆ, ਮੈਂ ਕ੍ਰਿਸ਼ਨ। ਦਰੱਖਤ ਪਿਛੋਂ ਤੂੰ ਤੀਰ ਮਾਰਿਆ। ਮੇਰਾ ਤੇਰਾ ਹਿਸਾਬ ਚੁਕਤਾ ਹੋਇਆ। ਮੈਂ ਹੁਣ ਜਾ ਰਿਹਾਂ.... ਉਥੇ ਜਿਥੇ ਸੂਰਜ ਨਹੀਂ, ਚੰਦ ਨਹੀਂ, ਅੱਗ ਨਹੀਂ.... ਜਿੱਥੇ ਜਾ ਕੇ ਕੋਈ ਵਾਪਸ ਨਹੀਂ ਆਇਆ....ਮੈਂ ਉਥੇ ਜਾ ਰਿਹਾਂ।

ਸਾਰੀਆਂ ਮੂਰਤਾਂ, ਸਾਰੀ ਸ੍ਰਿਸ਼ਟੀ, ਕਾਲ ਹੱਥੋਂ ਨਸ਼ਟ ਹੋ ਜਾਣੀ ਹੈ। ਇਕ ਨਿਰੰਕਾਰ, ਜੂਨਾਂ ਤੋਂ ਬਾਹਰ ਹੈ। ਜਨਮ-ਮੌਤ ਤੋਂ ਪਰੇ ਹੈ। ਅਕਾਲ ਮੂਰਤਿ ਹੈ....ਅਜੂਨੀ ਹੈ।

**ਸੈਭੰ—** ਸਾਰਾ ਬ੍ਰਹਮਾਂਡ ਕਿਸੇ ਦੇ ਹੁਕਮ ਨਾਲ ਚਲ ਰਿਹੈ। ਜਨਮ, ਮਰਣ, ਸਿਰਜਨ, ਵਿਸਰਜਨ, ਸਭ ਹੁਕਮ ਵਿਚ ਹਨ।

"...ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ....॥"

ਕੋਈ ਹੁਕਮ ਤੋਂ ਬਾਹਰ ਨਹੀਂ।

ਦੇਵੀ ਦੇਵਤਾ, ਭਗਤ, ਸਭ ਹੱਥ ਜੋੜ, ਜਿਸ ਦੇ ਦਰ ਤੇ ਸੁਰਤਿ ਨਾਲ ਸਿੱਜਦਾ ਕਰਦੇ ਹਨ.... ਉਹ ਕਰਤਾਰ ਆਪ "ਸੈਭੰ" ਹੈ। ਕਿਸੇ ਪ੍ਰਤੀ ਜਵਾਬਦੇਹ ਨਹੀਂ। ਕਿਸੇ ਦਾ ਮੁਹਤਾਜ ਨਹੀਂ। ਕਿਸੇ ਨੂੰ ਸਾਜਦੈ,....ਕਿਸੇ ਨੂੰ ਭੰਜਦੈ, ਉਹਨੂੰ ਫੇਰ ਸਵਾਰ ਦੇਂਦੈ।

"ਛਿਨ ਮਹਿ ਰਾਉ, ਰੰਕ ਕਉ ਕਰਈ, ਰਾਉ ਰੰਕ ਕਰਿ ਡਾਰੇ॥

ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥"

(ਮਹਲਾ ਪਵਾਂ ਪੰ. 537)

ਕੰਗਾਲ ਨੂੰ ਸਮਰਾਟ ਕਰਿ ਦੈ... ਸਮਰਾਟ ਨੂੰ ਭਿਖਾਰੀ।

ਸਖਣੇ ਭਾਂਡੇ ਭਰ ਦੈ.....ਭਰੇ ਹੋਏ ਸਖਣੇ ਕਰ ਦੈ।

ਉਹ ਸੈਭੰ ਹੈ। ਉਸ ਦਾ ਹੁਕਮ ਸਾਰੀ ਖਲਕ ਵਿਚ ਚਲਦੈ।

ਉਸ ਉਪਰ ਕਿਸੇ ਦਾ ਹੁਕਮ ਨਹੀਂ ਚਲਦਾ।

**ਗੁਰ ਪ੍ਰਸਾਦਿ—** ਪ੍ਰਸਾਦਿ ਦਾ ਅਰਥ ਹੈ: ਕ੍ਰਿਪਾ ਨਾਲ। ਦਸਮ ਪਾਤਸ਼ਾਹ ਨੇ "ਤ੍ਵ ਪ੍ਰਸਾਦਿ ਸ਼ਬਦ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ.... ਅਰਥ ਹੈ ਤੁਹਾਡੀ ਕ੍ਰਿਪਾ ਨਾਲ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ- ਗੁਰ ਪ੍ਰਸਾਦਿ।

ਗੁਰੂ ਦੀ ਕਿਰਪਾ ਨਾਲ। ਉਹ ਨਿਰੰਕਾਰ, ਜਿਸ ਦਾ ਗੁਣ ਪ੍ਰੀਚੈ, ਉਪਰ ਦਸਿਐ, ਉਹ ਕਰਤਾਰ, ਗੁਰੂ ਦੀ ਕ੍ਰਿਪਾ ਨਾਲ ਨਸੀਬ ਹੁੰਦੈ। ਕੁਝ ਵਿਸ਼ੇਸ਼ ਪ੍ਰਸਥਿਤੀ, ਸੁਰਤਿ ਦੀ, ਇਕ ਵਿਸ਼ੇਸ਼ ਪੱਧਰ ਤਕ ਵਿਕਸਿਤ ਅਵਸਥਾ ਜਦੋਂ ਪੰਚਾਇਣ ਹੁੰਦਾ ਹੋਵੇ.... ਮਨ, ਬੁੱਧੀ, ਚਿੱਤ, ਅਹੰਕਾਰ ਅਤੇ ਜੀਵਾਤਮਾ, ਪੰਜਾਂ ਦਾ ਅਯਣ, ਪੰਜੇ ਦਾ ਇਕ ਸੁਰ ਵਿਚ, ਇਕ ਘਰ ਵਿਚ ਹੋ ਜਾਣਾ....। ਇਹ ਕ੍ਰਿਆ ਨਾਲ ਜਾਂ ਕਰਮ ਨਾਲ ਨਹੀਂ ਕੀਤਾ ਜਾ ਸਕਦਾ। ਇਹ ਕ੍ਰਿਪਾ ਦਾ ਵਿਸ਼ਾ ਹੈ। ਸਾਰੀ ਜ਼ਿੰਦਗੀ, ਧਰਮ-ਕਰਮ ਬਹੁਤੇ ਕੀਤੇ। ਮੈਂ ਦਾ ਬੋਧ, ਮੈਂ ਧਰਮ ਕਰ ਰਿਹਾਂ ਦਾ ਬੋਧ, ਅਹੰਕਾਰ ਪੈਦਾ ਕਰ ਦਿੰਦਾ। ਬਹੁਤ ਧਰਮ ਗ੍ਰੰਥ ਪੜ੍ਹ ਲਏ.....ਬਹੁਤ ਭਜਨ ਬੰਦਗੀ ਕਰ ਲਈ.....

"ਤੀਰਥ ਬਰਤ ਅਰੁ ਦਾਨ ਕਰਿ, ਮਨ ਮੈ ਧਰੇ ਗੁਮਾਨੁ" ਵਾਲਾ ਅਹੰਕਾਰ ਪੈਦਾ ਹੋ ਜਾਂਦੈ..... ਦਵੈਤ ਬਣ ਜਾਂਦੀ ਹੈ। ਇਹ ਦਵੈਤ, ਕੋਈ ਸੰਪਰਦਾ ਜਾਂ ਪੰਥ ਨਹੀਂ.... ਇਹ ਤਾਂ ਮਨੁੱਖੀ ਸੁਰਤਿ ਦੀ ਅਵਸਥਾ ਹੈ। ਜੇ ਕਰਤਾ ਮੈਂ ਹਾਂ.... ਸਿਮਰਨ ਕਰਨ ਵਾਲਾ, ਵੇਦ ਪਾਠ, ਗੁਰਬਾਣੀ ਪਾਠ ਕਰਨ ਵਾਲਾ, "ਮੈਂ ਸਰੀਰ ਰੂਪ ਤਾਂ, ਦਵੈਤ ਹੋ ਗਿਆ....ਦੋ ਹੋ ਗਏ। ਮੈਂ ਕਰਤਾ, ਤੂੰ ਪ੍ਰਮੇਸ਼ਰ... ਦੋ ਹੋ ਗਏ। ਦਵੈਤ ਹੋ ਗਿਆ। ਸੰਸਾਰ ਨਾਲ ਇਹੋ ਵਾਪਰ ਰਿਹੈ। ਰਿਸ਼ੀ, ਮੁਨੀ, ਤਪੱਸਵੀ ਸਾਰਿਆਂ ਨਾਲ ਇਹੋ ਹੁੰਦਾ ਰਿਹੈ। ਹਰ ਵਾਰ, ਇਸ ਮੋੜ ਤੇ ਭਟਕ ਜਾਂਦੇ ਰਹੇ..., ਯਾਤਰਾ ਦੀ ਦਿਸ਼ਾ ਬਦਲ ਜਾਂਦੀ ਰਹੀ।

ਇਸ ਜਨਮ, ਕੋਈ ਭਲਾ ਕਰਮ ਅੱਗੇ ਆ ਗਿਆ, ਸਤਿਗੁਰੂ ਵਾਲੇ ਹੋ ਗਏ। ਸਤਿਗੁਰ ਕੋਲ ਇਕ ਵਖਰਾ ਸਰਮ ਖੰਡ, ਇਕ ਦਿੱਵ ਵਰਕਸ਼ਾੱਪ, ਜਿਥੇ ਸੁਰਤਿ ਸੁਧਾਰੀ ਜਾਂਦੀ ਹੈ।

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥"

ਉਹ ਨਿਰੰਕਾਰ "ਸੁੰਨ" ਹੈ। ਦੇਹ ਨਹੀਂ, ਰੂਪ, ਰੰਗ, ਆਕਾਰ ਨਹੀਂ।

ਬਿਦੇਹ... ਦੇਹ ਤੋਂ ਬਾਹਰ। ਉਥੇ ਅਸੀਂ ਦੇਹ ਰੂਪ ਨਹੀਂ ਪਹੁੰਚ ਸਕਦੇ। ਸੁਰਤਿ ਦਾ ਆਕਾਰ ਨਹੀਂ। ਸੁੰਨ ਲੋਕ ਦੀ ਉੜਾਨ ਕਰਨੀ ਪੈਂਦੀ ਏ। ਇਹ ਸੁਰਤਿ ਹੀ ਕਰ ਸਕਦੀ ਏ। ਤਾਂ ਸਤਿਗੁਰ ਦੀ ਕਾਰਜਸ਼ਾਲਾ ਵਿਚ, ਗੁਰੂ ਦੀ ਪਾਠਸ਼ਾਲਾ ਵਿਚ, ਹੌਲੀ ਹੌਲੀ, ਧਰਤੀ ਦੀ ਬੇਧਸ਼ਾਲਾ ਨੂੰ ਛੱਡ ਕੇ ਉਪਰ ਪੁਲਾੜ ਵਿਚ, ਅੰਤਰਿਕਸ਼ ਵਲ ਵਧਦੇ ਹੋਏ ਰਾਕੇਟ ਵਾਂਗ! ਗੁਰੂ ਸੁਰਤਿ ਨੂੰ ਸਿਖਿਅਤ ਕਰਦਾ ਹੈ। ਪ੍ਰੀਵਾਰ ਦਾ ਮੋਹ, ਸੰਸਾਰ ਪ੍ਰਤੀ ਲਗਾਅ, ਸਾਰੇ ਰੱਸੇ



Sri Satguru Jagjit Singh Ji eLibrary NamdhariElibrary@gmail.com

ਖੋਲ੍ਹਣੇ ਪੈਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰਾਜੁ ਮਾਲੁ ਰੂਪੁ ਜਾਤਿ ਜੋਬਨੁ.... ਸਾਰਿਆਂ ਤੋਂ, ਸੁਰਤਿ ਨੂੰ ਵਰਜ ਕੇ, ਇਕ ਸੁੰਨਯ, ਇਕ ਸ਼ਬਦ ਦੀ ਯਾਤਰਾ ਹੁੰਦੀ ਏ। ਇਹ ਕ੍ਰਿਪਾ... ਇਹ "ਗੁਰ ਪ੍ਰਸਾਦਿ" ਗੁਪਤ ਹੁੰਦੈ। ਇਸ ਸਿਖਿਆ ਸਤਰ ਵਿਚ, ਸਿੱਖ ਵੀ ਪਿੱਛੇ ਰਹਿ ਜਾਂਦੈ। ਦੇਹ, ਭੇਖ, ਆਕਾਰ, ਅੱਗੇ ਵਰਜਿਤ ਖੇਤਰ ਵਿਚ ਪ੍ਰਵੇਸ਼ ਨਹੀਂ ਕਰ ਸਕਦੇ। ਸਿੱਖ ਦੀ ਸੁਰਤਿ, ਸਤਿਗੁਰ ਕੱਢ ਕੇ ਸਵਾਰ ਕੇ, ਲੱਕਸ਼ ਪ੍ਰਤੀ ਸਮਰਪਿਤ ਕਰਕੇ....ਸੁੰਨ ਵਲ ਤੋਰ ਦੇਂਦੈ। ਇਹ ਇਵੇਂ, ਜਿਵੇਂ ਪੈਰਾਸ਼ੂਟ ਨਾਲ ਫੌਜੀ, ਹਜ਼ਾਰਾਂ ਫੁੱਟ ਉਪਰ ਆਕਾਸ਼ ਤੋਂ, ਹਵਾਈ ਜਹਾਜ਼ ਤੋਂ ਛਲਾਂਗ ਲਾਉਂਦੈ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ.... "ਗੁਰ ਪ੍ਰਸਾਦਿ"

ਗੁਰ ਤੁੱਠੈ ਤਾਂ ਹਰੀ ਮਿਲਾਵੈ...।

ਪੰਜਵੇਂ ਪਾਤਸ਼ਾਹ, "ਗੁਰ ਪ੍ਰਸਾਦਿ" ਬਾਬਤ ਕਹਿੰਦੇ ਹਨ–

"ਭਾਈ ਰੇ ਸਾਚੀ ਸਤਿਗੁਰ ਸੇਵ॥

ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ॥"– (ਪੰ. 52)

ਰਾਣੀ ਮਦਾਲਸਾ, ਭਾਰਤੀ ਅਧਿਆਤਮ ਦੀ ਇਕ ਨਿਵੇਕਲੀ ਇਸਤ੍ਰੀ ਹੋਈ ਹੈ। ਰਾਜਾ ਰੀਤੁਧਵਜ ਦੀ ਪਟਰਾਣੀ। ਬ੍ਰਹਮ ਗਿਆਨੀ ਰਾਣੀ। ਮਦਾਲਸਾ ਲਈ ਸਭ ਤੋਂ ਪਹਿਲਾਂ "ਗੁਰੂ ਮਾਂ" ਸ਼ਬਦ ਦਾ ਪ੍ਰਯੋਗ ਕੀਤਾ ਗਿਆ। ਚਾਰ ਪੁੱਤਰ ਹੋਏ....ਚੌਹਾਂ ਨੂੰ, ਭੰਗੂੜੇ ਵਿਚ ਹਿਲੌਂਦੀ ਹਿਲੌਂਦੀ ਬ੍ਰਹਮ ਗਿਆਨ ਦੀ ਸਿੱਖਿਆ ਦੇਂਦੀ। "ਸਿੱਧੋ ਅਸੀਂ....ਬੁੱਧੋ ਅਸੀਂ....ਤਤਵਮ ਅਸੀਂ।" ਇੰਦ੍ਰੀਆਂ ਨੂੰ ਸਿੱਧ ਕਰੋ.... ਬ੍ਰਹਮ ਗਿਆਨ ਵਿਚ ਵਿਚਰੋ... ਤੱਤ ਵਿਚ ਤੱਤ ਨੂੰ ਰਲਾ ਦਿਉ।

ਚਾਰੇ ਪੁੱਤਰ, ਬ੍ਰਹਮ ਗਿਆਨੀ ਹੋਏ। ਇਕੱਲੀ ਮਾਂ ਬਣ ਕੇ ਇਹ ਗਿਆਨ ਕੋਈ ਨਾਰੀ ਨਹੀਂ ਦੇ ਸਕਦੀ। ਮਦਾਲਸਾ ਗੁਰੂ ਬਣ ਗਈ, "ਗੁਰੂ ਮਾਂ"। ਆਪਣੇ ਹੀ ਅਬੋਧ ਬਾਲਕਾਂ ਨੂੰ, ਸਿੱਖ ਬਣਾ ਕੇ, ਆਤਮ ਗਿਆਨ ਦੇ ਕੇ ਤੱਤ ਲੀਨ ਕਰ ਦਿੱਤਾ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ– "ਗੁਰ ਪ੍ਰਸਾਦਿ"।

ਸਤਿਗੁਰ ਦੀ ਕ੍ਰਿਪਾ ਨਾਲ.... ਉਸ ਅਲੱਭਯ ਨੂੰ, ਦੁਰਲੱਭ ਨੂੰ ਪਾਇਆ ਜਾ ਸਕਦੈ। ਸੁੰਨ ਵਿਚ, ਸੁਰਤਿ.... ਸਮਾਹਿਤ ਹੋ ਸਕਦੀ ਹੈ।

# 3

# ਸੁਚਿ ਹੋਵੈ ਤਾਂ ਸਚੁ ਪਾਈਐ

ਸਚੁ ਅਤੇ ਸੁਚਿ...ਪ੍ਰਮਾਤਮਾ ਅਤੇ ਪਵਿੱਤਰਤਾ, ਦੁਹਾਂ ਦਾ ਗਹਿਰਾ ਰਿਸ਼ਤਾ ਹੈ। ਇਕ ਨਾ ਹੋਵੇ ਤਾਂ ਦੂਜਾ ਠਹਿਰ ਨਹੀਂ ਸਕਦਾ। ਭਾਂਡਾ ਅਤੇ ਭੋਜਨ, ਦੋ ਵੱਖ ਸ਼ੈਅ ਦਿਸਦੇ ਹਨ, ਪਰ ਇਕ ਦੂਜੇ ਤੋਂ ਬਗੈਰ ਦੋਵੇਂ ਅਧੂਰੇ ਹਨ। ਭੋਜਨ ਛੱਕਣਾ ਹੋਵੇ ਤਾਂ ਭਾਂਡਾ ਲਾਜ਼ਮੀ ਚਾਹੀਦਾ ਹੈ ਅਤੇ ਭੋਜਨ ਨਾ ਹੋਵੇ ਤਾਂ ਭਾਂਡੇ ਦੀ ਕੋਈ ਜ਼ਰੂਰਤ ਨਹੀਂ। ਜੀਵਨ ਦੇ ਦੋ ਖੰਡ, ਦੇਹ ਅਤੇ ਆਤਮਾ। ਆਤਮਾ ਸਚੁ ਹੈ, ਸਦੀਵੀ, ਅਵਿਨਾਸ਼ੀ। ਪੰਜਵੇਂ ਪਾਤਸ਼ਾਹ, ਇਸ ਆਤਮਾ ਦਾ ਪਰਿਚੈ ਦੇਂਦੇ ਹਨः

"ਨਾ ਇਹੁ ਬਿਨਸੈ ਨਾ ਇਹੁ ਜਾਇ॥

ਆਦਿ ਜੁਗਾਦੀ ਰਹਿਆ ਸਮਾਇ॥" (ਪੰ. 868)

ਦੇਹ ਨਾਸ਼ਵਾਨ ਹੈ... ਅਸੱਤ ਹੈ। ਦੁਹਾਂ ਦਾ ਗਜ਼ਬ ਦਾ ਸੰਬੰਧ ਹੈ। ਦੇਹ ਨਾ ਹੋਵੇ ਤਾਂ ਆਤਮਾ ਨੂੰ ਲੋਗ ਭੂਤ, ਪ੍ਰੇਤ ਕਹਿਣ ਲੱਗਦੇ ਹਨ। ਆਤਮਾ ਨਾ ਹੋਵੇ ਤਾਂ ਦੇਹ ਨੂੰ ਲਾਸ਼ ਕਹਿੰਦੇ ਹਨ। ਦੋਵੇਂ ਇਕ ਨਾਲ ਹਨ ਤਾਂ ਜੀਵਨ ਹੈ। ਜੀਵਨ ਨੂੰ ਧਿਆਨ ਨਾਲ ਵੇਖੀਏ ਤਾਂ ਤਿੰਨ ਬਿੰਦੂ ਦਿਸਦੇ ਹਨ। ਦੇਹ, ਆਤਮਾ ਅਤੇ ਪ੍ਰਮਾਤਮਾ। ਆਤਮਾ ਦਾ ਪ੍ਰਮਾਤਮਾ ਮਿਲਨ, ਜੀਵਨ ਦੀ ਸੰਪੂਰਨਤਾ ਹੈ। ਇਕ ਮਾਰਗ, ਗੁਰੂਆਂ-ਪੀਰਾਂ ਨੇ ਰੇਖਾਂਕਨ ਕੀਤਾ, ਇਸਨੂੰ "ਧਰਮ ਦਾ ਮਾਰਗ" ਕਿਹਾ ਗਿਆ। ਆਤਮਾ ਤੋਂ ਪਰਮਾਤਮਾ ਤਕ ਪੁੱਜਣ ਦਾ ਮਾਰਗ। ਇਹ ਸਫਰ, ਦੇਹ ਕਰਵਾਉਂਦੀ ਹੈ। ਧਰਮ-ਕਰਮ, ਜਪ-ਤਪ, ਦਾਨ, ਗੁਰੂ ਦਰਸ਼ਨ, ਇਹ ਸਾਰੀ ਜ਼ਿੰਮੇਵਾਰੀ ਦੇਹ ਨਿਭਾਉਂਦੀ ਹੈ। ਚੰਦਰਮਾ ਜਾਂ ਮੰਗਲ ਤੇ ਜਾਣ ਵਾਲਾ ਮੁੱਖ ਲੈਂਡਰ ਅਤੇ ਇਸਰੋ ਜਾਂ ਨਾਸਾ ਸਟੇਸ਼ਨ ਤੋਂ ਮੁੱਖਯਾਨ ਨੂੰ ਢੋਅ ਕੇ, ਉਪਰ ਪੁਲਾੜ ਵਿਚ, ਸਹੀ ਰਾਹ ਤੇ ਲਾਂਚ ਕਰਨ ਵਾਲਾ



Sri Satguru Jagjit Singh Ji eLibrary NamdhariElibrary@gmail.com

ਰਾਕੇਟ ਲਾਂਚਰ। ਇਕੋ ਮਿਸ਼ਨ ਦੋ ਹਿੱਸਿਆਂ ਵਿਚ ਮੁਕੰਮਲ ਹੋ ਰਿਹੈ। ਆਤਮਾ ਅਤੇ ਦੇਹ, ਸੁੰਨ ਮਿਲਨ ਦੇ ਦੋ ਆਯਾਮ, ਦੋ ਤਲ ਹਨ।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਆਸਾ ਦੀ ਵਾਰ ਵਿਚ ਸਚੁ ਅਤੇ ਸੁਚਿ ਦੇ ਬਿੰਬ ਵਿਚ, ਆਤਮਾ ਅਤੇ ਦੇਹ ਦੀ ਪਵਿੱਤਰ ਭੂਮਿਕਾ ਨੂੰ ਖੋਲ੍ਹਦੇ ਹਨ। ਇਹ ਪਵਿੱਤਰ ਗੁਰਬਾਣੀ 16ਵੀਂ ਸਦੀ ਦੇ ਆਰੰਭ ਵਿਚ ਉਚਾਰਣ ਕੀਤੀ, ਜਦੋਂ ਬਾਬਰ ਦੇ ਅਧੀਨ, ਹਿੰਦੁਸਤਾਨ ਵਿਚ ਮੁਗਲ ਸ਼ਾਸਨ ਪੂਰੀ ਤਰ੍ਹਾਂ ਸਥਾਪਿਤ ਹੋ ਚੁੱਕਿਆ ਸੀ। ਤਥਾਕਥਿਤ ਪੁਜਾਰੀ, ਬ੍ਰਾਹਮਣ ਦੋਹਰਾ ਚਰਿੱਤਰ ਹੰਡਾ ਰਹੇ ਸਨ। ਘਰਾਂ ਵਿਚ, ਵੇਦ ਪੁਰਾਣ ਪੜ੍ਹਦੇ ਸਨ। ਸਨਾਤਨ ਧਰਮ ਅਨੁਸ਼ਠਾਨ ਦਾ ਵੀ ਨਿਰਵਾਹ ਕਰਦੇ ਸਨ ਅਤੇ ਬਾਹਰ ਮੁਗਲ ਅਧਿਕਾਰੀਆਂ ਨੂੰ ਖੁਸ਼ ਕਰਨ ਲਈ ਨੀਲਾ ਪਹਿਰਾਵਾ ਪਹਿਨਦੇ.... ਮਾਸ ਭੋਜਨ ਵੀ ਕਰਦੇ ਅਤੇ ਚੌਂਕੇ ਤੇ ਲਕੀਰ ਖਿੱਚ ਕੇ ਸੁੱਚੇ ਹੋਣ ਦਾ ਢੋਂਗ ਵੀ ਕਰਦੇ। ਪਾਤਸ਼ਾਹ, ਇਸ ਦੋਹਰੀ ਮਾਨਸਿਕਤਾ ਦਾ ਵਿਰੋਧ ਕੀਤਾ।

ਸੁੱਚਤਾ ਜਾਂ ਪਵਿੱਤਰਤਾ, ਸਚੁ, ਪਰਮਾਤਮਾ ਤਕ ਪੁੱਜਣ ਨੂੰ ਇਕ ਮਾਤਰ ਮਾਰਗ ਹੈ। ਸੁੱਚਤਾ ਤੋਂ ਬਗੈਰ ਸਚੁ ਨੂੰ ਪ੍ਰਾਪਤ ਨਹੀਂ ਹੋ ਸਕਦੇ। ਪਰ ਇਹ ਸੁੱਚਤਾ, ਸਰੀਰ ਅਤੇ ਸੁਰਤਿ ਦੇ ਤਲ ਤੇ ਘਟਦੀ ਹੈ। ਤਿੱਜਾ ਤਲ ਸ਼ਬਦ ਦਾ... ਆਕਾਸ਼ ਦਾ ਹੈ, ਜਿੱਥੇ ਅੰਮ੍ਰਿਤ ਬਰਖਾ ਹੁੰਦੀ ਹੈ। ਸਫਰ ਦਾ ਅੰਤਮ ਪੜਾਅ। ਤਾਂ ਪਹਿਲੀ ਸ਼ੁੱਧਤਾ... ਪਹਿਲੀ ਸੋਧ ਮਰਿਆਦਾ, ਦੇਹ ਤਲ ਤੇ ਹੋਵੇਗੀ। ਦਸਮ ਪਾਤਸ਼ਾਹ ਨੇ, ਆਲਮਗੀਰ ਕਹੇ ਜਾਣ ਵਾਲੇ ਔਰੰਗਜ਼ੇਬੀ ਸਲਤਨਤ ਨਾਲ ਟੱਕਰ ਲੈਣ ਤੋਂ ਪਹਿਲਾਂ, ਸੰਨ 1699 ਵਿਚ, ਖਾਲਸਾ ਸਿਰਜਨ ਵੇਲੇ ਸਿੱਖ ਆਚਾਰ ਸੰਹਿਤਾ ਰੂਪ ਵਿਚ, "ਸਿੱਖ ਰਹਿਤ ਮਰਿਆਦਾ" ਘੋਸ਼ਤ ਕੀਤੀ। ਸੁੱਚਤਾ ਦਾ... ਮਰਿਆਦਾ ਦਾ ਆਰੰਭ ਹੋਇਆ। ਅਮ੍ਰਿਤ ਵੇਲੇ ਦਾ ਇਸ਼ਨਾਨ ਧਿਆਨ ਤਾਂ ਪੂਰਵ ਕਾਲ ਤੋਂ ਗੁਰਸਿੱਖ ਪਰੰਪਰਾ ਰੂਪ ਵਿਚ ਚਲਦਾ ਆਇਆ ਸੀ। ਸਿਮਰਨ, ਗੁਰਬਾਣੀ ਪਾਠ ਆਦਿ ਨਿਯਮਾਵਲੀ ਦੇ ਨਾਲ, ਪਰਾਇਆ ਧਨ, ਪਰਾਈ ਇਸਤ੍ਰੀ, ਵਿਸ਼ਵਾਸਘਾਤ ਆਦਿ ਵਿਕਾਰਾਂ ਤੋਂ ਦੂਰ, ਸ਼ੁੱਧ, ਖ਼ਾਲਿਸ, ਸਮਾਜ ਦੀ ਨੀਂਹ ਰੱਖੀ। ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1860 ਵਿਚ, ਭਾਈ ਰਾਏ ਸਿੰਘ ਨੂੰ, ਸ੍ਰੀ ਹਜ਼ੂਰ ਸਾਹਿਬ ਭੇਜ ਕੇ, ਦਸਮੇਸ਼ ਗੁਰੂ ਦੀ ਰਹਿਤ ਮਰਿਆਦਾ ਮੰਗਵਾ ਕੇ, ਨਾਮਧਾਰੀ ਪੰਥ ਵਿਚ ਪ੍ਰਚਲਤ ਕੀਤੀ।

ਸੁਚਿਤਾ ਦਾ ਆਰੰਭ, ਸਰੀਰ ਤੋਂ ਹੀ ਹੋਵੇਗਾ। ਆਮ ਮਨੁੱਖ ਨੂੰ ਸਰੀਰ ਹੀ ਦਿਸਦੈ। ਇਸ ਸਰੀਰ ਦੀ ਸ਼ੁੱਧਤਾ ਪਹਿਲੀ ਦਿਨਚਰਿਆ ਬਣੀ। ਪ੍ਰਭਾਤ, ਜਾਗਣ ਤੋਂ ਬਾਦ ਸ਼ੌਚ ਇਸ਼ਨਾਨ ਆਦਿ, ਹਰ ਸਿਹਤਮੰਦ ਮਨੁੱਖ ਦੀ ਰੀਤ ਹੈ। ਜਿਹੜਾ ਪ੍ਰਭਾਤੀ ਰਹੁ ਰੀਤ ਨਹੀਂ ਸੰਭਾਲ ਸਕਦਾ, ਉਹ ਬੀਮਾਰ ਸਮਝਿਆ ਜਾਂਦਾ ਹੈ। ਮਨੁੱਖ ਦਾ ਸਰੀਰ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਭਾਂਡਾ ਹੈ। ਇਸ ਭਾਂਡੇ ਵਿਚ ਨਾਮ, ਅੰਮ੍ਰਿਤ, ਸਤਿਗੁਰ ਨੇ ਬਖਸ਼ਣਾ ਹੈ–

"ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥" (ਪੰ. 340)

ਦੁੱਧ ਅੰਮ੍ਰਿਤ ਹੈ। ਇਹ ਅੰਮ੍ਰਿਤ ਨਾਮ, ਹਰ ਜੀਅ ਦੇ ਅੰਦਰ ਸਿਰਜਨਹਾਰ ਨੇ ਦੇ ਕੇ ਭੇਜਿਆ ਹੈ:

ਨਉ ਨਿਧਿ ਅਮ੍ਰਿਤੁ ਪ੍ਰਭ ਕਾ ਨਾਮੁ ॥

ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (ਸੁਖਮਨੀ)

ਨਾਮ, ਹਰੀ ਦਾ! ਉਸ ਦੀ ਧੁਨਿ, ਉਸਦਾ ਅਨਹਤ ਨਾਦ, ਸਦਾ ਗੂੰਜ ਰਿਹੈ। ਸਾਡੇ ਕੰਨ, ਉਸ ਰੱਬੀ ਧੁਨਿ ਨੂੰ ਸੁਣਨ ਲਈ ਸਮਰੱਥ ਨਹੀਂ ਹਨ। ਤਾਂ ਸਤਿਗੁਰੂ ਬਾਹਰੋਂ ਕੰਨ ਵਿਚ, ਉਹ ਨਾਮ ਦਿੰਦੇ ਹਨ। ਬਾਹਰੋਂ, ਸਤਿਗੁਰ ਤੋਂ ਪ੍ਰਾਪਤ ਨਾਮ ਦਾ ਸੂਤਰ ਫੜ ਕੇ, ਸ਼ਾਇਦ ਕਿਸੇ ਸੁਭਾਗੇ ਵੇਲੇ ਅੰਤਰ ਪ੍ਰਵੇਸ਼ ਕਰ ਜਾਈਐ। ਅੰਤਰ ਜੋਤਿ ਅਹਿਨਿਸ ਜਗ ਰਹੀ ਹੈ। ਪਰ ਸਾਨੂੰ ਨਹੀਂ ਦਿਸਦੀ। ਅੱਖਾਂ ਅਦਿੱਖ ਨੂੰ ਵੇਖਣ ਲਈ ਸਮਰੱਥ ਨਹੀਂ ਤਾਂ ਜੱਪ ਪ੍ਰਯੋਗ ਵੇਲੇ, ਬਾਹਰੋਂ ਜੋਤਿ ਬਾਲਣ ਦੀ ਰੀਤ ਹੈ। ਬਾਹਰਲੀ ਜੋਤਿ ਦੀ ਲੋਅ, ਕਿਸੇ ਪਲ ਅੰਦਰਲੀ ਜੋਤਿ ਦਾ ਝਲਕਾਰਾ ਦੇ ਦੇਵੇ। ਤਾਂ ਨਾਮ, ਅੰਮ੍ਰਿਤ ਹੈ। ਦੁੱਧ, ਭਾਂਡੇ ਵਿਚ ਸੰਭਾਲਣੈ। ਪਹਿਲਾ ਕਰਮ, ਭਾਂਡੇ ਦੀ ਸਵੱਛਤਾ।

"ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ" ॥

ਸਿਰਫ ਭਾਂਡਾ ਧੋਤਿਆਂ ਗੱਲ ਨਹੀਂ ਬਣਨੀ। ਅਗਲਾ ਪਾਇਦਾਨ..... ਅਗਲੀ ਪਉੜੀ, "ਬੈਸਿ ਧੂਪ ਦੇਵਹੁ"। ਇਹ ਚਿੱਤ ਦੀ ਸ਼ੁੱਧੀ ਹੈ....ਸੁਰਤਿ ਦੀ ਪਵਿੱਤਰਤਾ। ਜੇ ਮਨੁੱਖ ਦੀ ਸੋਚ... ਮਨੁੱਖ ਦਾ ਵੀਚਾਰ ਦੂਸ਼ਿਤ ਹੈ, ਤਾਂ ਦੇਹ ਦਾ ਇਸ਼ਨਾਨ, ਧਿਆਨ ਬੇਅਰਥ ਹੈ। ਪਾਤਸ਼ਾਹ ਨੇ, ਜਦੋਂ ਇਹ ਬਾਣੀ ਉਚਾਰਨ ਕੀਤੀ, ਉਦੋਂ ਹਿੰਦੂ ਧਰਮ ਦੇ ਤਥਾਕਥਿਤ ਆਗੂ ਜਮਾਤ, ਬ੍ਰਾਹਮਣਾਂ



Sri Satguru Jagjit Singh Ji eLibrary NamdhariElibrary@gmail.com

ਦਾ ਇਹੋ ਹਾਲ ਸੀ। ਮਨ ਵਿਚ ਮੁਗਲ ਸ਼ਾਸਕਾਂ ਤੋਂ ਕੁਝ ਫਾਇਦਾ ਚੁੱਕਣ ਦਾ ਲੋਭ ਸੀ। ਸੁਰਤਿ, ਅਸ਼ੁੱਧ ਸੀ। ਆਹਾਰ, ਵੀਚਾਰ, ਵਿਵਹਾਰ, ਸੰਸਕਾਰ ਸਾਰੇ ਦੂਸ਼ਿਤ ਹੋ ਗਏ ਸਨ ਤਾਂ ਦੇਹ ਦਾ ਧੋਣਾ ਬੇਅਰਥ ਹੋ ਗਿਆ। ਸੁਚਿਤਾ ਦਾ ਪਹਿਲਾ ਚਰਣ, ਸਰੀਰ ਦੀ ਸ਼ੁੱਧਤਾ ਹੋ ਗਈ। ਪਰ ਦੂਜਾ ਚਰਣ, ਵੀਚਾਰ ਦੂਸ਼ਿਤ ਹੋ ਗਏ.... ਭਾਂਡਾ ਮਲੀਨ ਹੋ ਗਿਆ। ਇਹ ਦੂਜੇ ਚਰਣ ਦੀ ਸੁਚਿਤਾ ਵੀ ਲਾਜ਼ਮੀ ਹੈ। ਸਚੁ ਮਾਰਗ ਦੇ ਪਾਂਧੀ, ਗੁਰੂ ਪਿਆਰੇ, ਭੁਲ ਭੁਲੇਖੇ ਵਿਚ ਇਸ ਮਲੀਨਤਾ ਨੂੰ ਨੇੜੇ ਨਹੀਂ ਆਉਣ ਦਿੰਦੇ। ਸੰਤ ਜਿਊਣ ਸਿੰਘ ਸਰਹਾਲੀ, ਕਿਤੇ ਪੈਲੀਆਂ ਦੇ ਕੰਢੇ ਕੰਢੇ, ਘੋੜੀ ਚੜ੍ਹ ਕੇ ਤੁਰੇ ਜਾਂਦੇ ਸਨ। ਨਾਲ ਸੇਵਕ ਸੰਤ ਮੰਗਲ ਸਿੰਘ ਵੀ ਤੁਰੇ ਜਾਂਦੇ ਸਨ। ਸੰਤਾਂ ਕਿਹਾ, "ਵੇਖੀਂ ਓਏ ਮੰਗਲਾ, ਕਿਤੇ ਮੇਰਾ ਨਿਯਮ ਨਾ ਤੋੜ ਦੇਈਂ"।

ਸੰਤ ਜੀ , "ਕਿਆ ਨਿਯਮ ਹੈ ?"

ਕਹਿੰਦੇ, ਮੈਂ ਸਤਿਗੁਰਾਂ ਕੋਲੋਂ ਜਿਦਣ ਦਾ ਭਜਨ ਪੁੱਛਿਆ ਹੈ, ਕਿਸੇ ਦੀ ਬੀਜੀ ਪੈਲੀ 'ਚ ਪੈਰ ਨਹੀਂ ਧਰਿਆ। ਮੇਰੀ ਘੋੜੀ ਨਾ ਪੈਲੀ ਦੇ ਵਿਚ ਦੀ ਲੰਘਾ ਦੇਈਂ, ਭਾਵੇਂ ਨਾ ਖਾਵੇ, ਇਸਨੂੰ ਬੇਗਾਨਾ ਹੱਕ ਸਮਝਿਆ।

ਮਨੁੱਖ ਦਾ ਪ੍ਰੀਵਾਰ ਬਹੁਤ ਵੱਡਾ ਹੈ। ਮਨ, ਬੁੱਧੀ, ਅੰਤਹਕਰਨ, ਦਸ ਇੰਦ੍ਰੀਆਂ। ਇਹਨਾਂ ਸਾਰਿਆਂ ਦੀਆਂ ਫ਼ੁਰਮਾਇਸ਼ਾਂ ਵੱਖ ਵੱਖ ਹਨ। ਕਬੀਰ ਜੀ ਕਹਿੰਦੇ ਹਨ, ਇਹ ਸਦਾ ਉਪਦ੍ਰਵ ਮਚਾਉਂਦੇ ਰਹਿੰਦੇ ਹਨ-

"ਕਹੈ ਕਬੀਰ ਸੋਈ ਜਨ ਮੇਰਾ, ਜੋ ਘਰਿ ਕੀ ਰਾਰਿ ਨਿਬੇਰੇ"॥

ਘਰ ਦੇ ਇਹਨਾਂ ਸ਼ਰਾਰਤੀ ਤੱਤਾਂ ਨੂੰ ਸਾਂਭ ਲਵੇ।

ਪੰਜ ਗਿਆਨ ਇੰਦ੍ਰੀਆਂ ਹਨ। ਅੱਖ, ਰਸਨਾ, ਨੱਕ, ਯੋਨ-ਇੰਦਰੀ ਅਤੇ ਕੰਨ। ਇਹਨਾਂ ਪੰਜਾਂ ਦੇ ਭਾਉਂਦੇ ਤੱਤ ਹਨ, ਰੂਪ, ਰਸ, ਗੰਧ, ਸਪੱਰਸ਼ ਅਤੇ ਸ਼ਬਦ! ਅੱਖਾਂ ਨੂੰ ਰੂਪ ਪਸੰਦ ਹੈ, ਰਸਨਾ ਰਸ ਚਾਹੁੰਦੀ ਹੈ। ਨੱਕ ਨੂੰ ਗੰਧ, ਯੋਨ ਇੰਦਰੀ ਨੂੰ ਸਪੱਰਸ਼ ਅਤੇ ਕੰਨ ਸ਼ਬਦ ਜਾਂ ਸੰਗੀਤ ਚਾਹੁੰਦੇ ਹਨ। ਇਹਨਾਂ ਸਾਰਿਆਂ ਨੂੰ "ਸਾਂਭ ਲਏ, ਉਹ ਸਾਧ ਭਏ"।

ਕਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਪੰਜ ਵੈਰੀਆਂ ਦੇ ਮੋਰਚੇ, ਮਨੁੱਖ ਦੇ ਖਿਲਾਫ ਲੱਗੇ ਹੋਏ ਹਨ। ਵਾਰੋ ਵਾਰੀ, ਪੰਜ ਤਰ੍ਹਾਂ ਦੇ ਮੰਤਰ



Sri Satguru Jagjit Singh Ji eLibrary NamdhariElibrary@gmail.com

ਸੰਧਾਨ ਕੀਤੇ ਹੋਏ ਤੀਰ ਚਲੌਂਦੇ ਰਹਿੰਦੇ ਹਨ। ਉਹਨਾਂ ਤੋਂ ਬਚਾਅ, ਸੁਰਤਿ ਦੀ ਸਮਝਦਾਰੀ, ਸਮਝੀ ਜਾਂਦੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ....ਇਕ ਗੁਰੂ ਪਿਆਰਾ ਸਿੱਖ, ਜਸਵੰਤ ਸਿੰਘ ਰੋਪੜ ਜਿਲ੍ਹੇ ਦਾ ਰਹਿਣ ਵਾਲਾ। ਉਸ ਤੋਂ ਕਿਸੇ ਵੇਲੇ ਇਕ ਕਤਲ ਹੋ ਗਿਆ। ਸਰਦਾ ਪੁਜਦਾ ਘਰ ਸੀ। ਮਰਣ ਵਾਲਾ ਸਾਧਾਰਨ ਘਰ ਦਾ। ਮੌਤ ਤੋਂ ਪਹਿਲਾਂ "ਜਸਵੰਤ ਸਿੰਘ ਮਾਰਿਐ" ਕਹਿ ਕੇ ਮਰ ਗਿਆ। ਜਸਵੰਤ ਸਿੰਘ ਨੇ ਚੰਗੇ ਪੈਸਿਆਂ ਦਾ ਲਾਲਚ ਦੇ ਕੇ, ਪਿੰਡ ਦੇ ਕਿਸੇ ਹੋਰ ਜਸਵੰਤ ਸਿੰਘ ਤੋਂ, ਜੁਰਮ ਕਬੂਲ ਕਰਵਾ ਦਿੱਤਾ। ਕੇਸ ਦਾ ਰੁੱਖ ਬਦਲ ਗਿਆ। ਸੈਸ਼ਨ ਕੋਰਟ ਵਿਚ ਮਿਰਤਕ ਦੇ ਪਿਤਾ ਦੇ ਬਿਆਨ ਹੋਏ। ਉਸ ਨੇ ਇਕੋ ਗੱਲ ਕੋਰਟ ਵਿਚ ਕਹੀ, "ਮੇਰੇ ਪੁੱਤਰ ਨੂੰ, ਉਸ (ਦੂਜੇ) ਜਸਵੰਤ ਸਿੰਘ ਨੇ ਮਾਰਿਆ ਹੈ। ਉਹ ਨਾਮਧਾਰੀ ਭੈਣੀ ਵਾਲਿਆਂ ਸਤਿਗੁਰੂ ਦੇ ਸਿੱਖ ਹਨ....ਉਸ ਜਸਵੰਤ ਸਿੰਘ ਦਾ ਪਿਤਾ, ਜੇ ਕਚਹਿਰੀ ਆ ਕੇ, ਆਪਣੇ ਸਤਿਗੁਰ ਦੀ ਜਾਮਨੀ ਦੇ ਕੇ ਕਹਿ ਦੇਵੇ, ਉਸਦੇ ਪੁੱਤਰ ਜਸਵੰਤ ਸਿੰਘ ਨੇ ਨਹੀਂ ਮਾਰਿਆ... ਤਾਂ ਮੈਂ ਮੰਨ ਜਾਵਾਂਗਾ। ਜੱਜ ਨੇ ਜਸਵੰਤ ਸਿੰਘ ਦੇ ਪਿਤਾ ਨੂੰ ਸੱਮਨ ਕੀਤਾ। ਪਿਤਾ ਨੇ ਜੱਜ ਦੇ ਸਾਮ੍ਹਣੇ ਬਿਆਨ ਦਿੱਤਾ, "ਮੈਂ ਗੁਰੂ ਰਾਮ ਸਿੰਘ ਦਾ ਸਿੱਖ ਹਾਂ। ਸਤਿਗੁਰੂ ਮੇਰੇ ਦਾ ਹੁਕਮ ਹੈ, ਝੂਠ ਨਹੀਂ ਬੋਲਣਾ। ਮੇਰਾ ਇਕੋ ਪੁੱਤਰ ਹੈ, ਜਸਵੰਤ ਸਿੰਘ। ਇਹਨੂੰ ਭਾਵੇਂ ਫਾਹੇ ਚੜ੍ਹਾ ਦਿਉ... ਮੈਂ ਝੂਠ ਨਹੀਂ ਬੋਲਣਾ। ਇਹ ਕਤਲ ਮੇਰੇ ਪੁੱਤਰ ਜਸਵੰਤ ਨੇ ਹੀ ਕੀਤਾ ਹੈ... ਇਹ ਜੋ ਫੜ ਰਖਿਆ ਹੈ, ਬੇਗੁਨਾਹ ਹੈ।

ਇਹ ਸੁਚਿਤਾ ਹੈ.... ਜਿਹੜੀ ਸੱਚ ਤਕ ਪੁੱਜਦੀ ਹੈ। "ਕਹੁ ਨਾਨਕ ਸਚੁ ਧਿਆਈਐ"—ਪਰਮੇਸ਼ਰ ਦੀ ਆਰਾਧਨਾ ਕਰਨ ਵਾਲਿਓ, ਅੰਦਰੋਂ ਬਾਹਰੋਂ ਤੁਹਾਡੀ ਸੁਚਿਤਾ....ਤੁਹਾਡੀ ਸੰਪੂਰਨ ਪਵਿੱਤਰਤਾ, ਇਸ ਮਾਰਗ ਦੀ, ਇਕੋ ਸ਼ਰਤ ਹੈ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-

"ਸੁਚਿ ਹੋਵੈ ਤਾ ਸਚੁ ਪਾਈਐ....।"



Sri Satguru Jagjit Singh Ji eLibrary NamdhariElibrary@gmail.com

# 4

# ਦੁਇ ਕਰ ਜੋੜਿ ਕਰਉ ਅਰਦਾਸਿ...

ਹੱਥ ਬਹੁਤ ਉਪਯੋਗੀ ਹਨ। ਦੋ ਹੱਥ ਕਰਮ ਦੇ ਵਸੀਲੇ ਹਨ, ਅਤੇ ਕਰਮ ਹੀ ਪਾਪ, ਪੁੰਨ ਅਤੇ ਭਾਵੀ ਜੀਵਨ ਦੀ ਭੂਮਿਕਾ ਬਣਾਉਂਦੇ ਹਨ। ਕਰਮਾਂ ਦੇ ਪ੍ਰਤੀਫਲ ਰੂਪ, ਹੱਥਾਂ ਤੇ ਲਕੀਰਾਂ ਬਣ ਉਕਰ ਆਉਂਦੀਆਂ ਹਨ। ਪ੍ਰਾਲਬਧ ਰੂਪ ਵਿਚ ਪ੍ਰਾਪਤ, ਦੁਖ-ਸੁਖ, ਹਾਨੀ-ਲਾਭ, ਇਹਨਾਂ ਲਕੀਰਾਂ 'ਚ ਪੜ੍ਹੇ ਜਾ ਸਕਦੇ ਹਨ।

ਧਰਮ ਸ਼ਾਸਤ੍ਰ ਕਹਿੰਦੇ ਹਨ, ਸਾਰੇ ਦੇਵੀ ਦੇਵਤੇ, ਮਨੁੱਖ ਦੇ ਹੱਥ ਤੇ ਬਿਰਾਜਦੇ ਹਨ-

"ਕਰਾਗ੍ਰੇ ਬਸਤਿ ਲੱਛਮੀ, ਕਰਿ ਮੱਧੇ ਸਰਸਵਤੀ।

ਕਰਿ ਮੂਲੇ ਨਾਰਾਇਣਹ.... ਨਿੱਤ ਕਰਿ ਦਰਸ਼ਨਮ॥ (ਹਿਤੋਪਦੇਸ਼)

ਹੱਥ ਦੇ ਅੱਗੇ ਧਨ ਦੇਵੀ, ਲੱਛਮੀ ਦਾ ਨਿਵਾਸ ਹੈ।

ਹਥ ਦੇ ਮੱਧ ਵਿਦਿਆ ਦੇਵੀ, ਸੁਰਸਤੀ ਅਤੇ ਹਥ ਦੇ ਮੂਲ ਵਿਚ ਆਪ ਨਾਰਾਇਣ ਵਾਸ ਕਰਦੇ ਹਨ। ਨਿੱਤ ਹੱਥ ਦੇ ਦਰਸ਼ਨ ਕਰੋ। ਪ੍ਰਭਾਤ ਵੇਲੇ, ਉਠ ਕੇ ਆਪਣੇ ਆਪਣੇ ਇਸ਼ਟ ਦਾ ਸਿਮਰਨ ਕਰਕੇ, ਹੱਥਾਂ ਦੇ ਦਰਸ਼ਨ ਕਰ ਕੇ ਮੂੰਹ ਤੇ ਲਾਈਐ ਤਾਂ ਮਾੜਿਆਂ ਕਰਮਾਂ ਤੋਂ ਬਚਣ ਦਾ ਸੰਕਲਪ ਮਿਲਦੈ। ਹਜ਼ਾਰਾਂ ਸਾਲਾਂ ਤੋਂ ਹਿੰਦੁਸਤਾਨ ਦੇ ਸੰਤਾਂ, ਗੁਰੂਆਂ ਨੇ ਸਤਿਸੰਗ ਵੇਲੇ, ਕੀਰਤਨ ਵੇਲੇ, ਹੱਥ ਦੀਆਂ ਤਾੜੀਆਂ ਵਜਾਉਣ ਦੀ ਉਪਯੋਗਿਤਾ ਦੱਸੀ। ਉਨ੍ਹਾਂ ਨੇ ਹੱਥ ਵਿਚ ਕੁਦਰਤ ਵਲੋਂ ਸਥਾਪਿਤ "ਸਵਿੱਚ ਬੋਰਡ" ਨੂੰ ਜਾਣ ਲਿਆ ਸੀ। ਇਹ ਸਵਿੱਚ, ਸਰੀਰ ਦੇ ਵੱਖ ਵੱਖ ਅੰਗਾਂ ਦੇ ਸਿਹਤਮੰਦ ਜਾਂ ਰੋਗੀ ਹੋਣ ਦੇ ਪ੍ਰਮਾਣ ਹੁੰਦੇ ਹਨ। ਐਮਸ (All India Institute of Medical Sciences) ਦੇ ਡਾਕਟਰ ਸੁਭਾਸ਼ ਸ਼ਲਿਯ ਨੇ ਲਿਖਿਐ—ਹੱਥਾਂ ਦੀ ਸੰਭਾਲ ਨਾਲ ਸਿਹਤਮੰਦ ਰਹਿਆ ਜਾ ਸਕਦੈ। ਹੱਥਾਂ ਦੀਆਂ ਉਂਗਲਾਂ ਹੇਠ, ਸਰੀਰ ਦੇ ਬਹੁਤ ਜ਼ਰੂਰੀ ਅੰਗਾਂ ਦੇ ਸਵਿੱਚ ਹਨ। ਇਹਨਾਂ ਨੂੰ ਨਿਯਮ ਅਨੁਸਾਰ ਦੱਬ ਕੇ ਨਿਰੋਗ ਰਹਿਆ



Sri Satguru Jagjit Singh Ji eLibrary NamdhariElibrary@gmail.com

ਜਾ ਸਕਦੈ। ਸੱਜੇ ਹੱਥ ਦੀ ਛੋਟੀ ਉਂਗਲ (Little Finger) ਹੇਠ, ਲੀਵਰ ਦਾ ਪਵਾਇੰਟ ਹੁੰਦੈ। ਉਸ ਤੋਂ ਅਗਲੀ ਉਂਗਲ Ring Finger ਹੇਠ ਪੈਨਕ੍ਰਿਆਸ ਦਾ ਬਟਨ ਹੁੰਦੈ। ਵੱਡੀ ਉਂਗਲ (Middle Finger) ਹੇਠ ਕਿਡਨੀ ਦਾ ਬਟਨ ਹੁੰਦੈ। ਅਗਲੀ Index Finger ਹੇਠਾਂ ਐਡੀਨਲ ਗਲੈਂਡਸ ਦਾ ਸਵਿੱਚ ਹੁੰਦੈ। ਖੱਬੇ ਹੱਥ ਦੀ ਛੋਟੀ ਉਂਗਲ ਹੇਠ, Heart ਹਿਰਦੈ ਦਾ ਸਵਿੱਚ ਹੁੰਦੈ। ਇਹਨਾਂ ਨੂੰ ਨਿੱਤ, ਨਿਯਮਿਤ ਰੂਪ ਨਾਲ ਨੱਪ ਕੇ...ਸਹਿੰਦੇ ਸਹਿੰਦੇ ਦੱਬ ਕੇ, ਰੋਗ-ਮੁਕਤ ਰਹਿਆ ਜਾ ਸਕਦੈ। ਤਾਂ ਪੰਜਵੇਂ ਪਾਤਸ਼ਾਹ, ਆਸਾ ਰਾਗ ਵਿਚ ਕਹਿੰਦੇ ਹਨ— ਦੋਵੇਂ ਹੱਥ ਬਹੁਤ ਕੀਮਤੀ ਹਨ। ਇਹ ਸਾਰੇ ਮਨੁੱਖੀ ਵਜੂਦ ਲਈ ਕੁਦਰਤ ਨੇ, ਊਰਜਾ ਸੰਗ੍ਰਹਿ ਅਤੇ ਉਤਸਰਜਨ ਦੇ ਐਂਟੀਨਾ ਵਾਂਗ ਬਣਾਏ ਹਨ। ਹੱਥਾਂ ਨੂੰ ਉਪਰ ਚੁੱਕ ਸਤਿਗੁਰ, ਪ੍ਰਮੇਸਰ ਅੱਗੇ ਝੋਲੀ ਬਣਾ ਕੇ ਅੱਡਦੇ ਹਾਂ, ਤਾਂ ਅਸਤਿਤੱਵ 'ਚੋਂ ਅਸੀਮ ਊਰਜਾ ਸ਼ਕਤੀ ਦਾ ਆਹਵਾਹਨ ਕਰਦੇ ਹਾਂ ਅਤੇ ਜਦੋਂ ਆਪਣੇ ਕਿਸੇ ਬੱਚੇ ਦੇ ਸਿਰ ਤੇ ਹੱਥ ਰਖਦੇ ਹਾਂ ਤਾਂ ਆਪਣੀ ਸਾਪੇਖਿਕ ਊਰਜਾ Positive engery ਦਾ ਪ੍ਰੋਜੇਕਸ਼ਨ ਉਸ ਵਿਚ ਕਰਦੇ ਹਾਂ। ਇਹ ਕੁਦਰਤ ਦੀ ਇਕ ਮੌਨ ਅਤੇ ਗੁਪਤ ਵਿਵਸਥਾ ਹੁੰਦੀ ਏ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ:

ਦੁਇ ਕਰ ਜੋੜਿ ਕਰਉ ਅਰਦਾਸਿ॥

ਤੁਧੁ ਭਾਵੈ ਤਾ ਆਣਹਿ ਰਾਸਿ॥ (ਪੰ. 65)

ਦੋਵੇਂ ਹੱਥ ਜੁੜ ਜਾਣ....ਬਿਜਲੀ ਦਾ ਪਲੱਗ ਅਤੇ ਸੋਕੇਟ.. ਜੁੜ ਜਾਣ। ਸਰੀਰ ਚੋਂ ਊਰਜਾ ਬਾਹਰ ਨਾ ਨਿਕਲ ਸਕੇ। ਸਾਰਾ ਸਰੀਰ, ਪੈਰਾਂ ਤੋਂ ਸਿਰ ਤਕ ਗੋਲ ਬੰਦ ਵ੍ਰਿਤ ਬਣ ਗਿਆ.... ਇਕ ਸਰਕਲ ਪੂਰਾ ਹੋ ਗਿਆ। ਹੱਥ ਜੁੜੇ ਹੋਏ....ਨੇਤਰ ਬੰਦ, ਕੰਨ ਸਾਵਧਾਨ...ਮੂੰਹ ਚ ਰਸਨਾ ਅਰਦਾਸ ਦੇ ਬੋਲ ਉਚਾਰਣ ਕਰ ਰਹੀ। ਸਰੀਰ ਆਪਣੀ ਸਮਗ੍ਰਤਾ ਵਿਚ...। ਆਪਣੀ ਸੰਪੂਰਨਤਾ ਨਾਲ, ਸਤਿਗੁਰ, ਪ੍ਰਮੇਸਰ ਅੱਗੇ ਨਤ-ਮਸਤਕ। ਪ੍ਰਾਰਥਨਾ ਲਈ.... ਅਰਦਾਸ ਲਈ-ਪੂਰਾ ਵਜੂਦ ਸਮਰਪਿਤ। ਅਰਦਾਸ ਆਰੰਭ ਹੋਈ। ਅਰਦਾਸ ਦਾ ਅਰਥ ਹੈ, ਅਰਧਿਯ-ਆਸ। ਅਰਧਿਯ ਦਾ ਅਰਥ ਹੈ ਭੇਟ ਕਰਨਾ। ਆਪਣੇ ਤੇ ਆਸ ਹੈ, ਆਪਣਿਆਂ ਤੇ ਆਸ ਹੈ। ਭਰੋਸਾ ਹੈ, ਕਿਸੇ ਅਉਖੀ ਘੜੀ, ਇਹ ਪਿੱਠ ਨਹੀਂ ਲੱਗਣ ਦੇਣਗੇ। ਜਦੋਂ ਸਾਰੀਆਂ ਆਸ਼ਾਵਾਂ ਦੇ ਭਰਮ ਟੁੱਟ ਜਾਣ... ਸਾਰੇ ਸਹਾਰੇ ਹੱਥੋਂ ਖਿਸਕ ਜਾਣ-



Sri Satguru Jagjit Singh Ji eLibrary NamdhariElibrary@gmail.com

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥(ਮਹਲਾ 5 ਪੰ.445)

ਕੋਈ ਸੰਗੀ ਸਾਥੀ ਨਹੀਂ, ਕੋਈ ਸਾਕ ਸੱਜਣ ਸਹਾਈ ਨਹੀਂ, ਦੂਰ ਦੂਰ ਤਕ ਕੋਈ ਆਸ ਨਾ ਰਹੀ। ਇਹੁ ਅਰਦਾਸ ਦਾ ਬਿੰਦੂ ਹੈ। ਪ੍ਰਾਰਥਨਾ ਦੀ ਥਾਂ...। ਹੰਕਾਰ ਹੀਣਤਾ ਦਾ ਸਿਖਰ।

ਭਗਤ ਸਧਨਾ ਜੀ ਅਰਦਾਸ ਦੇ ਭਾਵ ਵਿਚ ਕਹਿੰਦੇ ਹਨ:

"ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥...
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥ (ਪੰ.173)

ਮੈਂ ਨਹੀ... ਮੇਰਾ ਕੁਛ ਨਹੀਂ....ਹੰਕਾਰ ਸੁੰਨਯ ਅਰਦਾਸੀਆ !

ਦਸਮ ਪਾਤਸ਼ਾਹ, ਸੰਨ 1700 ਵਿਚ ਸੰਗਤ ਵਿਚ ਐਲਾਨ ਕੀਤਾ, "ਜੰਗ ਦੀ ਤਿਆਰੀ ਆਰੰਭ ਹੋ ਚੁੱਕੀ ਹੈ। ਜਿਹੜਾ ਸਿੱਖ, ਅਸਤ੍ਰ, ਸ਼ਸਤ੍ਰ ਜਾਂ ਵਧੀਆ ਘੋੜੇ, ਗੁਰੂ ਘਰ ਭੇਟ ਕਰੇਗਾ, ਉਸਨੂੰ ਗੁਰੂ ਦੀਆਂ ਖੁਸ਼ੀਆਂ। ਪੂਰਬ ਤੋਂ ਗੁਰੂ ਦਾ ਇਕ ਪਿਆਰਾ ਸਿੱਖ, ਲਾਲ ਸਿੰਘ ਬਹੁਤ ਵਧੀਆ ਢਾਲ ਲੈ ਕੇ, ਸ੍ਰੀ ਆਨੰਦਪੁਰ ਸਾਹਿਬ ਆਇਆ। ਚੰਗੀ ਤਰ੍ਹਾਂ ਤਪਾਏ ਹੋਏ, ਮਜ਼ਬੂਤ ਲੋਹੇ ਉਪਰ ਗੈਂਡੇ ਦੀ ਮੋਟੀ ਛਾਲ ਲਾ ਕੇ, ਬੜੀ ਰੀਝ ਨਾਲ ਢਾਲ ਬਣਾਈ ਸੀ। ਚੰਗੀ ਤਰ੍ਹਾਂ ਯਕੀਨ ਕਰ ਲਿਆ, ਇਸ ਢਾਲ ਨੂੰ ਕੋਈ ਤੀਰ, ਤਲਵਾਰ ਜਾਂ ਬੰਦੂਕ ਦੀ ਗੋਲੀ ਵਿੰਨ੍ਹ ਨਹੀਂ ਸਕਦੀ। ਟੁਰਦਾ ਹੋਇਆ, ਲੰਬਾ ਸਫਰ ਕਰਕੇ, ਹਰਖ ਭਰਿਆ ਸ੍ਰੀ ਆਨੰਦਪੁਰ ਸਾਹਿਬ ਪੁੱਜਾ। ਸ਼ਾਮ ਦੇ ਦੀਵਾਨ ਵਿਚ, ਜਾ ਸਤਿਗੁਰਾਂ ਦੇ ਸਾਮ੍ਹਣੇ ਢਾਲ ਭੇਟ ਕੀਤੀ। ਸਤਿਗੁਰ ਪਾਤਸ਼ਾਹ ਗਹਿਰੀ ਦਿਲਚਸਪੀ ਨਾਲ ਢਾਲ ਨੂੰ ਉਪਰ ਥੱਲੇ, ਹਰ ਪਾਸਿਉਂ ਵੇਖ ਨਿਹਾਰ ਰਹੇ ਸਨ। ਖੁਸ਼ ਹੋ ਰਹੇ ਸਨ। ਸਿੱਖ ਨੇ ਜ਼ੋਰ ਦੇ ਕੇ ਢਾਲ ਦੀ ਸਿਫ਼ਤ ਕੀਤੀ। ਬਹੁਤ ਮੇਹਨਤ ਤੇ ਗਹਿਰੀ ਤਕਨੀਕ ਨਾਲ ਢਾਲ ਬਣਾਈ ਹੈ। ਦੁਨੀਆਂ ਦੀ ਕੋਈ ਗੋਲੀ, ਤਲਵਾਰ ਇਸ ਚੋਂ ਲੰਘ ਨਹੀਂ ਸਕਦੀ। ਕਈ ਤਰ੍ਹਾਂ ਨਾਲ ਅੱਗ ਦੀ ਭੱਠੀ ਵਿਚ ਚੰਗੀ ਤਰ੍ਹਾਂ ਗਲਾ ਕੇ, ਲਾਲ ਹੋਏ ਸੁੱਧ ਲੋਹੇ ਉਪਰ ਬਹੁਤ ਤਕੜੇ ਗੈਂਡੇ ਦੀ ਖਾਲ ਨੂੰ ਸੋਧ ਕੇ ਇਹ ਤਿਆਰ ਕੀਤੀ ਹੈ। ਸਤਿਗੁਰ ਪਾਤਸ਼ਾਹ ਨੂੰ,



Sri Satguru Jagjit Singh Ji eLibrary NamdhariElibrary@gmail.com

ਸਿੱਖ ਦੀਆਂ ਗੱਲਾਂ ਚੋਂ ਹੰਕਾਰ ਰੁੜਦਾ ਦਿੱਸਿਆ। ਸਿੱਖ ਨੂੰ ਰੋਗ ਵਿਕਾਰ ਤੋਂ ਮੁਕਤ ਕਰਨਾ ਜ਼ਰੂਰੀ ਸਮਝਿਆ। ਹੁਕਮ ਕੀਤਾ, ਕਲ੍ਹ ਸਵੇਰੇ ਆਸਾ ਦੀ ਵਾਰ, ਭੋਗ ਉਪਰੰਤ ਇਸ ਚੋਂ ਗੋਲੀ ਲੰਘਾਵਾਂਗੇ। ਆਤਮ-ਸ਼ਲਾਘਾ ਦੇ ਪ੍ਰਵਾਹ ਵਿਚ ਵਗਦੇ ਸਿੱਖ ਨੂੰ, ਕਿਸੇ ਅਨਹੋਣੀ ਦਾ ਅਹਿਸਾਸ ਹੋ ਗਿਆ। ਅੰਦਰ ਤਕ ਕੰਬ ਗਿਆ। ਤੀਰ ਕਮਾਨ ਚੋਂ ਨਿਕਲ ਚੁਕਿਆ ਸੀ। ਨਿੰਮੋਝੂਨਾ ਜਿਹਾ ਡੇਰੇ ਨੂੰ ਮੁੜਿਆ। ਚਿੰਤਾ ਵਿਚ ਘਿਰਿਆ ਹੋਇਆ, ਮੇਰੇ ਕੋਲੋਂ ਭੁੱਲ ਹੋ ਗਈ.... ਢਾਲ ਦੀ ਸਿਫ਼ਤ ਕਰਦਿਆਂ ਮਨ ਦਾ ਹੰਕਾਰ ਸ਼ਾਮਿਲ ਹੋ ਗਿਆ। ਹੁਣ ਕੀ ਕਰਾਂ? ਪਾਤਸ਼ਾਹ ਮੇਰੀ ਭੁੱਲ ਬਖ਼ਸ਼! ਕੜਾਹ ਪ੍ਰਸਾਦਿ ਦੀ ਦੇਗ ਤਿਆਰ ਕਰਵਾਈ। ਪੰਜ ਸਿੱਖ ਸੱਦੇ। ਅਰਦਾਸ ਕੀਤੀ, ਸੱਚੇ ਪਾਤਸ਼ਾਹ ਭੁੱਲ ਹੋ ਗਈ। ਤੁਸੀਂ ਬਖ਼ਸ਼ਣਹਾਰ ਹੋ। ਇਸ ਵਾਰ ਬਖ਼ਸ਼ ਦਿਉ:

"ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡ ਸਭੁ ਤੇਰਾ॥
ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥

ਦੂਜੇ ਦਿਨ! ਆਸਾ ਦੀ ਵਾਰ ਦਾ ਭੋਗ ਪਿਆ। ਹੁਕਮ ਹੋਇਆ, ਕਲ ਜਿਹੜਾ ਸਿੱਖ ਆਇਆ ਸੀ, ਢਾਲ ਲੈ ਕੇ ਉਸਨੂੰ ਸੱਦੋ। ਬਾਹਰ ਸਤਿਲੁਜ ਪਾਸੇ ਖੁੱਲ੍ਹੇ ਥਾਂ ਤੇ, ਸਿੱਖ ਨੂੰ ਹੁਕਮ ਹੋਇਆ, ਢਾਲ ਆਪਣੇ ਸਾਮ੍ਹਣੇ ਲੈ ਕੇ ਖੜ ਜਾਉ। ਹੇ ਸਤਿਗੁਰ, ਹੁਣ ਕੀ ਭਾਣਾ ਵਰਤੇਗਾ? ਮਨ ਵਿਚ ਆਸ਼ੰਕਾਵਾਂ 'ਚ ਘਿਰਿਆ ਹੋਇਆ, ਸਿੱਖ ਹੱਥ ਦੀ ਢਾਲ ਅੱਗੇ ਕਰ ਖਲੋ ਗਿਆ। ਭਾਈ ਆਲਮ ਸਿੰਘ, ਮਸ਼ਹੂਰ ਨਿਸ਼ਾਨੇਬਾਜ਼ ਸੀ। ਇਸ ਯੋਧੇ ਦਾ ਨਿਸ਼ਾਨਾ ਅਚੂਕ ਸੀ। ਸਤਿਗੁਰਾਂ ਹੁਕਮ ਕੀਤਾ, "ਆਲਮ ਸਿੰਘ, ਗੋਲੀ ਇਸ ਢਾਲ 'ਚੋਂ ਲੰਘਾਉਣੀ ਹੈ। "ਸਤਿ ਬਚਨ" ਕਹਿ ਕੇ ਭਾਈ ਆਲਮ ਸਿੰਘ ਨੇ ਬੰਦੂਕ ਸਿੱਧੀ ਕੀਤੀ, ਮੋਢੇ ਅਤੇ ਹੱਥ ਤੇ ਟਿਕਾ ਕੇ ਨਿਸ਼ਾਨਾ ਲਿਆ..... ਗੋਲੀ ਮਾਰੀ। ਸਿੱਖ ਦੀਆਂ ਅੱਖਾਂ ਬੰਦ ਹੋ ਗਈਆਂ। ਹੁਣੇ ਢਾਲ ਨੂੰ ਵਿੰਨ੍ਹ ਕੇ, ਇਹ ਗੋਲੀ ਮੇਰੀ ਛਾਤੀ ਵਿਚ...। ਨਹੀਂ ਸਤਿਗੁਰ! ਬਖਸ਼ ਲਉ.....ਖਿਮਾ ਕਰ ਦਿਉ! ਸੰਗਤ ਵੱਡੀ ਗਿਣਤੀ ਵਿਚ ਨਾਲ ਆਈ ਸੀ। ਸਾਰੇ ਵੇਖ ਰਹੇ ਸਨ। ਇਹ ਕੀ? ਪਹਿਲੀ ਵਾਰ, ਭਾਈ ਆਲਮ ਸਿੰਘ ਦਾ ਨਿਸ਼ਾਨਾ ਖੁੰਜ ਗਿਆ। ਗੁਰੂ ਜੀ ਹੁਕਮ ਕੀਤਾ, ਫੇਰ ਇਕ ਵਾਰ ਨਿਸ਼ਾਨਾ ਲਾਉ। ਦੂਜੀ ਵਾਰ ਫੇਰ ਪੋਜੀਸ਼ਨ ਲਈ, ਨਿਸ਼ਾਨਾ ਸਾਧਿਆ, ਬੰਦੂਕ ਗਰਜੀ.... ਪਰ ਨਿਸ਼ਾਨਾ ਫਿਰ ਖੁੰਜ ਗਿਆ। ਸਤਿਗੁਰਾਂ ਤੀਜੀ ਵਾਰ ਫੇਰ ਹੁਕਮ ਕੀਤਾ, ਆਲਮ ਸਿੰਘ!

ਚੰਗੀ ਤਰ੍ਹਾਂ ਨਿਸ਼ਾਨਾ ਲਾਉ। ਇਹ ਕੀ ? ਸਾਰੀ ਸੰਗਤ ਵੇਖਿਆ, ਤੀਜੀ ਵੀਰ ਵੀ ਗੋਲੀ ਨੇ ਰਾਹ ਬਦਲ ਲਈ। ਹੁਣ ? ਸਤਿਗੁਰਾਂ ਆਪ ਬੰਦੂਕ ਹੱਥ ਵਿਚ ਲਈ... ਸਿੱਖ ਦੇ ਪ੍ਰਾਣ ਸੁੱਕ ਗਏ...।

ਰਾਖਹਿ ਗੁਰੂ ਜੋ ਕੋਪ ਵਿਧਾਤਾ॥

ਗੁਰੂ ਵਿਰੋਧ ਨਹੀਂ ਕੋਊ ਜਗ ਤ੍ਰਾਤਾ॥

ਸਾਖਿਆਤ ਵਿਧਾਤਾ ਵੀ ਵਿਰੋਧੀ ਹੋ ਜਾਏ.... ਗੁਰੂ ਵਾਲ ਨਹੀਂ ਵਿੰਗਾ ਹੋਣ ਦੇਂਦਾ। ਅੱਜ ਗੁਰੂ ਵਿਰੋਧੀ ਹੋ ਗਿਆ। ਹੁਣ ਤ੍ਰਿਲੋਕੀ ਵਿਚ ਕੋਈ ਰਖਿਆ ਨਹੀਂ ਕਰ ਸਕਦਾ। ਸਤਿਗੁਰਾਂ ਨਿਸ਼ਾਨਾ ਲਾਇਆ। ਸੰਗਤਾਂ ਵੀ ਕੰਬ ਗਈਆਂ। ਹੁਣ ਗੋਲੀ ਮੌਤ ਬਣ ਜਾਏਗੀ। ਢਾਲ ਨੂੰ ਪਾੜਦੀ, ਸਿੱਖ ਦਾ ਸੀਨਾ ਚੀਰ ਦੇਵੇਗੀ। ਗੋਲੀ ਨਹੀਂ ਚਲੀ। ਦੂਜੀ ਵੇਰ ਫੇਰ, ਨਿਸ਼ਾਨਾ ਲਿਆ... ਪਰ ਗੋਲੀ ਨਹੀਂ ਚਲੀ। ਤੀਜੀ ਵਾਰ ਵੀ ਇਹੋ ਨਜ਼ਾਰਾ। ਕੋਲੋਂ ਭਾਈ ਦਇਆ ਸਿੰਘ ਕਹਿੰਦੇ, "ਕੀ ਗੱਲ ਪਾਤਸ਼ਾਹ ਜੀ.... ਘੋੜਾ ਦਬੋ! ਵਾਹ! ਕਿੰਨਾ ਸੋਹਣਾ ਰਿਸ਼ਤਾ ਹੈ, ਗੁਰੂ ਔਰ ਸਿੱਖ ਦਾ।

"ਦੁਇ ਕਰ ਜੋੜਿ ਕਰਉ ਅਰਦਾਸਿ॥"

ਅਰਦਾਸ ਦੇ ਸੁੱਚੇ ਅੱਖਰਾਂ ਨੇ, ਸਿੱਖ ਨੂੰ ਗੁਰੂ ਨਾਲ ਜੋੜ ਲਿਆ ਸੀ।

"ਗੁਰੂ ਦਾ ਇਕ ਸਿੱਖ ਪਿਆਰਾ....ਰੀਝ ਨਾਲ ਬਣਾਈ ਇਕ ਢਾਲ ਸੀ।

ਚਲ ਕੇ ਆਇਆ ਪੂਰਬੋਂ, ਨਾਂ ਉਸ ਦਾ ਸਿੰਘ ਲਾਲ ਸੀ।

ਸਿਫਤ ਕੀਤੀ ਉਸ ਢਾਲ ਦੀ, ਇਹੋ ਬਣਿਆ ਉਸਦਾ ਕਾਲ ਸੀ।

ਤੁਪਕ ਫੜੀ ਦਸਮੇਸ਼ ਨੇ, ਉਹ ਸਰਬ ਕਲਾ ਸਮਰੱਥ ਸੀ।

ਨਿਸ਼ਾਨਾ ਲਾਉਂਦੇ ਸਿੱਖ ਤੇ... ਆ ਜਾਂਦੇ ਗੁਰੂਆਂ ਦੇ ਹੱਥ ਸੀ।"

ਦਸਮੇਸ਼ ਪਿਤਾ, ਭਾਈ ਦਇਆ ਸਿੰਘ ਨੂੰ ਕਹਿੰਦੇ—ਕੀ ਕਰਾਂ, ਦਇਆ ਸਿੰਘ! ਜਦੋਂ ਨਿਸ਼ਾਨਾ ਲੈਂਦਾ.... ਨਉ ਗੁਰੂਆਂ ਦੇ ਹੱਥ ਅੱਗੇ ਆ ਜਾਂਦੇ ਹਨ। ਹੁਕਮ ਕਰਦੇ ਹਨ, ਗੁਰੂ ਸਾਹਿਬਾਨ, ਨਾ ਬਈ ਨਾ.... ਸਿੱਖ ਨੇ ਅਰਦਾਸ ਕੀਤੀ ਹੈ.... ਭੁੱਲ ਦੀ ਖਿਮਾ ਮੰਗੀ ਹੈ.... ਆਪਣੇ ਗੁਰੂ ਦਾ ਆਸਰਾ ਲਿਆ ਹੈ।"

ਦੋਵੇਂ ਹੱਥ ਜੋੜ ਕੇ, ਆਪਣੀ ਸੰਪੂਰਨਤਾ ਨਾਲ ਕੀਤੀ ਹੋਈ ਅਰਦਾਸ ਪਾਤਸ਼ਾਹ ਕਹਿੰਦੇ, "ਤੁਧੁ ਭਾਵੈ ਤਾਂ ਆਣਹਿ ਰਾਸਿ॥"

ਸਾਰੇ ਕਾਰਜ ਰਾਸਿ......

# 5

# ਪਾਲਿ ਸਮੁਹਾ ਸਰਵਰੁ ਭਰਾ

ਪ੍ਰਾਣੀ ਪਿਆਸਾ ਹੈ। ਇਹ ਪਿਆਸ ਜਨਮਾਂ ਜਨਮਾਂ ਤੋਂ ਹੈ। ਨਦੀਆਂ, ਝੀਲ, ਤਾਲ, ਸਰੋਵਰ, ਭਰੇ ਹੋਏ ਹਨ। ਪਰ ਪਾਣੀ ਪੀਣ ਦਾ ਨਸੀਬ ਨਹੀਂ.... ਕਿਤਨਾ ਬਦਨਸੀਬ ਹੈ ਇਨਸਾਨ। ਇਹ ਪਿਆਸ ਰੂਹ ਦੀ ਹੈ। ਸੰਸਾਰਕ ਧਨ, ਸਮੱਗ੍ਰੀ ਬਹੁਤ ਕਮਾਈ, ਮਨ ਨੱਚਿਆ, ਬੁੱਧੀ ਨੇ ਅਹੰਕਾਰ ਕੀਤਾ, ਪਰ ਆਤਮਾ ਤ੍ਰਿਹਾਈ ਰਹੀ। ਮਨੁੱਖ, ਜਗ ਵਿਚ ਆਉਂਦਾ ਜਾਂਦਾ ਰਿਹਾ। ਜੀਵਾਤਮਾ, ਜਲ ਦੀ ਮੰਗ ਕਰਦੀ ਰਹੀ। ਦੁਨੀਆਂ ਦਾ ਬਹੁਤ ਵੱਡਾ ਵਪਾਰੀ, ਸਟੀਵ ਜਾੱਬਸ, ਐਪਲ ਕੰਪਨੀ ਦਾ ਸੰਸਥਾਪਕ। ਬਹੁਤ ਧਨ ਕਮਾਇਆ। ਐਪਲ ਦਾ ਕੋਈ ਨਵਾਂ ਪ੍ਰੋਡਕਟ ਬਾਜ਼ਾਰ ਵਿਚ ਆਉਂਦਾ ਤਾਂ ਕੁਝ ਮਿੰਟਾਂ ਵਿਚ ਪੰਜ ਹਜ਼ਾਰ, ਦਸ ਹਜ਼ਾਰ ਕਰੋੜ ਦੀ ਬੁਕਿੰਗ ਹੋ ਜਾਂਦੀ। ਕੈਂਸਰ ਹੋ ਗਿਆ, ਨਿਉਰੋਐਂਡੋਕ੍ਰਾਈਨ ਕੈਂਸਰ। ਕੈਲੀਫੋਰਨੀਆ ਦੇ ਹਾਸਪੀਟਲ ਵਿਚ ਅਕਤੂਬਰ 2011, ਮੌਤ ਤੋਂ ਪਹਿਲਾਂ, ਦੁਨੀਆਂ ਦੇ ਨਾਂ ਵਸੀਅਤ ਲਿਖੀ, ਇਹ ਬੇਸ਼ੁਮਾਰ ਦੌਲਤ, ਸ਼ੋਹਰਤ, ਹੁਣ ਮੇਰੇ ਕਿਸੇ ਕੰਮ ਨਹੀਂ। ਸਟੀਵ ਪਾਲ ਜਾੱਬਸ ਨੇ ਲਿਖਿਆ, ਦੁਨੀਆਂ ਦੇ ਲੋਕੋ, ਮੌਤ ਤੋਂ ਪਹਿਲਾਂ ਦਾ ਸਮਾਂ ਭਰਪੂਰ ਜੀ ਲਵੋ। ਈਰਖਾ, ਵੈਰ, ਲੋਭ ਸਭ ਛੱਡ ਕੇ ਜੀਉਣ ਦਾ ਆਨੰਦ ਲਉ। ਇਹ ਤੁਹਾਡਾ ਆਪਣਾ ਜੀਵਨ ਹੋਵੇਗਾ....ਆਪਣਾ ਆਨੰਦ ਹੋਵੇਗਾ। ਆਤਮਿਕ ਆਨੰਦ ਭਰਿਆ ਜੀਵਨ। ਤੁਹਾਡੀ ਸੇਹਤ, ਤੁਹਾਡੇ ਸਰੀਰ ਦੇ ਰੋਗ, ਨਿਰੋਗਤਾ, ਬਹੁਤ ਕੁਝ ਆਤਮਾ ਦੇ ਇਸੇ ਸ਼ਕਤੀ ਮੰਡਲ ਦੇ ਪਾਵਰ ਹਾਉਸ ਤੋਂ ਸੰਚਾਲਿਤ ਹੁੰਦੈ।

ਇਹੁ ਆਤਮਾ ਦਾ ਅਨੰਤ ਆਕਾਸ਼, ਹਰ ਜੀਅ ਵਿਚ ਮੌਜੂਦ ਹੁੰਦੈ–

"ਉਪਰਿ ਦਿਸਦਾ ਆਸਮਾਂ....ਕਹਿੰਦੇ ਇਹ ਰੱਬ ਦੀ ਥਾਂ।

ਸੂਰਜ, ਚੰਦ, ਤਾਰਿਆਂ ਤੋਂ ਵੀ ਉਪਰ, ਸੁੰਨ 'ਚੋਂ ਝਾਂਕਦਾ ਨੀਲਾਂਬਰ।



Sri Satguru Jagjit Singh Ji eLibrary NamdhariElibrary@gmail.com

ਉਥੇ ਜਨਮ ਨਹੀਂ, ਮੌਤ ਨਹੀਂ, ਹਰਖ ਨਹੀਂ, ਸੋਗ ਨਹੀਂ...।

ਅੰਨ ਨਹੀਂ, ਮੰਨ ਨਹੀਂ, ਬੁੱਧੀ ਦਾ ਗਿਆਨ ਨਹੀਂ।

ਚਲ ਉਡ ਚਲੀਏ....ਦੇਵ ਪੰਖੀ...ਬਣ.... ਜਿੱਥੇ ਹੋ ਰਿਹੈ

ਨਿਰੰਤਰ ਨਵ ਸਿਰਜਣ..ਆਨੰਦ..ਪਰਮ ਆਨੰਦ, ਸਤਿਚਿਤ ਆਨੰਦ॥"

ਪ੍ਰਮੇਸਰ ਨੇ ਬਹੁਤ ਕੁਝ ਰਚਿਐ...। ਸਮੁੰਦਰ ਮੰਥਨ ਵਿਚ ਤਾਂ ਅੰਮ੍ਰਿਤ ਵੀ ਨਿਕਲਿਆ ਤੇ ਬਿਖ ਵੀ। ਬਹੁਤਿਆਂ ਨੇ, ਚਾਹਤ ਦੀ ਪ੍ਰਾਥਮਿਕਤਾ ਅਨੁਸਾਰ ਬਿਖ ਨੂੰ ਚੁਣਿਆ.... ਸ਼ਰਾਬ ਨੂੰ, ਸ਼ਬਾਬ ਨੂੰ ਅਤੇ ਲੋੜੀਂਦੇ ਧਨ, ਅਸਬਾਬ ਨੂੰ। ਨੌਵੇਂ ਪਾਤਸ਼ਾਹ ਕਹਿੰਦੇ ਹਨ—ਕਰੋੜਾਂ ਵਿਚ ਸ਼ਾਇਦ ਕੋਈ

"ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥ (ਪੰ. 1427)

ਤਿੰਨ ਚੀਜ਼ਾਂ ਹਨ: ਬਾਹਰ ਦੇ ਦ੍ਰਿਸ਼ ਹਨ, ਵੇਖਣ ਵਾਲਾ ਦਰਸ਼ਕ ਹੈ- ਦੁਹਾਂ ਦੇ ਵਿਚਾਲੇ ਦ੍ਰਿਸ਼ਟੀ ਕੰਮ ਕਰ ਰਹੀ ਹੈ। ਇਹ ਦ੍ਰਿਸ਼ਟੀ ਅੱਖਾਂ 'ਚੋਂ, ਨੇਤਰ ਇੰਦ੍ਰੀਆਂ ਚੋਂ ਆ ਰਹੀ ਹੈ, ਤਾਂ ਸੰਸਾਰ ਦਿਖਦੈ। ਦ੍ਰਿਸ਼ਟੀ ਆਤਮਾ ਚੋਂ ਤਾਂ ਨਿਰੰਕਾਰ ਦਿਖਦੈ। ਇਹ ਰੂਹ ਦੀ ਤ੍ਰਿਪਤੀ ਹੈ।

ਭੌਤਕ ਦ੍ਰਿਸ਼ਟੀ ਅਤੇ ਆਤਮਿਕ ਦ੍ਰਿਸ਼ਟੀ, ਇਨ੍ਹਾਂ ਦੁਹਾਂ ਨੂੰ ਵਖਰਿਆਂ ਕਰਨ ਦੀ ਜ਼ਰੂਰਤ ਹੈ। ਭਾਈ ਨੰਦ ਲਾਲ ਜੀ ਨੇ, ਦਸਮ ਪਾਤਸ਼ਾਹ ਦੀ ਚਰਣਪ੍ਰੀਤ ਤੋਂ ਇਹ ਨੀਰ ਛੀਰ ਭੇਦ ਸ਼ਕਤੀ....ਦੁੱਧ ਚੋਂ ਪਾਣੀ ਨੂੰ ਵੱਖ ਕਰਨ ਦੀ ਸ਼ਕਤੀ ਪ੍ਰਾਪਤ ਕਰ ਲਈ.... ਤਾਂ ਲਿਖਦੇ ਹਨ-

"ਹਮਚੂ ਮੌਜ ਅਜ ਪੈਹਨਿ ਦਰਿਆ ਰੂ ਨਮੂਦ।

ਮੌਜ ਗਸ਼ਤ ਵਾ ਕਰਦ ਦਰਿਆ ਰਾ ਸਜੂਦ॥ (ਜ਼ਿੰਦਗੀਨਾਮਾ)

"ਮੈ, ਵਗਦੇ ਹੋਇ ਦਰਿਆ ਚੋਂ ਉਠੀ ਹੋਈ ਇਕ ਬੂੰਦ....

ਜ਼ਿੰਦਗੀ ਦੇ ਇਸ ਦਰਿਆ ਨੂੰ ਸਜਦਾ ਕਰਨ ਲਈ ਉਠਿਆ ਹਾਂ।"

ਹਰ ਮਨੁੱਖ ਅੰਦਰ, ਜੀਵਨ ਦਾ ਦਰਿਆ ਵੱਗ ਰਿਹੈ, ਆਪ ਨੂੰ ਦਰਿਆ ਸਮਝ ਕੇ, ਹੰਕਾਰ ਦੀ ਭੁੱਲ ਸਾਰੇ ਕਰਦੇ ਹਾਂ। ਇਸ ਤੋਂ ਉਪਰ, ਆਤਮਾ ਦੇ ਆਕਾਸ਼ ਤੋਂ, ਇਕ ਬ੍ਰਹਮ ਬਿੰਬ ਬਣ ਕੇ.... ਇਕ ਬੂੰਦ ਵਾਂਗ ਜੀਵਨ, ਦਰਿਆ ਨੂੰ ਵੇਖਣ ਦੀ ਦ੍ਰਿਸ਼ਟੀ... ਇਹ ਰੂਹਾਨੀ ਨਜ਼ਰੀਆ ਹੈ..... ਆਤਮ-ਤ੍ਰਿਪਤੀ ਦਾ ਥਲ।

ਪ੍ਰਮੇਸ਼ਰ ਨੇ, ਸਾਡੇ ਲਈ, ਬਹੁਤ ਕੁਝ ਰਚਿਐ। ਸੋਹਣੀ ਕਾਇਨਾਤ, ਪਹਾੜ, ਚਾਂਦੀ ਵਾਂਗ ਸ਼ੋਭਦੇ ਬਰਫ ਦੇ ਪਰਬਤ ਸ਼ਿਖਰ, ਕਲਕਲ ਵਗਦੀਆਂ ਨਦੀਆਂ, ਨੱਚਦੇ ਮੋਰ, ਗਾਉਂਦੀ ਕੋਇਲ, ਮੌਨ ਬ੍ਰਿਖ....ਬਹੁਤ ਕੁਝ ਸਾਡੇ ਲਈ। ਪਰ ਗਿੱਧ ਦ੍ਰਿਸ਼ਟੀ, ਇੱਲ ਦੀ ਨਜ਼ਰ.... ਮਰੀ ਹੋਈ ਕੋਈ ਲਾਸ਼ ਢੂੰਢਦੀ ਹੈ।

ਤਾਂ ਭਗਤ ਕਬੀਰ ਜੀ ਕਹਿੰਦੇ ਹਨ-

"ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ॥

ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥ (ਪੰ.1373)

ਅਭਾਗਾ ਮਨੁੱਖ! ਸਮਝਦਾ ਸੀ, ਧਨ ਨਾਲ ਪਿਆਸ ਬੁਝੇਗੀ, ਘਰ, ਪ੍ਰੀਵਾਰ, ਕਾਰੋਬਾਰ ਨਾਲ, ਇਹ ਪਿਆਸ ਬੁਝੇਗੀ। ਮਰਜ਼ ਵਧਦਾ ਗਿਆ... ਜਿਵੇਂ ਜਿਵੇਂ ਇਲਾਜ ਕਰਦਾ ਗਿਆ। ਇਹ ਦਰਦ, ਜਿਸਮ ਦਾ ਨਹੀਂ। ਇਹ ਰੋਗ ਤਾਂ ਰੂਹ ਦਾ ਹੈ। ਇਹ ਤ੍ਰੇਹ ਆਤਮਾ ਦੀ ਹੈ। ਪ੍ਰਮੇਸ਼ਰ ਦੇ ਪਿਆਰੇ, ਜਿਨ੍ਹਾਂ ਨੂੰ ਅੰਤਰ-ਦ੍ਰਿਸ਼ਟੀ ਨਸੀਬ ਹੋ ਗਈ।

"ਭਾਗ ਬਡੇ ਤੈ ਪਾਇਓ....ਤੂੰ ਭਰਿ ਭਰਿ ਪੀਉ ਕਬੀਰ"।

ਕੁਦਰਤ ਦੀ ਸਿਰਜੀ ਸ੍ਰਿਸ਼ਟੀ.... ਇਹ ਤਾਲ, ਨਦੀਆਂ, ਭਰੇ ਹੋਏ ਸਰੋਵਰ, ਤੇਰੇ ਲਈ ਬਣਾਏ.... ਆਨੰਦ ਦਾ ਉਛਲਦਾ ਸਮੁੰਦਰ.... ਤੇਰੇ ਲਈ....।



Sri Satguru Jagjit Singh Ji eLibrary NamdhariElibrary@gmail.com

## 6

# ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ...

ਅਤ੍ਰਿਪਤ ਆਤਮਾ! ਪਤਾ ਨਹੀਂ ਕਿਹੜੀ ਗਲਤੀ ਹੋ ਗਈ... ਪ੍ਰਭੂ ਲੋਕ ਤੋਂ, ਮ੍ਰਿਤ ਲੋਕ ਤੇ ਸੁੱਟ ਦਿੱਤੀ ਗਈ। ਜਨਮ ਅਤੇ ਮੌਤ ਦੀ ਲੰਬੀ ਕਹਾਣੀ....। ਜੀਵਨ ਬਦਲਦਾ ਰਿਹਾ, ਜੂਨ ਬਦਲਦੀ ਰਹੀ। ਬਹੁਤ ਜਨਮ ਬਿਛੁਰੇ ਥੇ ਮਾਧਉ....। ਹੁਣ ਤਾਂ ਪਰਦੇਸੀ ਬਣ, ਭਟਕਦਾ ਹੋਇਆ....."ਘਰ" ਦੀ ਸੁਰਤਿ ਵੀ ਨਾ ਰਹੀ। ਕਿਵੇਂ ਦਾ ਦਰ.... ਕਿਵੇਂ ਦਾ ਘਰ, ਜਿੱਥੇ ਬੈਠ, ਕਰਤਾ-ਪੁਰਖ, ਸ੍ਰਿਸ਼ਟੀ ਸੰਭਾਲ ਕਰਦਾ ਸੀ। ਧੁੰਧਲੀ ਜਿਹੀ ਯਾਦ, ਅਵਚੇਤਨ ਮਨ ਵਿੱਚ, ਜਿਵੇਂ ਕਿਸੇ ਸੁਖਾਂਤ ਸੁਪਨੇ ਦੀ ਝੀਨੀ ਝੀਨੀ ਸਿਮ੍ਰਿਤੀ।

ਕਦੇ ਕਦੇ ਭੁੱਲੀ ਬਿਸਰੀਆਂ ਯਾਦਾਂ, ਜਿਵੇਂ ਮਾਨਸ ਪੜਦੇ ਦੇ ਧੁੰਧਲੇ ਦਰਪਨ ਤੇ ਦਿੱਸ ਪੈਂਦੀਆਂ ਹਨ.....। ਪ੍ਰਭਾਤ ਦੇ ਬਾਲ ਸੂਰਜ ਦੀ ਲਾਲਿਮਾ ਜਿਹੀ....ਇਵੇਂ ਭਾਸਦੈ, ਹੁਣੇ ਹੁਣੇ ਪਹੁ ਫੁੱਟੀ ਹੋਵੇ....। ਅੱਲੜ੍ਹ ਸਵੇਰ ਦੇ ਖੁਲ੍ਹੇ ਵਿਹੜੇ, ਸਦੀਵੀ ਆਨੰਦ ਦੀਆਂ ਮਾਸੂਮ ਪਵਨ ਤਰੰਗਾਂ ਅਤੇ ਇਹਨਾਂ ਰੱਬੀ ਲਹਿਰਾਂ ਤੇ ਤਰਦੀਆਂ ਅਨੇਕਾਂ ਰੱਬੀ ਰੂਹਾਂ....। ਅੰਤਸਥਲ ਦੀ ਅਦਿੱਖ ਘਾਟੀ ਚੋਂ ਬ੍ਰਿਹੋਂ ਵਿਛੁੰਨੀ ਜੀਵਾਤਮਾ ਆਰਤ ਪੁਕਾਰ ਕਰ ਉਠਦੀ ਹੈ:

"ਆ ਚਲੀਏ ਕਿਸੇ ਸਾਗਰ ਕੰਢੇ, ਪੈਣ ਸਮੁੰਦਰੀ ਛੱਲਾਂ॥

ਅੰਦਰ ਇਕ ਵਾਰ ਝਾਤੀ ਪੈ ਜਾਏ.... ਹੋਣ ਰੂਹਾਂ ਦੀਆਂ ਗੱਲਾਂ॥"

ਅਰਧ ਸੁਪਨ ਦਾ ਪਲ! ਨਾ ਪੂਰੀ ਤਰ੍ਹਾਂ ਸੁਪਤਿ ਨਾ ਪੂਰੀ ਤਰ੍ਹਾਂ ਜਾਗ੍ਰਿਤ! ਕਿਸੇ ਗ਼ੈਬੀ ਪਿਰਮ ਪਿਆਲੇ ਦੀ ਖ਼ੁਮਾਰੀ ਵਿਚ, ਖਸਮ ਦੇ ਨੇੜੇ ਨੇੜੇ ਹੋਣ ਦਾ ਅਹਿਸਾਸ।

ਹੇ ਰੱਬਾ! ਉਹ ਸੰਦਲੀ ਯਾਦ, ਭੁੱਲਦੀ ਵੀ ਨਹੀਂ.... ਉਥੇ ਪਹੁੰਚ ਵੀ ਨਹੀਂ ਸਕਦਾ...।



Sri Satguru Jagjit Singh Ji eLibrary NamdhariElibrary@gmail.com

ਮਨੁੱਖ ਦੀ ਦਰਦ ਭਰੀ ਮਨੋਦਸ਼ਾ ਨੂੰ, ਚੌਥੇ ਪਾਤਸ਼ਾਹ, ਦੇਵ ਗੰਧਾਰੀ ਰਾਗ ਵਿਚ ਪ੍ਰਗਟ ਕਰਦੇ ਹਨ:

"ਮੇਰੋ ਸੁੰਦਰ, ਕਹਹੁ ਮਿਲੈ ਕਿਤੁ ਗਲੀ॥

ਹਰਿ ਕੇ ਸੰਤ ਬਤਾਵਹੁ ਮਾਰਗ ਹਮ ਪੀਛੈ ਲਾਗਿ ਚਲੀ॥" (ਪੰ. 527)

ਸਥੂਲ ਦੇਹ ਨਾਲ ਸੂਖਮ ਦੀ ਭਾਲ ਸੰਭਵ ਨਹੀਂ। ਨੇਤਰ, ਅਦਿੱਖ ਨੂੰ ਵੇਖਣ ਯੋਗ ਨਹੀਂ...ਪੈਰ, ਅਗਮ ਤਕ ਪੁੱਜਣ ਲਈ ਸਮਰੱਥ ਨਹੀਂ। ਓ ਮੇਰੇ ਯਾਰਾ! ਤੇਰੇ ਸੰਗ ਦਾ ਸੁੱਖ ਮਾਣਦਾ ਸੀ... ਆਪਣੇ ਤੋਂ ਵੱਖ ਕਰ ਦਿੱਤਾ....ਬਿਗਾਨੇ ਲੋਕ ਤੇ ਸੁੱਟ ਦਿੱਤਾ। ਬਸ, ਜਦੋਂ ਵੀ ਤੇਰੀ ਯਾਦ ਆਈ.... ਦੀਦਾਰ ਲੋਚਦੀ, ਅੱਖ ਭਰ ਆਈ।

"ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ....॥"

ਸੱਜਣਾ! ਮੈਂ ਕਿਵੇਂ ਦੁਖੜਾ ਸੁਣਾਵਾਂ....

"ਇਕ ਵਾਰ ਜੋ ਤੈਥੋਂ ਦੂਰ ਹੋਈ, ਫੇਰ ਆਣ ਬਲਾਵਾਂ ਗਲ ਪਈਆਂ।

ਕੀ ਦੱਸਾਂ ਹਾਲ ਅਭਾਗਣ ਦਾ, ਕਿਵੇਂ ਕੱਖਾਂ ਦੇ ਵਿਚ ਰੁਲ ਗਈਆਂ॥"

ਰੂਹ ਦੇ ਸੁਪਨਿਆਂ ਵਿਚ ਅਜੇ ਵੀ ਉਡਾਰੀ ਦੀ ਤਾਂਘ ਹੈ.... ਤੇਰੇ ਗੱਲ ਲੱਗਣ ਦੀ ਤਮੰਨਾ ਹੈ।

"ਉਪਰ ਦਿਸਦਾ ਆਸਮਾਂ....ਕਹਿੰਦੇ ਇਹ ਰੱਬ ਦਾ ਥਾਂ।

ਸੂਰਜ, ਚੰਦ, ਤਾਰਿਆਂ ਤੋਂ ਉਪਰ... ਸੁੰਨ ਚੋਂ ਝਾਂਕਦਾ ਨੀਲਾਂਬਰ।

ਨਿਰੋਲ ਰੂਹਾਂ ਨੇ ਤਰਦੀਆਂ। ਰੱਬੀ ਲਹਿਰਾਂ ਹਨ ਵਗਦੀਆਂ।

ਚਲ ਉਡ ਚਲੀਏ, ਦੇਵ ਪੰਖੀ ਬਣ। ਉਥੇ ਨਿਰੰਤਰ ਹੋ ਰਿਹੈ, ਨਵ ਸ੍ਰਿਜਣ।

ਲੋਭ ਮੋਹ ਭੰਗ.... ਰੂਹਾਂ ਦੇ ਰੰਗ..... ਪਾਰਬ੍ਰਹਮ ਦੇ ਸੰਗਿ॥"

ਭੁੱਖ ਅਤੇ ਭੋਜਨ ਦਾ ਰਿਸ਼ਤਾ ਹੈ। ਭੁੱਖ ਹੋਵੇ ਤਾਂ ਦਾਲ, ਪ੍ਰਸ਼ਾਦਾ ਅੰਮ੍ਰਿਤ ਵਾਂਗ ਸੁਆਦਲਾ.... ਭੁੱਖ ਨਹੀਂ ਤਾਂ ਛੱਤੀ ਵਿਅੰਜਨ ਵੀ ਬੇਅਰਥ। ਮਿਲਣ ਦੀ ਭੁੱਖ ਅਗਨੀ ਭਾਂਬੜ ਬਣੀ ਤਾਂ ਪ੍ਰਮੇਸ਼ਰ ਤੁੱਠਾ... ਸਤਿਗੁਰੂ ਮਿਲਾਇਆ। ਮਿਲਨ ਦਾ ਮਾਰਗ ਪ੍ਰਗਟ ਹੋਇਆ। ਭਟਕਨ ਛੁਟੀ। ਜੰਗਲਾਂ, ਪਹਾੜਾਂ ਦੀ

ਤਲਾਸ਼, ਉਦਾਸੀ ਸਾਧੂਆਂ ਦੇ ਆਸ਼ਰਮ, ਬ੍ਰਹਮਚਾਰੀ ਜੋਗੀਆਂ ਦੇ ਮੱਠ, ਵਰਤ, ਨੇਮ, ਤੀਰਥ ਸਾਰੇ ਮੁੱਕ ਗਏ। ਗੁਰੂ ਮਿਲਿਆ:

ਪੂਰੇ ਗੁਰ ਕਾ ਸੁਨਿ ਉਪਦੇਸੁ॥

ਪਾਰਬ੍ਰਹਮ ਨਿਕਟਿ ਕਰਿ ਪੇਖੁ॥

ਗੁਰੂ ਸੰਤ ਮਿਲਿਆ.... ਸਤਿਗੁਰ ਦੇ ਸੰਗਿ,

"ਸੰਤ ਸੰਗਿ ਪੇਖਿਓ ਮਨ ਮਾਏਂ॥"

ਸਾਰਾ ਸੰਸਾਰ ਭਾਲ ਵਿਚ ਹੈ। ਪੰਜਵੇਂ ਪਾਤਸ਼ਾਹ, ਸ੍ਰੀ ਸੁਖਮਨੀ ਸਾਹਿਬ ਵਿਚ, ਇਹਨਾਂ ਦਰਸ਼ਨਾਰਥੀਆਂ ਦੀ ਦੱਸ ਪਾਉਂਦੇ ਹਨ- ਕਈ ਕੋਟਿ ਭਏ ਤੀਰਥ ਵਾਸੀ॥ ਕਈ ਕੋਟਿ ਬਨ ਭ੍ਰਮਹਿ ਉਦਾਸੀ॥ ਕਰੋੜਾਂ ਹਨ, ਜਿਹੜੇ ਮੰਦਰਾਂ, ਮਸੀਤਾਂ ਵਿਚ ਪੁਜਾਰੀ, ਮੌਲਵੀ ਬਣ ਰਾਹ ਤਲਾਸ਼ ਰਹੇ ਹਨ। ਕਰੋੜਾਂ ਆਚਾਰ ਵਿਹਾਰ ਦੀ ਸ਼ੁੱਧੀ ਵਿਚ ਦੀਦਾਰ ਦੀ ਕਲਪਨਾ ਕਰ ਰਹੇ ਹਨ। ਕਰੋੜਾਂ ਤੀਰਥਾਂ ਵਿਚ ਤੇ ਕਰੋੜਾਂ ਜੰਗਲਾਂ ਦੇ ਵੀਰਾਨੇ ਵਿਚ ਤਲਾਸ਼ ਕਰ ਰਹੇ ਹਨ। ਪਾਤਸ਼ਾਹ ਅੰਤ ਕਹਿੰਦੇ ਹਨ:

"ਕੋਈ ਕੋਟਿ ਨਵਤਨ ਨਾਮ ਧਿਆਵਹਿ॥

ਨਾਨਕ ਕਰਤੇ ਕਾ ਅੰਤ ਨਾ ਪਾਵਹਿ॥"

ਕਹਿੰਦੇ ਹਨ ਸ਼ੇਸ਼ਨਾਗ, ਜਦੋਂ ਦੀ ਸ੍ਰਿਸ਼ਟੀ ਬਣੀ, ਧਰਤੀ ਆਪਣੇ ਫਨ ਤੇ ਚੁੱਕੀ ਹੈ। ਇਕੋ ਸ਼ਰਤ ਉਸਦੇ ਸਾਮ੍ਹਣੇ ਰੱਖੀ, ਜਦੋਂ ਤਕ ਪ੍ਰਮੇਸ਼ਰ ਦੇ ਹਰ ਪਲ, ਨਵੇਂ ਨਾਮ ਦਾ ਉਚਾਰਣ ਕਰਦਾ ਰਹੇਂਗਾ, ਧਰਤੀ ਦਾ ਭਾਰ ਚੁੱਕਣ ਯੋਗ ਸਮਰੱਥਾ ਰਹੇਗੀ। ਜਦੋਂ ਰੁੱਕ ਗਿਆ, ਧਰਤੀ ਡਿੱਗ ਪਵੇਗੀ। ਕਹਿੰਦੇ ਹਨ ਕਿ ਉਦੋਂ ਦਾ ਸ਼ੇਸ਼ਨਾਗ, ਹਰ ਪਲ, ਨਿਰੰਕਾਰ ਦੇ ਨਵੇਂ ਨਾਂਅ ਲੈ ਰਿਹਾ ਹੈ। ਤਾਂ ਪਾਤਸ਼ਾਹ ਕਹਿੰਦੇ ਹਨ:

"ਨਾਨਕ ਕਰਤੇ ਕਾ ਅੰਤੁ ਨਾ ਪਾਵਹਿ॥"

ਵੱਡੇ ਵੱਡੇ ਜੋਗੀ, ਜਤੀ, ਤਪੀ ਹਾਰ ਗਏ....।

"ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ....? ਇਕ ਪਿਆਸ, ਜੋ ਅੱਜ ਵੀ ਅਤ੍ਰਿਪਤ ਹੈ... ਆਦਿ ਕਾਲ ਤੋਂ ਚੱਲ ਰਹੀ "ਭਾਲ" ਜੋ ਅੱਜ ਵੀ ਮੁਕੰਮਲ ਨਹੀਂ।



Sri Satguru Jagjit Singh Ji eLibrary NamdhariElibrary@gmail.com

ਦਸਮ ਪਾਤਸ਼ਾਹ, ਆਦਿ ਅਨਾਦਿ ਸ਼ਕਤੀ ਰੂਪ ਸਿਰਜਨਹਾਰ ਨੂੰ ਪ੍ਰਣਵ ਕਹਿੰਦੇ ਹਨ।

"ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥"

(ਅਕਾਲ ਉਸਤਤਿ)

ਪ੍ਰਾਣ ਦਾਤਾ.... ਸ੍ਰਿਸ਼ਟੀ ਉਦਗਮ ਵਿਸਰਜਨ ਦਾ ਬਿੰਦੂ!

ਵੇਦਾਂਤ ਕਹਿੰਦੇ: ਓਮ ਪ੍ਰਾਣਾਇ ਨਮਹ। ਯਸਯ ਸਰਵਮਇਦਮ ਵਸੇ।

ਯੋ ਭੂਤ: ਸਰਵਸਯ ਇਸ਼ਵਰੋ, ਯਸਮਿਨ ਸਰਵ ਪ੍ਰਤਿਸਠਿਤਮ॥

ਸਾਰੀ ਸ੍ਰਿਸ਼ਟੀ ਜਿਸ ਵਿਚੋਂ ਉਤਪੰਨ ਹੋ ਰਹੀ ਅਤੇ ਅੰਤ, ਜਿਸ ਵਿਚ ਸਾਰੇ ਸਮਾਹਿਤ ਹੋ ਰਹੇ....ਉਸ "ਪ੍ਰਣਯ" ਨੂੰ ਪ੍ਰਣਾਮ।

ਇਹ ਖੋਜ ਬਹੁਤ ਮੁਸ਼ਕਿਲ ਹੋ ਗਈ। ਮੰਦਰ ਦੀ ਕਿਸੇ ਮੂਰਤ ਵਿਚ ਠਾਕੁਰ ਵਿਚ.... ਕਿਸੇ ਰੂਪ ਵਿਚ ਉਸਨੂੰ ਮੰਨ ਲੈਣਾ ਸੌਖਾ ਸੀ। ਅਰੂਪ ਨੂੰ ਵੇਖਣਾ ਸੰਭਵ ਨਹੀਂ। ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਨਿਰੰਕਾਰ ਦਾ ਨਾਂ ਰਖਿਆ, ਸੁੰਨ! ਸਰਵ ਵਿਆਪੀ ਦਾ, ਇਸ ਤੋਂ ਵਧੀਆ ਪ੍ਰਤੀਕ ਸ਼ਬਦ ਸ਼ਾਇਦ ਹੋ ਨਹੀਂ ਸਕਦਾ ਸੀ। ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ ਗਾਉਂਦੇ ਹਨ:

ਅੰਤਰਿ ਸੁੰਨੰ ਬਾਹਰ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥ (ਪੰ. 943)

ਪ੍ਰਾਣੀ ਦੇ ਅੰਦਰ ਬਾਹਰ, ਸਾਰੇ ਬ੍ਰਹਿਮੰਡ ਵਿਚ, ਜੋ ਸੁੰਨ ਰੂਪ ਵਿਆਪਤ ਹੈ.... ਉਹ ਸੁੰਨ ਦਾ ਸਿਰਜਣਹਾਰ, ਚਉਥੇ ਸੁੰਨ ਦੀ ਸ਼ਿਨਾਖ਼ਤ, ਮਨੁੱਖ ਦੇ "ਨਿਹਕਰਮ" ਅਵਸਥਾ ਦਾ ਪ੍ਰਤੀਕ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਪ੍ਰਮੇਸ਼ਰ ਦੇ ਸੁੰਨ ਰੂਪ ਸਰਵ ਵਿਆਪੀ-ਸਰੂਪ ਦੇ ਉਪਾਸਕ ਹਨ। ਸੰਸਾਰ, ਸੰਪਰਦਾਵਾਂ ਵਿਚ ਵੰਡਿਆ ਹੋਇਆ, ਨਿੱਜ ਮੱਤ ਅਨੁਸਾਰ, ਆਪਣੇ ਆਪਣੇ ਰੱਬ ਸਥਾਪਤ ਕਰ ਲਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਨੂੰ ਇਕ ਨਾਲ, ਓਂਕਾਰ ਨਾਲ ਜੋੜਨ ਦਾ ਅਥਕ ਉਪਰਾਲਾ ਕੀਤਾ ਹੈ।

ਤੀਸਰੀ ਉਦਾਸੀ ਦਾ ਸਮਾਂ! ਸ੍ਰੀ ਗੁਰੂ ਨਾਨਕ ਪਾਤਸ਼ਾਹ, ਮੱਕੇ ਪੁੱਜੇ। ਹਾਜੀ ਭੇਖ, ਮਰਦਾਨੇ ਸੰਗ, ਦੇਖਦੇ ਰਹੇ। ਰਾਤ ਹੋਈ.... ਭਾਈ ਗੁਰਦਾਸ ਜੀ ਕਹਿੰਦੇ ਹਨ:



Sri Satguru Jagjit Singh Ji eLibrary NamdhariElibrary@gmail.com

ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਇ ਪਸਾਰੀ।

ਜੀਵਣ ਮਾਰੀ ਲੱਤ ਦੀ ਕੇਹੜਾ ਸੁੱਤਾ ਕੁਫਰ ਕੁਫਾਰੀ॥

ਜਿਸ ਪਾਸੇ ਉਹ ਸ਼ਿਲਾ (ਕਾਬਾ) ਸੀ, ਉਹ ਮਹਿਰਾਬ ਪਾਸੇ ਪੈਰ ਕਰ ਸੌਂ ਗਏ। ਮੁੱਲਾ, ਜੀਵਨ, ਇਕ ਪਹਿਰ ਰਾਤ ਰਹਿੰਦਿਆਂ ਆਇਆ। ਕਾਅਬਾ ਪਾਸੇ ਪੈਰ ਦੇਖ ਗੁੱਸੇ ਵਿਚ ਆ ਗਿਆ। ਲੱਤ ਦੇ ਨਾਲ ਜਗਾ ਕੇ ਕਿਹਾ.... ਅੱਲਾ, ਰਸੂਲ ਪਾਸੇ ਪੈਰ ਕਰ ਕੇ ਸੁੱਤਾ ਏਂ.... ਕਿਹੜਾ ਕਾਫਰ ਹੈ ? ਪਾਤਸ਼ਾਹ ਨਿਮਰਤਾ ਨਾਲ ਕਿਹਾ, "ਚਲਤਿ ਚਲਤਿ ਮਗ, ਪਗ ਹਮ ਹਾਰੇ ਹੈ। ਸਾਰਾ ਦਿਨ ਤੁਰ ਕੇ ਇਸ ਥਾਂ ਪੁੱਜੇ ਹਾਂ....ਥੱਕ ਗਿਆ ਹਾਂ। ਧਿਆਨ ਨਹੀਂ ਰਿਹਾ, ਪੈਰ ਕਿੱਧਰ ਹੋ ਗਏ। ਪਰਦੇਸੀ ਹਾਂ.... ਇਥੋਂ ਦੀਆਂ ਰਹੁ ਰੀਤਾਂ ਦਾ ਬਹੁਤਾ ਪਤਾ ਨਹੀਂ। ਗੁੱਸਾ ਨਾ ਕਰੋ.... ਕਿਰਪਾ ਕਰਕੇ, ਦੂਜੇ ਪਾਸੇ ਜਿੱਧਰ ਠੀਕ ਸਮਝੋ, ਪੈਰ ਕਰ ਦਿਉ।

"ਜਿਤ ਦਿਸ਼ਾ ਨਹੀਂ ਖੁਦਾਇ ਘਰ, ਹੈ ਜਾਨਯੋ ਮਨ ਮਾਹਿ।

ਕਰਹੁ ਮੁਲਾਨੇ ਤਿਤ ਦਿਸ਼ਾ, ਬਰਜਤਿ ਤੁਝ ਕੋ ਨਾਂਹਿ॥ (ਸ੍ਰੀ ਗੁਰਪ੍ਰਤਾਪ ਸੂਰਜ) (ਪੰਨਾ 627)

ਇਤਿਹਾਸਕਾਰ ਕਹਿੰਦੇ ਹਨ, ਪੈਰੋਂ ਫੜਿ, ਮੁੱਲੇ ਨੇ ਜਦੋਂ ਭਵਾਯਾ-

"ਕਾਬਾ ਸੰਗ ਚਲਯੋ, ਨੀਰ ਨੌਕਾ ਜਿਮ ਹਲਯੋ

ਤਬ ਭਯੋ ਥਿਰ ਜਾਇ ਜਿਤ ਚਰਨ ਸੁਹਾਏ ਹੈਂ।"

ਸ੍ਰੀ ਗੁਰੂ ਨਾਨਕ ਪਾਤਸ਼ਾਹ ਹਰ ਮਜ਼ਹਬ, ਫ਼ਿਰਕੇ ਪ੍ਰਤੀ ਸਦਭਾਵਨਾ ਰਖਦੇ ਸੀ। ਇਹ ਪ੍ਰਸੰਗ (ਕੌਤਕ) ਰੱਬ ਦੀ ਹਰ ਦਿਸ਼ਾ, ਹਰਿ ਥਾਂ, ਮੌਜੂਦਗੀ ਦਾ ਪ੍ਰਮਾਣ ਸੀ।

ਇਹ ਅੰਤਰ ਦ੍ਰਿਸ਼ਟੀ, ਕਿਸੇ ਫ਼ਿਰਕੇ ਜਾਂ ਸੰਪਰਦਾ ਦੀ ਰਾਖਵੀਂ ਨਹੀਂ। ਜਿਸ ਤੇ ਗੁਰੂ ਪ੍ਰਮੇਸ਼ਰ ਦੀ ਕਿਰਪਾ ਹੋ ਜਾਏ। "ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ॥"

ਰਾਬੀਆ, ਮੁਸਲਮਾਨ, ਸੂਫ਼ੀ ਫਕੀਰ! ਪੂਰਾ ਨਾਂ ਰਾਬੀਆ ਅਲ ਅਦਾਵਿਆਹ! ਬਸਰਾ (ਬਗ਼ਦਾਦ) ਦੀ ਰਹਿਣ ਵਾਲੀ। ਗੁਰੂ ਹਸਨ ਅਲ ਬਸਰੀ ਦੀ ਕ੍ਰਿਪਾ ਹੋ ਗਈ, ਅੰਤਰ-ਜੋਤਿ-ਜਗਾ ਦਿਤੀ। ਜਦੋਂ ਇਬਾਦਤ ਤੇ



Sri Satguru Jagjit Singh Ji eLibrary NamdhariElibrary@gmail.com

ਬੈਠਦੀ, ਹੱਥ ਉਪਰ ਚੁੱਕਦੀ, ਕਹਿੰਦੀ ਯਾ ਅੱਲਾਹ! ਜੇ ਮੈਂ ਦੋਜ਼ਖ (ਨਰਕ) ਤੋਂ ਡਰ ਕੇ ਤੇਰੀ ਇਬਾਦਤ ਕਰਾਂ, ਤਾਂ ਮੈਨੂੰ ਦੋਜ਼ਖ ਦੀ ਅੱਗ ਵਿਚ ਸਾੜੀਂ। ਮੇਰੇ ਖੁਦਾ, ਜੇ ਮੈਂ ਤੈਥੋਂ ਜੰਨਤ ਮੰਗਾਂ, ਤਾਂ ਯਾ ਰੱਬ ਮੈਨੂੰ ਕਦੀ ਜੰਨਤ ਨਾ ਨਸੀਬ ਕਰੀਂ। ਪਰ ਮੇਰੇ ਯਾਰ....ਮੈਂ ਆਪਣਾ ਵਜੂਦ, ਤੇਰੇ ਵਿਚ ਫ਼ਨਾਂ ਕਰਨਾ ਚਾਹਾਂ ਤਾਂ ਮੈਨੂੰ ਨਾਂਹ ਨਾ ਕਰੀਂ।

ਕਹਿੰਦੇ ਹਨ ਕਿ ਇਕ ਵਾਰ ਮਸਤੀ ਦੇ ਆਲਮ ਵਿਚ ਰਾਬੀਆ, ਹਾਜੀਆਂ ਦੇ ਜੱਥੇ ਨਾਲ ਮੱਕੇ ਨੂੰ ਤੁਰ ਪਈ। ਰਸਤੇ ਵਿਚ ਇਕ ਜੰਗਲ ਪਿਆ....। ਕਾਇਨਾਤ ਦੀ ਤਨਹਾਈ ਵਿਚ ਸੁੰਨ ਨਾਲ ਰਾਬਤਾ ਕਾਇਮ ਹੋ ਗਿਆ। ਸਾਰਾ ਸਾਥ ਅੱਗੇ ਲੰਘ ਗਿਆ। ਰਾਬੀਆ ਉਥੇ ਹੀ ਠਹਿਰ ਗਈ। "ਇਸਰਾਰਿ ਸ਼ਰੀਅਤ", ਦੂਜਾ ਹਿੱਸਾ, ਪੰਨਾ 74; ਵਿਚ ਲਿਖਿਆ ਹੈ, ਰਾਬੀਆ ਦੀ ਅਗਵਾਈ ਲਈ, ਮੱਕਾ ਉਸ ਜੰਗਲ ਵਿਚ ਪਹੁੰਚ ਗਿਆ। ਰਾਬੀਆ ਕਹਿੰਦੀ, "ਮੈਨੂੰ ਤਾਂ ਖੁਦਾ ਚਾਹੀਦਾ, ਖੁਦਾ ਦੇ ਘਰ ਤੋਂ ਮੈਂ ਕੀ ਲੈਣਾ।

ਮਾਫ ਕਰਨਾ.....ਸੰਸਾਰ ਦੀਆਂ ਸੰਪਰਦਾਵਾਂ, ਸਾਗਰ ਨੂੰ ਆਪਣੇ ਆਪਣੇ ਕੁੱਜਿਆਂ ਵਿਚ ਕੈਦ ਕਰ ਲੈਣ ਦੇ ਦਾਹਵੇ ਕਰ ਰਹੀਆਂ ਹਨ। ਰੱਬੀ ਰੂਹਾਂ ਨੇ ਇਸ ਮਿੱਥ ਨੂੰ....ਇਸ ਭਰਮ ਨੂੰ ਤੋੜਨ ਦੀ ਭਰਪੂਰ ਕੋਸ਼ਿਸ਼ ਕੀਤੀ।

ਦਸਮ ਪਾਤਸ਼ਾਹ, ਕਹਿੰਦੇ ਹਨ ਸ੍ਰੀ ਦਸਮ ਗ੍ਰੰਥ ਵਿਚਃ

"ਪਾਵਕ ਮੈਂ ਅਰੁ ਪੌਨ ਹੂੰ ਮੈਂ ਪ੍ਰਿਥਵੀ ਤਲ ਮੈਂ ਸੁ ਕਹਾਂ ਨਹਿ ਜਾਹੀ।

ਵਿਆਪਕ ਹੈ ਸਭ ਹੀ ਕੇ ਬਿਖੇ ਕਛੁ ਪਾਹਨ ਮੇ ਪਰਮੇਸਰ ਨਾਹੀ।"

ਪੱਥਰ ਵਿਚ ਵੀ ਰੱਬ ਹੈ, ਇਹ ਸੱਚ ਹੈ। ਪਰ ਪੱਥਰ ਵਿਚ ਹੀ ਰੱਬ ਹੈ, ਇਹ ਭਰਮ ਹੈ।

ਪ੍ਰਮੇਸ਼ਰ ਦੀ ਭਾਲ ਚਲਦੀ ਰਹੀ- "ਸੋ ਅੰਤਰਿ ਸੋ ਬਾਹਰਿ ਅਨੰਤ"- ਜੀਆਂ ਦੇ ਅੰਦਰ ਵੀ, ਬਾਹਰ ਵੀ, ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿਚ ਵੀ, ਪੰਜਵੇਂ ਪਾਤਸ਼ਾਹ ਕਹਿੰਦੇ ਹਨਃ

ਮੇਰੋ ਸੁੰਦਰ ਕਹਹੁ ਮਿਲੈ ਕਿਤੁ ਗਲੀ.....।



Sri Satguru Jagjit Singh Ji eLibrary NamdhariElibrary@gmail.com

# 7

# ਕੂਕਾ : ਸ਼ਾਹ ਫ਼ਕੀਰ

ਸਾਗਰ ਦੀ ਹਿੱਕ ’ਚੋਂ ਕੁਝ ਲਹਿਰਾਂ ਉੱਠੀਆਂ...ਹੱਥ ਵਿੱਚ ਹੱਥ ਪਾ ਕੇ ਕਿਨਾਰੇ ਵਲ ਦੌੜ ਪਈਆਂ। ਕਿਨਾਰੇ ਨੂੰ ਟੱਕਰ ਮਾਰੀ ਅਤੇ ਮਰ ਗਈਆਂ।

“ਕਹਿੰਦੀਆਂ ਹੱਸਦੀਆਂ ਲਹਿਰਾਂ, ਕੀ ਕਰਨਾ ਬਹੁਤਾ ਜੀ ਕੇ।

ਦੇਸ਼ ਧਰਮ ਲਈ ਮਿੱਟਣਾ ਬੇਹਤਰ, ਜਾਮ ਸ਼ਹਾਦਤ ਪੀ ਕੇ।”

ਇਹ ਕੂਕਾ ਕਿਰਦਾਰ ਸੀ। ਦੇਸ਼ ਭਗਤੀ ਅਤੇ ਧਰਮ ਚੇਤਨਾ ਦੀਆਂ ਜਿਨ੍ਹਾਂ ਲਹਿਰਾਂ ਤੇ ਸਵਾਰ ਹੋ ਕੇ ਇਹ ਬਾਗੀ ਤੁਰਿਆ, ਉਹ ਕੂਕਾ ਲਹਿਰ ਸੀ। 17 ਅਤੇ 18 ਜਨਵਰੀ 1872 ਨੂੰ ਤੋਪਾਂ ਅੱਗੇ ਉੱਡਣ ਵਾਲੇ 66 ਕੂਕਿਆਂ ਦਾ ਯਥਾਰਥ ਹੈ ਕਿ ਕੋਈ ਵੀ 28 ਸਾਲਾਂ ਤੋਂ ਉਪਰ ਦਾ ਨਹੀਂ ਸੀ। ਕਈ ਤਾਂ 13-14 ਸਾਲਾਂ ਦੇ ਸਨ। ਸਰਫ਼ਰੋਸ਼ੀ ਦੀ ਤਮੰਨਾ ਲੈ ਕੇ ਅੱਗੇ ਆਏ....ਦੇਸ਼ ਲਈ ਕੁਰਬਾਨ ਹੋ ਗਏ।

ਸ਼ਿਵ ਬਟਾਲਵੀ ਨੇ ਸ਼ਾਇਦ ਇਹਨਾਂ ਵਾਸਤੇ ਹੀ ਲਿਖਿਆ ਸੀ:

“ਬਾਲੀ ਉਮਰੇ ਜੇ ਕੋਈ ਮਰਦਾ, ਫੁਲ ਬਣੇ ਜਾਂ ਤਾਰਾ।

ਬਾਲੀ ਉਮਰੇ ਆਸ਼ਕ ਮਰਦੇ, ਜਾਂ ਕੋਈ ਕਰਮਾਂ ਵਾਲਾ॥”

ਬ੍ਰਿਟਿਸ਼ ਹਕੂਮਤ ਦੇ ਖਿਲਾਫ, ਰਣਭੇਰੀ ਵਜਾਉਂਦਾ, ਲਲਕਾਰਦਾ, ਦੀਵਾਨਾਂ, ਕੀਰਤਨਾਂ ਵਿਚ ਮਸਤੀ ਵਿੱਚ ਝੂਮਦਾ... ਕੂਕਾਂ ਮਾਰਦਾ ਹੋਇਆ ਕੂਕਾ....! ਇੰਗਲੈਂਡ ਦੇ ਹੁਕਮਰਾਨ, ਲੰਦਨ ਦੇ ਤਖ਼ਤੇ ਤਾਊਸ ਤੇ ਬੈਠੇ ਅੰਗ੍ਰੇਜ਼, ‘ਨਾਮਧਾਰੀ’ ਨੂੰ ਇਸੇ ਨਾਂ ਨਾਲ ਜਾਣਦੇ ਸੀ।

ਕੂਕਾ ਬਹੁਤ ਅਮੀਰ ਸੀ। ਦਸਮੇਸ਼ ਪਿਤਾ ਦੀ ਸਿਰਜੀ ਸਿੱਖੀ ਦਾ ਵਾਰਿਸ! ਸੰਨ 1708, ਦਸਮ ਪਾਤਸ਼ਾਹ ਦੇ ਨਾਂਦੇੜ ਕੌਤਕ ਤੋਂ ਬਾਅਦ, ਸੰਨ 1857



Sri Satguru Jagjit Singh Ji eLibrary NamdhariElibrary@gmail.com

ਦੀ ਵਿਸਾਖੀ ਤੇ, ਗੁਰੂ ਰਾਮ ਸਿੰਘ ਦੀ ਸਿੱਖੀ ਸਿਰਜਨਾ, ਤਕਰੀਬਨ ਡੇਢ ਸੌ ਸਾਲ....ਜ਼ੱਕਰੀਆ ਖਾਨ, ਮੱਸਾ ਰੰਗੜ ਜਾਂ ਮੀਰ ਮੰਨੂ ਦੁਆਰਾ ਸਿੱਖਾਂ ਦੇ ਕਤਲ-ਏ-ਆਮ ਵਾਲਾ ਸਮਾਂ, ਘੱਲੂਘਾਰੇ ਦਾ ਸਮਾਂ ਸੀ। ਇਸ ਦੁਖਦਾਈ ਕਾਲ ਵਿਚ ਪੰਜ ਨਦੀਆਂ ਦਾ ਬਹੁਤ ਪਾਣੀ ਵੱਗ ਗਿਆ...। ਸਾਰੇ ਟਕਸਾਲੀ ਸਿੱਖ ਮਾਰ ਦਿੱਤੇ ਗਏ... ਜਾਂ ਲੁਕੇ ਛਿਪੇ ਆਪਣੀ ਮੌਤ ਮਰ ਗਏ। ਰਹਿ ਗਏ....ਰਾਜੇ, ਮਹਾਰਾਜੇ, ਰਈਸ, ਨਵਾਬ..... ਹਕੂਮਤ ਦੀ ਮਰਜ਼ੀ ਦੇ ਸਿੱਖ। ਪ੍ਰਮੁੱਖ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨਃ

ਜਿਨ੍ਹਾਂ ਦੇ ਵਡੇਰੇ, ਅੰਮ੍ਰਿਤ ਵੇਲੇ ਦਾ ਜਾਗਣਾ, ਇਸ਼ਨਾਨ, ਨਾਮ ਸਿਮਰਨ, ਗੁਰਬਾਣੀ ਦਾ ਪਾਠ ਕਰਨ ਵਾਲੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਤੋਂ ਬਗੈਰ ਅੰਨ ਜਲ ਨਹੀਂ ਛੱਕਦੇ ਸਨ। ਉਹਨਾਂ ਦੇ ਵੰਸ਼ਜ....

"ਤਿਨਹੀ ਕੇ ਨਾਤੀ, ਧੂਪ ਦੀਪ ਕੀ ਕਹਾ ਬਖਯਾਤੀ।
ਪਾਈ ਹੈ ਨਾ ਝਾਤੀ, ਮੂਸ ਖਾਤ ਗ੍ਰੰਥ ਜੋ ਪਰੇਂ॥"

ਘਰਾਂ ਦੇ ਆਲਿਆਂ ਵਿਚ, ਕਿਤੇ ਖੂੰਝਿਆਂ ਵਿਚ, ਸ੍ਰੀ ਗੁਰੂ ਗ੍ਰੰਥ ਸਾਹਿਬ ਰਖ ਕੇ ਭੁੱਲ ਜਾਂਦੇ... ਰੋਜ਼ ਮਹਾਰਾਜ ਦਾ ਪ੍ਰਕਾਸ਼... ਧੂਫ ਦੀਪ, ਸੇਵਾ ਸੰਭਾਲ ਵਿਸਰ ਗਈ.... ਚੂਹੇ, ਕੁਤਰਨ ਲੱਗੇ... ਦੀਮਕਾਂ ਲੱਗ ਗਈਆਂ। ਉਸ ਵੇਲੇ ਨਾਮਧਾਰੀਆਂ ਨੇ... ਕੂਕੇ ਨੇ ਸਿੱਖੀ ਸਿਰ ਤੇ ਧਾਰਨ ਕੀਤੀ। ਸੰਨ 1860 ਨੂੰ ਫਿਰੋਜ਼ਪੁਰ ਦੇ ਸਿਦਕੀ ਸਿੱਖ, ਭਾਈ ਰਾਏ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਨੇ, ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਭੇਜ ਕੇ ਦਸਮ ਪਾਤਸ਼ਾਹ ਦੀ ਸਿੱਖੀ ਰਹਿਤ ਮਰਿਆਦਾ ਮੰਗਵਾਈ.... ਗੁਰਾਂ ਦਾ ਹੁਕਮ ਹੋਇਆ... ਨਾਮਧਾਰੀਆਂ ਨਿੱਧੜਕ....ਨਿਰਭੈਅ ਹੋ ਕੇ ਧਾਰਨ ਕੀਤਾ। ਸਤਿਗੁਰਾਂ ਦਾ ਹੁਕਮ ਸੰਗਤ ਵਿਚ ਗੂੰਜਿਆ।

''ਸਿੰਘਹਿ ਉਜ ਸਿੰਘ ਤੇ ਜਿਆਦਾ। ਚਲਹਿ ਜੋ ਦਸਮ ਗੁਰੂ ਮਰਿਆਦਾ॥"

ਕਲਗੀਧਰ ਪਾਤਸ਼ਾਹ ਨੇ ਸਿੱਖੀ ਸਿਰਜੀ। ਸਿੱਖ ਨੂੰ ਸਤਿਗੁਰ ਦੀਆਂ ਖੁਸ਼ੀਆਂ ਸਹਿਤ, ਸ਼ਾਨ ਅਤੇ ਅਟੁੱਟ ਸੰਪਤੀ ਨਾਲ ਸੰਪੰਨ ਕੀਤਾ। ਆਪਣਾ ਸਰਬੰਸ ਵਾਰ ਕੇ, ਸਿੱਖਾਂ ਨੂੰ ਪੁੱਤਰ ਬਣਾਇਆ। ਪਰ ਸਮਾਂ ਪੁੱਠਾ ਪਿਆ....ਸਭ ਕੁੱਝ ਕਿਤੇ...ਹੱਥੋਂ ਡਿੱਗ ਪਿਆ। ਧਨ ਦੌਲਤ ਸਰਦਾਰੀਆਂ ਲੈ ਲਈਆਂ....

ਸਿੱਖੀ ਥੱਲੇ ਡੇਗ ਦਿੱਤੀ। ਹਾਂ ਜੀ..... ਉਹ ਕੂਕਾ ਸੀ, ਜਿਸ ਨੇ ਥੱਲੋਂ ਚੁੱਕ ਸਿੱਖੀ ਨੂੰ ਚੁੰਮਿਆ.....ਮੱਥੇ ਤੇ ਲਾ ਕੇ ਸਿਰ ਤੇ ਧਾਰਿਆ। ਜਦੋਂ ਬਿਦੇਸ਼ੀ ਹਕੂਮਤ ਦੀ ਅਤਿਆਚਾਰਾਂ ਦੀ ਹਨੇਰੀ ਚੱਲੀ.... ਹਿੰਦੁਸਤਾਨ ਦੀ ਲੁਕਾਈ ਤ੍ਰਾਸ ਤ੍ਰਾਸ ਕਰ ਰਹੀ ਸੀ, ਉਦੋਂ ਵੀ ਨਾਮਧਾਰੀ, ਸਿੱਖ ਹੋਣ ਦਾ ਮਾਣ ਕਰਦਾ ਰਿਹਾ। ਸਿੱਖੀ ਰਹਿਤ ਨਾ ਛੱਡੀ....ਕੀਰਤਨ ਨਾਂ ਛੱਡਿਆ...ਗੁਰਬਾਣੀ ਪਾਠ ਨਾ ਛੱਡਿਆ। ਪਵਿੱਤਰ ਗੁਰਬਾਣੀ ਦਾ ਅਖੰਡ ਪਾਠ ਕਰਦਿਆਂ ਜਾਂ ਸਹਿਜ ਪਾਠ ਕਰਦਿਆਂ, ਸੈਂਕੜਿਆਂ ਨਾਮਧਾਰੀ ਸਿੰਘਾਂ ਨੂੰ ਸਖਤ ਕੈਦ ਅਤੇ ਜੁਰਮਾਨਿਆਂ ਦੀ ਸਜ਼ਾ ਦਿੱਤੀ... ਕਈਆਂ ਦੇ ਘਰ ਬਾਰ ਕੁਰਕ ਕਰ ਲਏ। ਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ, ਰੰਗੂਨ ਦੀ ਜੇਲ ਤੋਂ ਆਇਆ, "ਕਿਸੇ ਹਾਲਤ ਵਿਚ ਗੁਰਬਾਣੀ ਦੇ ਅਖੰਡ ਪਾਠ ਅਤੇ ਸਹਿਜ ਪਾਠ ਬੰਦ ਨਹੀਂ ਕਰਨੇ...." ਕੂਕਿਆਂ ਨੇ ਪ੍ਰਾਣ ਦੇ ਕੇ ਵੀ ਪ੍ਰਣ ਦੀ ਸੰਭਾਲ ਕੀਤੀ... ਤਸੀਹੇ ਝੱਲ ਕੇ ਵੀ ਸਿੱਖੀ ਸਿਦਕ ਨਾ ਛੱਡਿਆ। ਸਿੱਖ ਮੱਤ ਦੇ ਵਿਦਵਾਨ ਇਤਿਹਾਸਕਾਰ, ਡਾ. ਜੋਧ ਸਿੰਘ ਲਿਖਦੇ ਹਨਃ ਨਾਮਧਾਰੀ.... ਗਜ਼ਬ ਦਾ ਬਾਗੀ ਸੰਗਠਨ! ਬਾਗੀਆਂ ਦੇ ਇਤਿਹਾਸ, ਕਈ ਮੁਲਕਾਂ ਦੇ ਪੜ੍ਹੇ ਹਨ.... ਜੰਗ ਕਰਦਿਆਂ ਜਾਂ ਗੁਰਿੱਲਾ ਯੁੱਧ ਕਰਦਿਆਂ, ਇਸ਼ਨਾਨ, ਧਿਆਨ ਸਭ ਭੁੱਲ ਜਾਂਦੇ ਹਨ। ਪਰ ਨਾਮਧਾਰੀ ਤੜਕੇ ਦਾ ਇਸ਼ਨਾਨ ਨਹੀਂ ਭੁੱਲਦਾ, ਪ੍ਰਭੂ ਸਿਮਰਨ ਅਤੇ "ਦਿਵਸ ਚੜ੍ਹੇ ਗੁਰਬਾਣੀ ਗਾਇ" ਵਾਲੀ ਸਿੱਖੀ ਰਹਿਤ ਨਹੀਂ ਭੁੱਲਦੇ। ਸ੍ਰੀ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਲਾਗੇ ਬੁੱਚੜਖਾਨਾ ਸੀ। ਇੱਲਾਂ, ਕਾਵਾਂ ਦੀ ਚੁੰਝ 'ਚੋਂ ਪਵਿੱਤਰ ਸਰੋਵਰ ਵਿੱਚ, ਪਰਿਕਰਮਾ ਵਿਚ ਮਾਸ ਦੀਆਂ ਬੋਟੀਆਂ-ਹੱਡੀਆਂ ਡਿੱਗਣੀਆਂ..... ਥਾਂ ਅਪਵਿੱਤਰ ਹੋ ਜਾਣਾ। ਕੂਕਿਆਂ ਤੋਂ ਇਹ ਸਹਿਣ ਨਾ ਹੁੰਦਾ। 14-15 ਜੂਨ 1871 ਦੀ ਰਾਤ ਬੁੱਚੜਖਾਨੇ ਤੇ ਹਮਲਾ ਕਰ ਕੇ, ਬੁੱਚੜਾਂ ਨੂੰ ਮਾਰ ਦਿੱਤਾ ਅਤੇ ਗਊਆਂ ਨੂੰ ਆਜ਼ਾਦ ਕਰ ਦਿੱਤਾ। ਚਾਰ ਨਾਮਧਾਰੀ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਹੋਈ। ਅੰਤਿਮ ਇੱਛਾ ਇਹਨਾਂ ਜ਼ਾਹਿਰ ਕੀਤੀ—ਅਸੀਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਕੇ... ਗੁਰਬਾਣੀ ਦਾ ਸ਼ਬਦ ਗਾਉਂਦੇ ਹੋਏ.... ਰੇਸ਼ਮ ਦੇ ਰੱਸੇ ਆਪ ਗਲ ਵਿੱਚ ਪਾ ਕੇ ਫਾਂਸੀ ਚੜ੍ਹਾਂਗੇ। ਫਾਹੇ ਲਗਦਿਆਂ ਵੀ ਸਿੱਖੀ ਮਰਿਆਦਾ ਨਾ ਛੱਡੀ।

ਉਂਝ ਤਾਂ ਸੰਨ 1857 ਤੋਂ ਅੰਗ੍ਰੇਜ਼ੀ ਸਰਕਾਰ ਇਹਨਾਂ ਦੇ ਮਗਰ ਰਹਿੰਦੀ। ਪਰ 1863 ਸਿਆਲਕੋਟ ਦੇ ਡਿਪਟੀ ਕਮਿਸ਼ਨਰ ਦੀ ਰਿਪੋਰਟ ਮਗਰੋਂ ਤਾਂ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਦਾ ਜੀਊਣਾਂ ਮੁਹਾਲ ਕਰ ਦਿੱਤਾ। ਜ਼ਮੀਨਾਂ-ਪੈਲੀਆਂ ਕੁਝ ਤਾਂ ਹਕੂਮਤ ਨੇ ਜਬਤ ਕਰ ਲਈ.....ਰਹਿੰਦੀ ਆਪ ਵੇਚ ਵੇਚ ਕੇ ਕੂਕਿਆਂ, ਆਜ਼ਾਦੀ ਲਹਿਰ ਦੇ ਹਵਾਲੇ ਕਰ ਦਿੱਤੀ। ਹੋਰ ਸਰਦਾਰਾਂ ਵਾਂਗ, ਕੂਕਿਆ ਨੂੰ ਵੀ ਅੰਗ੍ਰੇਜ਼ਾਂ ਲਾਲਚ ਦੇ ਕੇ ਸ਼ਾਂਤ ਕਰਨਾ ਚਾਹਿਆ। ਸਤਿਗੁਰ ਹਰੀ ਸਿੰਘ ਜੀ ਨੂੰ ਸੰਨ 1899 ਵਿਚ ਅੰਗ੍ਰੇਜ਼ੀ ਸਰਕਾਰ ਨੇ ਭਿਆਨਕ ਅਕਾਲ ਵਿਚ ਵੀ ਸਦਾ-ਬਰਤ ਲੰਗਰ ਚਲਾਉਣ ਲਈ ਪ੍ਰੋਤਸਾਹਨ ਸਰੂਪ 1300 ਏਕੜ ਜ਼ਮੀਨ ਦੀ ਪੇਸ਼ਕਸ਼ ਕੀਤੀ। ਪਰ ਸਤਿਗੁਰਾਂ ਨੇ ਸਾਫ ਨਾਂਹ ਕਰ ਦਿੱਤੀ ਕਿ ਇਹ ਜ਼ਮੀਨ ਲੈ ਕੇ, ਅਸੀਂ ਇਹ ਮੰਨ ਲਈਏ ਕਿ ਬਾਕੀ ਦਾ ਹਿੰਦੁਸਤਾਨ ਤੁਹਾਡਾ ਹੈ। ਸਾਨੂੰ ਸੰਪੂਰਨ ਆਜ਼ਾਦੀ ਚਾਹੀਦੀ ਏ.... ਇਹ ਸੰਪੂਰਨ ਭਾਰਤ ਸਾਡਾ ਹੈ। ਕੂਕਿਆਂ ਸਾਹਮਣੇ ਵੀ ਦੋ ਰਸਤੇ ਜ਼ਰੂਰ ਸਨ... ਹਕੂਮਤ ਦੀ ਜੀ ਹਜ਼ੂਰੀ ਕਰਕੇ ਸਰਦਾਰੀ ਲਈਏ ਜਾਂ ਵਿਰੋਧਤਾ ਕਰਕੇ ਫਕੀਰੀ ਪਰਵਾਨ ਕਰੀਏ। ਕੂਕਿਆਂ, ਫਕੀਰੀ ਝੋਲੀ ਪਾਈ। ਘਰ ਪਰਿਵਾਰ ਸਾਰੇ ਭੁਲਾ ਦਿੱਤੇ। ਸਿਰਫ ਇਕ ਗੱਲ ਚੇਤੇ ਰਹੀ.... ਅਸੀਂ ਗੁਰੂ ਦੇ ਸਿੱਖ ਹਾਂ ਅਤੇ ਸਿੱਖ ਦਾ ਧਰਮ ਹੈ, ਦੇਸ਼ ਦੀ ਰੱਖਿਆ.... ਮਨੁੱਖਤਾ ਪ੍ਰਾਣੀ ਮਾਤਰ ਅਤੇ ਸਿੱਖੀ ਸਿਧਾਂਤਾਂ ਦੀ ਰੱਖਿਆ। ਕੂਕੇ ਕੁਰਬਾਨ ਹੁੰਦੇ ਗਏ, ਪਰ ਸਿੱਖੀ ਮਾਨ-ਮਰਿਆਦਾ ਨਾ ਮੈਲੀ ਹੋਣ ਦਿੱਤੀ।

17 ਜਨਵਰੀ 1872 ਵਾਲੇ ਦਿਨ। ਤੋਪਾਂ ਅੱਗੇ ਖੜੇ ਹੋ ਕੇ.... ਹਕੂਮਤ ਨੂੰ ਵੰਗਾਰਦੇ ਹੋਏ, ਸ਼ਹੀਦ ਹੁੰਦੇ ਸਿੱਖ। ਸੱਤ ਤੋਪਾਂ ਗੱਡੀਆਂ ਸਨ। ਇਕ ਵਾਰ ਵਿਚ ਸੱਤ ਨਾਮਧਾਰੀ ਸਿੰਘ ਤੋਪਾਂ ਦੇ ਨਿਸ਼ਾਨੇ ਤੇ ਖੜੇ ਹੋ ਜਾਂਦੇ। ਇਸ਼ਾਰਾ ਹੁੰਦਾ, ਤੋਪਚੀ ਪਲੀਤਾ ਲਾਉਂਦਾ ਅਤੇ ਧਾਂ ਧਾਂ ਕਰਦਾ ਕੰਨ ਪਾੜੂ ਸ਼ੋਰ ਹੁੰਦਾ.... ਸੱਤ ਸਿੰਘ ਫ਼ੀਤੇ-ਫ਼ੀਤੇ ਹੋ ਜਾਂਦੇ। ਦੀਵੇ ਪਿੰਡ ਦਾ ਭਾਈ ਸ਼ੇਰ ਸਿੰਘ ਉਮਰ 22 ਸਾਲ। ਪਿਤਾ ਲਹਿਣਾ ਸਿੰਘ, ਸ਼ੇਰ ਸਿੰਘ ਦੀ ਘਰ ਵਾਲੀ ਧੰਨ ਕੌਰ, ਕੁੱਛੜ ਦੋ ਕੁ ਸਾਲ ਦਾ ਬਾਲ ਲੈ ਕੇ ਆਈ। ਤੀਜੀ ਵਾਰ ਤੋਪਾਂ ਤਿਆਰ ਸਨ। ਸੱਤ ਸਿੰਘ ਨਿਸ਼ਾਨੇ ਤੇ ਖੜ੍ਹੇ ਹੋ ਗਏ। ਇਹਨਾਂ ਵਿਚੋਂ ਇਕ ਸ਼ੇਰ ਸਿੰਘ ਸੀ। ਘਰ ਵਾਲੀ ਬਾਲ ਕੁੱਛੜ ਚੁੱਕ ਨੇੜੇ ਆਈ। ਡਿਪਟੀ ਕਮਿਸ਼ਨਰ ਮਿ. ਕਾਵਨ ਨੇ ਤੋਪਚੀ ਨੂੰ ਰੁਕਣ ਦਾ ਇਸ਼ਾਰਾ ਕੀਤਾ। ਸਰਕਾਰ ਚਾਹੁੰਦੀ ਸੀ, ਬਾਗੀਆਂ ਦੀ ਲੜੀ ਟੁੱਟੇ.... ਕੁਝ ਮਾਫੀ ਮੰਗ ਲੈਣ। ਉਹਨਾਂ ਨੂੰ ਛੱਡ ਦਈਏ। ਉਮੀਦ ਸੀ, ਪੁੱਤਰ ਮੋਹ ਵਿਚ ਇਹ ਸਿੰਘ ਟੁੱਟ ਜਾਵੇਗਾ। ਸ਼ੇਰ ਸਿੰਘ ਨੇ ਬਾਲ ਚੁਕਿਆ.... ਚੁੰਮਿਆ, ਪਿਆਰਿਆ ਤੇ ਬੱਚਾ ਘਰ ਵਾਲੀ ਨੂੰ ਦੇ ਦਿੱਤਾ।

ਕਿਹਾ, ਇਸਦਾ ਗੁਰੂ ਰਾਮ ਸਿੰਘ ਰਾਖਾ ਤੇ ਮੂੰਹ ਫੇਰ ਲਿਆ। ਤੋਪਚੀ ਨੂੰ ਵੰਗਾਰਿਆ, "ਚਲਾ ਤੋਪ।"

ਕੂਕਾ ਕਿਰਦਾਰ ਦੀਆਂ ਬੁਲੰਦੀਆਂ.... ਅਜੋਕੇ ਸੰਸਾਰ ਵਿਚ ਇਕ ਅਜੂਬਾ ਜਿਹੀ ਸ਼ੈਅ ਹੈ, ਜਿਥੇ ਮਨੁੱਖੀ ਕਮਜ਼ੋਰੀਆਂ, ਗੋਡੇ ਟੇਕਦੀਆਂ ਨਜ਼ਰ ਆਉਂਦੀਆਂ ਹਨ। ਸੰਤ ਭਗਤ ਸਿੰਘ ਦਾਤੇ ਵਾਲੀਏ.....ਪਿੰਡ ਦਾਤੇਵਾਲ ਦੇ। ਸੰਭੜਿਆਲ ਦੀ ਬੀਬੀ ਹਰਨਾਮ ਕੌਰ ਨਾਲ ਆਨੰਦ ਕਾਰਜ ਹੋਇਆ। ਦੋ ਕੁ ਸਾਲਾਂ ਮਗਰੋਂ ਇਕ ਬਾਲ, ਰਣਜੀਤ ਨੂੰ ਜਨਮ ਦੇ ਕੇ ਘਰ ਵਾਲੀ ਚੜ੍ਹਾਈ ਕਰ ਗਈ। ਸੰਤ ਪ੍ਰਮੇਸ਼ਰ ਵਲੋਂ ਮਿੱਥੀ ਪ੍ਰੀਖਿਆ ਵਿਚ ਪੈ ਗਏ। ਨਾਮਧਾਰੀ ਪੰਥ ਦੇ ਪ੍ਰਚਾਰਕ, ਕੀਰਤਨੀਏ। ਪੰਜਾਬ ਵਿਚ ਉਸ ਵੇਲੇ ਤਿਕੜੀ ਮਸ਼ਹੂਰ ਸੀ। ਸੰਤ ਭਗਤ ਸਿੰਘ ਦਾਤੇਵਾਲੀਏ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਅਤੇ ਸੰਤ ਲਾਲ ਸਿੰਘ ਭੂਰੇ ਗਿੱਲ। ਲੋਕ ਕਹਿੰਦੇ, ਮਹਾਰਾਸ਼ਟਰ ਦੇ ਤਿੰਨ ਸੰਤ, ਭਗਤ ਨਾਮਦੇਵ ਜੀ, ਭਗਤ ਤ੍ਰਿਲੋਚਨ ਜੀ ਅਤੇ ਸੰਤ ਗਿਆਨੇਸ਼ਵਰ ਜਿਹੀ ਤਿੱਕੜੀ ਪੰਜਾਬ ਨੂੰ ਵੀ ਨਸੀਬ ਹੋਏ। ਕਿਤੇ ਇਹ ਪ੍ਰਚਾਰਕ ਸੰਤ ਦੀਵਾਨ ਲਾਉਂਦੇ.... ਸੰਗਤ ਮੰਤਰ ਮੁਗਧ ਹੋਈ ਜਾਂਦੀ। ਸੰਤ ਭਗਤ ਸਿੰਘ ਦਾਤੇਵਾਲੀਏ, ਸੋਹਣੇ ਸੁਨੱਖੇ, ਗੋਰੇ ਰੰਗੇ ਛੇ ਫੁਟ ਦੇ ਜਵਾਨ..... ਜਦੋਂ ਦੀਵਾਨ ਲਾਉਂਦੇ ਖਲੋ ਕੇ... ਚਿਹਰੇ ਤੇ ਚੜ੍ਹਦੇ ਸੂਰਜ ਦੀ ਲਾਲੀ ਆ ਜਾਂਦੀ। ਇਕ ਦਿਨ ਕਿਸੇ ਪਿੰਡ ਦੀਵਾਨ ਲਾਇਆ। ਭੋਗ ਪਿਆ... ਡੇਰੇ ਆਏ। ਰਾਤ ਦਾ ਸਿਆਹ ਹਨੇਰਾ ਪਸਰ ਗਿਆ ਸੀ। ਚਾਦਰ ਦੀ ਬੁੱਕਲ ਵਿਚ, ਇਕ ਜਵਾਨ ਔਰਤ ਆਈ। ਹੱਥ ਵਿਚ ਗਹਿਣੇ ਦੀ ਚੰਗੀ ਵੱਡੀ ਪੋਟਲੀ ਤੇ ਨਗਦ ਮਾਇਆ। ਮੱਥਾ ਟੇਕ, ਜਿਵੇਂ ਗਿੜਗਿੜਾਨ ਲੱਗੀ, "ਸੰਤ ਜੀ, ਮੈਂ ਵਿਧਵਾ ਹਾਂ। ਮੇਰੇ ਕੋਲ ਕਾਫੀ ਜ਼ਮੀਨ ਜਾਇਦਾਦ ਅਤੇ ਮਾਇਆ ਹੈ। ਕੋਈ ਨੇੜਿਉਂ ਦੂਰੋਂ ਹਿੱਸੇਦਾਰ ਨਹੀਂ.....। ਮੈਨੂੰ ਅੰਗੀਕਾਰ ਕਰ ਲਵੋ... ਦੋਵੇਂ ਮੌਜ ਦੀ ਜ਼ਿੰਦਗੀ ਜੀਵਾਂਗੇ।"

ਸੰਤਾਂ ਅੱਖਾਂ ਨੀਵੀਆਂ ਕਰ ਲਈਆਂ ਤੇ ਕਿਹਾ, ਮੈਂ ਗੁਰੂ ਰਾਮ ਸਿੰਘ ਦਾ ਸਿੱਖ ਹਾਂ..... ਪੰਥ ਪ੍ਰਚਾਰਕ ਹਾਂ। ਮੇਰਾ ਇਹ ਸਰੂਪ, ਇਹ ਬਾਣਾ, ਆਗਿਆ ਨਹੀਂ ਦਿੰਦਾ। ਤੂੰ ਮੇਰੀ ਭੈਣ ਹੈਂ.....ਤੇਰੀ ਰੱਖਿਆ ਦਾ ਵਚਨ ਦਿੰਦਾ ਹਾਂ, ਪਰ ਪਤੀ ਪਤਨੀ ਵਾਲਾ ਰਿਸ਼ਤਾ ਨਹੀਂ ਸਵੀਕਾਰ ਕਰ ਸਕਦਾ। ਇਹ ਮਾਇਆ, ਗਹਿਣੇ.... ਲੈ ਜਾ ... ਤੇਰੇ ਕੰਮ ਆਉਣਗੇ। ਮੈਨੂੰ ਸਤਿਗੁਰ ਨੇ ਕੋਈ ਭੁੱਖ ਦਿੱਤੀ ਹੀ ਨਹੀਂ।



Sri Satguru Jagjit Singh Ji eLibrary NamdhariElibrary@gmail.com

ਕੂਕੇ ਦੀ ਪਛਾਣ ਸੰਨ 1857 ਤੋਂ ਅਲਮਸਤ, ਸੱਚੇ ਸੁੱਚੇ ਫ਼ਕੀਰ ਰੂਪ ਵਿਚ ਹੀ ਰਹੀ। ਜਨਵਰੀ 1872 ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ, ਅੰਗ੍ਰੇਜ਼ਾਂ ਵਿਦੇਸ਼ (ਬਰਮਾ) ਨਿਰਵਾਸਤ ਕਰ ਦਿੱਤਾ... 22 ਸੂਬੇ ਵੀ ਨਜ਼ਰਬੰਦ ਕਰ ਕੇ ਵੱਖ ਵੱਖ ਮੁਲਕਾਂ ਵਿਚ ਭੇਜ ਦਿੱਤੇ। "ਕੂਕੇ" ਨੂੰ ਤੋੜਨ ਦੀ ਪੁਰਜ਼ੋਰ ਤਾਕਤ, ਅੰਗ੍ਰੇਜ਼ਾਂ ਲਾਈ। ਵਾਕਈ, ਇਕ ਵਾਰ ਕੂਕਾਂ ਮਾਰਦਾ ਹੋਇਆ ਕੂਕਾ.... ਆਵਲ ਬਾਵਲ, ਦੀਵਾਰ-ਦਰੱਖਤਾਂ ਨਾਲ ਸਿਰ ਮਾਰਦਾ, ਵਾਲ ਖੋਂਹਦਾ, ਰੋਂਦਾ ਕੁਰਲਾਂਦਾ ਫਕੀਰ ਹੋਇ ਗਿਆ। ਨਦੀ ਤੋਂ ਵਿਛੜੀ ਕੋਈ ਜਲ ਦੀ ਧਾਰ.... ਗੁਰੂ ਤੋਂ ਵਿਛੜਿਆ ਸਿੱਖ.....। ਸ਼ਿਵ ਨੇ ਇਹਨਾਂ ਕੂਕਿਆਂ ਫ਼ਕੀਰਾਂ ਬਾਬਤ ਹੀ ਸ਼ਾਇਦ ਲਿਖਿਆ ਸੀ—-

"ਕੀ ਪੁਛਦੇ ਓ ਹਾਲ ਫਕੀਰਾਂ ਦਾ... ਸਾਡੇ ਨਦੀਓਂ ਵਿਛੜੇ ਨੀਰਾਂ ਦਾ...."

ਕੂਕਾ, ਜਿਵੀਦਾਰ, ਕਾਸ਼ਤਕਾਰ, ਕਾਰਖਾਨੇਦਾਰ, ਵਪਾਰੀ, ਕਿਸਾਨ,.... ਕਲਗੀਧਰ ਪਾਤਸ਼ਾਹ ਦੇ ਸਿੱਖੀ ਵਿਰਸੇ ਦਾ ਵਾਰਿਸ। ਕੂਕਾ ਸ਼ਾਹ....! ਸਾਰੀ ਦੁਨੀਆਵੀ ਪਛਾਣ, ਸੁੱਟ ਮਾਰੀ... ਫ਼ਕੀਰੀ ਭੇਖ ਧਾਰ ਲਿਆ...ਕੂਕਾ ਸ਼ਾਹ ਫ਼ਕੀਰ....।



Sri Satguru Jagjit Singh Ji eLibrary NamdhariElibrary@gmail.com

# 8

# ਮਾਧੋ ਸਾਧੂ ਜਨ ਦੇਹੁ ਮਿਲਾਇ

ਸਪੇਸ ਵਿਗਿਆਨ ਅਨੁਸਾਰ, ਤਕਰੀਬਨ 15 ਕਰੋੜ ਕਿਲੋ ਮੀਟਰ ਦੂਰ ਸੂਰਜ ਤਪ ਰਿਹਾ ਹੈ। ਧਰਤੀ ਦੇ ਪ੍ਰਾਣੀ ਮਾਤਰ, ਬਨਸਪਤੀ ਸਭ ਨੂੰ ਰੌਸ਼ਨੀ, ਤਪਸ਼, ਜੀਵਨ ਯੋਗ ਊਰਜਾ ਦੇ ਰਿਹਾ ਹੈ, ਜੀਵਨ ਸੰਚਾਰ ਕਰ ਰਿਹਾ ਹੈ, ਅਸੰਖ ਕਿਰਨਾਂ, ਸੂਰਜ ਤੱਤ ਨੂੰ ਧਰਤੀ ਤਕ ਪਹੁੰਚਾ ਰਹੀਆਂ ਹਨ।

ਆਪੇ ਸੂਰੁ ਕਿਰਣਿ ਬਿਸਥਾਰੁ ॥

ਸੋਈ ਗੁਪਤੁ ਸੋਈ ਆਕਾਰੁ ॥ (ਪੰ–387)

ਸੂਰਜ ਧਰਤੀ ਤੇ ਨਹੀਂ ਆ ਸਕਦਾ। ਧਰਤੀ ਸ਼ਾਇਦ ਸੂਰਜ ਦਾ ਤਪ-ਤੇਜ ਨਾ ਝੱਲ ਸਕੇ.... ਕਿਰਨਾਂ ਪਹੁੰਚ ਰਹੀਆਂ ਹਨ... ਪ੍ਰਕਾਸ਼ ਅਤੇ ਨਿੱਘ ਜੀਵਨ ਦੇ ਸਾਰੇ ਉਪਯੋਗੀ ਤੱਤ ਧਰਤੀ ਤੇ ਪਹੁੰਚ ਰਹੇ ਹਨ। ਇਹ ਕਿਰਨਾਂ, ਸਾਧੂ ਵਾਂਗ ਹਨ। ਅਲੱਖ, ਅਭੇਉ ਨਿਰੰਕਾਰ, ਆਪ ਅਲਿਪਤ ਰਹਿੰਦੇ। ਇਹ ਸਾਧ ਸੰਤ..... ਸਤਿਗੁਰੂ, ਸੂਰਜ ਦੀਆਂ ਕਿਰਨਾਂ ਵਾਂਗ.... ਪ੍ਰਮੇਸ਼ਰ ਦੇ ਸਾਰੇ ਗੁਣ ਤੱਤ ਸਹਿਤ ਜੀਆਂ ਦੀ ਸੰਭਾਲ ਕਰਦੇ ਹਨ। ਉਹੀ ਸੂਰਜ, ਕਿਰਨ ਬਣ ਕੇ, ਉਹੀ ਗੋਬਿੰਦ, ਗੁਰੂ ਬਣ ਕੇ, ਸਾਧ ਬਣ ਕੇ,.....ਸੰਤ ਬਣ ਕੇ ਜ਼ਿੰਮੇਵਾਰੀ ਸੰਭਾਲ ਰਹੇ ਹਨ। ਇਹ ਕਾਰਜ ਬਹੁਤ ਗੁਪਤ ਚੱਲ ਰਿਹਾ ਹੈ।

ਧਰਮ ਸ਼ਾਸਤਰਾਂ ਦਾ ਮੱਤ ਹੈ,... ਗੁਰੂ ਮੱਤ ਹੈ ਕਿ ਮੱਨੁਖ ਦਾ ਸਰੀਰ, ਹਰ ਦੇਹ ਪਿੰਡ, ਆਪਣੇ ਆਪ ਵਿੱਚ ਪੂਰਨ ਹੈ। ਆਤਮ ਜੋਤ ਸਿਰਜਨਹਾਰ ਆਪ ਬਿੰਬ ਰੂਪ, ਇਸ ਦੇਹ ਵਿੱਚ ਮੌਜੂਦ ਹੈ। ਲੱਭਣ ਦਾ ਆਲਸ ਹੈ। ਸ੍ਰੀ ਗੁਰੂ ਰਾਮ ਦਾਸ ਪਾਤਸ਼ਾਹ, ਇਸ ਰਹੱਸ ਨੂੰ ਖੋਲਦੇ ਹਨ:

ਇਹੁ ਸਰੀਰੁ ਸਭੁ ਧਰਮੁ ਹੈ, ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥

ਗੁਹਜ ਰਤਨ ਵਿਚਿ ਲੁਕਿ ਰਹੇ, ਕੋਈ ਗੁਰਮੁਖਿ ਸੇਵਕ ਕਢੈ ਖੋਤਿ ॥

(ਪੰ. 436)

ਸਭਿ ਕਿਛੁ ਘਰ ਮਹਿ ਬਾਹਰ ਨਾਹੀ॥

ਬਾਹਰ ਟੋਲੈ ਸੋ ਭਰਮਿ ਭੁਲਾਹੀ॥

ਧਰਮ ਦਾ ਇਹ ਮਰਮ, ਸਾਡੀ ਸਮਝ ਤੋਂ ਪਰ੍ਹੇ ਹੈ। ਸਾਡੇ ਲਈ ਸ਼ਾਇਦ ਗੁਰਬਾਣੀ ਦੇ ਸ਼ਬਦ, ਰੋਜ਼ ਪਾਠ ਕਰਨ ਜੋਗ ਨਿਤਨੇਮ ਬਣ ਗਿਆ। ਭਾਲ ਤੋਂ ਵਾਂਝੇ ਹੋ ਗਏ। ਜਨਮਾਂ-ਜਨਮਾਂ ਤੋਂ, ਇਹ ਜੜ੍ਹਤਾ ਸਥਾਪਤਿ ਹੋ ਗਈ।

ਇਕ ਵਾਰ, ਇਕ ਮਹਾਤਮਾ ਨੇ, ਇਕ ਬਹੇਲੀਏ ਨੂੰ, ਜਾਲ ਵਿੱਚ ਫਸਾ ਕੇ, ਚਿੜ੍ਹੀਆਂ ਨੂੰ ਲੈ ਜਾਂਦਿਆਂ ਵੇਖਿਆ। ਮਹਾਤਮਾ ਦਾ ਹਿਰਦਾ, ਕਰੁਣਾ ਨਾਲ ਭਰ ਗਿਆ। ਉਨ੍ਹਾਂ ਸੰਕਲਪ ਲਿਆ, ਹੁਣ, ਹੋਰ ਚਿੜ੍ਹੀਆਂ ਨੂੰ ਇਸ ਤਰ੍ਹਾਂ ਨਹੀਂ ਮਰਨ ਦੇਣਾ। ਮਹਾਤਮਾ ਪੰਖੀਆਂ ਦੀ ਭਾਸ਼ਾ ਜਾਣ ਬੋਲ ਸਕਦੇ ਸਨ। ਉਹਨਾਂ ਬਾਗ ਦੀਆਂ ਚਿੜ੍ਹੀਆਂ ਦੀ ਸਭਾ ਬੁਲਾਈ। ਸਾਰਿਆਂ ਨੂੰ ਚੰਗੀ ਤਰ੍ਹਾਂ ਸ਼ਿਕਾਰੀ ਦੀਆਂ ਚਾਲਾਂ ਤੋਂ ਜਾਣੂ ਕਰਵਾਇਆ.... "ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫੱਸਣਾ ਨਹੀਂ"।

ਚਿੜ੍ਹੀਆਂ ਨੇ ਸਮਝਦਾਰਾਂ ਵਾਂਗ ਸਿਰ ਹਿਲਾਇਆ। ਚੰਗੀ ਤਰ੍ਹਾਂ ਰੱਟਾ ਲਾਇਆ.... ਮਹਾਤਮਾ ਜੀ ਨੂੰ ਸੰਥਾ ਵੀ ਸੁਣਾ ਦਿੱਤੀ। ਤੱਸਲੀ ਕਰਕੇ, ਮਹਾਤਮਾ ਜੀ ਅੱਗੇ ਤੁਰ ਗਏ। ਦੂਜੇ ਦਿਨ, ਉਹ ਸ਼ਿਕਾਰੀ ਫਿਰ ਆਇਆ ਜਾਲ ਅਤੇ ਦਾਨਿਆਂ ਦੇ ਨਾਲ। ਚਿੜ੍ਹੀਆਂ, ਉੱਚੀ-ਉੱਚੀ, ਪੜ ਰਹੀਆਂ ਸਨ ...ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫੱਸਣਾ ਨਹੀਂ।

ਸ਼ਿਕਾਰੀ ਦੇ ਹੋਸ਼ ਉਡ ਗਏ। ਲਗਦੈ, ਇਹ ਮੇਰੀਆਂ ਚਾਲਾਂ ਸਮਝ ਗਈਆਂ ਹਨ। ਸਾਵਧਾਨ ਹਨ.... ਅੱਜ ਨਹੀਂ ਫਸਦੀਆਂ। ਪਰ ਹੁਣ, ਆ ਹੀ ਗਿਆਂ, ਤਾਂ ਇਕ ਕੋਸ਼ਿਸ਼ ਕਰ ਕੇ ਵੇਖ ਲਵਾਂ। ਬਹੇਲੀਏ ਨੇ ਜਾਲ ਸੁਟਿਆ.... ਦਾਣੇ ਸੁੱਟੇ ਅਤੇ ਆਪ ਦਰੱਖਤ ਪਿੱਛੇ ਛੁੱਪ ਗਿਆ। ਆਸ ਨਹੀਂ ਸੀ; ਪਰ ਇਹ ਕੀ ਵੇਖਿਆ ਕਿ ਚਿੜ੍ਹੀਆਂ ਸ਼ਬਦ ਪੜ੍ਹਦੀਆਂ, ਉਸ ਦਾਨਿਆਂ ਭਰੇ ਜਾਲ ਤੇ ਉਤਰੀਆਂ। ਬੋਲ ਉਵੇਂ ਦੇ ਜਿਵੇਂ ਪੜ੍ਹਾਏ ਗਏ ਸਨ, "...ਸ਼ਿਕਾਰੀ ਆਏਗਾ, ਜਾਲ ਵਿਛਾਏਗਾ, ਦਾਣੇ ਪਾਏਗਾ, ਪਰ ਲੋਭ ਵਿੱਚ ਫੱਸਣਾ ਨਹੀਂ।"

ਹੱਥ ਦੀਪਕ ਕੂਏ ਪਰੇ... ਸਾਰੀਆਂ ਜਾਲ ਵਿੱਚ ਫੱਸ ਗਈਆਂ। ਸ਼ਿਕਾਰੀ ਨੇ ਸਭ ਨੂੰ ਫੜ੍ਹਿਆ...ਜਾਲ ਸਮੇਟਿਆ। ਸੰਜੋਗ ਨਾਲ ਮਹਾਤਮਾ ਜੀ ਲੰਘ



Sri Satguru Jagjit Singh Ji eLibrary NamdhariElibrary@gmail.com

ਰਹੇ ਸੀ। ਸਾਰਾ ਹਾਲ ਵੇਖਿਆ। ਚਿੜ੍ਹੀਆਂ ਤੋਂ ਪੁਛਿਆ, ਕੀ ਗੱਲ ਤੁਹਾਨੂੰ ਪੜ੍ਹਾਇਆ ਸੀ, ਫੇਰ ਕਿਵੇਂ ਫੱਸ ਗਈਆਂ ? ਚਿੜ੍ਹੀਆਂ ਕਿਹਾ, ਮਹਾਤਮਾ ਜੀ ਤੁਹਾਡੀ ਸੰਥਾ ਬਿਲਕੁਲ ਕੰਠ ਸੀ।ਸ਼ੁੱਧ/ਸਹੀ ਸਹੀ ਉੱਚਾਰਣ ਵੀ ਕੀਤਾ...ਸਾਰਾ ਪਾਠ ਕਈ-ਕਈ ਵਾਰ ਪੜ੍ਹਿਆ। ਪਰ ਫੇਰ ਵੀ, ਹਾਲ ਤੁਹਾਡੇ ਸਾਹਮਣੇ ਹੈ। ਕਹਿੰਦੇ ਹਨ, ਮਹਾਤਮਾ ਸਿਰ ਫੜ੍ਹ ਕੇ ਬਹਿ ਗਏ। ਹੇ ਰੱਬਾ! ਇਨ੍ਹਾਂ ਜੀਆਂ ਦੇ ਭਲੇ ਲਈ ਤਰਕੀਬ ਦੱਸੀ...ਇਹਨਾਂ ਪਾਠ ਬਣਾ ਲਿਆ। ਪੜ੍ਹਦੇ ਹੋਏ ਫੱਸ ਗਏ। ਅਸੀਂ ਵੀ, ਉਨ੍ਹਾਂ ਚਿੜ੍ਹੀਆਂ ਵਾਂਗ ਤਾਂ ਨਹੀਂ ਕਰ ਰਹੇ ?

ਜਨਮਾਂ ਤੋਂ ਇਹ ਹਾਲ ਅਸਾਡਾ, ਮਰ ਕੇ ਨ ਪਹੁੰਚਿਆ ਜਾਇ।

ਸੂਲੀ ਉਪਰਿ ਸੇਜ ਪੀਆ ਕੀ ਕੋਈ ਸਾਧੂ ਦੇਇ ਮਿਲਾਇ...।

ਸਾਧੂ ਦਾ ਮਿਲਣਾ...ਸਬਕ, ਸੰਥਾ ਦਾ ਲੈਣਾ...ਉਸ ਤੇ ਅਮਲ ਕਰਨਾ ਅਤੇ ਸੁਖੀ ਹੋ ਜਾਣਾ। ਸਿਖਿਆ ਦਾ ਇਕ ਸਤੱਰ ਹੈ। ਵੱਖ ਵੱਖ ਸੋਮੇਸਟਰ ਹਨ। ਇਕ ਸਿਲਸਿਲਾ ਜੋ, ਚਉਥੀ ਪਉੜੀ ਤੇ ਮੁਕੰਮਲ ਹੁੰਦੈ। ਵਿਕਾਰਾਂ ਤੋਂ ਮੁਕਤਿ, ਚਉਥਾ ਪਦ!

ਗੁਰੂ ਨਾਨਕ ਪਾਤਸ਼ਾਹ, ਪਹਿਲੀ ਉਦਾਸੀ ਤੇ ਸਨ। ਬਨਾਰਸ, ਬੋਧ ਗਯਾ ਤੋਂ ਅੱਗੇ ਗੰਗਾ ਲੰਘ, ਉਤਰ-ਪੂਰਬ ਵੱਲ ਵਧੇ। ਨਵਾਦਾ, ਮੁੰਗੇਰ, ਕਿਉਲ ਹੁੰਦੇ ਹੋਏ ਢਾਕਾ ਪੁੱਜੇ।ਅਗੇ ਧਾਨਪੁਰ, ਜਾਦੂਗਰਨੀਆਂ ਦਾ ਇਲਾਕਾ ਸੀ। ਭੁੱਲਿਆਂ-ਭਟਕਿਆਂ ਦਾ ਸੁਧਾਰ ਮਹਾਪੁਰਖਾਂ ਦਾ ਮੰਤਵ ਹੁੰਦੈ। ਧਾਨਪੁਰ ਤੋਂ ਬਾਹਰ ਜੰਗਲ ਵਿੱਚ ਦਰੱਖਤ ਹੇਠ ਆਸਣ ਲਾਇਆ। ਮਰਦਾਨੇ ਨੂੰ ਭੁੱਖ ਲੱਗੀ। ਸਤਿਗੁਰਾਂ ਸੁਚੇਤ ਕੀਤਾ, ਮਰਦਾਨਿਆ ਇਹ ਇਲਾਕਾ ਭਿਆਨਕ ਜਾਦੂਗਰਨੀਆਂ ਦਾ ਹੈ। ਇਥੋਂ ਦੀ ਰਾਣੀ ਸਭ ਤੋਂ ਸਿੱਧ ਜਾਦੂਗਰਨੀ ਹੈ। ਮਰਦਾਨੇ ਨੂੰ ਸ਼ਾਇਦ ਭੁੱਖ ਸੀ, ਗੁਰੂ ਬਾਬੇ ਦਾ ਕੋਈ ਨਵਾਂ ਕੌਤਕ ਵੇਖਣ ਦੀ, ਮਰਦਾਨਾ ਵਸੋਂ ਵਾਲੇ ਪਾਸੇ ਗਿਆ। ਰਾਣੀ ਦੀਆਂ ਕੁਝ ਜਾਦੂਗਰ ਦਾਸੀਆਂ ਦੀ ਨਦਰੀ ਪੈ ਗਿਆ। ਮੰਤਰ ਮਾਰਿਆ... ਮਰਦਾਨੇ ਨੂੰ ਬਕਰੀ ਬਣਾ ਕੇ, ਗਲੇ ਰੱਸੀ ਪਾ ਕੇ ਲੈ ਤੁਰੀਆਂ। ਅੰਤਰਯਾਮੀ ਸਤਿਗੁਰੂ ਜਾਣ ਗਏ। ਆਪ ਉਸੇ ਪਾਸੇ ਤੁਰ ਪਏ। ਦਾਸੀਆਂ ਮਿਲੀਆਂ, ਬਹੁਤ ਮੰਤਰ ਪੜ੍ਹੇ... ਕੋਈ ਕੰਮ ਨਾ ਆਏ। ਅੱਗੇ ਤੁਰਦੇ ਹੋਏ ਰਾਣੀ ਦੇ ਮਹਿਲ ਪਹੁੰਚ ਗਏ। ਬਕਰੀ ਰੂਪ ਵਿੱਚ ਮਰਦਾਨਾ, ਸਤਿਗੁਰੂ ਨੂੰ ਵੇਖ, ਮੈਂ...ਮੈਂ... ਕਰਨ ਲੱਗਾ। ਮਹਿਲ ਅੰਦਰ ਚਾਰ

ਪਹਿਰੇਦਾਰ ਜਾਦੂਗਰਨੀਆਂ! ਮੰਤਰ ਪੜ੍ਹੇ ਕਾਲੇ ਧਾਗੇ ਸੁੱਟੇ। ਪਾਤਸ਼ਾਹ ਇਕ ਨਿਗਾਹ ਮਾਰੀ ਤੇ ਚਾਰੇ ਦੇ ਰੂਪ ਬਦਲ ਗਏ। ਕੋਈ ਭੇਡੂ, ਕੋਈ ਬਕਰੀ, ਕੋਈ ਖੋਤੀ, ਕੋਈ ਕੁੱਤੀ ਬਣ ਗਈ। ਵੇਖ ਕੇ ਰਾਣੀ ਨੂੰਰਾਂ, ਕ੍ਰੋਧ ਵਿੱਚ ਆ ਕੇ ਜਾਦੂ ਦਾ ਪਿਟਾਰਾ ਖੋਲਿਆ। ....ਕਈ ਵਾਰ ਮੰਤਰ ਪੜ੍ਹੇ, ...ਸਾਰੇ ਬੇਅਰਥ ਗਏ।

ਪਾਤਸ਼ਾਹ ਨੇ ਤਿਲੰਗ ਰਾਗ ਵਿੱਚ ਸ਼ਬਦ ਉਚਾਰਣ ਕੀਤਾ :

"ਇਆਨੜੀਏ ਮਾਨੜਾ ਕਾਇ ਕਰੇਹਿ॥

ਆਪਨੜੈ ਘਰਿ ਹਰਿ ਰੰਗੋ ਕੀ ਨਾ ਮਾਣੇਹਿ॥

ਸਹੁ ਨੇੜੈ ਧਨ ਕਮਲੀਏ, ਬਾਹਰ ਕਿਆ ਢੂਢੇਹਿ...॥

ਨਾਸਮਝ ਰਾਣੀ, ਕਾਹਦਾ ਹੰਕਾਰ ਕਰਦੀ ਹੈਂ। ਲੋਕਾਂ ਵਿਚਾਰੇ ਭੋਲੇ ਭਾਲੇ ਇਨਸਾਨਾਂ ਨੂੰ ਭੇਡਾਂ ਬਕਰੀਆਂ ਬਣਾ ਕੇ ਖੁਸ਼ ਹੋਂਦੀ ਏਂ। ਤੇਰਾ ਸਹੁ ਤੇਰੇ ਨੇੜੇ...ਤੇਰੇ ਅੰਦਰ। ਉਸਨੂੰ ਵਿਸਾਰ ਕੇ ਜੀਵਨ ਤੰਤਰ-ਮੰਤਰ ਵਿੱਚ ਰੋਲ ਰਹੀ ਹੈਂ।

ਰਾਣੀ, ਨੂੰਰਾਂ ਦੀ ਅੰਤਰਾਤਮਾ ਕੰਬ ਗਈ। ਇਹ ਤਾਂ ਕੋਈ ਰੱਬੀ ਨੂਰ... ਮੇਰੀ ਕਾਇਆ ਨੂੰ ਦਿੱਵ ਜੋਤਿ ਨਾਲ ਰੋਸ਼ਨ ਕਰਨ ਆਇਐ। ਕਿਸੇ ਜਨਮ ਦਾ, ਕੋਈ ਨੇਕ ਕਰਮ ਅੱਗੇ ਆ ਗਿਐ... ਰੱਬੀ ਦੀਦਾਰ ਦਾ ਭਾਗ ਨਸੀਬ ਹੋਇਐ। ਚਰਨਾਂ ਤੇ ਡਿੱਗ ਪਈ। ਮੇਰੇ ਤੇ ਰਹਿਮ ਕਰੋ ਦਾਤਾ। ਮੇਹਰ ਕਰੋ। ਨਵਾਂ-ਸੁਚੱਜਾ ਜੀਵਨ ਬਖਸ਼ੋ। ਮੇਰੀਆਂ ਇਹਨਾਂ ਦਾਸੀਆਂ ਨੂੰ ਮੁੜ ਇਸਤ੍ਰੀ ਰੂਪ ਦਿਉ। ਅਗੋਂ ਹੁਣ ਕਦੀ ਐਸੀ ਭੁੱਲ ਨਹੀਂ ਹੋਵੇਗੀ...। ਚਰਣਾਂ ਤੇ ਸਿਰ ਰੱਖ ਦਿੱਤਾ। ਸਤਿਗੁਰਾਂ ਬਚਨ ਕੀਤਾ, ਕਹੋ ਸਤਿ ਕਰਤਾਰ! ਜਿਵੇਂ ਜਿਵੇਂ ਤੂੰ ਸਤਿ ਕਰਤਾਰ ਕਹੇਂਗੀ, ਇਹ ਆਪਣੇ ਰੂਪ ਵਿੱਚ ਆ ਜਾਣਗੀਆਂ। ਰਾਣੀ ਹੀਰਿਆਂ ਮੋਤੀਆਂ ਦਾ ਥਾਲ ਲੈ, ਦੌੜ੍ਹਦੀ ਆਈ...। ਚਰਣਾਂ ਤੇ ਰੱਖ ਬੇਨਤੀ ਕੀਤੀ, ਇਹ ਤਿਲ ਫੁੱਲ ਪਰਵਾਨ ਕਰੋ... ਮੇਰੀ ਨਿਮਾਣੀ ਦਾ ਜੀਵਨ ਸਫਲ ਕਰੋ।

ਸਤਿਗੁਰੂ ਇਕ ਨਜ਼ਰ, ਥਾਲ ਵੱਲ ਵੇਖਿਆ ਤੇ ਸਿਰੀ ਰਾਗ ਵਿੱਚ ਸ਼ਬਦ ਉੱਚਾਰਨ ਕੀਤਾ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜ੍ਹਾਉ॥

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥

ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ॥ (ਪੰ.14)

ਨੂੰਰਾਂ ਇਹ ਸੰਸਾਰ...ਮੋਤੀਆਂ ਦੇ ਮਹਿਲ, ਰਤਨਾਂ, ਮਾਣਕਾਂ ਨਾਲ ਸਜੀਆਂ ਦੀਵਾਰਾਂ.. ਖੁਸ਼ਬੋਦਾਰ ਕਸਤੂਰੀ, ਧੂਪ, ਚੰਦਨ....ਇਹ ਸੰਸਾਰ ਸਮਗ੍ਰੀ, ਕਿਤੇ ਪ੍ਰਮੇਸ਼ਰ ਨਾ ਭੁਲਾ ਦੇਵੇ। ਇਹ ਗਰੀਬਾਂ ਜ਼ਰੂਰਤਮੰਦਾਂ ਦੀ ਸਹਾਇਤਾ ਵਿੱਚ ਸਫਲ ਕਰ।

ਸਾਰਾ ਜੀਵਨ, ਜਾਦੂ ਸ਼ਕਤੀ ਨਾਲ ਲੋਕਾਂ ਨੂੰ ਦੁਖ ਦੇ ਕੇ, ਸਤਾ ਕੇ, ਸੁਖੀ ਹੋਣ ਵਾਲੀ ਤਿਲਸਮੀ ਦੁਨੀਆਂ ਦੀ ਜਾਦੂਗਰ ਰਾਣੀ, ਹੁਣ ਸੇਵਾਦਾਰਨ ਹੋ ਗਈ। ਇਕ ਬਖਸ਼ੀ ਰੂਹ ਨਾਲ ਮੇਲ ਹੋਇਆ, ਕਾਇਆ ਕਲਪ ਹੋ ਗਈ।

"ਮਾਧੋ ਸਾਧੂ ਜਨ ਦੇਹੁ ਮਿਲਾਇ"....

ਮਹਾਰਾਸ਼ਟਰ ਦੇ ਸੰਤ ਟੁਕੜੇ ਜੀ, ਕਿਸੇ ਮਸਤੀ ਦੇ ਖਿਨ ਵਿੱਚ ਗਾਉਂਦੇ ਸਨਃ

"ਮਿਲੇ ਕੋਈ ਐਸਾ ਸੰਤ ਫਕੀਰ॥

ਪਹੁੰਚਾ ਦੇ ਭਵ ਨਦੀਆ ਕੇ ਤੀਰ"॥

ਇਹ ਦ੍ਰਿਸ਼ਟੀ ਕਿਸੇ ਸਾਧ ਕੋਲ ਹੁੰਦੀ ਹੈ। ਸੰਸਾਰ ਤਾਂ ਅਭਾਵ ਗ੍ਰਸਤ ਹੀ ਦਿਸਦੈ। ਧਨ ਦਾ ਅਭਾਵ, ਸੇਹਤ ਦਾ ਅਭਾਵ, ਸ਼ਾਨ ਪ੍ਰਤਿਸ਼ਠਾ ਦਾ ਅਭਾਵ...। ਸਾਰੀ ਜ਼ਿੰਦਗੀ, ਇਨਾਂ ਅਭਾਵਾਂ ਨੂੰ, ਜ਼ਰੂਰਤਾਂ ਨੂੰ, ਪੂਰਿਆਂ ਕਰਦਿਆਂ ਗਵਾ ਦਿੱਤਾ। ਕਿਸੇ ਦੁਖਿਆਰੇ ਦੇ ਪੈਰੋਂ ਰੋੜੇ-ਕੰਢੇ ਚੁੱਗਣ ਦਾ ਸਮਾਂ ਹੀ ਨਹੀਂ ਮਿਲਿਆ।

ਭਾਈ ਸੱਤ ਤੇ ਬਲਵੰਡ! ਗੁਰੂ ਘਰ ਦੇ ਕੀਰਤਨੀਏ। ਸਤਿਗੁਰੂ ਪੰਜਵੇਂ ਪਾਤਸ਼ਾਹ ਦਾ ਸਮਾਂ! ਬਹੁਤ ਪਿਆਰ ਸਨਮਾਨ ਮਿਲਿਆ। ਕਾਲ ਦਾ ਚੱਕਰ ਚਲਿਆ...ਮਤਿ ਵਿਪਰੀਤ ਹੋ ਗਈ। ਲੜਕੀ ਦੇ ਵਿਆਹ ਲਈ ਧਨ ਦੀ ਲੋੜ ਸੀ। ਗੁਰੂ ਪਾਤਸ਼ਾਹ ਬਚਨ ਕੀਤਾ, ਕਿੰਨੀ ਕੁ ਮਾਇਆ ਦੀ ਜ਼ਰੂਰਤ ਹੈ.... ਸਤਿਗੁਰ ਨਾਨਕ ਦਾ ਦਰ ਹੈ, ਮੰਗ ਲਵੋ। ਮਤਿ ਵਿੱਚ ਹੰਕਾਰ ਪ੍ਰਵੇਸ਼ ਕਰ ਗਿਆ। ਉਨਾਂ ਨੂੰ ਜਾਪਦਾ ਸੀ, ਸਾਡੀ ਰਾਗ ਵਿਦਿਆ...ਕੀਰਤਨ ਦੀ ਹੀ ਖਿੱਚੀਆਂ ਸੰਗਤਾਂ ਆਉਂਦੀਆਂ ਹਨ। ਇਕ ਦਿਨ ਸਵੇਰ ਆਸਾ ਦੀ ਵਾਰ ਕੀਰਤਨ ਦੀ ਸਾਰੀ ਭੇਟ, ਦਿੱਤੀ ਜਾਏ। ਸਤਿਗੁਰਾਂ ਬਚਨ ਕੀਤਾ, ਜਿਵੇਂ ਤੁਹਾਨੂੰ ਚੰਗਾ ਲਗਦੈ, ਉਵੇਂ ਕਰ ਲਵੋ।

ਦੂਜੇ ਦਿਨ, ਸਵੇਰ ਦਾ ਕੀਰਤਨ ਹੋਇਆ। ਕਰਮਾਂ ਦੀ ਗੱਲ....ਕੁਲ ਸੌ

ਰੁਪਏ ਚੜ੍ਹਾਵੇ ਤੇ ਆਏ। ਆਸ ਹਜ਼ਾਰਾਂ ਦੀ ਹੈ ਸੀ। ਨਾਰਾਜ਼ ਹੋ ਗਏ। ਅਯੋਗ ਸ਼ਬਦ ਬੋਲਦੇ, ਉਠ ਕੇ ਤੁਰ ਗਏ। ਸਾਡੇ ਨਾਲ ਚਲਾਕੀ ਕੀਤੀ ਏ...ਸੰਗਤ ਨੂੰ ਭੇਟਾ ਦੇਣ ਤੋਂ ਵਰਜ ਦਿਤਾ। ਕੀਰਤਨ ਕਰਨ ਨਾ ਆਏ। ਸਮਾਂ ਸ਼ਾਮ ਦੇ ਦੀਵਾਨ ਦਾ ਹੋ ਗਿਆ। ਸੇਵਕ ਭੇਜੇ...ਬੋਲ ਕੁਬੋਲ ਬੋਲੇ, ਆਉਣੋ ਨਾ ਕਰ ਦਿੱਤੀ। ਸਤਿਗੁਰੂ ਪਾਤਸ਼ਾਹ ਆਪ ਗਏ। ਸਾਲੋ ਜੀ ਦੀ ਧਰਮਸ਼ਾਲਾ ਨੇੜੇ, ਉਨ੍ਹਾਂ ਦਾ ਘਰ ਸੀ। ਸਤਿਗੁਰਾਂ ਬਹੁਤ ਸਮਝਾਇਆ। ਪੈਸਿਆਂ ਦੀ ਜਿੰਨੀ ਜ਼ਰੂਰਤ ਹੈ ਲੈ ਲਵੋ....ਗੁਰੂ ਨਾਨਕ ਦੇ ਘਰ ਕੋਈ ਘਾਟ ਨਹੀਂ। ਅਗੋਂ, ਹੰਕਾਰ ਮੱਤੇ ਰਬਾਬੀਆਂ, ਬਹੁਤ ਮਾੜੇ ਬੋਲ ਬੋਲੇ। ਇਹ ਸਾਡੇ ਵੱਡੇ ਵਡੇਰੇ ਕੀਰਤਨੀਆਂ ਦਾ ਪ੍ਰਭਾਵ ਸੀ, ਜੋ ਲੋਗ ਗੁਰੂ ਘਰ ਨਾਲ ਜੁੜਦੇ ਰਹੇ। ਸਾਡੇ ਵਡੇਰੇ, ਭਾਈ ਮਰਦਾਨਾ ਜੀ ਦੀ ਰਬਾਬ ਦੀ ਧੁਨਾਂ ਅਤੇ ਗਾਇਕੀ ਦਾ ਕਮਾਲ ਸੀ...ਨਹੀਂ ਤਾਂ, ਗੁਰੂ ਨਾਨਕ ਨੂੰ ਕੌਣ ਜਾਣਦਾ ਸੀ। ਸਾਡੇ ਹੀ ਵੱਡਿਆਂ ਨੇ, ਗੁਰੂ ਅੰਗਦ ਦੀ ਗੁਰਤਾ ਸਥਾਪਤ ਕੀਤੀ...। ਤੁਹਾਡੇ ਗੁਰੂ ਪਿਤਾ ਨੂੰ ਕਿਸ ਪੁੱਛਣਾ ਸੀ। ਬੱਸ ਹੰਕਾਰੀਓ! ਬੱਸ ਕਰੋ। ਤੁਸੀਂ ਬੇਦੀ ਕੁਲ ਤਿਲਕ ਦੀ ਨਿੰਦਾ ਕੀਤੀ ਹੈ।

ਬੇਦੀ ਕੁਲ ਤਿਲਕ ਦੀ ਨਿੰਦਾ ਤੁਮ ਕੀਨੀ॥

ਫਿਟ ਜਾਵੇਗੀ ਦੇਹਿ, ਤੁਮ ਰੁਜ ਤੇ ਹੋਇ ਹੀਨੀ॥

ਮੈਨੂੰ ਜੋ ਮਰਜ਼ੀ ਆਖਦੇ...ਤੁਸਾਂ ਵਡੇਰਿਆਂ ਸਤਿਗੁਰਾਂ ਦੀ ਨਿੰਦਾ ਕੀਤੀ ਏ) ਤੁਹਾਡੀ ਦੇਹ ਫਿਟ ਜਾਏਗੀ....ਤੁਹਾਨੂੰ ਕੋਹੜ ਹੋ ਜਾਏਗਾ...ਕੋਈ ਤੁਹਾਨੂੰ ਮੱਥੇ ਨਾ ਲਾਏਗਾ।

ਹੋਣੀ ਵਰਤ ਗਈ। ਦੋਹਾਂ ਨੂੰ ਕੋਹੜ ਹੋ ਗਿਆ। ਸਾਰਾ ਸਰੀਰ ਫੋੜਿਆਂ ਨਾਲ ਭਰ ਗਿਆ। ਕੋਈ ਮੱਥੇ ਨਹੀਂ ਲਾਉਂਦਾ। ਕਿਸੇ ਕੋਲ ਜਾਂਦੇ ਤਾਂ ਮੂੰਹ ਮੋੜ ਲੈਂਦੇ। ਜਿਹੜੇ ਪਹਿਲਾਂ, ਇਹਨਾਂ ਦੀ ਗਾਇਕੀ ਅਤੇ ਸੁਰ ਦੀ ਸਿਫ਼ਤਾਂ ਕਰਦਿਆਂ ਥਕਦੇ ਨਹੀਂ ਸਨ... ਉਹ ਹੁਣ ਇਹਨਾਂ ਗੁਰੂ ਦੋਖੀਆਂ ਨੂੰ ਵੇਖ ਕੇ ਬੂਹੇ ਬੰਦ ਕਰ ਲੈਂਦੇ। ਹੁਣ ਪਛਤਾਉਂਦੇ। ਇਹ ਅਸਾਂ ਕੀ ਕਰ ਲਿਆ? ਹੁਣ ਕੋਈ ਸਹਾਈ ਨਹੀਂ ਦਿਸਦਾ। ਸੱਤੇ ਦੇ ਮਨ, ਵਿਚਾਰ ਆਈ,...ਭਾਈ ਲੱਧਾ ਜੀ, ਲਾਹੌਰ ਵਾਲੇ... ਪਰਉਪਕਾਰੀ ਸਾਧ ਹਨ। ਸਤਿਗੁਰਾਂ ਵੀ, ਕਈ ਵਾਰ ਸੰਗਤ ਵਿੱਚ, ਉਨ੍ਹਾਂ ਸੰਤਾਂ ਦੇ ਪਰਉਪਕਾਰੀ ਜੀਵਨ ਦੀ ਚਰਚਾ ਕੀਤੀ ਏ। ਕਿਸੇ ਤਰ੍ਹਾਂ ਰਿੜਦੇ ਹੋਏ, ਭਾਈ ਲੱਧਾ ਜੀ ਕੋਲ ਅੰਮ੍ਰਿਤਸਰ ਤੋਂ ਤੁਰ ਕੇ ਲਾਹੌਰ



Sri Satguru Jagjit Singh Ji eLibrary NamdhariElibrary@gmail.com

ਪਹੁੰਚ ਗਏ। ਸੱਤ ਬਲਵੰਡ ਦਾ ਪ੍ਰਸੰਗ, ਭਾਈ ਲੱਧਾ ਜੀ ਸੁਣ ਚੁਕੇ ਸਨ। ਸਤਿਗੁਰਾਂ ਦਾ ਇਹ ਹੁਕਮ ਵੀ ਸੁਣਿਆ ਸੀ, ਕੋਈ ਇਹਨਾਂ ਫਿਟਿਆਂ ਹੋਇਆਂ ਦੀ ਸਿਫ਼ਾਰਿਸ਼ ਲੈ ਕੇ ਮੇਰੇ ਕੋਲ ਨਾ ਆਵੇ। ਜਿਹੜਾ ਆਏਗਾ, ਉਸ ਦਾ ਮੂੰਹ ਕਾਲਾ ਕਰਕੇ, ਜੁੱਤੀਆਂ ਦਾ ਹਾਰ ਗੱਲ ਪਾ ਕੇ, ਖੋਤੇ ਤੇ ਬਿਠਾ ਕੇ, ਸ਼ਹਿਰ ਵਿੱਚ ਫਿਰਾਇਆ ਜਾਵੇਗਾ। ਸੱਚੇ ਪਾਤਸ਼ਾਹ ਦੀ ਰੰਜਿਸ਼ ਦਾ ਅੰਦਾਜ਼ਾ ਲਾਉਂਦਿਆਂ, ਭਾਈ ਲੱਧਾ ਜੀ ਵੀ ਕੰਬ ਗਏ। ਪਰ ਪੜ੍ਹਦੇ ਸੁਣਦੇ ਹਾਂ:

"ਸਾਧ ਕੈ ਸੰਗਿ ਨਹੀਂ ਕਛੁ ਘਾਲ॥

ਦਰਸਨ ਭੇਟਤ ਹੋਤ ਨਿਹਾਲ॥"

ਕਹਿੰਦੇ ਹਨ, ਨਦੀਆਂ ਦਾ ਜਲ ਤ੍ਰਿਹਾਇਆਂ ਲਈ ਹੁੰਦੈ। ਦਰੱਖਤਾਂ ਦੇ ਫਲ, ਸੰਤਾਂ ਦਾ ਜੀਵਨ ਲੋਕ-ਹਿਤ ਲਈ ਹੁੰਦਾ ਹੈ। ਭਾਈ ਜੀ, ਦੁਹਾਂ ਦਾ ਦੁਖ ਵੇਖ ਕੇ ਦ੍ਰਵਿਤ ਹੋ ਗਏ। ਅੱਖਾਂ ਵਿੱਚ ਜਲ ਭਰ ਆਇਆ। ਬਚਨ ਕੀਤਾ ਪ੍ਰਸਾਦ ਪਾਣੀ ਛੱਕੋ। ਦੂਰੋਂ ਆਏ ਹੋ, ਅਰਾਮ ਕਰੋ, ਸਵੇਰੇ ਇੱਥੋਂ ਤੁਰਾਂਗੇ। ਭਾਈ ਲੱਧਾ ਜੀ ਨੇ, ਆਪ ਮੂੰਹ ਤੇ ਕਾਲਖ ਮੱਲੀ ਤੇ ਜੁੱਤੀਆਂ ਦਾ ਹਾਰ ਬਣਾ ਕੇ ਗਲ ਪਾਇਆ। ਇਕ ਖੋਤਾ ਕਿਤੋਂ ਭਾੜੇ ਤੇ ਲਿਆ। ਅਗਲੇ ਦਿਨ, ਸਵੇਰ ਹੋਈ ਤਾਂ ਤੁਰ ਪਏ। ਸ੍ਰੀ ਅੰਮ੍ਰਿਤਸਰ ਪੁੱਜੇ। ਨਗਰ ਵਿੱਚ ਆਪ ਸੜਕਾਂ ਗਲੀਆਂ ਵਿੱਚ ਫਿਰਨ ਲੱਗੇ। ਕੌਤੁਹਲ ਹੋਏ ਬੱਚਿਆਂ ਨੂੰ ਕੋਈ ਬਹਿਰੂਪੀਆ ਲੱਗਾ। ਰੌਲਾ ਪਾਉਂਦੇ ਬੱਚੇ ਪਿੱਛੇ ਪਿੱਛੇ ਤੁਰੀ ਜਾਂਦੇ। ਸਤਿਗੁਰ ਪਾਤਸ਼ਾਹ, ਸ੍ਰੀ ਦਰਬਾਰ ਸਾਹਿਬ ਪਰਿਕਰਮਾ ਵਿੱਚ, ਥੜਾ ਸਾਹਿਬ, ਦੁਖ ਭਜਨੀ ਬੇਰੀ ਵਾਲੀ ਥਾਂ ਤੇ ਬਿਰਾਜਮਾਨ ਸਨ। ਕੁਝ ਸੰਗਤ, ਬਾਹਰੋਂ ਆਏ ਸਿੱਖ ਦਰਸ਼ਨ ਕਰ ਰਹੇ ਸਨ। ਰੌਲਾ ਜਿਹਾ ਸੁਣਿਆ। ਕਿਸੇ ਸੇਵਕ ਦਸਿਆ, ਭਾਈ ਲੱਧਾ ਜੀ, ਸੱਤ ਬਲਵੰਡ ਨੂੰ ਲੈ ਕੇ ਬਖਸ਼ਾਉਣ ਆ ਰਹੇ ਹਨ। ਸਤਿਗੁਰਾਂ ਵੇਖਿਆ...ਪਰਉਪਕਾਰੀ ਸਾਧ, ਮੇਰਾ ਪਿਆਰਾ ਸਿੱਖ ਭਾਈ ਲੱਧਾ। ਮੂੰਹ ਤੇ ਕਾਲਿਖ, ਗਲ ਜੁੱਤੀਆਂ ਦੀ ਮਾਲਾ, ਖੋਤੇ ਤੇ ਸਵਾਰ। ਸਤਿਗੁਰਾਂ ਦੇ ਨੇਤਰਾਂ ਵਿੱਚ ਜਲ ਭਰ ਆਇਆ। ਭਾਈ ਜੀ ਖੋਤੇ ਤੋਂ ਉਤਰੇ... ਸਤਿਗੁਰ ਚਰਨਾਂ ਤੇ ਸੀਸ ਰਖਿਆ। ਮੇਰੇ ਸਤਿਗੁਰ! ਜੀਅ ਤਾਂ ਭੁੱਲਣਹਾਰ ਹੈ....ਤੁਸੀਂ ਬਖ਼ਸ਼ਣਹਾਰ ਹੋ। ਇਹਨਾਂ ਨੂੰ ਆਪਣੀ ਭੁੱਲ ਪ੍ਰਤੀ ਬਹੁਤ ਪਛਤਾਵਾ ਹੈ, ਰੌਂਦੇ ਹਨ....ਬਹੁਤ ਦੁਖੀ ਹਨ। ਆਪ ਦਾ ਬਚਨ ਲੱਗ ਗਿਐ...ਕੋਹੜੀ ਹੋ ਗਏ ਨੇ।



Sri Satguru Jagjit Singh Ji eLibrary NamdhariElibrary@gmail.com

ਮੱਖੀਆਂ ਭਿੰਨ-ਭਿੰਨ ਕਰਦੀਆਂ ਹਨ। ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ-ਅਵਗਣੁ ਨ ਬੀਚਾਰਹੁ ਕੋਈ...."ਬਖਸ਼ ਦਿਓ"। ਸਾਰਾ ਜਗਤ ਮੰਗਤਾ...ਇਕ ਤੂੰ ਦਾਤਾ......। ਇਹਨਾਂ ਨੂੰ ਚਰਨੀ ਲਾਓ... ਪਹਿਲਾਂ ਵਾਂਗ, ਨਿਰੋਗ ਹੋ ਜਾਣ...।"

ਭਾਈ ਲੱਧਾ ਜੀ, ਤੁਹਾਡੇ ਜਿਹੇ ਪਰਉਪਕਾਰੀ ਸਿੱਖ ਧੰਨ ਹਨ।

"ਗੁਰ ਮਾਰੇ ਕਉ ਸਿੱਖ ਬਚਾਵਹਿ ...

ਸਿੱਖ ਮਾਰਹਿ ਤਿਸ ਨਹਿ ਕਿਤ ਥਾਂਇ"॥

ਇਹਨਾਂ ਨੂੰ ਕਹੋ, ਜਿਸ ਮੁਖ ਤੋਂ ਗੁਰੂ ਨਾਨਕ ਦੀ ਨਿੰਦਾ ਕੀਤੀ ਸੀ, ਉਸੇ ਮੁਖ ਨਾਲ ਗੁਰੂ ਦੀ ਸਿਫ਼ਤ ਕਰਨ। ਜਿਵੇਂ ਜਿਵੇਂ ਸਿਫ਼ਤ ਕਰਨਗੇ, ਰੋਗ ਦੂਰ ਹੁੰਦਾ ਜਾਏਗਾ....।

ਦੁਰਲਭ ਹੁੰਦੇ ਹਨ, ਇਵੇਂ ਦੇ ਸਾਧ! ਭਾਗਾਂ ਨਾਲ ਮੇਲ ਹੁੰਦੈ,...

"ਮਾਧੋ ਸਾਧੂ ਜਨ ਦੇਹੁ ਮਿਲਾਇ॥"

ਗਾਰਗੀ, ਭਾਰਤੀ ਧਰਮ ਦਰਸ਼ਨ ਦੀ ਅਦੁੱਤੀ ਆਤਮ ਗਿਆਨੀ ਨਾਰੀ ਹੋਈ ਹੈ। ਵਚਕਨੂੰ ਰਿਸ਼ੀ ਦੀ ਪੁਤਰੀ, ਚਾਰੇ ਵੇਦਾਂ ਦੀ ਗਿਆਤਾ! ਵੇਦਾਂਤ ਵਿਆਖਿਆਤਾ! ਪੂਰਨ ਵਿਦੁਸ਼ੀ! ਪਿਤਾ ਵਚਕਨੂੰ ਰਿਸ਼ੀ ਕਹਿੰਦੇ, ਗਾਰਗੀ! ਤੇਰੇ ਜੀਵਨ ਵਿੱਚ ਪੂਰਨ ਗੁਰੂ ਦੀ ਘਾਟ ਹੈ। ਰਾਜਾ ਜਨਕ ਦਾ ਸਮਾਂ ਸੀ। ਇਕ ਵਾਰ, ਰਾਜਾ ਜਨਕ ਨੇ ਘੋਸ਼ਣਾ ਕਰਵਾਈ ਕਿ ਇਕ ਹਜ਼ਾਰ ਗਊਆਂ ਸੋਨੇ ਦੀਆਂ ਮੋਹਰਾਂ ਨਾਲ ਸੱਜੀਆਂ, ਜਿਹੜਾ ਸਭ ਤੋਂ ਵੱਡਾ ਵਿਦਵਾਨ ਹੋਵੇ, ਉਹ ਲੈ ਜਾਏ। ਯੱਗਵਲੱਕਯ ਜੀ ਨੂੰ, ਆਸ਼ਰਮ ਦੇ ਵਿਦਿਆਰਥੀਆਂ ਲਈ ਦੁੱਧ ਦੀ ਲੋੜ ਸੀ। ਹੁਕਮ ਕੀਤਾ, ਚਲੋ ਗਊਆਂ ਲੈ ਆਈਏ। ਉਧਰ, ਗਾਰਗੀ ਵੀ ਸੰਜੋਗ ਨਾਲ, ਜਨਕ ਦਰਬਾਰ ਵਿੱਚ ਆਈ ਸੀ। "ਬਿਦੇਹ" ਨੂੰ ਧਰਮ ਚਰਚਾ ਲਈ ਯੋਗ ਪਾਤਰ ਸਮਝਦੀ ਸੀ। ਯੱਗਵਲੱਕਯ ਜੀ ਦੇ ਵਿਦਿਆਰਥੀ, ਗਊਆਂ ਖੋਲਣ ਲੱਗੇ। ਗਾਰਗੀ ਨੇ ਕਿਹਾ, ਠਹਿਰੋ! ਯੱਗਵਲੱਕਯ ਜੀ ਵੱਲ ਮੁਖਾਤਿਬ ਹੋ ਕੇ ਬੋਲੀ "ਤੁਹਾਨੂੰ ਭਰੋਸਾ ਹੈ, ਤੁਸੀਂ ਸਭ ਤੋਂ ਵੱਡੇ ਵਿਦਵਾਨ ਹੋ?"

ਮੈਨੂੰ ਆਸ਼ਰਮ ਲਈ ਦੁੱਧ ਦੀ ਜ਼ਰੂਰਤ ਹੈ- ਰਿਸ਼ੀ ਬੋਲੇ। "ਪਹਿਲਾਂ ਮੇਰੇ



Sri Satguru Jagjit Singh Ji eLibrary NamdhariElibrary@gmail.com

ਪ੍ਰਸ਼ਨ ਦਾ ਜਵਾਬ ਦਿਉ" ਗਾਰਗੀ ਕਿਹਾ। ਸਵਰਗ ਲੋਕ ਤੋਂ ਉਪਰ ਜੋ ਕੁਝ ਹੈ, ਧਰਤੀ ਦੇ ਹੇਠ ਜੋ ਕੁਝ ਹੈ...ਜੋ ਹੋਇਐ, ਹੋ ਰਿਹੈ ਜਾਂ ਹੋਏਗਾ, ਉਹ ਕਿਸ ਦੇ ਅਧੀਨ ਹੈ ? ਯੱਗਵਲੱਕਯ: एतस्य वा अक्षरस्य प्रशासने गार्गी।

ਅਰਥਾਤ ਇਕ ਸੱਤਾ, ਜਿਸ ਦਾ ਕਦੇ ਛਰਿ (ਨਾਸ਼) ਨਹੀਂ ਹੁੰਦਾ...ਉਹ ਸਤਿ ਸਦੀਵੀ ਬ੍ਰਹਮ ਦੇ ਸ਼ਾਸਨ ਅਧੀਨ ਸਾਰਾ ਬ੍ਰਹਮਾਂਡ ਹੈ। ਗਾਰਗੀ ਯੱਗਵਲੱਕਯ ਵਾਰਤਾ ਬਹੁਤ ਲੰਬੀ ਚੱਲੀ। ਅੰਤ ਗਾਰਗੀ, ਯੱਗਵਲੱਕਯ ਜੀ ਦੀ ਪ੍ਰੇਮ ਵਿਆਖਿਆ...ਪ੍ਰੇਮ ਦੇ ਬਿੰਬ, ਸੂਰਜ, ਧਰਤੀ, ਹਵਾ, ਨਦੀਆਂ ਦਾ ਜਲ...ਇਹ ਪ੍ਰੇਮ ਕਰਦੇ ਹਨ...ਸ੍ਰਿਸ਼ਟੀ ਨੂੰ ਬਹੁਤ ਕੁਝ ਦੇਂਦੇ ਹਨ...ਬਦਲੇ ਵਿੱਚ ਕੁਝ ਆਸ ਨਹੀਂ ਰਖਦੇ। ਪ੍ਰੀਤ ਦੀ ਅਦੁਤੀ ਪਛਾਣ...ਪ੍ਰੇਮ ਦੇ ਨਿਵੇਕਲੇ ਸੰਦਰਭ ਸੁਣ ਕੇ ਗਾਰਗੀ ਪੂਰੀ ਤਰਾਂ ਸੰਤੁਸ਼ਟ ਹੋ ਗਈ। ਪਰਾਜਯ (ਹਾਰ) ਸਵੀਕਾਰ ਕੀਤੀ। ਯੱਗਵਲੱਕਯ ਜੀ ਨੂੰ ਗੁਰੂ ਧਾਰਣ ਕੀਤਾ। ਉਸ ਨੇ ਜਨਕ ਦਰਬਾਰ ਵਿੱਚ ਕਿਹਾ, ਧਰਮ ਗਿਆਨ ਤਾਂ ਲਿਪੀ ਦੇ ਅੱਖਰ ਮਾਤਰ ਹੁੰਦੇ ਹਨ। ਧਰਮ ਗ੍ਰੰਥਾਂ ਚੋਂ ਚੁੱਗੇ ਹੋਏ ਕੁਝ ਅੱਖਰ...! ਪੂਰਨ ਸਾਧ, ਕੋਈ ਪੂਰਨ ਗੁਰੂ, ਇਹਨਾਂ ਅੱਖਰਾਂ ਨੂੰ ਆਤਮਾ ਦਾ ਅਨੁਭਵ ਦੇ ਕੇ ਪੂਰਨ ਕਰਦੈ। ਮੈਂ ਭਾਗਾਂ ਵਾਲੀ...ਅੱਜ ਇਕ ਸਾਧ ਦਾ ਆਸਰਾ ਮਿਲਿਆ...

"ਮਾਧੋ ਸਾਧੂ ਜਨ ਦੇਹੁ ਮਿਲਾਇ.."



Sri Satguru Jagjit Singh Ji eLibrary NamdhariElibrary@gmail.com

# 9

# ਪਿਰ ਪਰਦੇਸਿ ਸਿਧਾਏ

ਦੀਵੇ ਤੋਂ ਜੋਤਿ ਵਿੱਛੜ ਗਈ। ਧਨ ਤੋਂ ਪਿਰ ਖੁੰਜ ਗਿਆ। ਕਹਿੰਦੇ ਹਨ, ਪ੍ਰਾਣ ਨਾ ਹੋਣ ਤਾਂ ਮਨੁੱਖ ਜੀਉਂਦਾ ਨਹੀਂ ਰਹਿੰਦਾ। ਭਗਵਾਨ ਸ੍ਰੀ ਰਾਮ ਨੇ, ਲੰਕਾ ਤੋਂ ਆਏ ਹਨੂਮਾਨ ਤੋਂ ਸੀਤਾ ਦਾ ਹਾਲ ਪੁਛਿਆ। ਨਾਲ ਕਹਿੰਦੇ ਹਨਃ

ਕਿਓ ਨ ਮਰੀ ਹਮਤੇ ਬਿਛਰਾਈ ?

ਵਿੱਛੜ੍ਹ ਕੇ ਮਰਿ ਕਿਉਂ ਨਾ ਗਈ ?

ਹਨੂਮਾਨ ਕਹਿੰਦੇ ਹਨ–

"ਪ੍ਰਾਣ ਬਸਹਿ ਤਵ ਚਰਣਨ ਮੈਂ, ਜਮ ਆਵਤ ਹੈ, ਪਰ ਪਾਵਤ ਨਾਹੀਂ ॥"

ਜਮ ਤਾਂ ਕਈ ਵਾਰ ਆਇਆ.....ਪ੍ਰਾਣ ਤਾਂ ਮਾਤਾ ਜਾਨਕੀ ਦੇ ਤੁਹਾਡੇ ਚਰਨਾਂ ਵਿਚ ਵਸਦੇ ਹਨ.....ਜਮ ਹਰ ਵਾਰ ਖਾਲੀ ਟੁਰ ਗਿਆ। ਸੀਤਾ ਦੀ ਦੇਹ ਵਿਚ ਪ੍ਰਾਣ ਨਹੀਂ। ਇਹ ਪ੍ਰੀਤ ਦੀ ਅਵਸਥਾ ਹੁੰਦੀ ਏ। ਪ੍ਰੀਤ ਦਾ ਪ੍ਰਮਾਣ ਉਦੋਂ ਮਿਲਦੈ, ਜਦੋਂ ਵਿਯੋਗ ਦੀ ਤੜ੍ਹਫ ਉੱਠੇ। ਕਹਿੰਦੇ ਹਨ, ਇਹ ਬਿਰਹਾ, ਸੁਲਤਾਨ ਹੈ। ਮਿਲਨ ਤਾਂ ਕੁਝ ਪਲਾਂ ਦਾ ਹੁੰਦੈ.... ਵਿਯੋਗੀ ਤਾਂ ਹਰ ਪਲ ਵਿਯੋਗ ਦੇ ਹੰਝੂਆਂ ਵਿਚ ਹੀ ਡੁਬਿਆ ਰਹਿੰਦੈ .... ਯਾਦਾਂ ਦੀਆਂ ਤਾਰਾਂ ਨਾਲ ਸਦਾ ਜੁੜਿਆ ਰਹਿੰਦੈ।

ਅੱਧੀ ਰਾਤ ਹੋ ਗਈ। ਬਾਲ ਨਾਨਕ ਅਜੇ ਤਾਂਈ ਜਾਗਦੈ...ਪ੍ਰੀਤਮ ਨਾਲ, ਯਾਦਾਂ ਦੀਆਂ ਤਾਰਾਂ ਨਾਲ ਜੁੜੇ ਹੋਏ ਹਨ। "ਵੇ ਨਾਨਕ!" – ਮਾਤਾ ਨੇ ਕਿਹਾ, "ਅੱਧੀ ਰਾਤ ਲੰਘ ਗਈ ... ਵੇ ਹੁਣ ਤਾਂ ਸੌਂ ਜਾ!"

ਦੂਰ ਕਿਤੋਂ, ਚਕਵੀ ਦੀ ਬ੍ਰਿਹੋਂ ਵਿਛੁੰਨੀ ਵਾਜ ਆਈ।

"ਮਾਂ! ਅਜੇ ਤਾਂ ਇਹ ਪੰਖੀ ਵੀ ਨਹੀ ਸੁੱਤਾ...। ਇਸਦਾ ਮਾਹੀ ਤਾਂ



Sri Satguru Jagjit Singh Ji eLibrary NamdhariElibrary@gmail.com

ਕਿਤੇ ਨੇੜੇ ਹੀ ਹੋਣੈ...। ਮੈਨੂੰ ਵਾਜਾਂ ਮਾਰ ਲੈਣ ਦੇ, ਮਾਂ।"

ਗਰਮੀ ਨਾਲ ਤਪਦੀ ਰੁਤ ਲੰਘੀ। ਸਉਣ ਦਾ ਮਹੀਨਾ ਆ ਗਿਆ। ਬਰਖਾ ਦੀ ਛਹਿਬਰ ਲੱਗੀ... ਧਰਤੀ ਦਾ ਹਿੱਕ ਸੀਤਲ ਹੋਇਆ।

ਪੰਖੀ, ਮਨੁੱਖ ਸੁਖੀ ਹੋਏ। ਗੁਰੂ ਨਾਨਕ ਅਜੇ ਵੀ ਬਿਰਹੋਂ ਦੀ ਅਗਨੀ ਵਿਚ ਸਿਕ ਰਹੇ ਹਨ। ਤੁਖਾਰੀ ਰਾਗ ਵਿਚ, ਕਹਿੰਦੇ ਨੇ –

"ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥

ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ॥ (ਪੰ 786)

**ਇਕ ਸੁਹਾਗਨ ! ਸਹੁ ਕੋਲ ਨਹੀਂ। ਸਾਵਨ ਦੀ ਰਿਮਝਿਮ, ਹੋਰ ਵੀ ਦੁਖਦਾਈ ਹੋ ਜਾਂਦੀ ਏ।**

ਸ੍ਰੀ ਕ੍ਰਿਸ਼ਨ ਪਰਦੇਸੀ ਹੋ ਗਏ। ਪਹਿਲਾਂ ਮਥੁਰਾ, ਫੇਰ ਅਗੋਂ ਦਵਾਰਕਾ ਚਲੇ ਗਏ। ਰੁਕਮਣੀ ਅਤੇ **ਸਤਿਅਭਾਮਾ,** ਦੋ ਪਟਰਾਣੀਆਂ ਨਾਲ ਵਿਆਹ ਵੀ ਕਰ ਲਿਆ। ਨਾਰਦ ਜੀ ਦੇ ਮਨ ਵਿਚ, ਰਾਧਾ ਨੂੰ ਇਸ ਹਾਲ ਵੇਖਣ ਦੀ ਚਾਹਤ ਜਗੀ। ਤਾਂਘ ਪਿੰਡ ਬਰਸਾਨੇ ਲੈ ਆਈ। ਪੁਛਦੇ ਹਨ, ਰਾਧਾ– ਮਿਲਨ ਅਤੇ ਵਿਛੋੜਾ... ਸੰਗਮ ਅਤੇ ਬਿਰਹ, ਦੋਹਾਂ ਚੋਂ ਇਕ ਨੂੰ ਮੰਗਣਾ ਹੋਵੇ ਤਾਂ ਤੂੰ ਕੀ ਮੰਗੇਂ ? ਰਾਧਾ ਕਹਿੰਦੀ—

ਸੰਗਮ ਵਿਰਹ ਵਿਕਲਪੇ, ਵਰਮ ਇਹ ਵਿਰਹੋ, ਨ ਸੰਗਮਃ ਤਸਯ।"

ਏਕਃ ਸ ਏਵ ਸੰਗੇ, ਤ੍ਰਿਭਵਨ ਅਪਿ ਤਨਮਯ ਵਿਰਹੇ॥

ਮੈਂ ਬਿਰਹਾ ਨੂੰ ਤਰਜੀਹ ਦਿਆਂਗੀ। ਮਿਲਨ ਤਾਂ ਕੁਝ ਘੜੀਆਂ ਲਈ ਸਾਥ ਹੁੰਦੈ, ਪਰ ਬਿਰਹਾ .... ਤ੍ਰਿਲੋਕੀ ਵਿਚ ਕਿਤੇ ਜਾਈਏ, ਸਾਥ ਨਹੀਂ ਛੱਡਦਾ। ਤਾਂ, ਪ੍ਰਮਾਤਮਾ ਮੇਰੇ ਤੇ ਬਹੁਤ ਪ੍ਰਸੰਨ ਹੈ ... ਮੈਨੂੰ ਵਿਯੋਗਨ ਬਣਾਇਆ। ਇਨ੍ਹਾਂ ਯਾਦਾਂ ਚੋਂ, ਇਕਾ ਖਿਣ ਲਈ, ਸ਼ਯਾਮ ਭੱਜ ਨਹੀ ਸਕਦਾ।

ਇਹ ਵਿਯੋਗ ਦਾ ਸਮਾਂ, ਮਾਤਾ ਸੁਲੱਖਣੀ ਤੇ ਵੀ ਆਇਆ। ਇਹ ਸਮਾਂ ਬੜਾ ਹਰਜਾਈ ... ਇਸ ਦੀ ਗੱਤਿ ਕਿਸੇ ਨਾ ਪਾਈ॥ ਗੁਰੂ ਨਾਨਕ ਪਾਤਸ਼ਾਹ, ਪਹਿਲੀ ਉਦਾਸੀ ਤੇ ਜਾਂਦਿਆਂ, ਕਹਿ ਗਏ "ਸੁਲੱਖਣੀ ਆਪਣੇ ਪਿਤਾ ਦੇ ਘਰ ਜਾਂ ਭੈਣ ਜੀ (ਨਾਨਕੀ) ਦੇ **ਘਰ ਜੀਅ ਲਾ ਲੈਣਾ ... ਜਗ ਦੇ ਕਲਿਆਨ ਲਈ, ਉਦਾਸੀ ਤੇ ਜਾ ਰਿਹਾਂ।" ਪਹਿਲੀ ਉਦਾਸੀ ਤੋਂ ਵਾਪਸ ਆਏ।**



Sri Satguru Jagjit Singh Ji eLibrary NamdhariElibrary@gmail.com

ਸੁਲਤਾਨਪੁਰ ਲੋਧੀ, ਮਾਤਾ-ਪਿਤਾ ਨੂੰ ਮਿਲੇ, ਭੈਣ ਜੀਜੇ ਨੂੰ ਮਿਲੇ। ਹੋਰ ਵੀ ਬਹੁਤਿਆਂ, ਇਲਾਕਾ ਵਾਸੀਆਂ ਨਾਲ ਮਿਲੇ, ਮਾਤਾ ਸੁੱਲਖਣੀ ਨੂੰ ਇਹ ਨਸੀਬ ਨਾ ਹੋਇਆ। ਦੂਜੀ ਉਦਾਸੀ ਤੋਂ ਆਏ ... ਸਾਰਿਆਂ ਨੂੰ ਮਿਲੇ .. ਮਾਤਾ ਸੁਲੱਖਣੀ ਦੇ ਨੇਤਰ, ਹੰਝੂਆਂ ਭਰੇ ਉਡੀਕਦੇ ਰਹੇ ... ਮੇਲ ਨਾ ਹੋਇਆ। ਤੀਜੀ ਉਦਾਸੀ ਤੋਂ ਵਾਪਸ ਆਏ। ਹੋਰਾਂ ਸਾਰਿਆਂ ਨੂੰ ਮਿਲਦੇ ਹੋਏ, ਬਟਾਲੇ, ਪਖੌਂਕੇ ਰੰਧਾਵੇ ਦੇ ਖੂਹ ਤੇ ਆ ਬੈਠੇ। ਪ੍ਰੇਮੋ ਸੇਵਕਣ, ਦੌੜੀ ਗਈ, ਮਾਤਾ ਸੁਲੱਖਣੀ ਨੂੰ ਸੁਨੇਹਾ ਦਿਤਾ, "ਨੀ ਭੈਣ! ਨੀ ਤੇਰਾ ਸਾਂਈਂ ਆਇਐ ... ਮੈ ਆਪ ਵੇਖ ਕੇ ਦੌੜਦੀ ਆਈ ਹਾਂ।" ਰੰਧਾਵੇ ਦੇ ਖੂਹ ਤੇ ਬੈਠੇ ਹਨ...! ਮਾਤਾ ਸੁਲੱਖਣੀ ... ਵਿਯੋਗ ਦੇ ਹੰਝੂਆਂ ਨਾਲ, ਧੁੰਧਲੀਆਂ ਪਈਆਂ ਰਾਹਾਂ ਤੇ ਟੁਰ ਪਈ। ਚਰਨਾਂ ਤੇ ਡਿੱਗ ਪਈ ...। ਮੇਰੇ ਸੁਆਮੀ! ਮੇਰੇ ਤੋਂ ਕਿਹੜੀ ਅਵਗਿਆ ਹੋਈ। ਪਹਿਲੀ ਉਦਾਸੀ ਤੇ ਜਾਂਦਿਆਂ ਮੈਨੂੰ ਹੁਕਮ ਕਰ ਗਇਓ, ਮੈਂ ਛੇਤੀ ਆਵਾਂਗਾ। ਅਯੋਧਿਆ ਦੇ ਰਾਮ ਵੀ, ਚਉਦਾਂ ਸਾਲਾਂ ਮਗਰੋਂ ਮੁੜ੍ਹ ਆਏ ...। ਸੀਤਾ ਵਿਛੜੀ, ਤਾਂ ਸਮੁੰਦਰ ਬੰਨ੍ਹ ਕੇ ਲੰਕਾ ਜਾ ਪੁੱਜੇ ਤੇ ਸੀਤਾ ਲੈ ਆਏ ...। ਮੈਂ ਨਿੱਕੇ-ਨਿੱਕੇ ਬੱਚੇ ਲੈ ਕੇ, ਉਡੀਕਦੀ ਰਹੀਂ। ਮੇਰੇ ਸਾਂਈਆ ... ਤੁਹਾਡੇ ਜਿਹੇ ਜਗ-ਨਾਥ ਦੇ ਹੁੰਦਿਆਂ, ਅਨਾਥਾਂ ਵਾਂਗ, ਪਿਓ ਦੇ ਘਰ ਜਾਂ ਭੈਣ ਜੀ ਵਲ ਭਟਕਦੀ ਰਹੀ ...। ਮੇਰੇ ਤੋਂ ਕਿਹੜ੍ਹੀ ਅਵਗਿਆ ਹੋਈ ? ਪੂਰੇ 21 ਸਾਲ ਬਤੀਤ ਹੋ ਗਏ ... ਇਹ ਵਿਛੋੜਾ ਮੇਰੀ ਝੋਲੀ ਪਿਆਂ। ਸਤਿਗੁਰ ਪਾਤਸ਼ਾਹ ਵੀ ਭਿੱਜ ਗਏ। ਤੁਖਾਰੀ ਰਾਗ ਵਿਚ ਸ਼ਬਦ ਉਚਾਰਨ ਕੀਤਾ:

"ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥

ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ॥ (ਪੰ-504)

ਜੀਵਾਤਮਾ ... ਜਾਗ੍ਰਿਤ ਹੋਈ, ਪ੍ਰਮਾਤਮਾ ਨੂੰ ਸੁਨੇਹੜੇ ਦੇਂਦੀ, ਹਰ ਪਲ ... ਹਰ ਖਿਣ।

ਸੰਸਾਰੀ ਪ੍ਰੀਤ ਨੂੰ ਬਿੰਬ ਬਣਾ ਕੇ, ਭਗਤੀ ਕਾਵਿ ਰਚਨਾਕਾਰਾਂ ਨੇ, ਪ੍ਰਾਣੀ ਅਤੇ ਪ੍ਰਮੇਸ਼ਰ ਦੇ ਅਦਿੱਖ ਰਿਸ਼ਤੇ ਨੂੰ ਉਜਾਗਰ ਕੀਤਾ ਹੈ। ਮਲਿਕ ਮੁਹੰਮਦ ਜਾਯਸੀ ਨੇ "ਪਦਮਾਵਤ" ਵਿਚ, ਸਿੰਘਲ ਦੀਪ (ਸ੍ਰੀ ਲੰਕਾ) ਦੀ ਰਾਜਕੁਮਾਰੀ ਬਣਾ ਕੇ, ਪਦਮਾਵਤੀ ਅਤੇ ਚਿਤੌੜ੍ਹ ਦੇ ਰਾਜਾ ਰਤਨਸੇਨ ਦੇ ਪ੍ਰੇਮ ਨੂੰ ਬਿੰਬ ਬਣਾ ਕੇ, ਜੀਅ -ਬ੍ਰਹਮ ਰਿਸ਼ਤੇ ਨੂੰ ਜੀਵੰਤ ਕੀਤਾ ਹੈ।



Sri Satguru Jagjit Singh Ji eLibrary NamdhariElibrary@gmail.com

ਪਦਮਾਵਤੀ, ਵਿਯੋਗਨ ਹੈ। ਬਾਰ੍ਹਾਂ ਮਹੀਨਿਆਂ ਦੇ ਬ੍ਰਿਹੋਂ ਸੰਦੇਸ਼ ਰਚ ਕੇ ਤੋਤੇ ਹੱਥ ਭੇਜਦੀ ਹੈ। "ਰੋਇ ਗਵਾਇਓ ਬਾਰਹ ਮਾਸਾ। ਸਹਸ-ਸਹਸ ਦੁਖਿ ਏਕ-ਏਕ ਸਾਸਾ। ਪਲ-ਪਲ ਬਰਸ, ਬਰਸ ਬਰੂ ਜਾਈ। ਪਹਿਰ-ਪਹਿਰ- ਜੁਗਿ-ਜੁਗਿ ਨ ਸਿਰਾਈ॥" ਸਾਲ ਬੀਤ ਗਿਆ ਰੋਦਿਆਂ। ਇਕ-ਇਕ ਸਵਾਸ ਵਿਚ ਹਜ਼ਾਰ ਹਜ਼ਾਰ ਦੁਖ ਸਹੇ ਹਨ। ਇਕ-ਇਕ ਪਲ ਵਰ੍ਹਿਆਂ ਵਾਂਗ, ਇਕ-ਇਕ ਪਹਿਰ ਜੁਗਾਂ ਵਾਂਗ ਬਤੀਤ ਹੋਇਐ। ਕੀ ਹਾਲ ਦੱਸਾਂ ਵਿਯੋਗਣ ਦਾ, ਕਿਵੇਂ ਬਾਰ੍ਹਾਂ ਮਹੀਨੇ ਬਤੀਤ ਹੋਏ।

ਬ੍ਰਿਹੋਂ ਦਾ ਦਰਦ ਤਾਂ ਉਹ ਜਾਣੇ, ਜਿਸ ਨੇ ਇਸ ਸਰਪ ਦੇ ਡੰਗ ਨੂੰ ਸਹਿਆ ਹੋਵੇ। ਵਿੱਛੜਿਆਂ ਦੀ ਗੱਲ ਵਿੱਛੜੇ ਜਾਨਣ ...ਕੀ ਜਾਣੇ ਮੂਰਖ ਗਵਾਰੀ।

ਵਿੱਛੜਿਆਂ ਦੀ ਗੱਲ, ਰਾਜਾ ਦਸਰਥ ਜਾਣੇ, ਜਿਸ ਪ੍ਰਾਣ ਤਜੇ ਇਕ ਵਾਰੀ॥

ਸ੍ਰੀ ਰਾਮ ਬਨਵਾਸ ਗਏ ... ਰਾਤ ਲੰਘੀ, ਪ੍ਰਾਣ ਤਿਆਗ ਦਿਤੇ। ਪ੍ਰੇਮ ਵਿਯੋਗੀ ਨਾ ਜੀਏ ...।

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ, "ਪਿਤਾ ਗੁਰੂ" ਦਾ ਹੁਕਮ ਮੰਨ ਲਾਹੌਰ ਗਏ। ਸਹਾਰੀ ਮਲ ਜੀ, ਸ੍ਰੀ ਗੁਰੂ ਰਾਮ ਦਾਸ ਜੀ ਦੇ, ਤਾਇਆ ਜੀ ਦੇ ਪੁਤਰ, ਰਿਸ਼ਤੇ ਵਿਚ ਭਾਈ ਸਨ। ਪੁੱਤਰ ਵਿਆਹ ਦਾ ਸੱਦਾ ਲੈ ਕੇ, ਸ੍ਰੀ ਅੰਮ੍ਰਿਤਸਰ ਆਏ ਸਨ। ਵੱਡੇ ਦੋਹਾਂ-ਪੁੱਤਰਾਂ ਨੇ ਲਾਹੌਰ ਜਾਣ ਤੋਂ ਨਾਂਹ ਕਰ ਦਿੱਤੀ। ਹੁਕਮ ਹੋਇਆ, ਅਰਜਨ! ਪੁੱਤਰ ਤੂੰ ਜਾਹ। ਇਕ ਮਹੀਨਾ ਵਿਆਹ ਵਾਲੇ ਘਰ ਰਹੋ... ਫੇਰ ਆਪਣੀ ਧਰਮਸ਼ਾਲਾ, (ਲਾਹੌਰ) ਵਿਚ ਰਹਿ ਕੇ "ਸਭ ਸੰਗਤ ਸਤਿਨਾਮੁ ਜਪਾਵਹੁ"। ਔਰ ਹਾਂ, ਜਦੋਂ ਅਸੀਂ ਸੱਦੀਏ, "ਤਬ ਹਮਰੀ ਦਿਸ਼ ਆਵਨ ਕਰੋ"।

ਸਤਿ ਬਚਨ ਕਹਿ, ਸ੍ਰੀ ਗੁਰੂ ਅਰਜਨ ਦੇਵ ਜੀ, ਲਾਹੌਰ ਤੁਰ ਪਏ। ਵਿਆਹ ਹੋ ਗਿਆ। ... ਇਕ ਮਹੀਨਾ ਉਥੇ ਰਹੇ। ਮਨ ਉਦਾਸ ਰਹਿੰਦੈ। ਪ੍ਰਸ਼ਾਦਾ ਛੱਕਣ ਨੂੰ ਜੀਅ ਨਹੀ ਕਰਦਾ ... ਰਾਤ ਨੀਂਦ ਨਹੀ ਆਉਂਦੀ।

ਮੇਰੇ ਗੁਰੂ ਪਿਤਾ, ਹੁਣ ਤੁਹਾਥੋਂ ਵਿੱਛੜ ਕੇ ਰਿਹਾ ਨਹੀਂ ਜਾਂਦਾ।

ਇਕ-ਇਕ ਕਰ ਕੇ, ਤਿਨ ਬਿਨੈ-ਪਤ੍ਰਿਕਾ, ਗੁਰੂ-ਚਰਨਾਂ ਵਿਚ ਭੇਜੀਆਂ

-ਮੇਰੇ ਮੀਤ, ਗੁਰਦੇਵ, ਤੁਸਾਂ ਤੋਂ ਦੂਰ... ਮੇਰਾ ਮਨ ਤੜਫਦੈ, ਚਾਤ੍ਰਿਕ ਵਾਂਗ! ਹੇ ਸਤਿਗੁਰ, ਹੁਣ ਤਾਂ ਇਵ ਲਗਦੈ, ਇਕ ਘੜੀ ਹੋਰ ਨਾ ਮਿਲੇ, ਤਾਂ ਕਲਿਜੁਗ ਦੇ ਸਾਰੇ ਦੁਖ ਕਲੇਸ ਮੇਰੇ ਤੇ ਵਿਆਪਤਿ ਹੋ ਜਾਣੇ...। ਮੋਹਿ ਬਿਸਾਰਯੋ ਸਤਿਗੁਰ ਸਵਾਮੀ। ਯਾਦ ਨ ਕੀਨਸ ਅੰਤਰਜਾਮੀ"॥ ਛੇ ਮਹੀਨੇ ਲੰਘ ਗਏ, ਵਿਛੜਿਆਂ। ਸੰਗਤ ਵਿਚ, ਗੁਰੂ ਮਹਿਮਾਂ ਗਾਉਂਦਿਆਂ। ਗੁਰੂ ਦੀ ਉਪਮਾ, ਗੁਰੂ ਪ੍ਰਸੰਗ ਛਿੜਦਿਆਂ ਵਿਰਾਗੀ ਹੋ ਜਾਂਦੇ... ਨੇਤਰਾਂ ਚੋਂ ਜਲ ਵੱਗੀ ਜਾਣਾ।

ਸਾਰੀ ਸੰਗਤ ਵਿਰਾਗੀ ਹੋ ਜਾਂਦੀ ...।

ਸਉਣ ਦਾ ਮਹੀਨਾ ਆ ਗਿਆ। ਰੁੱਤ ਬਦਲੀ। ਧਰਮਸ਼ਾਲਾ ਦੇ ਚੌਬਾਰੇ ਤੇ ਚੜ੍ਹ ਗਏ। ਸ੍ਰੀ ਅੰਮ੍ਰਿਤਸਰ ਤੋਂ ਲਾਹੌਰ ਨੂੰ ਆਉਂਦੇ ਰਾਹ ਤੇ ਨਿਗਾਹ ਲਾਈ ਹੋਈ ਸੀ ... ਸ਼ਾਇਦ ਕੋਈ ਸੱਜਣ, ਮੇਰੇ ਗੁਰੂ ਦਾ ਸੱਦਾ ਲਿਆਉਂਦਾ ਹੋਵੇ। ਆਸਮਾਂ, ਕਾਲੇ ਬੱਦਲਾਂ ਨਾਲ ਭਰ ਗਿਆ। ਤੇਜ਼ ਹਵਾਵਾਂ ਨਾਲ ਬੱਦਲ ਗਰਜਣ ਲੱਗੇ। ਬਿਜਲੀ ਲਿਸ਼ਕਨ ਲੱਗੀ...। ਮੇਰੇ ਸਤਿਗੁਰੂ! ਹੁਣ ਤਾਂ ਰੁਤੜੀਆਂ ਵੀ ਬਦਲ ਗਈਆਂ। ਮੈਂ ਇਕੱਲਾ ... ਇਹ ਗਰਜਦੇ ਬੱਦਲ... ਆਸਮਾਨੀ ਬਿਜਲੀ ... ਤੇਜ਼ ਹਵਾਵਾਂ, ਮੂਸਲਾਧਾਰ ਬਰਖਾ... ਮੇਰੇ ਗੁਰੂ ਪਿਤਾ ! ਮੈਨੂੰ ਇਕੱਲਿਆਂ ਜਾਣ, ਇਹ ਸਾਰੇ ਡਰਾ ਰਹੇ ਹਨ! ਸੋਰਠ ਰਾਗ ਵਿਚ, ਬਾਣੀ ਉਚਾਰਨ ਕੀਤੀਃ-

"ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ॥

ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ॥

ਹੁਣਿ ਨਹੀ ਸੰਦੇਸਰੋ ਮਾਇਓ॥

ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਅਇਓ॥

ਕਿਉ ਬਿਸਰੈ ਇਹੁ ਲਾਲੁ ਪਿਆਰੋ, ਸਰਬ ਗੁਣਾ ਸੁਖਦਾਇਓ॥

ਮੰਦਰਿ ਚਰਿ ਕੈ ਪੰਥ ਨਿਹਾਰਓ ਨੈਨ ਨੀਰਿ ਭਰਿ ਆਇਓ॥ (ਪੰ-500)

ਮੇਰੇ ਸਤਿਗੁਰ, ਪਹਿਲਾਂ ਕਦੇ, ਇਕ ਕੋਹ ਤੇ ਕਿਸੇ ਕੰਮ ਭੇਜਦੇ ਸੀ ... ਚਾਰ-ਚਾਰ ਸੁਨੇਹੇ, ਬੁਲਾਵੇ ਦੇ ਆ ਜਾਂਦੇ ਸੀ।

ਹੁਣ ਮੈਨੂੰ ਕਿਉਂ, ਵਿਸਾਰ ਦਿੱਤਾ...?

ਮਨੁੱਖ, ਧਨ ਸੰਪਤੀ, ਸ਼ੌਹਰਤ ਸਾਰੀ ਇਕੱਠੀ ਕਰ ਲਏ ... ਗੁਰੂ ਪਾਤਸ਼ਾਹ ਕਹਿੰਦੇ ਹਨ –ਫੇਰ ਵੀ ਦੁਖੀ ਰਹੇਗਾ "ਸਗਲ ਸ੍ਰਿਸਟਿ ਕੋ ਰਾਜਾ ਦੁਖੀਆ"...॥

ਇਸ ਦਾ ਕਾਰਨ ਹੈ– ਜੀਵਾਤਮਾ ਨੂੰ ਮਿਲਣ ਦੀ ਤਾਂਘ ਹੈ– ਧਨ ਦੌਲਤ ਤੋਂ ਇਹ ਪਿਆਸ ਬੁਝਣੀ ਨਹੀਂ। ਆਤਮਾ, ਅਤ੍ਰਿਪਤ ਹੈ, ਤਾਂ ਹੀ ਮਨੁੱਖ ਰੱਜ ਨਹੀਂ ਰਿਹਾ। ਅੰਦਰ ਵਿਛੋੜੇ ਦਾ ਦੁਖ, ਚੈਨ ਨਹੀਂ ਆਉਣ ਦੇਂਦਾ। ਸਿੱਖ, ਸਤਿਗੁਰ ਤੋਂ ਵਿੱਛੜ ਜਾਏ, ਜਿਵੇਂ ਦੇਹ ਤੋਂ ਪ੍ਰਾਣ ਵਿੱਛੜ ਗਏ... ਜਿਵੇਂ ਦੀਵੇ ਤੋਂ ਜੋਤਿ ਅੱਡ ਹੋ ਗਈ।

ਸ੍ਰੀ ਗੁਰੂ ਨਾਨਕ ਪਾਤਸ਼ਾਹ! ਅੰਤ ਸਮਾਂ ਜਾਣ, ਭਾਈ ਲਹਿਣਾ ਜੀ ਨੂੰ ਗੁਰਤਾ ਦਿੱਤੀ। ਗੁਰੂ ਅੰਗਦ ਨੇ ਸੀਸ ਨਿਵਾਇਆ। ਗੁਰੂ ਪਿਆਰੇ ਦੀ ਧੂੜ ਮੁਖ ਤੇ ਲਾਈ। ਜਲ ਭਰੇ ਨੇਤਰਾਂ ਨਾਲ ਟੁਰ ਪਏ। ਅੰਦਰ ਕਿਤੇ ਹੋਣੀ ਦੀ ਆਸ਼ੰਕਾ ...ਸੋਚਦੇ ਚਿਤਵਦੇ ਤੁਰੀ ਜਾਂਦੇ ਹਨ। ਇਵ ਜਾਪਦੈ, ਭਾਣਾ ਵਰਤਾਉਣੈ...।

"ਚਾਹਤ ਹੈਂ ਪ੍ਰਸਥਾਨ ਬੈਕੁੰਠ ਕੋ"। ਇਵ ਜਾਪਦੈ, ਗੁਰਾਂ ਨੇ ਬੈਕੁੰਠ ਗਮਨ ਕਰਨਾ ਹੋਵੇ। ਖਡੂਰ ਮਾਈ ਭਿਰਾਈ ਦੇ ਘਰ, ਇਹ ਵਚਨ ਲੈ ਕੇ ਡੇਰਾ ਲਾਇਆ ਕਿ ਕਿਸੇ ਅੱਗੇ ਇਹ ਭੇਦ ਨਹੀਂ ਖੋਲ੍ਹਣਾ। ਕਮਰੇ ਅੰਦਰ ਸਮਾਧੀ ਲਾ ਲਈ। ਹੁਕਮ ਅਨੁਸਾਰ, ਬਾਹਰੋਂ ਚੰਗੀ ਤਰ੍ਹਾਂ ਚਿਨਾਈ ਕਰਵਾ ਕੇ, ਗਾਰੇ ਨਾਲ ਲੇਪ ਕੇ, ਬੰਦ ਕਰਵਾ ਦਿੱਤਾ। ਉਧਰ, ਕਰਤਾਰਪੁਰ, ਸ੍ਰੀ ਗੁਰੂ ਨਾਨਕ ਪਾਤਸ਼ਾਹ ਹੁਕਮ ਕਰ ਗਏ... ਭਾਈ ਲਹਿਣਾ, ਮੇਰੇ ਅੰਗ ਤੋਂ ਅੰਗਦ ਹੋਇਐ। ਇਹ ਜੋਤਿ ਹੁਣ, ਗੁਰੂ ਅੰਗਦ ਵਿਚ ਜੱਗ ਪਈ ਏ।" ਬਾਬਾ ਬੁੱਢਾ ਜੀ, ਕੁਝ ਸਿੱਖਾਂ ਸੇਵਕਾਂ ਨਾਲ, ਦੂਜੇ ਪਾਤਸ਼ਾਹ ਦੀ ਭਾਲ ਕਰਦੇ, ਮਾਈ ਭਿਰਾਈ ਦੇ ਘਰ ਪਹੁੰਚ ਗਏ। ਮਾਈ ਬਚਨ ਦੀ ਬੱਧੀ ਸੀ ... ਮੂੰਹ ਨਾ ਖੋਲਿਆ। ਉਸ ਦੇ ਮੋਨ ਨੂੰ, ਬਾਬਾ ਬੁੱਢਾ ਜੀ ਨੇ ਪੜ੍ਹ ਲਿਆ। ਬਾਹਰੋਂ ਚਿਨਾਈ ਤੋੜ੍ਹ, ਦਰਵਾਜ਼ਾ ਖੋਲਿਆ। ਸਮਾਧੀ ਲੀਨ, ਸਤਿਗੁਰਾਂ ਦੇ ਚਰਨਾਂ ਤੇ ਸਾਰਿਆਂ, ਬਾਬਾ ਬੁੱਢਾ ਜੀ ਸਹਿਤ, ਮੱਥਾ ਟੇਕਿਆ।

ਪਾਤਸ਼ਾਹ, ਨੇਤਰ ਖੋਲੇ... ਹਾਲਾਤ ਦਾ ਜਾਇਜ਼ਾ ਲਿਆ। ਗੁਰੂ ਨਾਨਕ ਪਾਤਸ਼ਾਹ ... ਮੇਰੇ ਸਤਿਗੁਰ ਵਿਛੋੜਾ ਦੇ ਗਏ ? ਅਹਿਸਾਸ ਮਾਤਰ ਨਾਲ ਕੰਬ ਗਏ। ਕੁਝ ਬੋਲੇ ਨਹੀਂ। ਬਾਹਰ ਆਏ ... ਇਹ ਸਲੋਕ ਉਚਾਰਨ ਕੀਤਾ –



Sri Satguru Jagjit Singh Ji eLibrary NamdhariElibrary@gmail.com

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਏ।

ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥ - (ਪੰ-513)

17 ਜਨਵਰੀ 1872 ਦੀ ਰਾਤ, ਬ੍ਰਿਟਿਸ਼ ਹਕੂਮਤ, ਸਤਿਗੁਰ ਰਾਮ ਸਿੰਘ ਜੀ ਨੂੰ, ਸ੍ਰੀ ਭੈਣੀ ਸਾਹਿਬ ਤੋਂ ਨਜ਼ਰਬੰਦ ਕਰ ਕੇ ਲੈ ਗਈ। ਲੁਧਿਆਣੇ ਤੋਂ ਸਪੇਸ਼ਲ ਟ੍ਰੇਨ ਰਾਹੀਂ ਇਲਾਹਾਬਾਦ, ਫੇਰ ਕਲਕੱਤੇ। ਅਗੋਂ ... ਕੋਈ ਪਤਾ ਨਹੀਂ ... ਕਿੱਥੇ ਲੈ ਗਏ। 1875 ਜਨਵਰੀ, ਸ੍ਰ ਦਰਬਾਰਾ ਸਿੰਘ, ਪਹਿਲਾ ਸਿੱਖ, ਰੰਗੂਨ ਤੋਂ ਖਬਰ ਲਿਆਇਆ। ਕੂਕੇ ਵਿਯੋਗ ਵਿਚ ਬਾਵਰੇ ਹੋ ਗਏ ... ਆਵਲ...ਬਾਵਲ। ਦਿਲ ਦੀਆਂ, ਦਿਲ ਵਿੱਚ ਰਹਿ ਗਈਆਂ। ਕੂਕੇ ... ਸੁਫੇਦ ਵਸਤ੍ਰਾਂ ਵਾਲੇ ... ਸਿੱਧੇ-ਸਾਦੇ ਗੁਰੂ ਦੇ ਸਿੱਖ, ਵਿਯੋਗ ਵਿਚ ਕੁਰਲਾਉਂਦੇ ਰਹੇ।

" ਰਾਤੀ ਨੈਣੀ ਨੀਂਦ ਨ ਆਵੈ... ਤਾਰੇ ਗਿਣਦਿਆਂ ਰੈਣ ਵਿਹਾਵੈ..."।

"ਕੂਕਿਆਂ ਘਰ ਉਦਾਸੀ, ਜਿਵੇਂ ਜਿੰਦ ਲਾਈ ਫਾਸੀ...।"

ਮਾਘ ਦੇ ਮਹੀਨੇ ਸਤਿਗੁਰ ਪ੍ਰਦੇਸ ਗਏ। ਅਗਲੇ ਮਹੀਨੇ, ਕਹਿੰਦੇ "ਫੱਗਣ ਆਇਆ ... ਕਿਸੇ ਕੂਕੇ ਦਾ ਕੁੰਡਾ ਖੜਕਾਇਆ, ਖੋਲ ਸਿੱਖ ਬੂਹਾ, ਬਦਲੀ ਰੁੱਤ ਦੀ ਸੌਗਾਤ ਹਾਂ ਲਿਆਇਆ॥ ਸਿੱਖ ... ਜ਼ਰਦ ਰੰਗਾ! ਹੰਝੂਆਂ ਦੀ ਬਰਖਾ, ਜਿਵੇਂ ਹੁਣੇ ਵਰ੍ਹ ਕੇ ਲੰਘੀ ਹੋਵੇ। ਬੂਹਾ ਖੋਲਿਆ-

"ਫੱਗਣ! ਤੂੰ ਫੇਰ ਕਦੇ ਆਵੀਂ ... ਮੁਖ ਆਪਣਾ ਵਿਖਾਵੀਂ।

ਰਤਾ ਚੈਨ ਨਹੀ ਆਵੈ... ਸਾਰੀ ਸੰਗਤ ਕੁਰਲਾਉਂਦੀ।"

"ਗੁਰਾਂ ਦਾ ਵਿਛੋੜਾ, ਜਿਵੇਂ ਜਿਗਰ ਵਿਚ ਫੋੜ੍ਹਾ, ਕੋਈ ਗੱਲ ਨਹੀਂ ਸੁਖਾਂਵਦੀ ...।"

ਹਾਇ ਵੇ ਰੱਬਾ। ਵਿਛੋੜਾ ਨਾ ਕਿਸੇ ਦੇ ਪੇਸ਼ ਆਵੇ।

ਕਿਸੇ ਦਾ ਨਾ ਪੀਆ ਪਰਦੇਸ ਜਾਵੇ॥

ਕੂਕਾ ... ਬਉਰਾ ਹੋਏ ਗਿਆ। ਇਕ ਵਾਰ... ਸਰਦ ਰੁੱਤ ਦੀ ਠੰਢੀ ... ਕਾਲੀ ਬੋਲੀ ਰਾਤ ਸੀ। ਆਕਾਸ਼ੋਂ ਬੱਦਲ ਗਰਜ ਰਹੇ ਸਨ। ਬਿਜਲੀ ਲਿਸ਼ਕਦੀ ਸੀ। ਤੇਜ ਬਰਖਾ ... ਪਾਲਾ ਹੱਡਾਂ ਨੂੰ ਠਾਰ ਰਿਹਾ ਸੀ...।

"ਕਾਲੀ ਬੋਲੀ ਰਾਤ ਸੀ ... ਬੱਦਲ ਸੀ ਗੜ੍ਹਕਾਂ ਮਾਰਦਾ।

ਬਿਜਲੀ ਸੀ ਉਦੋਂ ਲਿਸ਼ਕਦੀ ... ਪਾਲਾ ਸੀ ਤਨ ਨੂੰ ਠਾਰਦਾ।

ਉਹ ਗਜ਼ਬ ਦੀ ਰਾਤ ਸੀ ... ਫੇਰ ਵੀ ਮੈਂ ਸਾਹਵੇਂ ਤੱਕਿਆ ...

ਕੰਬਲ ਦੀ ਬੁੱਕਲ ਮਾਰ ਕੇ, ਬੈਠਾ ਸੀ ਕੋਈ ਥਕਿਆ।

ਨੇੜੇ ਜਾ ਕੇ ਵੇਖਿਆ, ਮੈ ਚੇਹਰਾ ਉਸ ਤਸਵੀਰ ਦਾ।

ਸਿੱਖ ਮੈਨੂੰ ਉਹ ਜਾਪਿਆ ... "ਭੈਣੀ ਵਾਲੇ ਪੀਰ" ਦਾ।

ਕੰਬਦਿਆਂ ਪੈਰਾਂ ਨਾਲ, ਕਵੀ ਉਸ ਦੇ ਨੇੜ੍ਹੇ ਗਿਆ। ਓਹ! ਕੀ ਹਾਲ ਬਣਾ ਲਿਐ? ਕਿਹੜਾ ਭਾਰਾ ਦੁਖ ਹੈ, ਜਿਹੜਾ ਤੈਨੂੰ ਇਸ ਭਿਆਨਕ ਰਾਤ ਵਿਚ, ਇਥੇ ਖਿੱਚ ਲਿਆਇਐ? ਮਜਨੂੰ, ਫ਼ਰਹਾਦ, ਰਾਂਝਾ ਜਾਂ ਕਿਸੇ ਗੁਰੂ ਪਿਆਰੇ ਦੇ ਵਿਛੋਹ ਵਿੱਚ ਤੜਫਦਾ ਕੋਈ ਸਿੱਖ! ਕੌਣ ਹੈਂ ਤੂੰ? ਉਸ ਮਾੜਾ ਜਿਹਾ, ਸਿਰ ਚੁਕਿਆ ... ਮੰਦ ਜ਼ੁਬਾਂ ਨਾਲ ਬੋਲਿਆ, "ਆਵਾਂਗਾ ਇਸੇ ਰੂਪ ਵਿਚ, ਜਾਂਦਾ ਸੀ ਉਹ ਕਹਿ ਗਿਆ। ਤਾਹੀਓਂ ਰਸਤਾ ਰੋਕ ਕੇ ਮਾਹੀ ਦਾ ਐਥੇ ਬਹਿ ਗਿਆ।" ਕਹਿੰਦਾ, ਇਸੇ ਰਾਹ, ਮਾਹੀ ਪਰਦੇਸ ਗਿਆ ਸੀ। ਵਚਨ ਕਰ ਗਿਆ ਸੀ, ਇਸੇ ਰੂਪ ਮੁੜ੍ਹ ਆਵਾਂਗਾ। ਇਸੇ ਰਾਹ ਆਉਣੈ। ... ਪਤਾ ਨਹੀਂ ਕਿਸ ਘੜੀ ਆ ਜਾਏ। ਖੁੰਝ ਨਾ ਜਾਵਾਂ ... ਤਾਂ ਰਸਤਾ ਰੋਕ ਕੇ ਇਥੇ ਬਹਿ ਗਿਆਂ।

ਬਹੁਤ ਬੇਦਰਦ ਹੁੰਦੈ, ਵਿਛੋੜਾ!

"ਦੀਆ ਜਲਤ ਹੈ ਰਾਤ ਕੋ ... ਜੀਆ ਜਲੈ ਦਿਨ ਰੈਨ..."।

ਇਕ ਖਿਨ ਸਾਹ ਨਹੀਂ ਲੈਣ ਦੇਂਦਾ।

ਤਾਂ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

ਮੈ ਮਨਿ ਤਨਿ ਸਹੁ ਭਾਵੈ ...

ਪਿਰ ਪਰਦੇਸਿ ਸਿਧਾਏ.....॥



Sri Satguru Jagjit Singh Ji eLibrary NamdhariElibrary@gmail.com

# 10

## ਨਾਨਕ ਬਿਜੁਲੀਆ ਚਮਕੰਨਿ.....

ਧਰਤੀ ਜਲ ਦੀ ਤ੍ਰਿਹਾਈ ... ਤਪਦਾ ਸੂਰਜ .. ਜੇਠ ਹਾੜ ਦਾ ਮਹੀਨਾ...।

ਨਦੀਆਂ ਪੋਖਰ ਸਭ ਸੁੱਕ ਗਏ ... ਧਰਤੀ ਦੀ ਹਿੱਕ ਪਾਟਣ ਲੱਗੀ। ਜੀਅ ਜੰਤ ਬਨਸਪਤੀ ਸਭ ਪਾਨੀ-ਪਾਨੀ ਕਰ ਰਹੇ। ਧਰਤੀ—ਅਰਜੋਈਆਂ ਕਰਦੀ, "ਹੇ ਰੱਬਾ ਮੇਘ ਦੇ ... ਪਾਣੀ ਦੇ ...। ਇਹ ਜੀਅ ਬਨਸਪਤੀ ...ਤੂੰ ਇਹਨਾਂ ਦਾ ਪਿਤਾ... ਇਹ ਸਾਰੇ ਮੇਰੀ ਕੁੱਖੋਂ ਜੰਮੇ...। ਇਹ ਤ੍ਰਿਹਾਏ ਦਮ ਤੋੜ ਰਹੇ। ਇਕ ਤੇਰੀ ਆਸ ... ਰਹਿਮ ਕਰ ਦਾਤਾ ... ਸਾਉਣ ਭਾਦੋਂ ਦੀ ਛਹਿਬਰ ਲਾ ਦੇ। ਪ੍ਰਮਾਤਮਾ ਮਿਹਰ ਦੇ ਘਰ ਵਿੱਚ ਆਇਆ ... ਰੁੱਤ ਬਦਲੀ ... ਸਾਉਣ ਆਇਆ ... ਭਾਦੋਂ ਆਈ। ਅਸਮਾਨ ਕਾਲੀਆਂ ਘਟਾਵਾਂ ਨਾਲ ਢੱਕ ਗਿਆ। ਬੱਦਲ ਗਰਜਦੇ, ਬਿਜਲੀ ਲਿਸ਼ਕਦੀ ...ਧਰਤੀ ਤੇ ਮੂਸਲਾਧਾਰ ਵਰਖਾ ... ਛਹਿਬਰ ਲੱਗ ਗਈ। ਵਰਖਾ ਦੇ ਜਲ ਨੇ ਧਰਤੀ-ਆਕਾਸ਼ ਇਕ ਕਰ ਦਿੱਤੇ। ਮਿਲਨ ਹੋ ਰਿਹਾ, ਧਰਤੀ ਅਤੇ ਆਕਾਸ਼ ਦਾ ... ਮਹੀ-ਗਗਨ ਮਿਲ ਹੋਇ ਏਕ। ਮੇਲ ਕਰਾਇ ਪਾਣੀਆਂ, ਰਹਾ ਨ ਕੋਈ ਭੇਦ ...ਨਾਨਕ ਸੰਗਮਿ ਪਿਰੀ ਸੁਹੰਦੀਆ...॥"

ਵਿਯੋਗਣ ਨਾਰ ਦਾ, ਪਿਰ ਨਾਲ ਸੰਗਮ ਹੋ ਰਿਹੈ... ਪਰਮ ਸੁਖ ਮਾਣ ਰਹੀ ਹੈ।

ਵਰਖਾ, ਇਕ ਘਟਨਾ ਹੈ... ਕ੍ਰਿਆ ਨਹੀਂ। ਕ੍ਰਿਆ ਉਹ, ਜੋ ਆਪਣੀ ਇੱਛਾ ਅਨੁਸਾਰ ਅਸੀਂ ਕਰ ਸਕੀਏ। ਵਿਗਿਆਨੀ, ਜਿੰਨੀ ਵੀ ਕੋਸ਼ਿਸ਼ ਕਰ ਲੈਣ, ਬਨਾਵਟੀ ਬੱਦਲਾਂ ਨਾਲ ਧਰਤੀ ਦੀ ਪਿਆਸ ਨਹੀ ਬੁਝਾ ਸਕਦੇ। ਇਹ, ਕੁਦਰਤ ਦੀ ਇਕ ਘਟਨਾ ਹੈ, ਜੋ ਤਿੰਨ ਤਲ ਤੇ ਘਟਦੀ ਹੈ। ਧਰਤੀ ਦਾ ਤਪਣਾ... ਪਾਣੀ ਦਾ ਵਾਸ਼ਪੀਕਰਨ ਹੋਣਾ ... ਹਵਾ ਦਾ ਦਬਾਅ, ਵਾਯੂਮੰਡਲ



Sri Satguru Jagjit Singh Ji eLibrary NamdhariElibrary@gmail.com

ਦੀ ਨਮੀ, ਬੱਦਲਾਂ ਵਿੱਚ ਖਿੱਚ ਪਾਏ .... ਫੇਰ ਆਕਾਸ਼ ਦੇ ਬੱਦਲਾਂ ਵਿਚ ਕਸ਼ਿਸ਼ ਪੈ ਜਾਏ... ਪ੍ਰੀਤ ਦੇ ਖਿੱਚੇ ਬੱਦਲ, ਬੂੰਦਾਂ ਬਣ ਧਰਤੀ ਤੇ ਡਿਗਦੇ ਹਨ! ਇਹ ਇਕ ਪ੍ਰਾਕ੍ਰਿਤਕ ਘਟਨਾ ਹੈ।

ਤਾਂ ਪੰਜਵੇਂ ਪਾਤਸ਼ਾਹ, ਮਾਰੂ ਰਾਗ ਵਿੱਚ, ਧਰਤੀ ਅਤੇ ਬੱਦਲਾਂ ਦੇ ਬਿੰਬ ਰੂਪ ਪ੍ਰਾਣੀ ਅਤੇ ਪਰਮੇਸ਼ਵਰ ਨੂੰ ਵੇਖਦੇ ਹਨ –

"ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ॥

ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ"॥ (ਪੰ–811)

ਹਰ ਮਨੁੱਖ, ਰੱਬ ਨੂੰ ਮਿਲਣਾ ਵੇਖਣਾ ਚਾਹੁੰਦਾ ਹੈ। ਇਹ ਮਨੁੱਖ ਦਾ ਕੌਤੂਹਲ .... ਮਨੁੱਖ ਦੀ ਜਗਿਆਸਾ ਜਾਂ ਕੋਈ ਸੁਆਰਥ ਭਾਵ ਕਿ ਰੱਬ ਤੋਂ ਬਹੁਤ ਕੁਝ ਮੰਗ ਸਕਦੇ ਹਾਂ। ਪਰ, ਧਰਤੀ ਦੇ ਕੌਤੂਹਲ ਮਾਤਰ ਨਾਲ ਬੱਦਲ ਨਹੀਂ ਡਿੱਗਦੇ... ਮਨੁੱਖ ਦੇ ਕੌਤੂਹਲ ਨਾਲ ਰੱਬ, ਜ਼ਮੀਂ ਤੇ ਨਹੀਂ ਆਉਂਦਾ। ਇਹ ਤਾਂ ਤਪਸ਼ ਵਿਚ ਤਪਨ ਦਾ ਇਕ ਸਿਲਸਿਲਾ ਹੈ। ਵਿਯੋਗ ਦੀ ਅਗਨਿ ਵਿਚ, ਜਲਦੀ ਜੀਵ ਆਤਮਾ ਦੀ ਪੁਕਾਰ ਹੈ... ਬਿਰਹੋਂ ਵਿਛੁੰਨੀ ਰੂਹ ਦੀ ਤਮੰਨਾ...। ਚੌਥੇ ਪਾਤਸ਼ਾਹ ਪੁਕਾਰਦੇ ਹਨ:

"ਕੋ ਆਣਿ ਮਿਲਾਵੈ ਅਜੁ, ਮੈ ਪਿਰੁ ਮੇਲਿ ਮਿਲਾਵਏ" (ਪੰ–548)

ਕਈ ਜਨਮਾਂ ਤੋਂ ਵਿਛੜੇ ਪ੍ਰਾਣ... ਹੇ ਪ੍ਰਾਣਪਤੀ, ਹੁਣ ਆਏ ਮਿਲ ਸੱਜਣਾ...।

ਧਰਤੀ ਦੀ ਜਲਨ ... ਜੇਠ ਹਾੜ ਜਿਹੀ ਤਪਸ਼ ... ਕੋਈ ਜੀਵਾਤਮਾ ਮਹਿਸੂਸ ਕਰੇ। ਸੰਸਾਰ ਤੋਂ ਮੋਹ ਭੰਗ... ਰਾਗ ਅਨੁਰਾਗ ਦਾ ਤਿਆਗ ... ਇਕੋ ਗੱਲ ਯਾਦ ਰਹਿ ਜਾਏ, ਮੈ ਵਿਛੜੀ ਆਤਮਾ ... ਤੂੰ ਪ੍ਰਮਾਤਮਾ ...। ਹੁਣ ਹੋਰ ਵਿਛੋੜਾ ਸਹਿਨ ਨਹੀ ਹੁੰਦਾ" ਬਿਲਾਪ ਕਰੇ ਚਾਤ੍ਰਿਕ ਕੀ ਨਿਆਈ"।

ਧਰਤ ਦੀ ਤਾਂਘ ਅਤੇ ਜੀਵਾਤਮਾ ਦਾ ਵਿਯੋਗ। ਦੋਵੇਂ ਮਿਲਨ ਚਾਹੁੰਦੇ ਹਨ। ਇਕ ਮੇਘ ਚਾਹੁੰਦੀ, ਦੂਜੀ ਮਾਹੀ ਦਾ ਦੀਦਾਰ...।

ਧਰਤੀ ਦਾ ਸੰਗ ਹੈ, ਹਵਾ ਨਾਲ ... ਵਾਯੂਮੰਡਲ ਨਾਲ। ਇਹ ਧਰਤੀ ਦੇ ਸੰਗੀ ਹਨ। ਹਵਾ ਦਾ ਦਬਾਅ ਘੱਟ ਜਾਏ... ਹਵਾ ਦੀ ਨਮੀ ਬੱਦਲਾਂ ਨੂੰ ਖਿੱਚਣ ਯੋਗ ...। ਮਨੁੱਖ ਦਾ ਸੰਗ ... ਦੇਹ ਨਾਲ, ਦੇਹ ਦਾ ਇੰਦਰੀਆਂ ਨਾਲ, ਮਨ ਨਾਲ। ਇਹ ਸਾਰੇ ਅਨੁਕੂਲ ਹੋਣ...। ਭੋਗ ਨਹੀਂ, ਜੋਗ ਦੀ ਤਾਂਘ ਰਹਿ



Sri Satguru Jagjit Singh Ji eLibrary NamdhariElibrary@gmail.com

ਜਾਏ । ਈਰਖਾ, ਕ੍ਰੋਧ, ਲੋਭ-ਮੋਹ ਭੰਗ ਹੋ ਜਾਣ...। ਸਹਿਜ, ਸਰਲ, ਸ਼ਾਂਤ ਸੁਭਾਅ! ਸੁਲਾਕੁਨ ਬਿਰਤੀ...। ਕਰਮ ਕਰ ਨਹੀਂ ਰਹੇ ... ਹੋ ਰਿਹੈ ... ਇਹ ਅਵਸਥਾ ... ਜਦੋਂ ਬੰਦਾ, ਰੱਬ ਨੂੰ ਪ੍ਰਗਟ ਕਰ ਲੈਂਦੈ।

ਇਤਿਹਾਸ ਵਿੱਚ, ਰਾਵਣ ਦਾ ਚਰਿੱਤਰ, ਕਮਾਲ ਦਾ ਹੈ। ਯੁੱਗ ਬੀਤ ਗਏ, ਸਾੜਦਿਆਂ ... ਪਰ ਰਾਵਣ ਨੂੰ ਸਮਝ ਨਾ ਸਕੇ। ਤਮਿਲ ਵਿਚ, ਕੰਬੰਨ ਰਿਸ਼ੀ ਨੇ, ਰਮਾਇਣ ਲਿਖੀ ਹੈਂ, "ਇ ਰਾਮਅਵਤਾਰਮ"। ਭਗਵਾਨ ਸ੍ਰੀ ਰਾਮ, ਯੁੱਧ ਲਈ, ਲੰਕਾ ਵੱਲ ਜਾਣ ਦਾ ਸਮਾਂ। ਸਾਗਰ ਤੇ ਸੇਤੂ ਬਣ ਗਿਆ। ਬਾਂਦਰ, ਰਿੱਛ, ਭਾਲੂ ਸੈਨਾ ਤਿਆਰ। ਯੁੱਧ ਲਈ ਤੁਰਨ ਤੋਂ ਪਹਿਲਾਂ, ਸ੍ਰੀ ਰਾਮ, ਆਪਣੇ ਇਸ਼ਟ ਦੇਵ, ਭਗਵਾਨ ਸ਼ਿਵ ਦੀ ਸਥਾਪਨਾ ਅਤੇ ਪੂਜਾ ਕਰਨਾ ਚਾਹੁੰਦੇ ਹਨ। ਲੱਛਮਣ, ਸੁਗ੍ਰੀਵ, ਹਨੂਮਾਨ, ਜਾਮਵੰਤ ਸਾਰਿਆਂ ਦੀ ਸਭਾ ਵਿੱਚ, ਦਿਲ ਦੀ ਇੱਛਾ ਜਾਹਿਰ ਕੀਤੀ। ਸਾਰਿਆਂ ਸਹਿਮਤੀ ਦਿੱਤੀ। ਸ਼ਿਵਲਿੰਗ ਕਿਥੋਂ ਆਵੇ ... ਕੌਣ ਲਿਆਵੇ ... ਪੁਰੋਹਿਤ ਕਿਹੜਾ ਹੋਵੇ। ਜਾਮਵੰਤ ਜੀ ਨੇ ਸਲਾਹ ਦਿੱਤੀ -ਮੈਂ ਰਾਵਣ ਦੇ ਦਾਦੇ, ਪੁਲਮਤ ਰਿਸ਼ੀ ਦਾ ਮਿੱਤਰ ਰਿਹਾਂ। ਇਸ ਪਰਿਵਾਰ ਨੂੰ ਚੰਗੀ ਤਰਾਂ ਜਾਣਦਾਂ। ਭਗਵਾਨ ਸ੍ਰੀ ਰਾਮ ਨੇ, ਆਪਣੇ ਅਰਾਧਿਆ ਦੇਵ ਸ਼ਿਵਲਿੰਗ ਦੀ ਪ੍ਰਾਣ-ਪ੍ਰਤਿਸ਼ਠਾ ਕਰਨੀ ਹੋਵੇ ਤਾਂ ਦੂਰ ਦੂਰ ਤਕ ਸ਼ਾਇਦ ਰਾਵਣ ਜਿਹਾ ਵੇਦ ਮਰਮੱਗ ਵਿਦਵਾਨ ਹੋਰ ਕੋਈ ਨਹੀਂ। ਦੁਵਿਧਾ ਖੜੀ ਹੋ ਗਈ। ਰਾਵਣ ਨੂੰ ਮਾਰਨ ਲਈ ... ਲੰਕਾ ਵਿਜੈ ਲਈ ਤਾਂ ਇਹ ਸ਼ਿਵ ਸਥਾਪਨਾ ... ਮਹਾਦੇਵ ਅਰਾਧਨਾ ਕਰਨੀ ਹੈ ... ਉਹ ਕਿਉਂ ਆਵੇਗਾ? ਜੇ ਆ ਵੀ ਜਾਏ, ਉਸ ਤੇ ਭਰੋਸਾ ਕਿਵੇਂ ਕਰੀਏ... ਸਾਰਾ ਯੱਗ, ਵਿਧੀ ਵਿਧਾਨ ਸਹਿਤ ਸ਼ੁੱਧ ਕਰੇਗਾ... ਸਾਡਾ ਹੇਤੂ, ਰਾਵਣ ਬੱਧ ਦੀ ਸਫਲਤਾ ਲਈ ਆਹੂਤੀ ਦੇਵੇਗਾ? ਜਾਮਵੰਤ ਨੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ। ਪ੍ਰਭੂ ਰਾਮ ਦਾ ਹੁਕਮ ਲੈ, ਚੱਲ ਪਏ। ਲੰਕਾ, ਰਾਵਣ ਨੂੰ ਸੂਚਨਾ ਮਿਲੀ, ਕਿ ਜਾਮਵੰਤ ਮਿਲਣਾ ਚਾਹੁੰਦੇ ਹਨ। ਲੰਕੇਸ਼ ਆਪ ਦੁਆਰ ਤੇ ਆਏ, ਜਾਮਵੰਤ ਜੀ ਨੂੰ, ਦਾਦਾ ਸ੍ਰੀ ਦਾ ਮਿੱਤਰ ਜਾਣ, ਚਰਨਾਂ ਤੇ ਸੀਸ ਨਿਵਾਇਆ ... ਆਦਰ ਸਨਮਾਨ ਸਹਿਤ ਬਿਠਾਇਆ। ਜਲ ਪਾਣੀ ਪੁੱਛ, ਆਉਣ ਦਾ ਕਾਰਨ ਪੁੱਛਿਆ। ਜਾਮਵੰਤ ਜੀ ਨੇ ਦੱਸਿਆ। ਦੂਰ ਅੰਦੇਸ਼ ਰਾਵਣ, ਸਾਰੀ ਯੋਜਨਾ ਸਮਝ ਗਿਆ। ਸ੍ਰੀ ਰਾਮ, ਲੰਕਾ ਤੇ ਹਮਲਾ ਕਰਨਾ ਚਾਹੁੰਦੇ ਹਨ। ਮੇਰਾ ਖਾਤਮਾ ਚਾਹੁੰਦੇ ਹਨ। ਕੈਲਾਸ਼ ਪਤੀ ਮੇਰੇ ਇਸ਼ਟ ਹਨ ... ਮੇਰਾ ਭਰੋਸਾ ਸੀ ਕਿ ਸ਼ਿਵ ਜੀ ਮੇਰੀ ਰਖਿਆ ਕਰਨਗੇ। ਸ਼ਿਵ ਸਥਾਪਨਾ, ਵਿਧੀ ਪੂਰਵਕ ਪ੍ਰਾਣ-ਪ੍ਰਤਿਸ਼ਠਾ ਕਰ,

ਉਹਨਾਂ ਨੂੰ ਵੀ ਆਪਣੇ ਵੱਲ ਕਰਨ ਦੀ ਯੋਜਨਾ...। ਸਾਰੀ ਖੇਡ ਸਮਝ ਗਿਆ। ਇਕ ਪਲ ਚੁੱਪ ਰਿਹਾ, ਫੇਰ ਬੋਲਿਆ, "ਜਾਓ, ਸੁਨੇਹਾ ਦੇ ਦਿਓ। ਸਹੀ ਸਮੇਂ ਮੈਂ ਜ਼ਰੂਰ ਆਵਾਂਗਾ ... ਸਾਰਾ ਅਨੁਸ਼ਠਾਨ, ਵੈਦਿਕ ਰੀਤੀ ਅਤੇ ਵਿਧੀ ਵਿਧਾਨ ਨਾਲ ਪੂਰਾ ਕਰਾਵਾਂਗਾ। ਜਾਮਵੰਤ, ਰਾਵਣ ਦੀ ਸਵੀਕ੍ਰਿਤੀ ਲੈ ਕੇ ਵਾਪਸ ਆ ਗਏ। ਮਿਥੀ ਹੋਈ ਤਿਥੀ ਤੇ, ਰਾਮੇਸ਼ਵਰਮ ਪ੍ਰਸਥਾਨ ਦੀ ਤਿਆਰੀ ਦਾ ਹੁਕਮ ਦਿੱਤਾ। ਰਾਣੀ ਮੰਦੋਦਰੀ ਨੂੰ ਭੇਜਿਆ, ਸੀਤਾ ਨੂੰ ਤਿਆਰ ਕਰਵਾਓ ... ਪੂਜਾ ਦੀ ਸਾਰੀ ਸਮਗ੍ਰੀ ਨਾਲ ਰੱਖ ਲਈ, ਪਤਾ ਨਹੀਂ ਬਨਵਾਸੀਆਂ ਕੋਲ ਇਹ ਜ਼ਰੂਰੀ ਚੀਜ਼ਾਂ ਹੋਣ ਜਾਂ ਨਾ ਹੋਣ। ਆਪਣੇ ਪੁਸ਼ਪਕ ਵਿਮਾਨ ਤੇ ਪਹੁੰਚ ਗਏ। ਰਾਵਣ ਇਕੱਲੇ ਬਾਹਰ ਆਏ। ਨੰਗੇ ਪੈਰ ... ਇਸ਼ਨਾਨ ਕਰਕੇ, ਇਕ ਪੀਤਾਂਬਰ ਵਿਚ ਲਵੇਟੇ ਹੋਏ। ਪਿੱਛੇ-ਪਿੱਛੇ ਵੇਦਾਂਤੀ-ਬ੍ਰਾਹਮਣ ਮੰਡਲੀ ਉਤਰੀ। ਯੱਗ ਵੇਦੀ ਦੇ ਆਲੇ ਦੁਆਲੇ ਨੀਅਤ ਸਥਾਨ ਤੇ ਬੈਠ ਗਏ। ਪੂਜਾ ਆਰੰਭ ਹੋਣ ਲੱਗੀ ਤਾਂ ਰਾਵਣ ਨੇ ਕਿਹਾ, ਵੈਦਿਕ ਮਤਿ ਅਨੁਸਾਰ ਜੇ ਜਜਮਾਨ ਵਿਵਾਹਿਤ ਹੋਵੇ, ਘਰ ਵਾਲੀ ਜੀਂਵਦੀ ਹੋਵੇ, ਪਰਿਤਿਅਕਤਾ ਨਾ ਹੋਵੇ ਤਾਂ ਪਤਨੀ ਦੇ ਨਾਲ ਹੀ ਯੱਗ ਵੇਦੀ ਕੋਲ ਬੈਠਣਾ ਚਾਹੀਦੈ। ਇਕ ਵਾਰ ਸੰਨਾਟਾ ਛਾ ਗਿਆ। ਇਹ ਕਿਵੇਂ ਹੋਵੇਗਾ ? ਰਾਵਣ ਨੇ ਕਿਹਾ, ਮੈਨੂੰ ਪਤਾ ਸੀ, ਸੀਤਾ ਨੂੰ ਨਾਲ ਲੈ ਕੇ ਆਇਆ ਹਾਂ। ਹੁਕਮ ਕੀਤਾ, ਇਕ ਬ੍ਰਾਹਮਣ ਗਿਆ, ਪੁਸ਼ਪਕ ਵਿਮਾਨ ਚੋਂ ਸੀਤਾ ਨੂੰ ਨਾਲ ਲੈ ਕੇ ਆਇਆ।

ਪੂਜਾ ਆਰੰਭ ਹੋਈ, ਪੂਰਨ ਵੈਦਿਕ ਵਿਧੀ ਵਿਧਾਨ ਨਾਲ। ਰਾਵਣ ਨੇ ਪੁਰੋਹਿਤ ਦਾ ਧਰਮ ਨਿਭਾਇਆ - ਹਵਨ ਕੁੰਡ ਵਿਚ ਆਹੂਤੀ ਪਾਉਂਦਿਆਂ ਵੇਦ ਮੰਤਰ ਪੜ੍ਹਦਿਆਂ, ਪ੍ਰਮੇਸ਼ਰ ਤੋਂ ਜਜਮਾਨ, ਸ੍ਰੀ ਰਾਮ ਦੀ ਰਖਿਆ, ਯੱਗ ਦੇ ਹੇਤੂ ਦੀ ਸਫਲਤਾ ਲਈ ਪ੍ਰਾਰਥਨਾ ਕੀਤੀ। ਸ੍ਰੀ ਰਾਮ ਦਾ ਇਕੋ ਹੇਤੂ ਸੀ, ਰਾਵਣ ਨੂੰ ਮਾਰ ਕੇ ਸੀਤਾ ਨੂੰ ਵਾਪਸ ਲਿਆਉਣਾ। ਕੈਸਾ ਪੁਰੋਹਿਤ! ਕੈਸਾ ਬ੍ਰਾਹਮਣ ਸੀ ਰਾਵਣ, ਆਪ ਸੰਪੂਰਨ ਵਿਧਾਨ ਨਾਲ ਅਨੁਸ਼ਠਾਨ ਕਰਵਾਇਆ, ਜਜਮਾਨ ਦੀ ਇੱਛਾ ਪੂਰੀ ਹੋਣ ਦੀ ਅਰਦਾਸ ਵੀ ਕੀਤੀ। ਅਨੁਸ਼ਠਾਨ ਤੋਂ ਬਾਦ, ਭਗਵਾਨ ਸ੍ਰੀ ਰਾਮ, ਲੱਛਮਣ, ਸੀਤਾ ਨੇ ਰਾਵਣ ਨੂੰ ਮੱਥਾ ਟੇਕਿਆ। ਸ੍ਰੀ ਰਾਮ, ਲੱਛਮਣ ਨੂੰ ਅਸ਼ੀਰਵਾਦ ਦਿੱਤਾ, ਵਿਜਈ ਭਵः"- ਤੁਹਾਡੀ ਜਿੱਤ ਹੋਵੇ। ਸੀਤਾ ਨੇ ਪੁਰੋਹਿਤ ਨੂੰ ਮੱਥਾ ਟੇਕਿਆ- ਆਸ਼ੀਰਵਾਦ ਦਿੱਤਾ- "ਸੋਭਾਗਵਤੀ ਭਵ"-ਸਦਾ ਸੁਹਾਗਨ ਰਹੋ।

ਯੱਗ ਤੋਂ ਮਗਰੋਂ, ਸ੍ਰੀ ਰਾਮ ਨੇ, ਪੁਰੋਹਿਤ ਰਾਵਣ ਨੂੰ ਕੁਝ ਦੱਖਣਾ ਰੂਪ ਦੇਣਾ ਚਾਹਿਆ ਤਾਂ ਰਾਵਣ ਨੇ ਰੋਕ ਦਿੱਤਾ। ਕਿਹਾ, ਤੁਸੀਂ, ਕੌਣ ਹੋ, ਮੇਰੇ ਤੋਂ ਛੁਪੇ ਨਹੀਂ ਹੋ। ਜੇ ਦੱਖਣਾ ਦੇਣੀ ਹੈ ਤਾਂ ਵਚਨ ਦਿਉ, "ਮੇਰੀ ਮੌਤ ਜਦੋਂ ਹੋਵੇ, ਤੁਸੀਂ ਮੇਰੇ ਸਾਮ੍ਹਣੇ ਹੋਵੋ"। ਭਗਵਾਨ ਸ੍ਰੀ ਨੇ ਵਚਨ ਦਿੱਤਾ। ਤਾਂ ਹੀ ਯੁੱਧ ਵਿਚ, ਜਦੋਂ ਲੰਕੇਸ਼ ਦੀ ਨਾਭੀ ਵਿਚ ਅੰਤਿਮ ਤੀਰ ਮਾਰਿਆ ... ਰਾਵਣ ਕਿਸੇ ਵੱਡੇ ਦਰੱਖ਼ਤ ਵਾਂਗ ਧਰਾਸ਼ਾਈ ਹੋਇਆ, ਤਾਂ ਭਗਵਾਨ ਰਾਮ ਨੇ ਲੱਛਮਣ ਨੂੰ ਕਿਹਾ, ਆਉ ਲੱਛਮਣ, ਲੰਕੇਸ਼ ਨੂੰ ਅੰਤਿਮ ਵਿਦਾਈ ਦੇਈਏ। ਐਸਾ ਵਿਦਵਾਨ, ਸਹਜ, ਸਰਲ, ਵੀਰ ਯੋਧਾ ਧਰਤੀ ਤੇ ਦੂਜਾ ਨਹੀਂ ਹੋਇਆ। ਭਗਵਾਨ ਸ੍ਰੀ ਨੇ, ਅੰਤਮ ਸਮੇਂ ਸਾਹਮਣੇ ਹੋ ਕੇ ਦਰਸ਼ਨ ਦਿੱਤੇ ... ਉਡੀਕਦੀਆਂ, ਦਸ਼ਾਨਨ ਦੀਆਂ ਅੱਖਾਂ ਸਦਾ ਲਈ ਬੰਦ ਹੋ ਗਈਆਂ। ਅੰਤ ਸਮੇਂ, ਪ੍ਰਭੂ ਖਿੱਚੇ ਆਏ, ਦੀਦਾਰ ਦੀ ਲੋਚ ਪੂਰੀ ਹੋਈ ....

"ਨਾਨਕ ਸੰਗਮਿ ਪਿਰੀ ਸੁਹੰਦੀਆ"...॥

ਸਹਜ-ਸਰਲ ਕਿਰਦਾਰ, ਬਿੰਬ ਹੁੰਦੈ, ਰੂਹ ਦੀ ਬੁਲੰਦੀ ਦਾ।

ਜੀਵਨ ਦੀ ਸੋਚ, ਇਵ ਦੀ ਕਿ ਦੁਸ਼ਮਨ ਵੀ ਦੋਸ਼ਤੀ ਕਰਨੀ ਚਾਹੇ।

ਸਦੀਆਂ ਤੋਂ ਇਕ ਭੁੱਲ ਦੁਹਰਾਈ ਜਾ ਰਹੀ ਹੈ। ਦੀਵਾ ਬਾਲਣ ਦੀ ਸਿਖਿਆ ਦਿੱਤੀ ਜਾ ਰਹੀ ਹੈ।

ਦੀਵੇ ਨੇ ਕਦੇ ਨਹੀ ਬਲਣਾ। ਮਿੱਟੀ ਦਾ ਦੀਵਾ ... ਘਿਓ ਨੂੰ ਰੱਖ ਸਕਦੈ ... ਜੋਤਿ ਨੂੰ ਸੰਭਾਲ ਸਕਦੈ; ਬਲਣਾ ਤਾਂ ਜੋਤਿ ਨੇ। ਘਿਓ ਦੀ ਸੰਭਾਲ ਅਤੇ ਜੋਤਿ ਪ੍ਰਤੀ ਇਕਾਗ੍ਰਤਾ .... ਇਹੀ ਤਾਂ ਦੀਵੇ ਦੀ ਸਾਰਥਕਤਾ ਹੈ। ਹਰ ਮਨੁੱਖ, ਇਕ ਦੀਵਾ ਹੈ ... ਦੇਹਧਾਰੀ ਦੀਵਾ। ਸੁਰਤਿ ਘਿਓ ਹੈ ਅਤੇ ਜੀਵਾਤਮਾ, ਜੋਤਿ! ਹਾਇ ਵੇ ਡਾਢਿਆ ਰੱਬਾ! ਇਕ ਜਗਦੇ ਦੀਵੇ ਦੀ ਛੋਹ ਦੇ ਦੇ। ਸਤਿਗੁਰ ਮਿਲਾ ਦੇ। ਗੁਰੂ ਮੇਹਰ ਦੀ ਇਕ ਨਦਰ ਔਰ ਲਟ-ਲਟ ਜੋਤਿ ਜੱਗ ਜਾਏ...।

ਪ੍ਰੀਤ ਦੀ ਇਕ ਅਵਸਥਾ, ਜਦੋਂ ਸਉਣ ਭਾਦੋਂ ਦੀ ਛਹਿਬਰ ਲਗ ਜਾਏ.... ਧਰਤ ਆਕਾਸ਼ ਇਕ ਹੋ ਜਾਣ.... ਅੰਮ੍ਰਿਤ ਦੀ ਝਿਮਝਿਮ ਫੁਹਾਰ ਪੈ ਰਹੀ ਹੈ ਔਰ ਪ੍ਰਾਣੀ ਪਰਮੇਸ਼ਰ ਇਕ ਹੋ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

# 11.

## ਸਤਿਗੁਰੁ ਮੇਰਾ ਪੂਰਾ

ਸਾਰਾ ਸੰਸਾਰ ਅਧੂਰਾ ਹੈ। ਕਿਸੇ ਪਾਸ ਧਨ ਹੈ, ਪਰ ਸੇਹਤ ਨਹੀਂ। ਘਰ ਸੰਪਤੀ ਬਹੁਤੀ, ਪਰ ਕੁਲ ਦਾ ਕੋਈ ਵਾਰਿਸ ਨਹੀਂ। ਕਿਸੇ ਕੋਲ ਔਲਾਦ ਹੈ, ਪਰ ਨਾਲਾਇਕ ਹੈ। ਸ਼ਾਸਤ੍ਰ ਕਹਿੰਦੇ ਹਨ, ਔਲਾਦ ਪ੍ਰਤੀ ਤਿੰਨ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ – ਜੰਮੇ ਹੀ ਨਾ। ਦੂਜੀ – ਬਾਲ ਜਨਮ ਲਿਆ, ਪਰ ਮਰ ਗਿਆ। ਤੀਜੀ ਜਨਮ ਲਿਆ, ਜਵਾਨ ਹੋਇਆ ਔਰ ਨਾਲਾਇਕ ਨਿਕਲਿਆ। ਕਹਿੰਦੇ ਹਨ, ਪਹਿਲੀਆਂ ਦੋ ਸੰਭਾਵਨਾਵਾਂ ਚੰਗੀਆਂ। ਭਾਵ, ਜੰਮੇ ਹੀ ਨਾ ... ਜਾਂ ਜੰਮ ਕੇ ਮਰ ਜਾਏ। ਤੀਜੀ ਅਵਸਥਾ ਸਾਰੇ ਜੀਵਨ ਲਈ ਦੁਖਦਾਈ ਹੁੰਦੀ ਹੈ। ਦੁਖ ਹੀ ਦੁਖ ਹੈ ਸੰਸਾਰ ਵਿਚ। ਇਕ ਮਿਲਦੈ ਤਾਂ ਭਾਰਾ ਦੁਖ ਦੇਂਦੈ ... ਇਕ ਕੋਈ ਪਿਆਰਾ, ਵਿੱਛੜਦੈ ਤਾਂ ਜਾਨ ਕੱਢ ਲੈ ਜਾਂਦੈ –

"ਮਿਲਤ ਏਕ ਦਾਰੁਨ ਦੁਖ ਦੇਹੀ॥
ਬਿਛਰਤ ਏਕ ਪ੍ਰਾਣ ਹਰਿ ਲੇਹੀ॥"

ਅਵਧ ਨਰੇਸ਼, ਰਾਜਾ ਦਸ਼ਰਥ ਨੂੰ ਦੁਖ ਸੀ ਕਿ ਕੋਈ ਔਲਾਦ ਨਹੀਂ, ਰਾਜ ਦਾ ਵਾਰਿਸ ਨਹੀਂ। ਪੁੱਤਰ ਹੋਏ ਤਾਂ ਵਿਛੋੜੇ ਦਾ ਦੁਖ, ਮੌਤ ਲੈ ਆਇਆ। ਇਥੇ ਕੋਈ ਪੂਰਾ ਨਹੀਂ। ਧਨ, ਪ੍ਰਤਿਸ਼ਠਾ ਕਮਾਉਦਿਆਂ, ਮੌਤ ਆ ਗਈ। ਜੀਵਨ ਅਧੂਰਾ ਹੀ ਰਿਹਾ। ਮਰਨ ਮਗਰੋਂ ਲੋਕਾਂ ਕਿਹਾ, "ਪੂਰਾ ਹੋ ਗਿਆ"। ਪੰਜਾਬੀਆਂ ਨੇ ਮੌਤ ਨੂੰ ਬਹੁਤ ਖ਼ੂਬਸੂਰਤ ਨਾਂ ਦਿੱਤੈ, "ਪੂਰਾ ਹੋ ਜਾਣਾ"।

ਸਤਿ ਅਤੇ ਸਤਿਗੁਰ, ਦੋ ਹੀ ਪੂਰੇ ਹਨ। ਪਰਮੇਸ਼ਰ ਪੂਰਾ ਹੈ –

" ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ" (ਸੁਖਮਨੀ) ਪੰਜਵੇਂ ਪਾਤਸ਼ਾਹ ਕਹਿੰਦੇ ਹਨ, "ਮੇਰਾ ਸਤਿਗੁਰ ਪੂਰਾ ਹੈ।"

"ਮਨ ਕਿਉ ਬੈਰਾਗੁ ਕਰਹਿਗਾ, ਸਤਿਗੁਰੁ ਮੇਰਾ ਪੂਰਾ"॥ (ਪੰ–833)

ਸਤਿਗੁਰ ਮਿਲਿਆ ... ਹੁਣ ਦੁਖ, ਬੈਰਾਗ, ਚਿੰਤਾ ਦਾ ਕੋਈ ਕਾਰਨ ਨਹੀਂ।

ਸੰਸਾਰ, ਚਿੰਤਾ ਗ੍ਰਸਤ ਹੈ। ਕਿਸੇ ਨੂੰ ਜੀਵਨ ਦੀ ਚਿੰਤਾ ਹੈ, ਕੋਈ ਮੌਤ ਤੋਂ ਭੈਅ-ਭੀਤ ਹੈ। ਇਹ ਤਿਲਸਮੀ ਦੁਨੀਆਂ ਹੈ। ਸਮੇਂ ਦੇ ਪੁਤਲੇ ਨਚਦੇ ਹਨ। ਇਥੇ, ਮਹਾਬਲੀ ਯੋਧੇ ਵੀ ਪਰਾਜਿਤ ਹੋਏ, ਮੌਤ ਲਈ ਥਾਂ ਢੂੰਢਦੇ ਵੇਖੇ ਗਏ। ਸਮਾਂ ਪਰਤਿਆ, ਤਾਂ ਸਮ੍ਰਾਟ ਵੀ ਰੁਲਦੇ ਵੇਖੇ ਗਏ।

ਅਰਜਨ, ਸੰਸਾਰ ਦਾ ਸ੍ਰੇਸ਼ਠ ਯੋਧਾ ਸੀ। ਭਗਵਾਨ ਸ੍ਰੀ ਕ੍ਰਿਸ਼ਨ ਜਿਹਾ ਮਿੱਤਰ ਨਾਲ ਸੀ, ਸਮਾਂ ਆਪਣੇ ਵੱਲ ਸੀ। ਮਹਾਭਾਰਤ ਦੀ ਚਹੁੰਪੱਖੀ ਹਨੇਰੀ ਵਿਚ ਵੀ ਜਿੱਤ ਹੋਈ। ਸਮੇਂ ਨੇ ਪਾਸਾ ਪਰਤਿਆ। ਸ੍ਰੀ ਕ੍ਰਿਸ਼ਨ ਨੇ ਦੇਹ ਤਿਆਗ ਦਿੱਤੀ। ਦੁਖੀ ਅਰਜਨ, ਦਵਾਰਕਾ ਪਹੁੰਚਿਆ। ਵਾਪਸੀ ਤੇ ਕੁਝ ਗੋਪੀਆਂ, ਜੋ ਸ੍ਰੀ ਕ੍ਰਿਸ਼ਨ ਨਾਲ, ਦਵਾਰਕਾ ਆਈਆਂ ਸਨ। ਉਹ ਅਰਜਨ ਦੇ ਨਾਲ ਤੁਰ ਪਈਆਂ। ਹੁਣ ਸਮੇਂ ਦੀਆਂ ਨਜ਼ਰਾਂ ਬਦਲ ਗਈਆਂ ਸਨ। ਰਸਤੇ ਵਿੱਚ, ਮੱਧ ਪ੍ਰਦੇਸ਼ ਦੇ ਜੰਗਲਾਂ ਵਿਚ ਆਦੀਵਾਸੀ ਭੀਲਾਂ ਨੇ ਹਮਲਾ ਕਰਕੇ, ਕਾਫਿਲੇ ਦਾ ਮਾਲ ਅਸਵਾਬ ਅਤੇ ਗੋਪੀਆਂ ਵੀ ਖੋਹ ਕੇ ਲੈ ਗਏ। ਕਵੀ ਕਹਿੰਦੈ -

"ਮਨੁਖ ਬੜਾ ਨਹੀ ਹੋਤ ਹੈ, ਸਮੈ ਬੜਾ ਬਲਵਾਨ।

ਭੀਲਨ ਛੀਨੀ ਗੋਪੀਕਾ, ਵਹੀ ਅਰਜੁਨ ਵਹੀ ਬਾਣ"॥ ਉਹੀ ਅਰਜਨ ... ਉਹੀ ਧਨੁਖ ... ਉਹੀ ਤੀਰ! ਬਨਵਾਸੀ ਭੀਲ, ਸਭ ਕੁਝ ਖੋਹ ਕੇ ਲੈ ਗਏ।

ਸੰਸਾਰ ਜਿੱਤ ਕੇ ਸਮਰੱਥ ਹੋਣ ਦਾ ਸੁਪਨਾ ਵੇਖਦਾ ਸਿਕੰਦਰ ਮਰ ਗਿਆ। ਯੂਨਾਨ ਤੋਂ, ਲਾਵ ਲਸ਼ਕਰ ਨਾਲ ਤੁਰਿਆ। ਤੁਰਕੀ, ਇਰਾਕ, ਇਰਾਨ, ਅਰਬ, ਪਸ਼ੌਰ, ਕਾਬਲ ਜਿੱਤਦਾ ਕੰਧਾਰ ਪੁੱਜਾ।

ਤਕ਼ਸ਼ਿਲਾ ਦਾ ਰਾਜਾ ਆਂਭੀ, ਪੰਜਾਬ ਦੇ ਰਾਜਾ ਪੋਰਸ ਤੋਂ ਵੈਰ ਰੱਖਦਾ ਸੀ। ਸਿਕੰਦਰ ਜਿਵੇਂ ਹੀ ਹਿੰਦੂ ਕੁਸ਼ ਦੇ ਪਹਾੜਾਂ ਨੂੰ ਲੰਘ ਕੇ, ਪੰਜਾਬ ਦੀ ਸਰਹੱਦ ਤੇ ਪੜਾਅ ਕੀਤਾ, ਰਾਜਾ ਆਂਭੀ ਨੇ ਆਪਣੀ ਫੌਜ ਦੇ ਕੇ ਸਮਝੌਤਾ ਕੀਤਾ ਅਤੇ ਦੋਹਾਂ ਦੀ ਸੈਨਾ ਨੇ ਪੋਰਸ ਤੇ ਹਮਲਾ ਕੀਤਾ। ਪੋਰਸ ਦੀ ਬਹਾਦਰ ਸੈਨਾ ਨੇ, ਯੂਨਾਨੀ ਫੌਜ ਨੂੰ ਚੰਗੇ ਹੱਥ ਵਿਖਾਏ। ਕਹਿੰਦੇ ਹਨ, ਇਸ ਜੰਗ ਵਿਚ ਸਿਕੰਦਰ ਜਿੱਤ ਗਿਆ। ਕੁਝ ਕਹਿੰਦੇ ਹਨ, ਪੋਰਸ ਨੇ ਸਿਕੰਦਰ ਨੂੰ ਵਾਪਸ, ਯੂਨਾਨ ਦਾ ਰਾਹ ਵਿਖਾਇਆ। ਕੁਝ ਵੀ ਹੋਵੇ, ਇਹ ਮੇਗਸਥਨੀਜ਼,



Sri Satguru Jagjit Singh Ji eLibrary NamdhariElibrary@gmail.com

(ਯੂਨਾਨੀ ਇਤਿਹਾਸਕਾਰ) ਵੀ ਮੰਨਦੇ ਕਿ ਸਿਕੰਦਰ ਦੀ ਫੌਜ ਘਟ ਗਈ। ਪੋਰਸ ਦੇ ਭਾਲੇ ਨੇ ਲੋਹੇ ਦਾ ਕਵਚ ਵਿੰਨ੍ਹ ਕੇ, ਸਿਕੰਦਰ ਦੇ ਸੀਨੇ ਵਿਚ ਗਹਿਰਾ ਜ਼ਖ਼ਮ ਕੀਤਾ ਸੀ। ਫੇਰ, ਅੱਗੇ ਮਗਧ ਦੀ ਇਕ ਲੱਖ ਬਹਾਦਰ ਸੈਨਾ ਦੇ ਨਾਲ ਮੁਕਾਬਲਾ ਕਰਨ ਦਾ ਹੌਂਸਲਾ ਨਾ ਕਰ ਸਕਿਆ। ਵਾਪਸੀ ਤੇ, ਝੇਹਲਮ ਵਿਚ ਹੱੜ ਆ ਗਿਆ। ਕਿਸੇ ਤਰ੍ਹਾਂ ਲੰਬੀਆਂ ਪਹਾੜੀ ਰਾਹਾਂ ਤੋਂ ਭਟਕਦਾ ਹੋਇਆ, ਕਹਿੰਦੇ ਹਨ 32 ਸਾਲ ਦੀ ਉਮਰ ਵਿਚ ਸਿਕੰਦਰ, ਰਸਤੇ ਵਿਚ ਹੀ ਮਰ ਗਿਆ। ਜਨਾਜ਼ੇ ਵਿਚ, ਕਫ਼ਨ ਤੋਂ ਬਾਹਰ ਕੱਢੇ ਹੋਏ ਹੱਥ, ਜੀਵਨ ਹਾਰ ਗਏ, ਸਿਕੰਦਰ ਦੀ ਕਹਾਨੀ ਬਿਆਂ ਕਰ ਰਹੇ ਸਨ। ਬੁੱਲੇ ਸ਼ਾਹ ਕਹਿੰਦੈ–

"ਕਿੱਥੇ ਹੈ ਸੁਲਤਾਨ ਸਿਕੰਦਰ। ਮੌਤ ਨ ਬਖਸ਼ੇ ਪੀਰ ਪੈਕੰਬਰ। ਸਭੇ ਛੱਡ ਛੱਡ ਗਏ ਅਡੰਬਰ, ਕੋਈ ਐਥੇ ਪਾਇਦਾਰ ਨਹੀਂ" ਜਿੱਤਦੇ, ਜਿੱਤਦੇ, ਜਿੱਤਦੇ ਬਾਜੀ ਹਾਰੀ ਗਏ...। ਇਸ ਲੋਕ ਤੋਂ ਅੰਤ, ਸਾਰੇ ਹਾਰ ਕੇ ਗਏ। ਕਿਸੇ ਨੂੰ ਸੰਪੂਰਨ ਸੰਸਾਰ ਨਹੀ ਮਿਲਿਆ।

ਦਸਵੀਂ ਸਦੀ ਦੇ ਆਰੰਭ ਵਿਚ, ਆਦਿ ਸ਼ੰਕਰਾਚਾਰਿਅ, ਭਾਰਤ ਭ੍ਰਮਣ ਲਈ ਨਿਕਲੇ। ਵੈਦਿਕ ਧਰਮ ਦੀ ਪੁਨਰ ਸਥਾਪਨਾ ਲਈ, ਵਿਦਵਾਨਾਂ ਨਾਲ ਸ਼ਾਸਤ੍ਰਾਰਥ ਕਰਦੇ। ਉਹਨਾਂ ਨੂੰ ਆਪਣੀ ਵਿਦਵਤਾ ਨਾਲ ਪਰਾਜਿਤ ਕਰਕੇ, ਵੈਦਿਕ ਧਰਮ ਪ੍ਰਚਾਰ ਵਿਚ ਲਾਉਂਦੇ। ਦੱਖਣ (ਕੇਰਲਾ) ਤੋਂ ਤੁਰੇ। ਧਰਮ ਪ੍ਰਚਾਰ ਕਰਦੇ ਹੋਏ, ਭਿੰਨ ਭਿੰਨ ਮੱਤ ਦੇ ਵਿਦਵਾਨਾਂ, ਧਰਮ-ਪ੍ਰਚਾਰਕਾਂ ਨੂੰ ਆਪਣੀ ਤਰਕ-ਸ਼ਕਤੀ ਨਾਲ ਅਧੀਨ ਕਰਦੇ, ਅਦਵੈਤ ਮੱਤ ਦਾ ਡੰਕਾ ਵਜਾਉਂਦੇ, ਅੱਗੇ ਵਧਦੇ ਗਏ। ਦੱਖਣ, ਪੱਛਮ ਅਤੇ ਮੱਧ ਭਾਰਤ ਦੇ ਵੱਖ-ਵੱਖ ਮੱਤ ਅਵਲੰਬੀਆਂ ਨੂੰ ਜਿੱਤਦੇ ਹੋਏ, ਬਿਹਾਰ ਵਿਚ ਪ੍ਰਵੇਸ਼ ਕੀਤਾ। ਲੋਕਾਂ ਨੇ ਸਹਰਸਾ ਦੇ ਮੰਡਨਮਿਸ੍ਰ ਦੀ ਵਿਦਵਤਾ ਦੀ ਚਰਚਾ ਕੀਤੀ। ਧਰਮ ਸ਼ਾਸਤ੍ਰਾਂ ਦੇ ਪ੍ਰਕਾਂਡ ਵਿਦਵਾਨ ਰੂਪ ਚਰਚਾ ਕੀਤੀ। ਆਦਿ ਸ਼ੰਕਰ, ਸਹਰਸਾ ਪਹੁੰਚ ਗਏ। ਸ਼ਾਸਤ੍ਰਾਰਥ ਲਈ ਸੱਦਾ ਭੇਜਿਆ।

ਨੀਯਤ ਸਮੇਂ ਦੋਹਾਂ ਵਿਦਵਾਨਾਂ ਨੇ ਆਸਨ ਗ੍ਰਹਿਣ ਕੀਤਾ। ਕਈ ਦਿਨ ਸ਼ਾਸਤ੍ਰਾਰਥ ਚਰਚਾ ਚਲਦੀ ਰਹੀ। ਅੰਤ ਮੰਡਨਮਿਸ੍ਰ, ਆਦਿ ਸ਼ੰਕਰ ਦੀ ਅਕੱਟ ਤਰਕ ਸ਼ਕਤੀ ਅੱਗੇ ਟਿੱਕ ਨਾ ਸਕੇ। ਦੂਰ-ਦੂਰ ਤੋਂ ਆਏ ਜਗਿਆਸੂ ਵਿਦਵਾਨਾਂ ਦੀ ਮੌਜੂਦਗੀ ਵਿਚ, ਮੰਡਨ ਮਿਸ੍ਰ ਨੇ ਹਾਰ ਸਵੀਕਾਰ ਕਰ ਲਈ। ਆਦਿ ਸ਼ੰਕਰ



Sri Satguru Jagjit Singh Ji eLibrary NamdhariElibrary@gmail.com

ਤੋਂ ਦੀਖਿਆ ਰੂਪ ਵਿਚ ਬ੍ਰਹਮ ਵਿਦਿਆ ਦੇਣ ਦੀ ਬੇਨਤੀ ਕੀਤੀ। ਕੋਲ ਹੀ ਬੈਠੀ, ਮੰਡਨ ਮਿਸ੍ਰ ਦੀ ਧਰਮਪਤਨੀ, "ਉਭੈ ਭਾਰਤੀ" ਉਠ ਖਲੋਤੀ। ਭਰੀ ਸਭਾ ਵਿਚ ਬੋਲੀ, ਅਜੇ ਮੇਰੇ ਪਤੀ ਨਹੀਂ ਹਾਰੇ। ਭਾਰਤੀ ਸ਼ਾਸਤ੍ਰਮਤ ਅਨੁਸਾਰ, ਪਤਨੀ, ਪੁਰਸ਼ ਦੀ ਅਰਧਾਂਗਨੀ ਹੁੰਦੀ ਹੈ..... ਅੱਧਾ ਅੰਗ। ਇਹਨਾਂ ਦੀ ਪਰਾਜਯ ਲਈ, ਮੈਨੂੰ ਪਰਾਜਿਤ ਕਰਨਾ ਪਵੇਗਾ। ਧਰਮ ਸ਼ਾਸਤ੍ਰਾਂ ਤੇ ਆਧਾਰਤ ਚਰਚਾ ਹੋਣ ਲਗੀ। 17 ਦਿਨਾਂ ਤਕ ਫੈਸਲਾ ਨਾ ਹੋ ਸਕਿਆ। 18 ਵਾਂ ਦਿਨ, ਵਿਸ਼ਵ ਦਾ ਅਦੁੱਤੀ ਧਰਮ ਮਰਮੱਗ, ਪ੍ਰਕਾਂਡ ਵਿਦਵਾਨ, ਵੈਦਿਕ ਗਿਆਨ ਵਿਚ ਪਾਰੰਗਤ, ਆਦਿ ਸ਼ੰਕਰ ਦੀ ਹਾਰ ਦਾ ਦਿਨ ਸਾਬਤ ਹੋਇਆ। ਉਭੈ ਭਾਰਤੀ , ਭਾਰਤੀ ਅਧਿਆਤਮ ਦੀ ਪ੍ਰਕਾਂਡ ਵਿਦੂਸ਼ੀ ਸੀ। ਚਾਰੇ ਵੇਦ, ਛੇ ਸ਼ਾਸਤ੍ਰ ਅਤੇ 18 ਪ੍ਰਗਣ ਦੀ ਮਰਮੱਗ ਸੀ। ਵਿਦਵਤਾ ਅਤੇ ਬ੍ਰਹਮ ਗਿਆਨ ਦੀ ਦ੍ਰਿਸ਼ਟੀ ਨਾਲ, ਭਾਰਤੀ ਨਾਰੀ ਇਤਿਹਾਸ ਵਿਚ, ਗਾਰਗੀ ਅਤੇ ਰਾਣੀ ਮਦਾਲਸਾ ਦੇ ਨਾਲ ਹੀ, ਉਭੈ ਭਾਰਤੀ ਦਾ ਨਾਂ ਵੀ ਬਹੁਤ ਸਨਮਾਨ ਪੂਰਕ ਲਿਆ ਜਾਂਦਾ ਹੈ। ਇਹ ਸ਼ਾਸਤ੍ਰਾਰਥ ਸੰਨ 914 (ਲਗਭਗ) ਹੋਇਆ ਜਾਪਦੈ। ਉਦੋਂ ਬਾਲ ਬ੍ਰਹਮਚਾਰੀ ਆਦਿ ਸ਼ੰਕਰ 26 ਸਾਲ ਦੇ ਯੁਵਕ ਸਨ। ਉਭੈ ਭਾਰਤੀ ਨੇ ਵੇਖਿਆ ਕਿ ਇਹਨਾਂ ਨੂੰ ਪਰਾਜਿਤ ਕਰਨਾ ਸੰਭਵ ਨਹੀਂ। ਤਾਂ 18 ਵੇਂ ਦਿਨ, ਉਭੈ ਭਾਰਤੀ ਕਿਹਾ, ਅੱਜ ਮੈਂ ਆਪ ਤੋਂ ਕਾਮ-ਸ਼ਾਸ਼ਤ੍ਰ ਬਾਬਤ ਪ੍ਰਸ਼ਨ ਪੁੱਛਣਾ ਚਾਹੁੰਦੀ ਹਾਂ।

ਕਾਮ ਦੀਆਂ ਕਿਤਨੀਆਂ ਕਲਾਵਾਂ ਹੁੰਦੀਆਂ ਹਨ ?

ਸੰਭੋਗ ਦੀਆਂ ਕਿਤਨੀਆਂ ਮੁਦ੍ਰਾਵਾਂ ਹੁੰਦੀਆਂ ਹਨ।

ਕੋਈ ਇਸਤ੍ਰੀ, ਪੁਰਸ਼ ਨੂੰ ਕਿਵੇ ਕਿਵੇਂ ਰਿਝਾਉਂਦੀ ਹੈ ?

ਸਾਰੀ ਸਭਾ ਵਿੱਚ ਸੁੰਨ ਵਰਤ ਗਿਆ। ਉਭੈ ਭਾਰਤੀ ਦੇ ਪਤੀ, ਸੰਡਨ ਮਿਸ੍ਰ ਨੇ ਕਿਹਾ, ਉਭੈ ਤੂੰ ਇਕ ਬਾਲ ਬ੍ਰਹਮਚਾਰੀ ਤੋਂ ਇਸ ਤਰ੍ਹਾਂ ਦੇ ਪ੍ਰਸ਼ਨ ਕਿਵੇਂ ਪੁੱਛ ਸਕਦੀ ਹੈਂ ? ਇਕ ਸੰਨਿਆਸੀ, ਜੇ ਇਸ ਵਿਸ਼ੇ ਤੇ ਵਿਚਾਰ ਵੀ ਕਰੇ ਤਾਂ ਉਸ ਦਾ ਸੰਨਿਆਸ ਭੰਗ ਹੋ ਜਾਵੇਗਾ।

ਆਦਿ ਸ਼ੰਕਰ ਨੇ ਹੱਥ ਜੋੜ, ਸਿਰ ਨੀਵਾਂ ਕਰ ਲਿਆ।

ਉਭੈ ਭਾਰਤੀ ਕਿਹਾ, ਕੀ ਕਾਮ-ਸ਼ਾਸਤ੍ਰ, ਇਕ ਸ਼ਾਸਤ੍ਰ ਨਹੀਂ ? ਜੇ ਸ਼ਾਸਤ੍ਰਾਰਥ ਹੋ ਰਿਹਾ ਹੋਵੇ ਤਾਂ ਸੰਸਾਰ ਦੀ ਉਤਪਤੀ, ਸਿਰਜਣ ਦੇ ਸੰਦਰਭ

ਵਿਚ ਰਿਸ਼ੀ ਦੁਆਰਾ ਰਚਿਆ ਹੋਇਆ, ਕਾਮ-ਸ਼ਾਸਤ੍ਰ ਵੀ ਚਰਚਾ ਤੋਂ ਦੂਰ ਕਿਵੇਂ ਰਖਿਆ ਜਾ ਸਕਦੈ ?

ਮੈਨੂੰ ਉਤਰ ਦਿਓ ਜਾਂ ਪਰਾਜਯ ਸਵੀਕਾਰ ਕਰੋ! ਸਾਰੀ ਸਭਾ ਵਿਚ ਸੰਨਾਟਾ ਛਾ ਗਿਆ।

ਨੌਂ ਸਾਲ ਦੀ ਉਮਰ ਵਿਚ, ਸਾਰੇ ਵੇਦ ਕੰਠ ਕਰਿ ਲੈਣ ਵਾਲੇ ...॥ ਉਪਨਿਸ਼ਦਾਂ ਤੇ ਭਾਸ਼ਿਅ (ਟੀਕਾ) ਲਿੱਖਣ ਵਾਲੇ, ਵਿਵੇਕ ਚੂੜਾਮਣੀ ਜਿਹੇ ਅਨੇਕ ਵਿਦਵਤਾ ਭਰੇ ਗ੍ਰੰਥ ਦੇ ਰਚਣ ਵਾਲੇ, ਆਦਿ ਸ਼ੰਕਰ, ਅੱਜ ਪਹਿਲੀ ਵਾਰ, ਕਿਸੇ ਵਿਦਵਤ ਸਭਾ ਵਿਚ, ਸ਼ਾਸਤ੍ਰਾਰਥ ਮੰਡਪ ਵਿਚ, ਪਰਾਜਿਤ ਮੁਦਰਾ ਵਿਚ, ਸਿਰ ਥੱਲੇ ਸੁੱਟ ਬੈਠੇ ਸਨ। ਕਹਿੰਦੇ ਹਨ, ਕਿ ਆਦਿ ਸ਼ੰਕਰ ਨੇ, ਇਹਨਾਂ ਪ੍ਰਸ਼ਨਾਂ ਦੇ ਉੱਤਰ ਲਈ ਇਕ ਮਹੀਨੇ ਦਾ ਸਮਾਂ ਮੰਗਿਆ। ਉਹ, ਅੰਤਰਮਨ ਵਿਚ, ਇਹਨਾਂ ਪ੍ਰਸ਼ਨਾਂ ਨਾਲ ਘਿਰੇ ਹੋਏ ਜੰਗਲ ਵਿਚ ਚਲੇ ਗਏ। ਜੰਗਲ ਵਿਚ, ਰਾਜਾ ਅਮਰੂਕ ਦੀ ਮ੍ਰਿਤਕ ਦੇਹ ਪਈ ਹੋਈ ਵੇਖੀ। ਸ਼ਾਇਦ ਕਿਸੇ ਖੂੰਖਾਰ ਜਾਨਵਰ ਨਾਲ ਲੜਦਿਆਂ ...ਜ਼ਖ਼ਮੀ ਹੋ ਕੇ ਮਰ ਗਏ ਸਨ। ਆਦਿ ਸ਼ੰਕਰ ਯੋਗ-ਸ਼ਕਤੀ ਨਾਲ, ਉਸ ਦੇਹ ਵਿਚ ਪ੍ਰਵੇਸ਼ ਕਰ ਗਏ। ਰਾਜਾ ਅਮਰੂਕ ਦੇ ਰੂਪ ਵਿਚ ਮਹਿਲ ਵਿਚ ਗਏ। ਇਕ ਮਹੀਨੇ ਰਾਣੀ ਦੇ ਨਾਲ ਰਹਿ ਕੇ ਕਾਮ ਦੀਆਂ ਕਲਾਵਾਂ, ਸੰਭੋਗ ਦੀਆਂ ਮੁਦ੍ਰਾਵਾਂ ਦਾ ਅਧਿਐਨ ਕੀਤਾ। ਫੇਰ, ਮੁੜ ਆਪਣੀ ਦੇਹ ਵਿਚ ਆਏ ਅਤੇ ਪ੍ਰਸ਼ਨਾਂ ਦਾ ਉਤਰ ਦਿੱਤਾ। ਪਰ ਇਹ ਪਰ- ਨਾਰੀ ਸਮਾਗਮ, ਪੂਰੀ ਤਰ੍ਹਾਂ ਅਨੈਤਿਕ ਅਤੇ ਸੰਨਿਆਸ ਸਿਧਾਂਤ ਦੇ ਵਿਪਰੀਤ ਹੈ।

ਖੈਰਜੋ ਵੀ ਹੋਇਆ ਹੋਵੇ, ਦੋਹਾਂ ਪੱਖੋਂ ਆਦਿ ਸ਼ੰਕਰਾਚਾਰਿਅ ਦੀ ਹਾਰ ਹੀ ਹੋਈ। ਉਥੋ ਹੀ, ਆਦਿ ਸ਼ੰਕਰ ਪਹਾੜਾਂ ਵਲ ਦਾ ਰੁੱਖ ਕੀਤਾ। ਗੰਗੋਤਰੀ ਦੀ ਰਾਹ ਤੇ, ਬਦਰੀ ਨਾਥ ਅਤੇ ਕੇਦਾਰਨਾਥ ਦੀ ਸਥਾਪਨਾ ਕੀਤੀ ਅਤੇ ਉਥੇ ਹੀ 32 ਸਾਲ ਦੀ ਉਮਰ ਵਿਚ ਸੰਨ 820 ਵਿੱਚ ਦੇਹ ਤਿਆਗ ਦਿੱਤੀ।

ਸਾਰਾ ਸੰਸਾਰ ਅਧੂਰਾ ਹੈ। ਸਾਰੇ ਇਥੋਂ ਅਪੂਰਨ ਹੀ ਗਏ। ਕੋਈ ਧਨ ਨਾਲ ਨਹੀਂ ਰੱਜਿਆ। ਕੋਈ ਰੱਜ ਕੇ ਜੀਵਿਆ ਨਹੀਂ। ਗਿਆਨ, ਵਿਦਵਤਾ ... ਸਭ ਕੁਝ ਅਧੂਰਾ ਹੀ ਰਿਹਾ। ਬਸ ਇਕੋ ਪੂਰਨ.. ਪ੍ਰਮਾਤਮਾ, ਪੂਰਾ ...“ਸਤਿਗੁਰੁ ਮੇਰਾ ਪੂਰਾ”...।



Sri Satguru Jagjit Singh Ji eLibrary NamdhariElibrary@gmail.com

# 12.

## ਧਰਮ ਖੰਡ

ਪੂਜਾ ਪਾਠ, ਪ੍ਰਾਰਥਨਾ, ਅਰਚਨਾ, ਤੀਰਥ, ਬਰਤ, ਉਪਵਾਸ, ਮੰਦਿਰ, ਮਸਜਿਦ, ਤਪ, ਯੋਗ ...''ਧਰਮ'+ ਸ਼ਬਦ ਕਈ ਅਰਥਾਂ ਨੂੰ ਢੋਂਦਿਆਂ-ਢੋਂਦਿਆਂ, ਆਪ ਜਿਵੇਂ ਅਰਥਹੀਨ ਹੁੰਦਾ ਗਿਆ। ਸਮੇਂ ਅਤੇ ਸੰਪਰਦਾਵਾਂ ਦੀ ਮੰਗ ਅਨੁਸਾਰ, ਕਈ ਕਰਮਕਾਂਡੀ ਪ੍ਰੰਪਰਾਵਾਂ, ਧਰਮ ਦੇ ਨਾਂ ਨਾਲ ਪ੍ਰਚਲਿਤ ਹੋਈਆਂ। ਕਹਿੰਦੇ ਹਨ ਕਿ ਇਕ ਬਜ਼ੁਰਗ ਔਰਤ ਨੇ ਘਰ ਵਿਚ ਇਕ ਬਿੱਲੀ ਪਾਲੀ ਹੋਈ ਸੀ। ਪੂਜਾ ਕਰਦਿਆਂ, ਉਹ ਬਿੱਲੀ ਕਈ ਵਾਰ ਪ੍ਰਸਾਦ ਸਮਗ੍ਰੀ ਵਿਚ ਮੂੰਹ ਮਾਰ ਦੇਂਦੀ ਸੀ। ਪ੍ਰੇਸ਼ਾਨ ਹੋਈ ਬਜ਼ੁਰਗ ਔਰਤ ਨੇ, ਪੂਜਾ ਆਰੰਭ ਕਰਨ ਤੋਂ ਪਹਿਲਾਂ, ਬਿੱਲੀ ਨੂੰ ਇਕ ਟੋਕਰੇ ਹੇਠ ਢੱਕ ਦੇਣਾ। ਸਮਾਂ ਆਇਆ, ਉਹ ਬਜ਼ੁਰਗ ਔਰਤ ਵੀ ਮਰ ਗਈ, ਬਿੱਲੀ ਵੀ ਮਰ ਗਈ, ਪਰ ਉਦੋਂ ਤਕ ਪੂਜਾ ਵੇਲੇ ਬਿੱਲੀ ਢੱਕਣ ਦੀ ਕ੍ਰਿਆ, ਪੂਜਾ-ਪ੍ਰੰਪਰਾ ਦਾ ਰੂਪ ਧਾਰ ਚੁਕੀ ਸੀ। ਵੱਡੀ ਨੂੰਹ ਹੁਣ ਪਹਿਲੀ ਵਾਰ ਧਾਰਮਿਕ ਅਨੁਸ਼ਠਾਨ ਕਰਨ ਲੱਗੀ। ਧੂਪ; ਦੀਪ, ਨਈਵੇਦ, ਪ੍ਰਸਾਦ, ਸਾਰੀ ਸਮਗ੍ਰੀ ਆ ਗਈ। ''ਹੁਣ ਇਕ ਬਿੱਲੀ ਤੇ ਇਕ ਟੋਕਰਾ ਲਿਆਉ''-ਵੱਡੀ ਨੂੰਹ ਨੇ ਕਿਹਾ। ਮਾਤਾ ਵਲੋਂ, ਬਿੱਲੀ ਢੱਕਣ ਦੀ ਮਜਬੂਰੀ, ਘਰ ਦੀ ਰਹੁ ਰੀਤ ਬਣ ਚੁਕੀ ਸੀ। ਤਾਂ ਹਿਤੋਪਦੇਸ਼ ਕਹਿੰਦੈ -

''ਗਤਾ ਅਨੁਗਤਿ ਕੋ ਲੋਕঃ ਨঃ ਲੋਕঃ ਪਰਮਾਰਥਿਕঃ।''

ਵੇਖਾ-ਵੇਖੀ ਦੀ ਸੰਸਾਰਕ ਕਵਾਇਦ ਬਣ ਰਹੀ ਹੈ, ਧਰਮ ਅਰਥ ਦੂਰ ਹੁੰਦੇ ਜਾ ਰਹੇ ਹਨ।

ਇਕ ਵਾਰ ਭਗਵਾਨ ਬੁੱਧ ਕੋਲ, ਆਨੰਦ ਆਇਆ -ਪ੍ਰਭੂ ! ਮੈਂ ਤੁਹਾਡੇ ਦੱਸੇ ਅਸ਼ਟਾਂਗ-ਨਿਯਮ ਸਾਧ ਲਏ ...। ਪੂਜਾ ਵਿਧਾਨ ਸਾਰੇ ਕੰਠ ਕਰ ਲਏ। ਹੁਣ ਕੀ ਹੁਕਮ ਹੈ ? ਬੋਧੀਸਤਵ ਬੋਲੇ, ਇਹ ਸਭ ਕੁਝ ਬਾਹਰ ਕੂੜੇਦਾਨ ਵਿਚ



Sri Satguru Jagjit Singh Ji eLibrary NamdhariElibrary@gmail.com

ਸੁੱਟ ਆ। ਬਾਹਰ ਦੇ ਸੰਸਾਰ ਵਲ, ਪਦਾਰਥਾਂ ਦੇ ਸੰਗ੍ਰਹਿ ਵਲ ਉਲਝੀ ਹੋਈ, ਹੰਕਾਰੀ ਬਿਰਤੀ ਨੂੰ ਮੋੜਨ ਲਈ, ਕੁਝ ਕ੍ਰਿਆਵਾਂ ਦੱਸੀਆਂ ਸਨ। ਤੈਨੂੰ ਉਨ੍ਹਾਂ ਕ੍ਰਿਆਵਾਂ ਦਾ ਵੀ ਹੰਕਾਰ ਹੋ ਗਿਆ। ਹੁਣ ਜਾ ਬਾਹਰ ਸੁੱਟ ਆ । ਇਹ ਕ੍ਰਿਆ ਸੰਗ੍ਰਹਿ, ਧਨ ਸੰਗ੍ਰਹਿ ਵਾਂਗ, ਹੰਕਾਰ ਦਾ ਨਮਿਤ ਬਣ ਗਿਐ।

1200 ਸਾਲ ਪਹਿਲਾਂ ਆਦਿ ਸ਼ੰਕਰਾਚਾਰਿਆ, ਦੇਸ਼ਾਟਨ ਕਰਦੇ ਹੋਏ, ਬਨਾਰਸ ਪੁੱਜੇ। ਦਸ ਅਸ਼ਵਮੇਧ ਘਾਟ ਤੇ ਸਵੇਰੇ ਸਵੇਰੇ, ਇਕ ਬ੍ਰਾਹਮਣ, ਚੌਂਕੀ ਤੇ ਠਾਕੁਰ ਦੀ ਮੂਰਤੀ, ਧੂਪ, ਆਦਿ ਸਾਮਗ੍ਰੀ ਸਹਿਤ ਉਚੀ ਆਵਾਜ਼ ਵਿਚ, ਪਾਠ ਕਰ ਰਿਹਾ ਸੀ। ਹੱਥ, ਯੰਤਰ ਵਾਂਗ, ਕਦੀ ਧੂਪ ਧੁਖੌਂਦੇ, ਕਦੀ ਟੱਲੀ ਖੜਕੌਂਦੇ ... ਰਸਨਾ ਦਬਾ-ਦਬ, ਸੰਸਕ੍ਰਿਤ ਦੇ ਸਲੋਕ ਉਚਾਰਨ ਕਰ ਰਹੀ ਸੀ। ਅੱਖਾਂ, ਚਾਰੇ ਪਾਸੇ ਜਜਮਾਨ (ਗ੍ਰਾਹਕ) ਭਾਲ ਰਹੀਆਂ ਸਨ। ਆਦਿ ਸ਼ੰਕਰ ਨੇ, ਉਸ ਪੰਡਤ ਨੂੰ ਝਾੜ ਪਾਈ-

"ਭਜ ਗੋਬਿੰਦੰ, ਭਜ ਗੋਬਿੰਦੰ, ਗੋਬਿੰਦੰ ਭਜ" ਮੂਢਿ ਮਤੇ।

ਸੰਪ੍ਰਾਪਤੇ ਸੰਨਿਹਿਤੇ ਕਾਲੇ, ਨਹੀ-ਨਹੀਂ ਰੱਛਤੀ ਡੁਕ੍ਰਿਤ ਕਰਮੇ॥

ਇਹ ਛਲਾਵਾ ਪੂਰਨ ਕਰਮ, ਪੂਜਾ, ਇਹ ਪਾਠ ਉਚਾਰਨ ... ਮੌਤ ਵੇਲੇ ਤੇਰੀ ਰਖਿਆ ਨਹੀ ਕਰਨਗੇ। ਗੋਬਿੰਦ ਦਾ ਹਿਰਦੈਂ ਚ ਸਿਮਰਨ ਕਰ! ਸ਼ਇਦ ਤੇਰੀ ਸੁਰਤਿ ਨਾਲ, ਸਿਮਰਨ ਦਾ ਸੰਗ ਹੋ ਜਾਏ ... ਮਰਨ ਤੋਂ ਬਾਅਦ ਤੇਰਾ ਸੰਗੀ ਬਣ ਜਾਏ।

ਗੁਰੂ ਨਾਨਕ ਪਾਤਸ਼ਹ, "ਧਰਮ" ਨੂੰ ਖੋਲ੍ਹਦੇ ਹਨ- ਧਰਮ ਖੰਡ ਕਾ ਏਹੋ ਧਰਮ॥ ਗਿਆਨ ਖੰਡ ਕਾ ਆਖਹੁ ਕਰਮ॥

ਪੰਜ ਖੰਡਾਂ ... ਪੰਜ ਪੜਾਵਾਂ ਚੋਂ ਲੰਘਦਾ ਜੀਵਨ। ਇਹ ਧਰਤੀ, ਇਹ ਸੰਸਾਰ, ਧਰਮ ਖੰਡ ਹੈ। ਇਸ ਸੰਸਾਰ ਵਿਚ, ਸ੍ਰਿਸ਼ਟੀ ਸਾਗਰ ਵਿਚ, ਅਨੇਕਾਂ ਰਤਨ ਹਨ। ਸਮੁੰਦਰ ਮੰਥਨ ਵਿਚੋਂ, ਅੰਮ੍ਰਿਤ ਅਤੇ ਬਿਖ ਦੋਵੇਂ ਨਿਕਲੇ - ਦੋਵੇਂ ਰਤਨ ਕਹਿਲਾਏ। ਕਦੇ, ਜਦੋਂ ਸਰਪ ਡੱਸ ਲਏ ...ਜੀਵਨ, ਮੌਤ ਦੇ ਨੇੜੇ ਖਿਸਕਦਾ ਜਾ ਰਿਹਾ ਹੋਵੇ, ਉਦੋਂ ਬਾਹਰੋਂ ਸਰਪ ਦਾ ਜ਼ਹਿਰ, ਜੀਵਨ ਰਖਿਅਕ ਦਵਾ ਬਣ ਜਾਂਦੈ। ਇਹ ਸੱਪ ਦਾ ਜ਼ਹਿਰ, ਮਰੀਜ਼ ਲਈ, ਅੰਮ੍ਰਿਤ ਬਣ ਜਾਂਦੈ। ਇਸ ਧਰਮ ਖੰਡ ਦੀ ਧਰਤੀ ਤੇ ਕਿੰਨੇ ਪਵਨ ਦੇਵਤਾ, ਪਾਣੀ ਦੇਵਤਾ, ਅਗਨੀ ਦੇਵ... ਪਤਾ ਨਹੀਂ ਕਿੰਨੇ, ਕ੍ਰਿਸ਼ਨ, ਸ਼ਿਵ ਜੀ, ਬ੍ਰਹਮਾ, ਆਪਣੇ ਕਾਰਜ



Sri Satguru Jagjit Singh Ji eLibrary NamdhariElibrary@gmail.com

ਖੇਤਰ ਵਿਚ ਕ੍ਰਿਆਸ਼ੀਲ ਹਨ। ਇਸ ਸੰਸਾਰ ਵਿਚ, ਕਿੰਨੇ ਦੇਵਤੇ ਹਨ, ਦਾਨਵ ਹਨ ...। ਇਸ ਮਾਤ ਲੋਕ ਵਿਚ; ਇਹਨਾਂ ਸਾਰਿਆਂ ਤੋਂ ਕੁਝ ਸਿੱਖਣ ਜੋਗ ਅਵਸਰ ਮਿਲਿਐ। ਇਥੇ ਸ਼ਿਵਜੀ ਹਨ, ਗਲ ਵਿਚ ਨਾਗ ਹੈ। ਦੇਵਤੇ ਹਨ, ਸਵਾਰੀ ਕਿਸੇ ਦਾ ਪਸ਼ੂ, ਕਿਸੇ ਦਾ ਪੰਖੀ (ਗਰੁੜ) ਕਿਸੇ ਦਾ ਚੂਹਾ...। ਸਾਰੇ ਪ੍ਰਾਸੰਗਿਕ ਹਨ। ਸਾਰੇ ਲੋੜੀਂਦੇ ਹਨ। ਸਾਰਿਆਂ ਨੂੰ ਇਸ ਲੋਕ ਤੇ ਜੀਉਣ ਦਾ ਅਵਸਰ ਮਿਲਿਐ। ਸ਼ਾਇਦ ਸਾਰੇ ਸਾਡੇ ਹੀ ਵਾਂਗ, ਕਰਮਾਂ ਦੇ ਅਧੀਨ, ਕਰਮ ਭੋਗ ਲਈ ਇਥੇ ਆਏ ਹਨ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ –

ਧਰਮ ਖੰਡ ਕਾ ਏਹੋ ਧਰਮੁ ॥

ਗਿਆਨ ਖੰਡ ਕਾ ਆਖਹੁ ਕਰਮੁ ॥

ਤਿੰਨ ਖੰਡ— ਧਰਮ ਖੰਡ, ਗਿਆਨ ਖੰਡ ਅਤੇ ਕਰਮ ਖੰਡ... ਤਿੰਨ ਲੋਕ ਇਸ ਧਰਤੀ ਤੇ ਮਿਲ ਰਹੇ ਹਨ। ਧਰਤੀ, ਆਕਾਸ਼, ਪਤਾਲ ਦਾ ਸੰਯੋਗ! ਇਹ ਪ੍ਰਮੇਸ਼ਰ ਨੇ ਬੜ੍ਹਾ ਰਹੱਸਮਈ ਲੋਕ ਸਾਨੂੰ ਮੁਹੱਈਆ ਕਰਾਇਐ।

ਇਹ ਧਰਮ ਖੰਡ ਹੈ। ਹਰ ਪਾਸੇ ... ਤੇਰੇ ਹਰ ਕਦਮ ਦੇ ਹੇਠ ਸ਼ਾਇਦ ਕਈ ਜੀਵ, ਜੀਵਨ ਰੂਪ ਵਿਚ ਕਰਮਭੋਗ ਕਹਿ ਰਹੇ ਹਨ। ਉਹਨਾਂ ਜੀਆਂ ਪ੍ਰਤੀ ਸੰਵੇਦਨਾ, ਕਰੁਣਾ, ਸ਼ਰਧਾ ਭਰਿਆ ਆਤਮ-ਬੋਧ! ਤੇਰੀ ਆਤਮਕ ਚੇਤਨਾ, ਸਭਨਾਂ ਪ੍ਰਤੀ ਜ਼ਿੰਮੇਵਾਰੀ ਨਿਰਵਾਹ ਦੀ ਆਕਾਸ਼ਵਾਣੀ ਕਰੇਗੀ। ਇਹ ਪ੍ਰਕ੍ਰਿਤੀ ਚੋਂ ਸਿੰਮਦਾ ਪ੍ਰੇਮ ਹੈ, ਜਿਹੜਾ ਫਲਾਂ ਵਿਚ ਰਸ, ਫੁੱਲਾਂ ਵਿਚ ਪਰਾਗ ਅਤੇ ਜੀਆਂ ਵਿਚ ਪ੍ਰੀਤ ਬਣ ਕੇ ਉਤਰ ਰਿਹੈ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ – ਪ੍ਰਮਾਤਮਾ ਦੇ ਇਸ ਮੋਨ ਸੁਨੇਹੇ ਨੂੰ ਸੁਣ! ਸਾਡੀ ਨਾਸਮਝੀ ਨੇ, ਸਾਡੀ ਈਰਖਾ, ਦ੍ਵੈਸ਼, ਸਾਡੀ ਨਫ਼ਰਤ ਨੇ, ਇਸ ਧਰਤੀ ਨੂੰ ਮਾਤ-ਲੋਕ ਬਣਾਇਐ, ਨਰਕ ਬਣਾਇਐ। ਇਸ ਨੂੰ ਹੁਣ ਮੁਕਤੀ ਲੋਕ ਬਣਾਉਣਾ ਆਰੰਭ ਕਰੋ।

ਸਿਰਫ ਇਕ ਕਰਤੱਵ ਬੋਧ! ... ਹਰ ਕਰਮ, ਗਿਆਨ ਨਾਲ ਪੁੰਨ ਛਾਣ ਕੇ ਹੋਵੇ! ਹੇ ਰੱਬਾ, ਭੁੱਲ ਭੁਲੇਖੇ ਵੀ ਮੇਰੇ ਤੋਂ ਕਿਸੇ ਦਾ ਦਿੱਲ ਨਾ ਦੁਖੇ...। ਸਭ ਦਾ ਹਿੱਤ, ਸਰਵ-ਹਿਤਕਾਰੀ, ਸਰਬ ਜੀਅ ਦਇਆ ... ਸਰਬੱਤ ਦਾ ਭਲਾ! ਧਰਤੀ ਦਾ, “ਧਰਮ ਖੰਡ” ਵਿਚ ਰੁਪਾਂਤਰਣ!

## 13

# ਧੁਨਿ ਮਹਿ ਧਿਆਨੁ

ਧਿਆਨ ਅਤੇ ਇਕਾਗ੍ਰਤਾ, ਸਮਾਨ ਅਰਥ ਵਿਚ ਵਰਤੇ ਜਾਂਦੇ ਹਨ। ਪਰ ਦੋਹਾਂ ਵਿਚ ਭੇਦ ਹੈ। ਮਨ, ਬੁੱਧੀ ਦਾ ਕਿਸੇ ਬਿੰਦੂ ਤੇ ਫੋਕਸ ਕਰਨਾ ਇਕਾਗ੍ਰਤਾ ਹੈ। ਇਹ ਇਕਾਗ੍ਰਤਾ ਗਹਿਰੀ ਹੋ ਜਾਏ....ਇਤਨੀ ਪ੍ਰਬਲ ਕਿ ਬਾਹਰਮੁਖੀ ਇੰਦ੍ਰੀਆਂ ਨੂੰ, ਆਪਣੇ ਵਿਚ ਸਮੇਟ ਕੇ ਇਕ ਬਿੰਦੂ ਮੁਖੀ ਕਰ ਦੇਵੇ, ਤਾਂ ਇਹ ਧਿਆਨ ਬਣ ਜਾਂਦੈ। ਇਕ ਮਾਂ ਘਰ ਦੇ ਕੰਮ ਕਰ ਰਹੀ ਹੈ; ਸਾਫ ਸਫਾਈ, ਰੋਟੀ-ਪਾਣੀ ਦੇ ਕੰਮ, ਸਿਲਾਈ ਕਢਾਈ, ਪੜੋਸਨ ਨਾਲ ਗੱਲਬਾਤ....ਕੁਝ ਵੀ ਕਰ ਰਹੀ ਹੈ। ਅੰਦਰ ਕਮਰੇ ਵਿਚ ਬਾਲ ਸੌਂ ਰਿਹੈ। ਅੰਦਰੋਂ ਹਲਕੀ ਜਿਹੀ ਰੋਣ ਦੀ ਆਵਾਜ਼.... ਸਾਰੇ ਕੰਮ ਛੱਡ ਕੇ, ਮਾਂ ਅੰਦਰ ਦੌੜ ਪੈਂਦੀ ਹੈ... ਇਹ ਧਿਆਨ ਹੈ। ਮਾਂ ਦਾ ਸਾਵਧਾਨ-ਚਿੱਤ, ਧਿਆਨ ਰਾਹੀਂ ਬੱਚੇ ਨਾਲ ਜੁੜਿਆ ਹੋਇਐ। ਬਾਲ ਦਾ ਜਨਮ ਹੋਇਆ। ਇਕ ਨਾੜ ਨਾਲ ਜੁੜਿਆ ਹੁੰਦੈ। ਨਾਭੀ ਨਾਲ ਜੁੜੀ ਨਾੜ ਕੱਟ ਕੇ, ਮਾਂ ਤੋਂ ਵੱਖ ਕੀਤਾ ਗਿਆ। ਪਰ ਚਿੱਤ ਦੀ ਨਾੜ...ਸਾਰੀ ਜ਼ਿੰਦਗੀ ਬੱਚੇ ਨਾਲ ਜੁੜੀ ਹੁੰਦੀ ਹੈ। ਬੱਚੇ ਦਾ ਹਰ ਦੁਖ ਦਰਦ ਮਾਂ ਸਮਝਦੀ ਹੈ.... ਉਸਦੀ ਹਰ ਜ਼ਰੂਰਤ ਤੋਂ ਜਾਣੂ ਹੈ। ਇਹ ਧਿਆਨ ਬਹੁਤ ਕੀਮਤੀ ਹੈ। ਵਿਦਿਆ ਅਧਿਐਨ ਕਰ ਰਿਹੈ....ਗੱਡੀ ਚਲਾ ਰਿਹੈ....ਵਪਾਰ ਕਰ ਰਿਹੈ...ਖੇਤੀ ਕਰ ਰਿਹੈ, ਧਿਆਨ ਲਾਜ਼ਮੀ ਹੈ। ਸੰਸਾਰ ਚਾਹੀਦੈ, ਸਫਲਤਾ ਚਾਹੀਦੀ ਏ, ਗਹਿਰੀ ਇਕਾਗਰਤਾ... ਧਿਆਨ ਲੋੜੀਂਦਾ ਹੈ। ਸੰਸਾਰ ਵੱਲ, ਭੌਤਕ ਸਾਧਨਾਂ ਵਲ, ਘਰ ਪ੍ਰੀਵਾਰ ਦੀਆਂ ਜ਼ਰੂਰਤਾਂ ਵਲ, ਮਨ ਵੰਡਿਆ ਹੋਇਐ, ਬੁੱਧੀ ਜਤਨਸ਼ੀਲ ਹੈ। ਇਹਨਾਂ ਸਾਰੀਆਂ ਵੰਡੀਆਂ ਹੋਈਆਂ ਤੰਦ੍ਾਵਾਂ ਨੂੰ ਸਮੇਟ ਕੇ, ਇਕ ਸਤਿ ਦੇ ਸਨਮੁਖ ਕਰ ਦੇਣਾ, ਭਗਤੀ ਕਿਹਾ ਗਿਐ।

ਪ੍ਰਮੇਸਰ ਦੇ ਤਿੰਨ ਨਾਂ ਹਨ- (ਕ) ਸਤਿ-ਇਹ ਅਕਾਲ, ਅਦਿੱਖ, ਸੁੰਨ ਦਾ ਸੂਚਕ ਹੈ। (ਖ) ਪੁਰਖ- ਇਹ ਪ੍ਰਮੇਸ਼ਰ ਦਾ, ਹਰ ਜੀਅ ਵਿਚ, ਮੌਜੂਦ ਚੇਤਨ



Sri Satguru Jagjit Singh Ji eLibrary NamdhariElibrary@gmail.com

ਸੱਤਾ ਦਾ ਨਾਂ ਹੈ (ਗ) ਸਤਿਗੁਰੂ-ਇਹ ਪ੍ਰਮੇਸ਼ਰ ਦਾ ਨਰ ਰੂਪ ਅਵਤਰਣ ਦਾ ਬੋਧਕ ਨਾਂ ਹੈ। ਸਤਿਗੁਰ, ਸਿਰਜਣ ਦਾ ਉਹ ਬਿੰਦੂ, ਜਿਥੇ ਸਤਿ ਅਤੇ ਚੇਤਨ ਪੁਰਖ ਸਾਂਝੇ ਪ੍ਰਗਟ ਹੁੰਦੇ ਹਨ। ਮਨੁੱਖੀ ਦੇਹ, ਜਿੱਥੇ ਸੂਖਮ ਅਤੇ ਸਥੂਲ ਇਕ ਹੁੰਦੇ ਹਨ। ਪ੍ਰਮੇਸ਼ਰ ਦੇ ਇਹ ਤਿੰਨ ਨਾਂ... ਅਸਲ ਵਿਚ ਅਕਾਲ ਪੁਰਖ ਦੇ ਹੀ ਤਿੰਨ ਪੜਾਅ ਹਨ, ਜਿਥੋਂ ਸਿੱਖ ਨੂੰ ਜਾਂ ਸਾਧਕ ਨੂੰ ਗੁਜ਼ਰਨਾ ਹੁੰਦੈ। ਸਿੱਖ ਜਾਂ ਸ਼ਿਸ਼ ਸਤਿਗੁਰ ਨੂੰ ਮਿਲਦੈ ਤਾਂ ਆਤਮਾ ਦਾ ਅਦਿੱਖ ਮੰਡਲ, ਪ੍ਰਗਟ ਹੋਣ ਲੱਗਦੈ। ਇਥੇ ਪੁਰਖ ਰੂਪ, ਚੇਤਨਯਦੇਵ, ਪ੍ਰਮਾਤਮਾ ਦਾ ਸਾਖਿਆਤਕਾਰ ਹੁੰਦੈ। ਇਹ ਆਕਾਸ਼ ਹਰ ਜੀਵ ਵਿਚ, ਮਨੁੱਖ ਵਿਚ, ਪਰਦੇ ਓਹਲੇ ਹੁੰਦੈ। ਗੁਰੂ ਉਹ ਪਰਦਾ ਚੁੱਕ ਦੇਂਦੈ। ਘੋਰ ਹਨੇਰੇ ਵਿਚ ਸੂਰਜ ਚੜ੍ਹ ਪੈਂਦੈ। ਅਗਲਾ ਰਾਹ, ਹੁਣ ਬਹੁਤ ਸੌਖਾ ਹੋ ਜਾਂਦੈ। ਸਿੱਖ ਦੀ ਸੁਰਤਿ ਪੁਰਖ ਨਾਲ ਮਿਲ ਕੇ, ਪਰਮ ਊਰਜਾਵਾਨ ਹੋ ਜਾਂਦੀ ਹੈ। ਅੱਗੇ ਬਸ ਇਕ ਕਦਮ...ਔਰ ਸੁੰਨ ਵਿਚ ਸਮਾਹਿਤ ਹੋ ਜਾਂਦੈ। ਸਤਿਗੁਰ ਦੀ ਕਿਰਪਾ ਨਾਲ, ਪੁਰਖ ਨਾਲ ਪਰਿਚਿਤ ਹੋਇਆ ਸਿੱਖ, ਇੱਛਾ ਮਿਰਤੂ ਦਾ ਅਧਿਕਾਰੀ ਹੋ ਜਾਂਦੈ। ਜਦੋਂ ਚਾਹੇ, ਆਪਣੀ ਇੱਛਾ ਅਨੁਸਾਰ ਦੇਹ ਤਿਆਗ ਕੇ, ਸੁੰਨ ਵਿਚ ਪ੍ਰਵੇਸ਼ ਕਰ ਜਾਂਦੈ।

ਤਾਂ ਗੁਰੂ ਨਾਨਕ ਪਾਤਸ਼ਾਹ, ਉਸ ਅਗੰਮ ਮਾਰਗ ਦੀ ਪਛਾਣ ਕਰਵਾਉਂਦੇ ਹਨ:

"ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮ ਗਿਆਨੀ॥

ਧੁਨਿ ਮਹਿ ਧਿਆਨ, ਧਿਆਨ ਮਹਿ ਜਾਨਿਆ, ਗੁਰਮੁਖਿ ਅਕਥ ਕਹਾਨੀ॥( ਰਾਮਕਲੀ ਮਹਲਾ 1, ਪੰ. 878)

ਹਰ ਮਨੁੱਖ, ਹਰ ਜੀਅ, ਹਰ ਜੜ ਪਦਾਰਥ ਦੀ ਬਾਹਰੀ ਦੇਹ, ਬਾਹਰਲਾ ਆਕਾਰ, ਨਾਰੀ ਹੈ। ਅੰਦਰ ਚੇਤਨ ਸਰੂਪ ਸ਼ਕਤੀ, "ਪੁਰਖ" ਹੈ। ਇਹ ਦੋਵੇਂ ਸਾਂਝੀਆਂ ਹੁੰਦੀਆਂ ਹਨ। ਸੁੰਨ 'ਚੋਂ ਨਿਰੰਤਰ ਗੂੰਜ ਰਿਹਾ ਨਾਦ....ਉਸ ਦਾ ਪ੍ਰਕੰਪਨ.... ਉਸ ਦੀ ਵਾਈਬ੍ਰੇਸ਼ਨ, ਸਾਰੇ ਬ੍ਰਹਮਾਂਡ ਦੇ ਅਸਥਾਵਰ, ਜੰਗਮ, ਕੀਟ, ਪਤੰਗਮ ਸਭ ਦੇ ਅੰਦਰ, ਪੁਰਖ 'ਚੋਂ, ਆਤਮਾ ਚੋਂ, ਅੰਦਰਲੀ ਚੇਤਨ ਬਿੰਬ ਚੋਂ, ਧੁਨੀ ਰੂਪ ਗੂੰਜਾਇਮਾਨ ਹੋ ਰਿਹੈ। ਇਹ ਬਹੁਤ ਪਰਦੇ ਵਿਚ, ਬਹੁਤ ਗੁਪਤ ਰੂਪ ਵਿਚ ਨਿਰੰਤਰ ਹੋ ਰਿਹੈ। ਸਾਨੂੰ ਗਿਆਤ ਨਹੀਂ। ਅਸੀਂ ਸੁਣ ਨਹੀਂ ਸਕਦੇ। ਸਾਡਾ ਸਾਰਾ ਧਿਆਨ ਪ੍ਰੀਵਾਰ ਵਲ, ਵਾਪਾਰ ਵਲ, ਬਾਹਰਲੇ ਝੇੜਿਆਂ



Sri Satguru Jagjit Singh Ji eLibrary NamdhariElibrary@gmail.com

ਝਮੇਲਿਆਂ ਵਿਚ ਉਲਝਿਆ ਹੋਇਐ। ਇਹ ਨਾਦ....ਇਹ ਰੱਬੀ ਧੁਨਿ, ਹਰ ਪਾਸਿਓਂ ਉਠ ਰਹੀ ਹੈ। ਪੰਖੀਆਂ ਦੇ ਕਲਰਵ ਵਿਚ, ਨਦੀ ਦੀ ਵਗਦੀ ਧਾਰਾ ਵਿਚ, ਪੱਤਿਆਂ ਨੂੰ ਛੂਹ ਕੇ ਸੰਗੀਤਮਈ ਹੋ ਜਾਂਦੀ ਹਵਾ ਵਿਚ...। ਇਹ ਇਲਾਹੀ ਧੁਨ, ਹਰ ਜੀਅ ਵਿਚ, ਹਰ ਜ਼ੱਰੇ ਵਿਚ ਵੱਜ ਰਹੀ ਹੈ। ਇਹ ਧੁਨਿ....ਇਕ ਰਹੱਸਮਈ ਸੰਗੀਤ, ਹਰ ਥਾਂ, "ਸਤਿ ਪੁਰਖ" ਦੀ ਮੌਜੂਦਗੀ ਦਾ ਪ੍ਰਮਾਣ ਹੈ। ਇਹ ਸੰਗੀਤ ਦੀ ਮਧੁਰ ਧੁਨਿ, ਬਾਹਰ ਵੀ, ਸਾਡੇ ਅੰਦਰ ਵੀ, ਸਰਵੱਤ੍ਰ ਗੂੰਜ ਰਹੀ ਹੈ।

"ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥ (ਪੰਜਵੇਂ ਪਾਤਸ਼ਾਹ ਸੁਖਮਨੀ)

ਸਵਾਮੀ ਰਾਮਕ੍ਰਿਸ਼ਨ ਪਰਮਹੰਸ, ਜੀਵਨ ਦੀ ਪ੍ਰਾਰੰਭਕ ਅਵਸਥਾ ਵਿਚ, ਬਾਹਰ....ਨਦੀਆਂ, ਝਰਨੇ, ਦਰੱਖਤਾਂ, ਪੰਖੀਆਂ ਨਾਲ ਜੁੜੇ ਹੋਏ ਹਨ। ਸੁਰਤਿ ਬਾਹਰ ਵਲ ਸਹਜ ਸੀ। ਮਾਤਰ ਛੇ ਸਾਲ ਦੀ ਉਮਰ ਵਿਚ ਆਕਾਸ਼ ਵਿਚ, ਬਗੁਲਿਆਂ ਦੀ ਡਾਰ ਦੇਖ ਕੇ ਮੰਤ੍ਰਮੁਗਧ ਹੋ ਗਏ। ਕਹਿੰਦੇ ਹਨ, ਇਹ ਉਨ੍ਹਾਂ ਦੇ ਜੀਵਨ ਦੀ ਪਹਿਲੀ ਸਮਾਧੀ ਸੀ। ਇਹ ਸਮਾਧੀ, ਸੁਰਤਿ ਦੀ, ਅਤਿ ਵਿਕਸਤ ਅਵਸਥਾ ਹੁੰਦੀ ਏ। ਮਨ, ਬੁੱਧੀ, ਇੰਦ੍ਰੀਆਂ, ਇਕ ਬਿੰਬ ਤੇ.... ਇਕ ਲੱਛ ਤੇ ਕੇਂਦਰਤ ਹੋ ਜਾਣ, ਇਹ ਇਕਾਗ੍ਰਤਾ ਹੁੰਦੀ ਹੈ। ਇਕ ਪ੍ਰਤੀਕ ਅੱਗੇ ਜੀਵਨ ਦੀ ਸੰਪੂਰਨਤਾ ਨਾਲ, ਹਾਜ਼ਰ ਹੋ ਜਾਣਾ। ਇਹ ਇਕਾਗ੍ਰਤਾ, ਬਹੁਤ ਡੂੰਘੀ, ਬਹੁਤ ਗਹਿਰੀ ਹੋ ਜਾਏ ਤਾਂ ਧਿਆਨ ਬਣ ਜਾਂਦੀ ਏ।

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

"ਧੁਨਿ ਮਹਿ ਧਿਆਨੁ"॥ ਸਾਰੀ ਕਾਇਨਾਤ ਵਿਚ, ਪ੍ਰਮੇਸ਼ਰ ਦੀ ਧੁਨ ਵੱਜ ਰਹੀ ਹੈ। ਹੋਸ਼ ਵਿਚ ਆ। ਜਾਗ੍ਰਿਤ ਹੋ। ਇਸ ਵਲ ਧਿਆਨ ਕਰ। ਇਹ ਰੱਬੀ ਨਾਦ.... ਵਿਸਮਾਦੀ ਹੈ। ਕੋਈ ਵਜੌਣ ਵਾਲਾ ਵਿਖਾਈ ਨਹੀਂ ਦਿੰਦਾ। ਕੋਈ ਸਾਜ਼ ਨਹੀਂ ਸਾਜ਼ਿੰਦਾ ਨਹੀਂ...ਪਰ ਉਹ ਵੱਜ ਰਿਹੈ....ਅਨਹਦ ਨਾਦ।

"ਸੁੰਨ ਸਮਾਧਿ ਅਨਹਤ ਤਹ ਨਾਦ॥

ਕਹਨੁ ਨ ਜਾਈ ਅਚਰਜ ਬਿਸਮਾਦੁ॥ (ਸੁਖਮਨੀ)

ਉਹ ਗ਼ੈਬੀ ਧੁਨਿ, ਚਿਤ ਨੂੰ ਲਵੇਟ ਕੇ ਰੂਹ ਤਕ ਲੈ ਜਾਂਦੀ ਏ। ਤੂੰ

ਧਿਆਨ ਕਰ। ਇਕ ਗੁਪਤ ਸਿਲਸਿਲਾ। ਸਿੱਖ ਦਾ ਸਿਰ, ਸਤਿਗੁਰ ਦੇ ਚਰਨਾਂ ਤੇ....ਸਤਿਗੁਰ ਦਾ ਹੱਥ ਸਿੱਖ ਦੇ ਸਿਰ ਤੇ। ਇਕ ਖਿਨ ਦਾ ਮੌਨ ਘਟਦੈ ਔਰ ਸਿੱਖ ਦੀ ਸੁਰਤਿ ਵਿਕਸਤ ਹੋ ਕੇ ਧਿਆਨ ਵਿਚ ਤਬਦੀਲ ਹੋ ਜਾਂਦੀ ਏ। ਧਿਆਨ, ਧੁਨਿ ਦੇ ਨਾਲ, ਇਕ ਸੁਰ....ਇਕ ਲੈਅ ਹੋ ਜਾਂਦੈ।

# 14

# ਵਿਦਿਆਰਥੀ

ਵਿਦਿਆ ਸ਼ਬਦ, ਸੰਸਕ੍ਰਿਤ ਦੇ "ਵਿਦ" ਧਾਤੁ ਤੋਂ ਬਣਿਐ,....ਜਿਸ ਦਾ ਅਰਥ ਹੈ, ਗਿਆਨ। ਵਿਦ ਤੋਂ ਹੀ ਗਿਆਨ ਦੇ ਚਾਰ ਧਰਮ ਗ੍ਰੰਥ "ਵੇਦ" ਕਹਿਲਾਏ। ਸਾਰਾ ਸੰਸਾਰ ਵਿਦਿਆਰਥੀ ਹੈ। ਸਕੂਲ, ਕਾਲਜ ਵਿਚ ਅਧਿਐਨ ਕਰ ਰਿਹਾ, ਭੌਤਕ ਗਿਆਨ ਪ੍ਰਾਪਤ ਕਰ ਰਿਹਾ ਵਿਦਿਆਰਥੀ, ਮੰਦਰ, ਗੁਰਦੁਆਰੇ, ਧਰਮ ਗਿਆਨ ਲੈ ਰਿਹਾ ਜਗਿਆਸੂ.... ਪਹਾੜਾਂ, ਜੰਗਲਾਂ ਵਿਚ ਯੋਗ ਅਭਿਆਸ ਕਰ ਰਿਹਾ ਯੋਗੀ.... ਘਰ ਵਿਚ ਭੋਜਨ ਦੀ ਰੋਜ਼ ਨਵੀਂ ਤਕਨੀਕ ਸਿਖ ਰਹੀ ਗ੍ਰਹਿਣੀ... ਸਾਰੇ ਵਿਦਿਆਰਥੀ ਹਨ। ਗਿਆਨ ਦੇ ਅਭਿਆਰਥੀ। ਵੇਦਾਂਤ ਨੇ ਵਿਦਿਆ ਦੀ ਪਰਿਭਾਸ਼ਾ ਦਿੱਤੀ :

"ਸਾ ਵਿਦਿਆ ਯਾ ਵਿਮੁਕਤਏ"।

ਵਿਦਿਆ ਉਹ ਹੈ ਜੋ ਮੁਕਤਿ ਕਰੇ। ਸੰਸਾਰ ਵਿਚ ਬੰਧਨ ਹਨ। ਗਰੀਬੀ ਬੰਧਨ ਹੈ....ਬੇਰੋਜ਼ਗਾਰੀ, ਗੁਲਾਮੀ, ਬਿਮਾਰੀ, ਲਾਚਾਰੀ ਬੰਧਨ ਹਨ। ਇਹਨਾਂ ਤੋਂ ਮੁਕਤ ਹੋਣ ਲਈ ਮਨੁੱਖ ਹੱਥ ਪੈਰ ਮਾਰ ਰਿਹੈ। ਲੋਭ ਦੇ, ਕ੍ਰੋਧ ਦੇ, ਕਾਮ ਦੇ ਬੰਧਨ ਵਿਚ ਬੱਧੇ ਕਈ ਰਿਸ਼ੀ ਮੁਨੀ ਵੀ ਵੇਖੇ ਗਏ। ਇਹਨਾਂ ਤੋਂ ਮੁਕਤਿ ਹੋਣ ਲਈ, ਵੱਖ ਵੱਖ ਅਧਿਆਇ ਹਨ। ਵੱਖ-ਵੱਖ ਵਿਦਿਆਵਾਂ ਹਨ। ਉਨ੍ਹਾਂ ਸਾਰਿਆਂ ਦਾ ਗਿਆਨ ਜ਼ਰੂਰੀ ਹੈ। ਇਕ ਵੀ ਵਿਦਿਆ ਰਹਿ ਗਈ, ਗਿਆਨ ਅਧੂਰਾ ਰਹਿ ਗਿਆ। ਤਾਂ ਬੰਧਨ ਦਾ ਬੇਤਾਲ, ਮੋਢੇ ਤੇ ਸਵਾਰ ਹੋ ਜਾਂਦੈ।

ਅਭਿਮੰਨਯੂ ਮਾਤਾ ਸੁਭੱਦ੍ਰਾ ਦੇ ਗਰਭ ਵਿਚ ਸੀ। ਇਕ ਰਾਤ, ਅਰਜਨ ਘਰ ਵਾਲੀ ਨੂੰ (ਸੁਭੱਦ੍ਰਾ ਨੂੰ) ਚੱਕਰਵਿਯੂਹ ਤੋੜਨ ਦੀ ਯੁੱਧ ਵਿਦਿਆ ਦੱਸ ਰਿਹਾ ਸੀ। ਵੱਡੇ ਵੱਡੇ ਮਹਾਂਰਥੀਆਂ ਨਾਲ ਘਿਰੇ ਚੱਕਰਵਿਯੂਹ ਨੂੰ ਤੋੜਨ ਦੀ ਕਲਾ ਦੱਸੀ। ਗਰਭ ਵਿਚ, ਬਾਲ ਅਭਿਮੰਨਯੂ ਸੁਣ ਰਿਹਾ ਸੀ... ਸਿੱਖ ਰਿਹਾ



Sri Satguru Jagjit Singh Ji eLibrary NamdhariElibrary@gmail.com

ਸੀ। ਜਦੋਂ ਚੱਕਰਵਿਯੂਹ ਅੰਦਰ ਪ੍ਰਵੇਸ਼ ਕਰ ਕੇ, ਸੱਤ ਦਵਾਰ ਤੋਂ, ਕਮਜ਼ੋਰ ਯੋਧੇ ਵਾਲੇ ਦਵਾਰ ਨੂੰ ਤੋੜ ਕੇ, ਬਾਹਰ ਨਿਕਲਣ ਦੀ ਵਿਦਿਆ ਦੱਸਣ ਲੱਗਾ ਤਾਂ ਸੁਭੱਦ੍ਰਾ ਸੌਂ ਗਈ। ਬਾਲ ਅਭਿਮੰਨਯੂ ਨੇ, ਚੱਕਰਵਿਯੂਹ ਤੋੜ ਕੇ ਅੰਦਰ ਪ੍ਰਵੇਸ਼ ਕਰਨ ਦੀ ਵਿਦਿਆ ਤਾਂ ਗਰਭ ਵਿਚ ਹੀ ਸਿਖ ਲਈ....ਤੋੜਨ ਦੀ "ਭੰਜਨ ਵਿਦਿਆ" ਨਾ ਸਿਖ ਸਕਿਆ। ਮਹਾਭਾਰਤ ਯੁੱਧ ਵਿਚ, ਦ੍ਰੋਣਾਚਾਰਿਆ ਦਾ ਪੁੱਤਰ, ਅਸ਼ਵਥਾਮਾ, ਕੌਰਵਾਂ ਦਵਾਰਾ ਬਣਾਈ ਹੋਈ ਸਾਜ਼ਿਸ਼ ਅਨੁਸਾਰ, ਲੜਦਿਆਂ ਲੜਦਿਆਂ ਜਾਣ ਬੁੱਝ ਕੇ, ਅਰਜਨ ਨੂੰ ਯੁੱਧ ਖੇਤਰ ਤੋਂ ਦੂਰ ਲੈ ਗਿਆ। ਗੁਰੂ ਦ੍ਰੋਣਾਚਾਰਿਆ ਤੇ ਦੁਰਯੋਧਨ ਭਲੀ ਭਾਂਤੀ ਜਾਣਦੇ ਸਨ, ਚੱਕਰਵਿਯੂਹ ਨੂੰ ਤੋੜ ਕੇ ਅੰਦਰ ਪ੍ਰਵੇਸ਼ ਦੀ ਅਤੇ ਫੇਰ ਮਹਾਰਥੀਆਂ ਦੇ ਮਜ਼ਬੂਤ ਘੇਰੇ ਨੂੰ ਤੋੜ ਕੇ ਬਾਹਰ ਨਿਕਲ ਜਾਣ ਦੀ ਵਿਦਿਆ, ਸਿਰਫ ਅਰਜਨ ਹੀ ਜਾਣਦੈ। ਸੋ, ਅਰਜਨ ਦੀ ਗੈਰ ਹਾਜ਼ਰੀ ਵਿਚ, ਕੌਰਵਾਂ ਦੇ ਸੱਤ ਵੱਡੇ ਯੋਧਿਆਂ ਨੇ, ਚੱਕਰਵਿਯੂਹ ਰਚਿਆ। ਪਾਂਡਵ ਖੇਮੇ ਵਿਚ, ਚਿੰਤਾ ਦੀ ਲਹਿਰ ਦੌੜ ਗਈ। ਇਸ ਯੁੱਧ ਵਿਦਿਆ ਦਾ ਜਾਣੂ, ਅਰਜਨ ਕਿਤੇ ਦਿਸ ਨਹੀਂ ਰਿਹਾ ਸੀ। ਅਭਿਮੰਨਯੂ ਨੇ ਰਾਜ ਖੋਲ੍ਹਿਆ, ਮਾਤ ਗਰਭ ਵਿਚ ਮੈਂ ਚੱਕਰਵਿਯੂਹ ਨੂੰ ਵਿੰਨ੍ਹ ਕੇ ਪ੍ਰਵੇਸ਼ ਕਰਨ ਦੀ ਵਿਦਿਆ ਤਾਂ ਸਿਖ ਲਈ ਸੀ.... ਤੋੜ ਕੇ ਬਾਹਰ ਨਿਕਲਣ ਦੀ ਵਿਦਿਆ ਤੋਂ ਅਨਜਾਣ ਰਹਿ ਗਿਆ। ਭੀਮ ਨੇ ਜ਼ਿੰਮੇਵਾਰੀ ਲਈ, ਬਾਹਰ ਨਿਕਲਣ ਵੇਲੇ ਮੈਂ ਆਪਣੀ ਗਦਾ ਨਾਲ ਯੋਧਿਆਂ ਦਾ ਘੇਰਾ ਭੰਨ ਦਿਆਂਗਾ। ਯੋਜਨਾ ਅਨੁਸਾਰ, ਅਭਿਮੰਨਯੂ ਆਪਣੀ ਵਿਦਿਆ ਨਾਲ ਘੇਰਾ ਵਿੰਨ੍ਹ ਕੇ ਵੱਢਦਾ ਕੱਟਦਾ ਅੰਦਰ ਤਾਂ ਪ੍ਰਵੇਸ਼ ਕਰ ਗਿਆ.... ਬਾਹਰ ਨਿਕਲਣ ਸਮੇਂ ਭੀਮ ਘੇਰਾ ਤੋੜ ਨਾ ਸਕਿਆ। ਅਭਿਮੰਨਯੂ ਮਾਰਿਆ ਗਿਆ। ਹਰ ਮਨੁੱਖ ਅਭਿਮੰਨਯੂ ਹੈ। ਸੰਸਾਰ....ਪ੍ਰਪੰਚ ਦਾ ਘੇਰਾ। ਪ੍ਰਵੇਸ਼ ਤਾਂ ਕਰ ਗਏ ਹਾਂ, ਬਾਹਰ ਨਿਕਲਣ ਦੀ ਵਿਦਿਆ ਤੋਂ ਅਨਜਾਣ, ਮਾਇਆ ਹੱਥੋਂ ਅਜਾਈਂ ਮਾਰੇ ਜਾ ਰਹੇ ਹਾਂ।

ਗਿਆਨ ਦਾ ਨਾਂ ਗੁਰੂ ਹੈ। ਸਤਿਗੁਰੂ.... ਸਤਿ ਦਾ ਅਰਥ ਪਰਮਾਤਮਾ... ਗੁਰੂ ਦਾ ਅਰਥ, ਗਿਆਨ। ਅਦਿੱਖ, ਨਿਰੰਕਾਰ ਦਾ ਗਿਆਨ ਕਰਾਉਣ ਵਾਲੀ– ਚੇਤਨ ਸੱਤਾ ਦਾ ਨਾਂ, "ਸਤਿਗੁਰੂ" ਹੈ। ਲੌਕਿਕ, ਅਲੌਕਿਕ, ਦ੍ਰਿਸ਼ਟ ਅਦ੍ਰਿਸ਼ਟ....ਭੌਤਕ ਅਤੇ ਅਧਿਆਤਮਕ, ਸੰਪੂਰਨ ਗਿਆਨ ਦਾ ਦਾਤਾ "ਸਤਿਗੁਰੂ" ਹੁੰਦੈ। ਸੰਸਾਰਕ ਰੂਪ ਵਿਚ ਅਨਪੜ੍ਹਤਾ ਅਤੇ ਆਤਮਕ ਬਲ ਤੇ

ਅਗਿਆਨਤਾ, ਗੁਲਾਮੀ ਕਹੀ ਗਈ ਹੈ। ਭਗਵਾਨ ਕ੍ਰਿਸ਼ਨ ਗੀਤਾ ਵਿਚ ਕਹਿੰਦੇ ਹਨ, "ਚਾਰ ਤਰ੍ਹਾਂ ਦੇ ਲੋਗ ਮੇਰੀ ਆਰਾਧਨਾ ਕਰਦੇ ਹਨ। ਦੁਖੀ ਵਿਅਕਤੀ ਦੁਖ ਦੇ ਵੇਲੇ ਮੈਨੂੰ ਯਾਦ ਕਰਦੈ। ਧਨ ਦੀ ਚਾਹਤ ਵਿਚ, ਦੂਜੀ ਸ਼੍ਰੇਣੀ ਦੇ ਲੋਕ ਮੈਨੂੰ ਯਾਦ ਕਰਦੇ ਹਨ। ਜਗਿਆਸਾ ਕਰਕੇ, ਮੇਰੀ ਸ਼ਕਤੀ ਮੇਰੀ ਹਸਤੀ ਨੂੰ ਜਾਨਣ ਲਈ, ਤੀਜੀ ਸ਼੍ਰੇਣੀ ਦੇ ਲੋਗ ਭੱਜਦੇ ਹਨ। ਪਰ ਚੌਥਾ ਪ੍ਰੇਮੀ, ਗਿਆਨ ਲਈ, ਆਤਮ ਗਿਆਨ ਪ੍ਰਾਪਤ ਕਰਕੇ, ਮਾਇਆ ਤੋਂ ਮੁਕਤ ਹੋਣ ਲਈ-ਮੈਨੂੰ ਸਿਮਰਦੈਃ

"ਚਤੁਰ ਵਿਧਾ ਭੰਜਤੇ ਮਾਂ ਸੁਕ੍ਰਿਤੋ ਨੋ ਅਰਜੁਨਃ।
ਆਰਤੀ, ਅਰਥਾਰਥੀ, ਜਗਿਆਸੁ, ਗਿਆਨੀ ਚ ਭਰਤਰਸਭਮ॥"

(ਸ੍ਰੀਮਦ ਭਗਵਤ ਗੀਤਾ 7:16)

ਸਮਝਿਆ ਜਾਂਦੈ ਕਿ ਭੌਤਕ ਸਿਖਿਆ ਪ੍ਰਾਪਤ ਵਿਅਕਤੀ, ਗਰੀਬੀ ਤੋਂ ਮੁਕਤ ਹੋ ਜਾਂਦੈ। ਆਤਮਿਕ ਗਿਆਨ ਪ੍ਰਾਪਤ ਵਿਅਕਤੀ, ਮਾਇਆ ਤੋਂ ਮੁਕਤ ਹੋ ਜਾਂਦੈ। ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਨੇ ਅੱਖਰ ਗਿਆਨ ਲਈ ਬਹੁਤ ਜ਼ੋਰ ਦਿੱਤਾ। ਸ੍ਰੀ ਗੋਇੰਦਵਾਲ ਸਾਹਿਬ ਆਪ ਬੱਚਿਆਂ ਨੂੰ ਪੜ੍ਹਾਉਂਦੇ। ਪੂਰਬਲੇ ਦੋ ਗੁਰੂਆਂ ਦੀ ਬਾਣੀ, ਨਾਲ ਆਪ ਦੀ ਉਚਾਰੀ ਗੁਰਬਾਣੀ ਨੂੰ ਪੋਥੀ ਰੂਪ ਵਿਚ ਸੰਗ੍ਰਹਿ ਕੀਤਾ। ਮਾਂ ਬੋਲੀ, ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕਈ ਜਤਨ ਕੀਤੇ। ਭਾਈ ਗੁਰਦਾਸ ਜੀ ਭਤੀਜੇ ਲਗਦੇ ਸਨ। ਹਿੰਦੀ, ਬ੍ਰਜ ਅਤੇ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ। ਤੀਜੇ ਪਾਤਸ਼ਾਹ ਨੇ, ਆਪ ਗੁਰਮੁਖੀ ਗਿਆਨ ਦੇ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਦੀ ਵੱਡੀ ਸੇਵਾ ਯੋਗ ਬਣਾਇਆ। ਭਾਈ ਗੁਰਦਾਸ, "ਗੁਰਬਾਣੀ ਦੀ ਕੁੰਜੀ" ਜਿਹੇ ਸ੍ਰੇਸ਼ਠ ਸਨਮਾਨ ਨਾਲ ਜਾਣੇ ਗਏ। ਸ੍ਰੀ ਗੁਰੂ ਰਾਮਦਾਸ ਜੀ ਨੇ, ਗੁਰਮਤਿ ਪ੍ਰਚਾਰ ਲਈ, ਵਿਸ਼ੇਸ਼ ਤੌਰ ਤੇ ਭਾਈ ਜੀ ਨੂੰ ਆਗਰਾ, ਮਥੁਰਾ ਇਲਾਕੇ ਵਿਚ ਭੇਜਿਆ। ਇਹਨਾਂ ਦੀ ਵਿਦਵਤਾ ਅਤੇ ਮਿੱਠ-ਬੋਲੜੇ ਸੁਭਾਅ ਕਰਕੇ, ਬਹੁਤ ਵੱਡੀ ਸੰਖਿਆ ਵਿਚ ਲੋਗ, ਗੁਰੂ ਘਰ ਨਾਲ ਜੁੜੇ। ਬਨਾਰਸ ਦਾ ਰਾਜਾ ਤਾਂ ਭਾਈ ਜੀ ਦਾ ਬਹੁਤ ਵੱਡਾ ਸ਼ਰਧਾਲੂ ਸੀ।

ਗਿਆਨ ਅਨੰਤ ਹੈ। ਸੰਸਾਰ ਦੇ ਪ੍ਰਮੁਖ ਵਿਦਵਾਨ, ਸ਼ੇਕਸਪੀਅਰ ਨੇ ਲਿਖਿਐ- "ਗਿਆਨ ਦਾ ਅਥਾਹ ਸਮੁੰਦਰ ਮੇਰੇ ਸਾਹਮਣੇ ਹੈ। ਮੈਂ ਤਾਂ ਬਸ



Sri Satguru Jagjit Singh Ji eLibrary NamdhariElibrary@gmail.com

ਇਕ ਨਿੱਕਾ ਜਿਹਾ ਬਾਲਕ, ਕਿਨਾਰੇ ਦੀਆਂ ਥੋੜੀਆਂ ਜਿਹੀਆਂ ਸਿੱਪੀਆਂ ਚੁੱਕ ਰਿਹਾਂ।

ਤੀਜੇ ਪਾਤਸ਼ਾਹ ਵੇਲੇ, ਸ੍ਰੀ ਗੋਇੰਦਵਾਲ ਸਾਹਿਬ, ਉਸ ਸਮੇਂ ਦੇ ਮਸ਼ਹੂਰ ਵਿਦਵਾਨ, ਬੇਣੀ ਪੰਡਤ, ਸਤਿਗੁਰਾਂ ਨਾਲ ਸ਼ਾਸਤ੍ਰਾਰਥ ਕਰਨ ਪਹੁੰਚੇ। ਪੁਸਤਕਾਂ-ਗ੍ਰੰਥਾਂ ਨਾਲ ਗੱਡਾ ਲੱਦਿਆ ਹੋਇਆ ਸੀ। ਸ਼ਾਮ ਦਾ ਕੀਰਤਨ ਦਰਬਾਰ ਲੱਗਾ ਹੋਇਆ ਸੀ। "ਧਰਮ ਚਰਚਾ" ਲਈ ਆਗਿਆ ਮੰਗੀ। ਪਾਤਸ਼ਾਹ ਨੇ, ਪੰਡਤ ਜੀ ਵਲ ਵੇਖਿਆ। ਪੰਡਤ ਜੀ ਕੋਲ, ਧਰਮ ਗ੍ਰੰਥਾਂ ਦਾ ਬਹੁਤ ਗਿਆਨ ਸੀ। ਪਰ ਆਤਮ ਗਿਆਨ ਤੋਂ ਵਾਂਝੇ ਸਨ। ਸਤਿਗੁਰ ਮੇਹਰ ਦੇ ਘਰ ਵਿਚ ਆਏ। ਮਲ੍ਹਾਰ ਰਾਗ ਵਿਚ, ਗੁਰਬਾਣੀ ਉਚਾਰੀ:

"ਇਹ ਮਨ ਗਿਰਹੀ ਕਿ ਇਹੁ ਮਨ ਉਦਾਸੀ॥
ਕਿ ਇਹੁ ਮਨ ਅਵਰਨੁ ਸਦਾ ਅਵਿਨਾਸੀ॥
ਕਿ ਇਹੁ ਮਨ ਚੰਚਲ ਕਿ ਇਹੁ ਮਨ ਬੈਰਾਗੀ॥
ਇਸੁ ਮਨ ਕਉ ਮਮਤਾ ਕਿਥਹੁ ਲਾਗੀ॥
ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥" (ਪੰ. 479)

ਇਹ ਜੀਵਾਤਮਾ ਕੌਣ ਹੈ? ਗ੍ਰਿਹਸਥ ਜਾਂ ਉਦਾਸੀ....ਚੰਚਲ ਜਾਂ ਬੈਰਾਗੀ? ਜਾਂ ਇਹ ਵਰਨਾਂ, ਜਾਤਾਂ ਤੋਂ ਉਪਰ ਅਵਿਨਾਸੀ ਤੱਤ ਹੈ? ਪਰਮਾਤਮਾ ਦੇ ਇਸ "ਬਿੰਬ" ਨੂੰ ਸੰਸਾਰ ਦੀ ਮੋਹ ਮਮਤਾ ਕਿੱਥੋਂ ਚਿੰਬੜ ਗਈ? ਪੰਡਤ ਜੀ, ਇਸ ਬ੍ਰਹਮ ਤੱਤ ਦਾ ਵਿਚਾਰ ਹੋਣਾ ਚਾਹੀਦਾ ਹੈ। ਹੋਰ ਬਹੁਤ ਪੜ੍ਹਨਾ....ਅੱਖਰਾਂ, ਸ਼ਬਦਾਂ ਦਾ ਭਾਰ ਚੁੱਕਣ ਜਿਹਾ ਹੈ। ਇਹ ਅਰਥਹੀਣ ਕਵਾਇਦ ਹੈ।

"ਗੁਰੂ ਸਿੱਖਿਆ" ਤੋਂ, ਬੇਣੀ ਭਗਤ ਇਤਨੇ ਪ੍ਰਭਾਵਤ ਹੋਏ ਕਿ ਜੀਵਨ ਦੀ ਸੋਚ ਹੀ ਬਦਲ ਗਈ। ਗਿਆਨ ਦੀ ਵਰਤੋਂ, ਨਿਜ ਰੂਪ ਦੀ ਪਛਾਣ ਲਈ ਹੋ ਗਈ। ਕਹਿੰਦੇ ਹਨ, ਬੇਣੀ ਜੀ, ਸਤਿਗੁਰਾਂ ਦੀ ਕ੍ਰਿਪਾ ਨਾਲ, ਅੰਤਰਮੁਖੀ ਹੋ ਗਏ। ਯੋਗ, ਕੁੰਡਲਿਨੀ ਵਿਦਿਆ ਅਤੇ ਦਸਮ ਦਵਾਰ ਦੁਆਰਾ "ਤੀਰਥ" ਦੇ ਸੰਦਰਭ ਵਿਚ ਬਹੁਤ ਕੁਝ ਜਗ ਨੂੰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਭਗਤ ਜੀ ਦੀ ਬਾਣੀ ਦਰਜ ਹੈ।



Sri Satguru Jagjit Singh Ji eLibrary NamdhariElibrary@gmail.com

ਦਸਮ ਪਾਤਸ਼ਾਹ ਦੇ ਜੀਵਨ ਚਰਿੱਤਰ ਨੂੰ ਪੜ੍ਹਨ ਸੁਣਨ ਵਾਲੇ ਦੁਨੀਆਂ ਦੇ ਸਾਹਿਤ ਰਚਨਾਕਾਰ ਹੈਰਾਨ ਰਹਿ ਜਾਂਦੇ ਹਨ। ਮਾਤਰ ਨੌਂ ਸਾਲ ਦੀ ਬਾਲ ਉਮਰ ਵਿਚ, ਪਿਤਾ ਦਾ ਕੱਟਿਆ ਹੋਇਆ ਸੀਸ ਵੇਖਣ ਵਾਲਾ ਬਾਲਕ, ਸਾਰਾ ਜੀਵਨ, ਰੋਜ਼ ਨਵੀਆਂ ਜੰਗਾਂ, ਸੰਘਰਸ਼ਾਂ ਵਿਚ, ਕਦੇ ਨਾ ਹਾਰਨ ਵਾਲਾ ਇਕ ਅਦੁੱਤੀ ਯੋਧਾ, ਸਾਹਿਤ ਦੇ ਸੰਸਾਰ ਨੂੰ, ਉਰਦੂ, ਫ਼ਾਰਸੀ, ਹਿੰਦੀ, ਸੰਸਕ੍ਰਿਤ, ਬ੍ਰਜ, ਪੰਜਾਬੀ, ਦੇਵਨਾਗਰੀ ਅਨੇਕਾਂ ਭਾਸ਼ਾਵਾਂ ਵਿਚ, ਲੌਕਿਕ ਅਤੇ ਅਲੌਕਿਕ, ਪਰਾ ਅਤੇ ਅਪਰਾ ਮਨੋਵਿਗਿਆਨ ਦਾ ਇਤਨਾ ਗੂੜ੍ਹ ਗਿਆਨ ਦਿੱਤਾ ਕਿ ਸੰਸਾਰ ਵਿਚ ਦੂਰ-ਦੂਰ ਤਕ ਕੋਈ ਤੁਲਨਾ ਕਰਨ ਜੋਗ ਸ਼ਖਸ ਨਹੀਂ ਦਿਸਦਾ।

ਸੰਨ 1698 ਵਿਚ ਰਿਵਾਲਸਰ, ਸਾਰੇ ਪਹਾੜੀ ਰਾਜਿਆਂ ਦਾ ਇਕੱਠ ਹੋਇਆ। ਵਿਸਾਖੀ ਤੇ ਹਰ ਸਾਲ, ਇਹ ਇਕੱਤਰਤਾ ਹੁੰਦੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ, ਪਾਤਸ਼ਾਹ ਨੂੰ ਵੀ, ਸੱਦਾ ਪੱਤਰ ਆਇਆ। ਸਤਿਗੁਰ ਜੀ ਵੀ ਉਥੇ ਪੁੱਜੇ। ਸ਼ਾਮ ਦਾ ਕੀਰਤਨ ਦਰਬਾਰ ਲੱਗਾ ਹੋਇਆ ਸੀ। ਚੰਬੇ ਤੋਂ ਰਾਜਕੁਮਾਰੀ ਪਦਮਾ, ਗੁਰੂ ਜੀ ਦੀ ਸ਼ੋਭਾ ਸੁਣ ਕੇ ਆਈ। ਹਿੰਦੂ ਧਰਮ ਸ਼ਾਸਤ੍ਰਾਂ ਦੀ ਮਰਮੱਗ ਅਤੇ ਮਸ਼ਹੂਰ ਵਿਦੂਸ਼ੀ ਸੀ। ਦੀਵਾਨ ਵਿਚ ਆਈ, ਗੁਰੂ ਹਜ਼ੂਰ ਮੱਥਾ ਟੇਕ ਕੇ ਇਕ "ਪਰਚੀ" ਰੱਖ ਗਈ। ਸਤਿਗੁਰਾਂ ਉਹ ਪਰਚੀ ਪੜ੍ਹੀ ਤਾਂ ਮੁਸਕਰਾ ਪਏ। ਆਤਮ ਗਿਆਨ ਨਾਲ ਸੰਬੰਧਤ ਪ੍ਰਸ਼ਨ ਸੀ।

"ਸਾਰਾ, ਪਉਣਾ, ਦੂਜਾ ਕਉਣਾ ? ਨਰ ਨਾਰੀ ਥੇ ਦੋਨੋ ਭਵਣਾ।
ਕੁਝ ਖਾਦਾ ਕੁਝ ਲੈ ਕੇ ਸਉਣਾ। ਉੱਤਰ ਦੇਹੁ ਗੁਰੂ ਜੀ ਕਉਣਾ॥

ਸਾਰਾ ਭਾਵ ਸੰਪੂਰਨ ਕੌਣ ਹੈ ? ਪਉਣਾ ਭਾਵ ਦੋ ਤਿਹਾਈ ਕੌਣ ਹੈ ? ਇਹ ਦੂਜੀ (ਦੂਈ) ਕੌਣ ਹੈ, ਜਿਹਦੇ ਨਾਲ ਲਗ ਕੇ ਨਰ-ਨਾਰੀ, ਆਤਮਾ ਅਤੇ ਦੇਹ ਦੋਵੇਂ ਖੱਜਲ ਹੁੰਦੇ ਹਨ। ਇਹ ਜੀਅ ਸਾਰੇ, ਕਰਮ ਭੋਗ ਕਰ ਰਹੇ ਹਨ। ਕੁਝ ਖਾਧਾ, ਭਾਵ ਕੁਝ ਕਰਮਾਂ ਦੇ ਫਲ, ਭੋਗ ਲਏ.... ਕੁਝ ਸਿਰ ਤੇ ਬਕਾਇਆ ਲੈ ਕੇ ਮਰ ਗਏ। ਉਤਰ ਦੇਹੁ ਗੁਰੂ ਜੀ ਕਉਣਾ ? ਕ੍ਰਿਪਾ ਕਰਕੇ ਦੱਸੋ, ਇਹ ਕੌਣ ਹੈ ?

ਸਤਿਗੁਰੂ ਜੀ ਨੇ ਪਰਚੀ ਤੇ ਲਿਖਿਆ:

"ਸਾਰਾ ਜਾਣੋ ਦੇਵ ਦੇਹ, ਪਉਣਾ ਮਾਨਸ ਦੇਹ।
ਦੁਵਿਧਾ ਦੂਜੀ ਕਰੀ ਗਵਨ, ਨਰ ਨਾਰੀ ਮਿਲਿ ਹੂਏ ਖੇਹ॥"



Sri Satguru Jagjit Singh Ji eLibrary NamdhariElibrary@gmail.com

ਜੰਮਦਾ ਬੱਚਾ ਦੇਵ ਦੇਹ ਹੈ। ਸੰਸਾਰਕ ਮਾਇਆ ਬੋਧ ਤੋਂ ਪਰ੍ਹੇ। ਇਹ ਰੱਬੀ ਰੂਪ....ਸੰਪੂਰਨ ਹੁੰਦੈ। ਵੱਡਾ ਹੁੰਦੈ, ਪਉਣਾ; ਦੋ ਤਿਆਈ ਹੈ। ਚਉਥਾ ਹਿੱਸਾ ਘਟ ਹੈ, ਪੂਰੇ ਤੋਂ। ਗੁਰੂ ਨਾਲ ਮਿਲ ਕੇ, ਚੰਗੇ ਕਰਮ, ਸਿਮਰਨ, ਸੇਵਾ, ਦਾਨ, ਗਿਆਨ ਨਾਲ, ਇਸ ਕਮੀ ਨੂੰ ਪੂਰਿਆਂ ਕਰਨਾ ਸੀ। ਪਰ, ਮਾਇਆ ਵਰਤ ਗਈ। "ਦੂਈ" ਦੋ ਦਾ ਭਾਵ ਆ ਗਿਆ। ਮੇਰਾ ਸਰੀਰ, ਮੇਰਾ ਪਰਿਵਾਰ, ਮੇਰੀਆਂ ਲੋੜਾਂ, ਮੇਰੀਆਂ ਖ਼ਵਾਹਿਸ਼ਾਂ.....। ਇਸ ਦਵੈਤ ਨੇ ਮਨੁੱਖ ਦੀ ਆਤਮਾ ਅਤੇ ਦੇਹ, ਦੋਵੇਂ ਮਿੱਟੀ ਵਿਚ ਰੋਲ ਦਿੱਤੇ....

"ਨਰ ਨਾਰੀ ਮਿਲਿ ਹੂਏ ਖੇਹ"।

ਇਹ ਸਾਰੀ "ਵਿਦਿਆ" ਹੈ। ਗਿਆਨ, ਖਾਕੀ ਅਤੇ ਨੂਰੀ....ਸੰਸਾਰੀ ਅਤੇ ਨਿਰੰਕਾਰੀ ਦੁਹਾਂ ਪੱਖੀ ਹੁੰਦਾ ਹੈ। ਮਨੁੱਖ ਦਾ ਬਾਹਰਲਾ ਵਜੂਦ, ਦੇਹ ਰੂਪ ਅਤੇ ਗੁਪਤ ਵਜੂਦ, ਆਤਮ ਰੂਪ, ਦੁਹਾਂ ਦਾ ਗਿਆਨ, ਵਿਦਿਆ ਹੈ। ਇਹ ਵਿਦਿਆ.... ਇਹ ਗਿਆਨ ਕੁਦਰਤ ਦੇ ਰੂਪ ਵਿਚ ਸਾਡੇ ਆਲੇ-ਦੁਆਲੇ ਹਰ ਥਾਂ, ਹਰ ਖਿਨ ਮੌਜੂਦ ਹੁੰਦੈ।

ਦੁਰਗਾ ਸਪਤਸ਼ਤੀ ਵਿਚ, ਗਿਆਨ ਰੂਪ "ਭਗੌਤੀ" ਪ੍ਰਤੀ ਸਾਵਧਾਨ ਹੋ ਕੇ, ਨਮਨ ਦੀ ਵਿਧੀ ਹੈਃ

"ਯਾ ਦੇਵੀ ਸਰਵ ਭੂਤੇਸੁ ਗਿਆਨ ਰੂਪੇਣ ਸੰਸਥਿਤਃ

ਨਮਸਤਸਯੈ, ਨਮਸਤਸਯੈ, ਨਮਸਤਸਯੈ, ਨਮੋ ਨਮਹ॥"

ਜਿਹੜੀ ਗਿਆਨ ਦੇਵੀ, ਸਾਰੀ ਕਾਇਨਾਤ ਵਿਚ, ਗਿਆਨ ਰੂਪ ਵਿਚ ਸਥਿਤ ਹੈ, ਉਸ ਨੂੰ ਨਮਸਕਾਰ, ਨਮਸਕਾਰ, ਨਮਸਕਾਰ।

17ਵੀਂ ਸਦੀ ਦੇ ਅੰਤ ਵਿਚ "ਸਰ-ਆਈਸ਼ਕ ਨਿਉਟਨ" ਨੇ ਇਕ ਦਿਨ, ਬਾਗ ਵਿਚ, ਸੇਬ ਦੇ ਦਰਖ਼ਤ ਤੋਂ ਇਕ ਸੇਬ ਡਿੱਗਦਿਆਂ ਵੇਖਿਆ। ਇਹ ਕੁਦਰਤ ਦਾ ਇਕ ਵਿਧਾਨ ਸੀ। ਉਪਰੋਂ ਕੋਈ ਚੀਜ਼ ਥੱਲੇ ਡਿੱਗਦੀ ਹੈ। ਸੇਬ, ਅੰਬ, ਪਹਿਲਾਂ ਵੀ ਦਰਖ਼ਤ ਤੋਂ ਡਿੱਗਦੇ ਸਨ... ਅੱਜ ਵੀ ਡਿੱਗਦੇ ਹਨ। ਇਹ ਗਿਆਨ..... ਧਰਤੀ ਦੀ ਖਿੱਚ ਸ਼ਕਤੀ ਦਾ ਨਿਯਮ, ਧੁਰੋਂ ਸ੍ਰਿਸ਼ਟੀ ਦੇ ਆਦਿ ਕਾਲ ਤੋਂ ਸੀ। ਕੁਦਰਤ ਦੇ ਇਸ ਸੁਭਾਅ ਨੂੰ, ਖਿੱਚ ਦੇ ਵਿਧਾਨ ਨੂੰ, ਨਿਉਟਨ ਨੇ "ਗੁਰੁਤੱਵ ਆਕਰਸ਼ਣ ਸਿਧਾਂਤ" ਰੂਪ ਵਿਚ ਘੋਸ਼ਤ ਕੀਤਾ ਜਾਂ ਕਹਾਂਗੇ, ਕੁਦਰਤ ਦੀ ਵਿਦਿਆ, ਕੁਦਰਤ ਦੇ ਗਿਆਨ ਨੂੰ ਅਰਜਿਤ ਕੀਤਾ,



Sri Satguru Jagjit Singh Ji eLibrary NamdhariElibrary@gmail.com

ਕਮਾਇਆ। ਔਰ ਇਹ ਸਿਧਾਂਤ "ਨਿਉਟਨ ਦਾ ਗੁਰੁਤੱਵ ਆਕਰਸ਼ਣ ਸਿਧਾਂਤ"- ਨਾਂ ਨਾਲ ਵਿਗਿਆਨ ਸ਼ਾਸਤ੍ਰ ਵਿਚ ਦਰਜ ਹੋਇਆ। ਵਿਦਿਆ ਅਰਥਾਤ ਗਿਆਨ- ਹਰ ਥਾਂ, ਹਰ ਖਿਨ ਮੌਜੂਦ ਹੈ। ਉਸ ਦਾ ਅਰਥੀ, ਉਸ ਨੂੰ ਸਮਝਣ ਵਾਲਾ, ਗ੍ਰਹਿਣ ਕਰਨ ਵਾਲਾ "ਵਿਦਿਆਰਥੀ" ਹੁੰਦੈ। ਔਰ ਵਿਦਿਆ ਦਾ, ਗਿਆਨ ਦਾ, ਅੰਤਮ ਮੰਤਵ; ਮੁਕਤ ਹੋ ਜਾਣਾ ਹੈ.... "ਸਾ ਵਿਦਿਆ ਯਾ ਵਿਮੁਕਤਏ....।"



Sri Satguru Jagjit Singh Ji eLibrary NamdhariElibrary@gmail.com

# 15

# ਤਿਚਰ ਵਸਹਿ ਸੁਹੇਲੜੀ

ਸੁੰਨ 'ਚ ਇਕ ਹਲਚਲ ਹੋਈ....ਮਾਤ ਗਰਭ ਵਿਚ ਧੜਕ ਉਠੀ...ਬਾਲਕ ਦਾ ਸਿਰਜਨ ਹੋਇਆ। ਕੁਦਰਤ ਨੇ ਮਾਤ ਗਰਭ ਵਿਚ, ਮਿੱਟੀ, ਪਾਣੀ, ਹਵਾ, ਅਗਨੀ, ਮੁਹੱਈਆ ਕਰਵਾਈ....ਆਕਾਸ਼ ਤੋਂ ਇਕ ਸੂਖਮ ਬਿੰਦ ਨੇ ਪ੍ਰਵੇਸ਼ ਕੀਤਾ, ਮਾਨਵ ਸਿਰਜਨ ਦਾ ਇਹੋ ਵਿਧਾਨ ਹੈ। ਇਹ ਬਿੰਦ ਬਹੁਤ ਰਹੱਸਮਈ ਹੈ। ਸ੍ਰਿਸ਼ਟੀ ਸੰਰਚਨਾ ਦਾ ਵਿਸ਼ਵ ਪ੍ਰਸਿੱਧ ਵਿਗਿਆਨੀ, ਸਟੀਫਨ ਹਾਕਿੰਗ ਕਹਿੰਦੈ, ਆਦਿ ਵਿਚ, ਇਕ ਛੋਟਾ ਜਿਹਾ ਬਿੰਦੂ ਸੀ....ਇਕ ਡਾੱਟ। ਇਸ ਬਿੰਦੂ ਦਾ ਵਿਸਥਾਰ ਹੀ ਬ੍ਰਹਮਾਂਡ ਹੈ। ਕਿਹਾ ਜਾਂਦੈ, ਪੰਜ ਤੱਤ ਮਿਲੇ ਤਾਂ ਮਨੁੱਖ ਬਣਿਆ। ਸ੍ਰਿਸ਼ਟੀ ਦਾ ਸਿਰਜਨ ਹੋਇਆ। ਪਰ ਮੁੱਖ ਦੋ ਹੀ ਪੱਖ ਹਨ: ਇਕ ਸੰਸਾਰ ਹੈ, ਦੂਜਾ ਨਿਰੰਕਾਰ ਹੈ। ਮਿੱਟੀ ਸੰਸਾਰ ਦੀ, ਰੂਹ ਨਿਰੰਕਾਰ ਦੀ। ਦੋ ਮਿਲੇ ਤਾਂ ਜੀਵਨ ਨੇ ਰੂਪ ਲਿਆ। ਵਿਛੜੇ ਤਾਂ ਮੌਤ ਹੋ ਗਈ। ਜੀਵਨ ਅਤੇ ਮੌਤ ਦਾ ਸਿਧਾਂਤ, ਬਸ ਇਤਨਾ ਹੀ ਹੈ। ਇਮਾਰਤਾਂ ਵਿਚ ਬਿਜਲੀ ਦੀ ਵਾਇਰਿੰਗ ਹੋਈ ਹੈ। ਕਹਿੰਦੇ ਹਾਂ, ਬਿਜਲੀ ਦੀ ਤਾਰ ਹੈ। ਪਰ ਯਥਾਰਥ ਇਹ ਹੈ ਕਿ ਉਹ ਪਲਾਸਟਿਕ ਅਤੇ ਤਾਂਬੇ ਦੀ ਤਾਰ ਹੈ?.... ਬਿਜਲੀ ਅਦਿੱਖ.....ਪਿਛੋਂ ਆਈ। ਜਦੋਂ ਤਕ ਪਿਛੋਂ ਸਪਲਾਈ ਹੈ... ਬਿਜਲੀ ਦੀ ਆਪੂਰਤੀ ਹੈ। ਉਦੋਂ ਤਕ ਘਰ ਰੌਸ਼ਨ ਹੈ.... ਬਿਜਲੀ ਦੇ ਉਪਕਰਨ ਕੰਮ ਕਰ ਰਹੇ ਹਨ। ਸਪਲਾਈ ਬੰਦ ਹੋਈ, ਸਭ ਕੁਝ ਠੱਪ ਹੋ ਗਿਆ।

ਪੰਜਵੇਂ ਪਾਤਸ਼ਾਹ, ਕੁਦਰਤ ਦਾ ਸੰਯੋਗ ਵਿਯੋਗ ਦਾ ਵਿਸ਼ਾ ਪ੍ਰਸੰਗਬੱਧ ਕਰਦੇ ਹਨ–

"ਤਿਚਰ ਵਸਹਿ ਸੁਹੇਲੜੀ, ਜਿਚਰ ਸਾਥੀ ਨਾਲਿ॥

ਜਾ ਸਾਥੀ ਉਠੀ ਚਲਿਆ, ਤਾ ਧਨ ਖਾਕੂ ਰਾਲਿ॥ (ਪੰ. 50)



Sri Satguru Jagjit Singh Ji eLibrary NamdhariElibrary@gmail.com

ਦੇਹ, ਸਹੇਲੀ ਦਾ ਸਾਂਈਂ, ਜੀਵਾਤਮਾ। ਸਾਥੀ ਨਾਲ ਹੈ-ਤਾਂ ਜੀਵਨ ਹੈ। ਸਾਥੀ ਨਿਕਲ ਗਿਆ, ਦੇਹ ਮਿੱਟੀ ਹੋ ਗਈ... ਖਾਕ ਵਿਚ ਰਲ ਗਈ।

ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸਹੇਲੀ ਅਤੇ ਸਾਥੀ ਦਾ ਸੰਵਾਦ, ਪ੍ਰਸੰਗਬੱਧ ਕਰਦੇ ਹਨः

"ਧਨ ਕਹੈ ਤੂ ਵਸੁ ਮੈ ਨਾਲੇ, ਪ੍ਰਿਅ ਸੁਖਵਾਸੀ ਬਾਲ ਗੁਪਾਲੇ॥

ਤੁਝੈ ਬਿਨਾ ਹਉ ਕਿਤਹੀ ਨ ਲੇਖੈ, ਵਚਨੁ ਦੇਹਿ ਛੋਡਿ ਨਾ ਜਾਸਾ ਹੇ॥

ਪਿਰ ਕਹਿਆ ਹਉ ਹੁਕਮੀ ਬੰਦਾ॥ ਉਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ॥

ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਿਣਾ, ਜਾ ਸਦੇ ਤ ਊਠਿ ਸਿਧਾਸਾ ਹੇ॥

ਅਗੋਂ ਕਹਿੰਦੇ ਹਨः

ਆਈ ਆਗਿਆ ਪਿਰਹੁ ਬੁਲਾਇਆ॥ ਨਾ ਧਨ ਪੁਛੀ ਨ ਮਤਾ ਪਕਾਇਆ॥

ਊਠਿ ਸਿਧਾਇਓ ਛੂਟਰਿ ਮਾਟੀ, ਦੇਖੁ ਨਾਨਕ ਮਿਥਨ ਮੋਹਾਸਾ ਹੇ॥

(ਪੰ. 1072)

ਇਕ ਦਿਨ ਸਹੇਲੀ (ਦੇਹ) ਨੇ ਸਾਥੀ (ਆਤਮਾ) ਨੂੰ ਬੇਨਤੀ ਕੀਤੀ, ਤੂੰ ਮੇਰੇ ਨਾਲ ਵਸਦਾ ਰਹੀਂ.... ਪ੍ਰੀਵਾਰ, ਬਾਲ ਗੋਪਾਲ ਨਾਲ ਬਹੁਤ ਸੁਖ ਹੈ। ਜਿਸ ਖਿਨ ਤੂੰ ਤੁਰ ਗਿਆ, ਮੈਂ ਰੁਲ ਜਾਵਾਂਗੀ। ਮੈਂ ਲਾਸ਼ ਬਣ ਜਾਵਾਂਗੀ।

ਪਿਰ ਨੇ ਜਵਾਬ ਦਿਤਾ, "ਮੈਂ ਹੁਕਮ ਵਿਚ ਬੱਧਾ ਹਾਂ। ਮੇਰਾ ਸੁਆਮੀ, ਭਾਰੋ ਠਾਕੁਰ ਹੈ, ਕਿਸੇ ਦਾ ਲਿਹਾਜ ਨਹੀਂ ਕਰਦਾ। ਜਦੋਂ ਤਕ ਰੱਖੇਗਾ.... ਉਦੋਂ ਤਕ ਰਹਾਂਗਾ। ਜਦੋਂ ਸੱਦੇਗਾ, ਉਦੋਂ ਜਾਣਾ ਪਵੇਗਾ। ਸਮਾਂ ਆ ਗਿਆ। ਸਾਥੀ ਨੂੰ ਪਿਰ ਨੂੰ, ਆਗਿਆ ਆ ਗਈ.... ਬੁਲਾਵਾ ਆ ਗਿਆ। ਨਾ ਦੇਹ (ਸਹੇਲੀ) ਨਾਲ ਸਲਾਹ ਕੀਤੀ, ਨਾ ਕੁਝ ਪੁਛਿਆ.... "ਊਠਿ ਸਿਧਾਇਓ ਛੂਟਰਿ ਮਾਟੀ...."

ਜੀਵਾਤਮਾ ਦੇਹ ਚੋਂ ਨਿਕਲ ਗਈ.... ਤੁਰ ਪਈ ਆਪਣੀ ਰਾਹ।

"ਦੇਖੁ ਨਾਨਕ ਮਿਥਨ ਮੋਹਾਸਾ ਹੇ।" ਪੰਜਵੇਂ ਪਾਤਸ਼ਾਹ ਕਹਿੰਦੇ ਹਨ-



Sri Satguru Jagjit Singh Ji eLibrary NamdhariElibrary@gmail.com

ਮਿਥਿਆ ਜੀਵਨ.... ਮਿਥਿਆ ਸੰਸਾਰ....ਇਹੀ ਯਥਾਰਥ ਹੈ। ਸੰਯੋਗ ਵਿਯੋਗ ਦੀ ਖੇਡ ਹੈ। ਦੋ ਮਿਲੇ, ਸਮਾਯੋਜਨ ਹੋਇਆ ਤਾਂ ਜੀਵਨ ਹੈ.....ਵਿਸਰਜਨ ਤਾਂ ਮੌਤ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-ਇਹ ਮਿਲਣਾ ਤੇ ਵਿਛੜਨਾ, ਦੋਵੇਂ ਪ੍ਰਮਾਤਮਾ ਦੀ ਕਾਰ ਹੈ, ਜੋ ਕਰਮਾਂ ਦੇ ਲੇਖ ਅਨੁਸਾਰ ਵਾਪਰਦੇ ਹਨ-

"ਸੰਜੋਗ ਵਿਜੋਗੁ ਦੁਇ ਕਾਰ ਚਲਾਵਹਿ, ਲੇਖੇ ਆਵਹਿ ਭਾਗ"॥ (ਪੰ. 6 ਜਪੁ ਜੀ)

ਜਨਮ ਔਰ ਮੌਤ, ਹਰ ਖਿਨ ਹੋ ਰਹੀ ਹੈ। ਹਰ ਸੰਪਰਦਾ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਆਪਣੀਆਂ ਰਹੁ-ਰੀਤਾਂ ਅਨੁਸਾਰ ਅੰਤਮ ਸੰਸਕਾਰ ਕਰਦੇ ਹਨ:

"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ॥

ਇਕ ਪਾਣੀ ਵਿਚ ਉਸਟੀਅਹਿ, ਇਕਿ ਭੀ ਫਿਰਿ ਹਸਣਿ ਪਾਹਿ॥

ਨਾਨਕ ਏਵ ਨ ਜਾਪਈ, ਕਿਥੈ ਜਾਇ ਸਮਾਹਿ॥ (ਪੰ. 648)

ਮੌਤ ਆਈ.....ਦੇਹ ਨਿਮਾਣੀ ਮਿੱਟੀ ਹੋ ਗਈ। ਕਿਸੇ ਇਸ ਨੂੰ ਅਗਨਿ ਭੇਟ ਕੀਤਾ.... ਕਿਸੇ ਕਬਰ ਵਿਚ, ਸਪੁਰਦੇ ਖ਼ਾਕ ਕੀਤਾ। ਕਈ ਲਾਵਾਰਿਸ ਮਰ ਗਏ... ਕੁੱਤੇ, ਜਾਨਵਰ ਖਾ ਗਏ। ਕਿਸੇ ਜਲ ਪ੍ਰਵਾਹ ਕੀਤਾ... ਕਿਸੇ ਆਪਣੀ ਅੰਤਮ ਰੀਤ ਅਨੁਸਾਰ ਛੱਤ ਤੇ ਖੁੱਲਾ.... ਇੱਲਾਂ-ਕਾਵਾਂ ਲਈ ਛੱਡ ਦਿੱਤਾ। ਜੀਵਾਤਮਾ ਕਿਥੋਂ ਆਈ....ਕਿੱਥੇ ਤੁਰ ਗਈ....। "ਨਾਨਕ ਏਵ ਨਾ ਜਾਪਈ।"

ਇਹ ਬ੍ਰਹਮ ਗਿਆਨ ਦਾ ਵਿਸ਼ਾ ਹੈ। ਆਤਮਾ-ਪ੍ਰਮਾਤਮਾ ਦਾ ਸਿਖਿਆ ਸਿਲੇਬਸ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ-

"ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ.....॥ (ਪੰ. 778)

ਸਵਾਮੀ ਰਾਮਕ੍ਰਿਸ਼ਨ ਪਰਮਹੰਸ, ਸਹੇਲੀ ਅਤੇ ਸਾਥੀ ਨੂੰ, ਸਰੀਰ ਅਤੇ ਆਤਮਾ ਨੂੰ, ਦੋ ਪੱਖ ਰੂਪ ਵੇਖ ਲਿਆ ਸੀ। ਜਨਮ ਅਤੇ ਮੌਤ, ਜੀਵਨ ਰੇਖਾ ਦੇ ਦੋ ਸਿਰੇ ਸਮਝਦੇ ਸਨ। ਜੀਵਨ ਨੌਕਾ ਦੀ ਬੇੜੀ ਦੇ ਸਾਰੇ ਲੰਗਰ... ਸਾਰੇ ਖੁੱਟੇ ਚੁੱਕ ਲਏ ਸਨ। ਪੂਰੀ ਤਰ੍ਹਾਂ ਮੋਹ ਭੰਗ ਕਰ ਲਿਆ ਸੀ। ਪਰ ਜੀਵਨ, ਅਖੀਰਲੇ ਸਵਾਸਾਂ ਤਕ ਰਹੇਗਾ। ਤਾਂ ਇਕ ਖੁੱਟਾ, ਬੇੜੀ ਦਾ ਇਕ ਲੰਗਰ, ਰੱਖਣਾ



Sri Satguru Jagjit Singh Ji eLibrary NamdhariElibrary@gmail.com

ਲਾਜ਼ਮੀ ਹੈ। ਭੋਜਨ ਦਾ ਇਕ ਖੁੱਟਾ ਰੱਖ ਲਿਆ....ਸਵਾਦ ਦਾ ਇਕ ਲੰਗਰ। ਕਈ ਵਾਰ ਸੰਗਤ, ਸ਼ਰਧਾਲੂ ਜੁੜੇ ਹੁੰਦੇ। ਕਥਾ ਕਰਦੇ ਹੁੰਦੇ। ਅਚਾਨਕ ਕਹਿੰਦੇ, "ਖਿਮਾ ਕਰਨੀ.... ਮੈਂ ਹੁਣੇ ਆਇਆ।" ਅੰਦਰ ਰਸੋਈ ਵਿਚ ਜਾਂਦੇ। ਘਰ ਵਾਲੀ ਸ਼ਾਰਦਾ ਨੂੰ ਵਾਜ ਮਾਰਦੇ, ਅੱਜ ਕੀ ਬਣ ਰਿਹੈ ? ਸ਼ਾਰਦਾ ਮਿੱਠੀ ਝਿੜਕੀ ਦੇਂਦੀ- ਤੁਸੀਂ ਏਡੇ ਵੱਡੇ ਮਹਾਂਪੁਰਖ... ਕਥਾ ਕਰਦਿਆਂ ਉਠ ਆਉਂਦੇ ਹੋ.... ਇੰਜ ਕੋਈ ਚੰਗਾ ਲਗਦੈ ? ਰਾਮਕ੍ਰਿਸ਼ਨ ਹੱਸ ਛੱਡਦੇ। ਐਸਾ ਕਈ ਵਾਰ ਹੋਇਆ। ਇਕ ਦਿਨ ਕਥਾ ਚਲ ਰਹੀ ਸੀ.... ਸੰਗਤ ਜੁੜੀ ਹੋਈ ਸੀ। ਖਿਮਾ ਕਰਨੀ, ਮੈਂ ਹੁਣੇ ਆਇਆ- ਬੋਲੇ, ਅੰਦਰ ਗਏ....ਸ਼ਾਰਦਾ ਤੋਂ ਕੀ ਬਣ ਰਿਹੈ", ਪੁੱਛਿਆ। ਸ਼ਾਰਦਾ ਨੇ ਮਿੱਠੀ ਝਿੜਕੀ ਦਿੱਤੀ। ਅੱਗੋਂ ਰਾਮਕ੍ਰਿਸ਼ਨ ਪਰਮਹੰਸ ਨੇ ਰਾਜ਼ ਖੋਲਿਆ- ਸ਼ਾਰਦੇ ! ਮੈਂ ਆਪਣੀ ਜੀਵਨ ਬੇੜੀ ਦੇ ਸਾਰੇ ਰੱਸੇ ਖੋਲ ਲਏ ਹਨ। ਬੇੜੀ ਨੂੰ ਰੋਕੀ ਰੱਖਣ ਲਈ, ਇਕ ਰੱਸਾ, ਭੋਜਨ ਦਾ ਰੱਖ ਲਿਐ। ਜਿਸ ਦਿਨ, ਮੇਰੀ ਭੋਜਨ ਪ੍ਰਤੀ ਰੁਚੀ ਨਾ ਰਹੇ, ਸਮਝ ਲਵੀਂ—ਅਖੀਰਲਾ ਰੱਸਾ ਖੋਲ੍ਹ ਲਿਐ। ਮੇਰੇ ਜੀਵਨ ਦਾ ਉਹ ਅੰਤਮ ਸਮਾਂ ਹੋਵੇਗਾ। ਸਮਾਂ ਆ ਗਿਆ। ਸ਼ਾਂਤ ਕਥਾ ਮੰਡਪ ! ਸੰਗਤ, ਮੰਤਰ ਮੁਗਧ ਜੁੜੀ ਹੋਈ ! ਸਵਾਮੀ ਜੀ, ਤੱਤ ਗਿਆਨ ਤੇ ਪ੍ਰਵਚਨ ਕਹਿ ਰਹੇ ਸਨ। ਸਾਰਾ ਸਮਾਂ ਲੰਘ ਗਿਆ। ਸਵਾਮੀ ਜੀ, ਇਕ ਵਾਰ ਵੀ ਨਾ ਉੱਠੇ। ਅੰਦਰ ਸ਼ਾਰਦਾ ਉਡੀਕਦੀ ਰਹੀ। ਅੱਜ ਆਏ ਨਹੀਂ। ਲੰਗਰ ਤਿਆਰ ਹੋ ਗਿਆ। ਪ੍ਰਵਚਨ ਸਮਾਪਤ ਹੋਇਆ। ਸ਼ਾਰਦਾ, ਥਾਲੀ ਭੋਜਨ ਦੀ ਸਜਾ ਲਿਆਈ। ਲਓ ਸਵਾਮੀ ਜੀ, ਅੱਜ ਤੁਹਾਡੀ ਮਨਪਸੰਦ ਖੀਰ ਵੀ ਬਣਾ ਕੇ ਲਿਆਈ ਹਾਂ। ਸਵਾਮੀ ਜੀ ਨੇ ਮੂੰਹ ਦੂਜੇ ਪਾਸੇ ਮੋੜ ਲਿਆ। ਸ਼ਾਰਦਾ ਨੂੰ ਉਹ ਗੱਲ ਚੇਤੇ ਆ ਗਈ.... "ਜਿਸ ਦਿਨ ਭੋਜਨ ਪ੍ਰਤੀ ਰੁਚੀ ਨਾ ਰਹੇ, ਸਮਝ ਲਈਂ, ਅਖੀਰਲਾ ਰੱਸਾ ਖੋਲ੍ਹ ਲਿਐ....."। ਨਹੀਂ...ਈ....ਈ.....। ਸ਼ਾਰਦਾ ਧੜਾਮ ਡਿੱਗੀ। ਭੋਜਨ ਦੀ ਥਾਲੀ ਡਿੱਗ ਪਈ। ਐਸਾ ਅਨਰਥ ਨਾ ਕਰਨਾ, ਮੇਰੇ ਪ੍ਰਭੂ।" ਬਸ... ਸ਼ਾਰਦਾ ! ਅੱਜ ਅਖੀਰਲਾ ਖੁੱਟਾ ਵੀ ਪੁੱਟ ਲਿਐ। ਹੁਣ ਮੇਰਾ ਜੀਵਨ ਬੇੜਾ, ਅਨੰਤ ਸਾਗਰ ਵਿਚ ਲੀਨ ਹੋਣ ਨੂੰ ਤਿਆਰ ਹੈ।

ਮਹਾਂਪੁਰਖ, ਇਹ ਮਰਮ ਜਾਣਦੇ ਹਨ। ਕਾਲ ਅਤੇ ਕਰਮ ਦਾ ਸੰਬੰਧ, ਮਨੁੱਖ ਦਾ ਜੀਵਨ ਹੈ। ਜਦੋਂ ਕਰਮ ਮੁੱਕ ਗਏ, ਉਦੋਂ ਕਾਲ ਆ ਖਲੌਂਦੈ। ਮਹਾਂਪੁਰਖ ਉਸ ਵੇਲੇ ਤਿਆਰ ਮਿਲਦੇ ਹਨ। ਗੁਰੂ ਨਾਨਕ ਪਾਤਸ਼ਾਹ.... ਨਾਲ



Sri Satguru Jagjit Singh Ji eLibrary NamdhariElibrary@gmail.com

ਭਾਈ ਮਰਦਾਨਾ। ਮੱਕਾ, ਮਦੀਨਾ, ਬਗਦਾਦ ਹੁੰਦੇ ਹੋਏ ਵਾਪਸ, ਕਾਬਲ ਰਾਹੀਂ ਹਿੰਦੁਸਤਾਨ ਆਏ। ਸੈਦਪੁਰ ਪੁੱਜੇ, ਬਾਬਰ ਦਾ ਹਮਲਾ ਹੋਇਆ। ਕੈਦ ਕੀਤੇ ਗਏ। ਮੁਕਤ ਹੋਏ ਤਾਂ ਭਾਈ ਮਰਦਾਨੇ ਨੇ ਅਰਜ਼ ਕੀਤੀ, "ਬਹੁਤ ਚਿਰ ਹੋ ਗਿਐ, ਹੁਣ ਘਰ ਚਲੀਏ। ਸਤਿਗੁਰਾਂ ਬਚਨ ਕੀਤਾ—ਹਾਂ ਹੁਣ ਘਰ ਨੂੰ ਜਾਹ। ਮਰਦਾਨੇ ਕਿਹਾ, ਪਹਿਲਾਂ ਤੁਸੀਂ ਜਾਉ। ਅਗੋਂ, "ਸਤਿਗੁਰੂ ਬੋਲੇ ਸਹਜ ਸੁਭਾਇ॥ ਤੂੰ ਹਮਤੇ ਪਹਿਲੇ ਹੀ ਜਾਇ॥" ਸਾਰੀ ਜ਼ਿੰਦਗੀ, ਮਰਦਾਨੇ ਸਤਿਗੁਰਾਂ ਨਾਲ ਗੁਜ਼ਾਰੀ ਸੀ....ਬੋਲ ਦੇ ਰਮਜ਼ ਸਮਝਦਾ ਸੀ। ਚਰਣ ਫੜ ਲਏ। ਪਾਤਸ਼ਾਹ, ਸੱਚ ਦੱਸੋ, ਮੇਰੀ ਉਮਰ ਹੁਣ ਕਿੰਨੀ ਰਹਿੰਦੀ ਏ ?

ਗੁਰੂ ਨਾਨਕ ਪਾਤਸ਼ਾਹ ਬਚਨ ਕੀਤਾ, 'ਪੰਜ ਦਿਨ'।

ਹੱਥ ਜੋੜ ਮਰਦਾਨੇ ਅਰਜ਼ ਕੀਤੀ, ਸਾਰੀ ਜ਼ਿੰਦਗੀ ਤੁਹਾਡੇ ਨਾਲ ਗੁਜ਼ਾਰੀ....। ਕਦੀ ਕੁਝ ਨਹੀਂ ਮੰਗਿਆ। ਹੁਣ ਬਸ ਇਕ ਅਰਜ਼, ਤੇਰੇ ਅੱਗੇ ਮੇਰੇ ਯਾਰਾ, ਜਦੋਂ ਅਖੀਰਲਾ ਸਵਾਸ ਛੁੱਟੇ, ਤੂੰ ਮੇਰੇ ਕੋਲ ਹੋਵੇਂ। ਗੁਰੂ ਪਾਤਸ਼ਾਹ, ਫੁਰਮਾਇਆ- "ਸੁਨਿ ਬੋਲੇ ਬੇਦੀ ਕੁਲ ਦੀਪਾ, ਹਮ ਤਬ ਤੁਮ੍ਹਰੇ ਰਹੋਂ ਸਮੀਪਾ॥"

ਮਰਦਾਨਿਆ, ਮੈਂ ਤੇਰੇ ਨਾਲ ਹੀ ਰਹਾਂਗਾ। ਆ ਖੁਰਮੇ ਸ਼ਹਿਰ ਨੂੰ ਚਲੀਏ, ਤੇਰੇ ਭਾਗਾਂ ਦਾ ਖਾਣਾ, ਤੈਨੂੰ ਉਡੀਕਦੈ। ਦੋਵੇਂ ਖੁਰਮੇ ਸ਼ਹਿਰ ਪੁੱਜੇ। ਲੰਗਰ ਛਕਿਆ, ਹੌਲੀ ਹੌਲੀ ਤੁਰਦੇ ਸ਼ਹਿਰ ਤੋਂ ਬਾਹਰ ਆ ਗਏ। ਇਕ ਭਰੇ ਹੋਏ ਬੋਹੜ ਹੇਠ ਬੈਠ ਗਏ। ਮਰਦਾਨੇ ਦਾ ਸਿਰ ਆਪਣੀ ਗੋਦ ਵਿਚ ਰਖ ਲਿਆ.... ਪਿਆਰ ਨਾਲ ਮੱਥੇ ਤੇ ਹੱਥ ਫੇਰਨ ਲੱਗੇ। ਅੱਜ ਪੰਜਵਾਂ ਦਿਨ ਸੀ- ਸਤਿਗੁਰਾਂ ਪੁੱਛਿਆ- ਮਰਦਾਨਿਆ, ਹੁਣ ਕਿਵੇਂ ਲਗਦੈ ? ਪਾਤਸ਼ਾਹ, ਨਾਭੀ ਹੇਠ ਸਵਾਸਾਂ ਦੀ ਗੰਢ ਖੁਲ੍ਹ ਗਈ ਹੈ.....ਸਵਾਸ ਉਡਾਰੀ ਲਈ ਤਿਆਰ ਹਨ। "ਹੁਣ ਕਿੰਨਾ ਸਮਾਂ ਰਹਿੰਦੈ, ਪਾਤਸ਼ਾਹ"— ਮਰਦਾਨੇ ਅਰਜ਼ ਕੀਤੀ। "ਨੌਂ ਸਵਾਸ....ਹੋਰ"। ਇਕ, ਦੋ... ਤਿੰਨ, ਨੌਂਵਾਂ ਸਵਾਸ.... ਪ੍ਰਾਣ ਤਨ ਤੋਂ ਵੱਖ ਹੋ ਗਿਆ। ਗੁਰੂ ਪਾਤਸ਼ਾਹ ਸਿਰੀ ਰਾਗ ਵਿਚ ਸ਼ਬਦ ਉਚਾਰਿਆ:

"ਮਰਣੈ ਕੀ ਚਿੰਤਾ ਨਹੀ ਜੀਵਨ ਕੀ ਨਹੀ ਆਸ॥

ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥ (ਪੰ. 20)

ਸਹੇਲੀ ਰਹਿ ਗਈ.... ਗੁਰੂ ਬਾਬੇ ਦੀ ਗੋਦੀ ਵਿਚ ਸਿਰ ਰੱਖ, ... ਸਾਥੀ ਉਡਾਰੀ ਮਾਰ ਗਿਆ...।



Sri Satguru Jagjit Singh Ji eLibrary NamdhariElibrary@gmail.com

# 16

# ਮੂ ਲਾਲਨ ਸਿਉ ਪ੍ਰੀਤਿ ਬਨੀ....

ਜਲ ਦੀ ਇਕ ਇਕ ਬੂੰਦ ਵੱਖਰੀ ਹੈ। ਪਦਾਰਥ ਦਾ ਇਕ ਇਕ ਅਣੂ ਵੱਖ ਹੁੰਦੈ। ਪਵਨ ਦਾ ਹਰ ਬੁੱਲਾ... ਹਰ ਕਣ ਅੱਡ ਹੈ। ਹਰ ਪ੍ਰਾਣੀ, ਹਰ ਜੀਅ, ਜੰਤੂ ਦਾ ਅੱਡ ਵਜੂਦ ਹੈ। ਪਰ ਇਕ ਤੱਤ, ਜਿਹੜਾ ਸਾਰਿਆਂ ਨੂੰ ਜੋੜਦੈ... ਬੂੰਦਾਂ ਨੂੰ ਰਲਾ ਕੇ ਸਾਗਰ ਬਣਾਉਂਦੈ... ਅਣੂਆਂ ਨੂੰ ਜੋੜ ਪਦਾਰਥ ਬਣਾਉਂਦੈ.... ਜੀਆਂ ਜੰਤਾਂ ਦਾ ਜਗ ਬਣਾਉਂਦੈ, ਉਹ ਪ੍ਰੀਤ ਹੈ। ਇਕ ਅਦਿੱਖ ਰਿਸ਼ਤਾ, ਜਿਹੜਾ ਜੜ ਚੇਤਨ ਸਾਰਿਆਂ ਵਿਚ ਸੰਚਾਰਤ ਹੋ ਰਿਹੈ, ਇਹ ਪ੍ਰੀਤ ਹੈ। ਬਾਲ ਦਾ ਜਨਮ ਹੁੰਦੈ। ਇਕ ਨਾੜ ਨਾਲ ਮਾਂ ਨਾਲ ਜੁੜਿਆ ਹੁੰਦੈ। ਪ੍ਰਸਵ ਤੋਂ ਬਾਦ, ਉਸ ਨਾੜ ਨੂੰ ਕੱਟ ਕੇ, ਮਾਂ ਤੋਂ ਵੱਖ ਕਰ ਦਿੱਤਾ ਜਾਂਦੈ। ਪਰ, ਮਾਂ ਆਪਣੀ ਮਮਤਾ ਨਾਲ ਸਦਾ, ਬਾਲ ਨਾਲ ਜੁੜੀ ਰਹਿੰਦੀ ਏ। ਬਾਲ ਵੱਡਾ ਹੋ ਗਿਆ। ਜਵਾਨ ਹੋਇਆ, ਵਿਆਹਿਆ ਗਿਆ। ਨੌਕਰੀ, ਵਪਾਰ ਦਾ ਸਿਲਸਿਲਾ, ਕਿਤੇ ਦੂਰ ਚਲਾ ਗਿਆ। ਮਾਂ ਰੋਜ਼ ਸਿਮਰਨ ਕਰਦਿਆਂ, ਪਾਠ ਕਰਦਿਆਂ, ਸਤਿਗੁਰ ਅੱਗੇ ਅਰਦਾਸਾਂ ਕਰਦੀ ਏ, "ਮੇਰੇ ਪੁੱਤਰ ਦੇ ਅੰਗ ਸੰਗ ਰਹੀਂ, ਸਤਿਗੁਰ... ਰਖਿਆ ਕਰੀਂ! ਇਹ ਭਾਵ, ਇਹ ਆਤਮੀਯਤਾ "ਪ੍ਰੀਤ" ਹੈ।

"ਮਾਤਾ ਪ੍ਰੀਤ ਕਰੈ ਪੁਤ ਖਾਇ॥ ਮੀਨੇ ਪ੍ਰੀਤ ਭਈ ਜਲ ਨਾਇ॥"

(ਪੰ. 519)

ਪੁੱਤਰ, ਵਿਕਾਸ ਦੀਆਂ ਉੱਚੀਆਂ-ਉੱਚੀਆਂ ਮੰਜ਼ਲਾਂ-ਸਿਖਰਾਂ ਨੂੰ ਛੋਹਣ ਦਾ ਸੰਕਲਪ ਪਾਲਦੈ... ਯੋਜਨਾਵਾਂ ਬਣਾਉਂਦੈ... ਦੌੜਦੈ। ਸ਼ਾਇਦ ਕਿਸੇ ਭਾਗਾਂ ਵਾਲੇ ਪੁੱਤ ਨੂੰ ਅਹਿਸਾਸ ਹੋਵੇ.... ਉਸ ਦੇ ਮਨਸੂਬਿਆਂ ਵਿਚ, ਸੁਪਨਿਆਂ ਅਤੇ ਸੰਕਲਪਾਂ ਵਿਚ ਦੌੜਦੇ ਹੋਏ, ਉਸ ਦੇ ਦਿਮਾਗ ਤੋਂ ਲੈ ਕੇ ਪੈਰਾਂ ਤਕ, ਮਾਂ ਦੇ ਆਸ਼ੀਰਵਾਦ ਦੀ ਅਸੀਮ ਊਰਜਾ ਸ਼ਕਤੀ ਸਦਾ ਉਸ ਦੇ ਨਾਲ ਦੌੜ ਰਹੀ ਏ। ਆਪਣੇ ਸਤਿਗੁਰ ਤੋਂ , ਪ੍ਰਮੇਸ਼ਰ ਤੋਂ, ਸਦਾ ਉਸ ਲਈ ਖ਼ੈਰ ਮੰਗਦੀ



Sri Satguru Jagjit Singh Ji eLibrary NamdhariElibrary@gmail.com

ਰਹਿੰਦੀ ਏ। ਘਰਾਂ ਵਿਚ, ਕਿਸੇ ਖੂੰਜੇ, ਆਮ ਤੌਰ ਤੇ ਮਕੜੀ ਜਾਲਾ ਬਣਾ ਲੈਂਦੀ ਹੈ। ਪਿੰਡਾਂ ਦੇ ਘਰਾਂ ਜਾਂ ਪੁਰਾਣਿਆਂ ਮਕਾਨਾਂ ਵਿਚ, ਆਮ ਇਹ ਮਕੜੀ ਜਾਲ ਦਿਸਦੇ ਹਨ। ਕਦੀ-ਕਦੀ ਉਸ ਜਾਲ ਵਿਚ, ਹਉਲੀ, ਕਾਗਜ਼ ਵਾਂਗ ਕੋਈ ਮਕੜੀ ਮਰੀ ਹੋਈ, ਫਸੀ ਹੁੰਦੀ ਹੈ। ਉਸ ਨੂੰ ਮਾੜਾ ਜਿਹਾ ਕਿਸੇ ਤਿਣਕੇ ਨਾਲ ਹਿਲਾਈਏ, ਉਹ ਡਿੱਗ ਪੈਂਦੀ ਹੈ। ਜੀਵ ਵਿਗਿਆਨੀ ਕਹਿੰਦੇ ਹਨ, ਮਕੜੀ ਬੱਚੇ ਨੂੰ ਜਨਮ ਦੇਂਦੀ ਹੈ। ਉਸ ਕੋਲ ਦੁੱਧ ਦਾ ਕੋਈ ਵਸੀਲਾ ਨਹੀਂ ਹੁੰਦਾ। ਆਪ ਇਕ ਥਾਂ ਟਿਕ ਕੇ ਬੈਠ ਜਾਂਦੀ ਹੈ, ਆਪਣੇ ਹੀ ਬਣਾਏ ਜਾਲ ਵਿਚ। ਆਪਣੇ ਬੱਚੇ ਨੂੰ ਆਪਣਾ ਲਹੂ ਪਿਆਉਂਦੀ ਹੈ। ਆਪ ਟਿਕੀ ਰਹਿੰਦੀ ਹੈ, ਬੱਚੇ ਬਾਰ ਬਾਰ ਆਉਂਦੇ-ਦੰਦੀਆਂ ਵੱਢ ਵੱਢ ਕੇ ਲਹੂ ਪੀਂਦੇ। ਨੇਹਚਲ ਮਕੜੀ, ਬੈਠੀ ਰਹਿੰਦੀ ਏ। ਅੰਤ ਲਹੂ ਪੀ ਪੀ ਕੇ ਬੱਚਾ ਤਾਂ ਵੱਡਾ ਹੋ ਗਿਆ.... ਮਕੜੀ ਮਾਂ, ਰਕਤ (ਖ਼ੂਨ) ਤੋਂ ਹੀਣ ਹੁੰਦੀ ਗਈ..... ਅੰਤ ਮਰ ਗਈ। ਕੈਸੀ ਪ੍ਰੀਤ ਹੈ....?

ਤਾਂ ਪੰਜਵੇਂ ਪਾਤਸ਼ਾਹ, ਬਿਲਾਵਲ ਰਾਗ ਵਿਚ ਗਾਉਂਦੇ ਹਨः

"ਮੂ ਲਾਲਨ ਸਿਉ ਪ੍ਰੀਤਿ ਬਨੀ।

ਤੋਰੀ ਨ ਤੂਟੈ, ਛੋਰੀ ਨਾ ਛੂਟੈ, ਐਸੀ ਮਾਧੋ ਖਿੰਚ ਤਨੀ॥" (ਪੰ. 534)

ਮੇਰੀ ਸਤਿਗੁਰ ਨਾਲ, ਪ੍ਰੀਤਮ ਨਾਲ ਪ੍ਰੀਤ ਹੋ ਗਈ। ਹੁਣ ਇਹ ਤੋੜਿਆਂ ਟੁੱਟਦੀ ਨਹੀਂ, ਛੱਡਿਆਂ ਛੁਟਦੀ ਨਹੀਂ।

ਗੁਰੂ ਔਰ ਸਿੱਖ ਦਾ ਰਿਸ਼ਤਾ ਪ੍ਰੀਤ ਦਾ ਹੈ। ਕੋਈ ਨਿਯਮਾਵਲੀ ਨਹੀਂ, ਸਿਧਾਂਤ ਨਹੀਂ। ਸਾਰੇ ਨਿਯਮ, ਨੇਮੀ ਲਈ ਹੁੰਦੇ ਹਨ....ਪ੍ਰੇਮੀ ਤਾਂ ਪ੍ਰੀਤਮ ਵਿਚ ਫਨਾਂ ਹੋਣ ਨੂੰ ਲੋਚਦੈ।

ਮੀਰਾ ਬਾਈ, ਪਾਲੀ (ਜੋਧਪੁਰ) ਵਿਖੇ ਜੰਮੀ। ਮੇਵਾੜ ਕੁੰਵਰ ਭੋਜ ਰਾਜ ਨਾਲ ਵਿਆਹੀ ਗਈ। ਕਵਾਰਿਆਂ ਤੋਂ ਸ਼ਯਾਮ ਨਾਲ ਨੇਹ ਲਾ ਲਿਆ। ਸੌਹਰੇ ਜਾਣ ਲੱਗੀ, ਮਾਤਾ ਤੋਂ ਕ੍ਰਿਸ਼ਨ ਦੀ ਛੋਟੀ ਮੂਰਤੀ ਮੰਗ ਲਈ। ਮੂਰਤੀ ਵਿਚ ਮੀਰਾ ਸਾਂਵਰਾ ਵੇਖਦੀ। ਗਾਉਂਦੀ, ਨਚਦੀ, ਸਾਂਵਰੇ ਨਾਲ ਪ੍ਰੀਤ ਗੁਹਾਰ ਕਰਦੀ। ਵਿਆਹ ਤੋਂ ਪੰਜ ਸਾਲਾਂ ਬਾਦ, ਮੁਗਲਾਂ ਨਾਲ ਲੜਦਿਆਂ ਪਤੀ ਮਾਰਿਆ ਗਿਆ। ਮੀਰਾ ਦੀ ਪ੍ਰੀਤ ਸਰਿਤਾ ਵਗਦੀ ਰਹੀ। ਘਰ ਦੇ ਬਹੁਤ ਬੁਰਾ ਭਲਾ ਕਹਿੰਦੇ। ਮੀਰਾ ਦੀ ਰਹਿਤ, ਸਮਾਜ ਕੁਟੰਬ ਦੀਆਂ ਮਰਿਆਦਾਵਾਂ ਤੋਂ ਉਲਟ



Sri Satguru Jagjit Singh Ji eLibrary NamdhariElibrary@gmail.com

ਸੀ। ਮੀਰਾ ਨੂੰ ਜ਼ਹਿਰ ਵੀ ਦਿੱਤਾ ਗਿਆ। ਸ਼ਯਾਮ ਦਾ ਧਿਆਨ ਧਰ ਜ਼ਹਿਰ ਪਿਆਲਾ ਪੀ ਗਈ। ਜ਼ਹਿਰ ਵੀ ਅੰਮ੍ਰਿਤ ਬਣ ਗਿਆ। ਪ੍ਰਤਾੜਨਾ ਦਾ ਇਹ ਸਿਲਸਿਲਾ ਵੀ ਚਲਦਾ ਰਿਹਾ...ਮੀਰਾ ਦਾ ਪ੍ਰੇਮ ਵੀ ਪਲਦਾ ਰਿਹਾ। ਘਰ ਦੇ ਮਾਹੌਲ ਵਿਚ, ਪੈਦਾ ਹੋ ਚੁੱਕੇ ਵਿਰੋਧਾਭਾਸ ਦੇ ਕੁੜੱਤਣ ਵਿਚ, ਮੀਰਾ ਵਿਆਕੁਲ ਰਹਿਣ ਲੱਗੀ। "ਸ਼ਾਮ" ਦੀ ਪ੍ਰੀਤ ਬਿਹਬਲਤਾ ਅਤੇ ਪ੍ਰੀਵਾਰਕ ਅਵਰੋਧਾਂ ਤੋਂ ਜੰਮੀ ਵਿਆਕੁਲਤਾ ਵਿਚ, ਮੀਰਾ ਨੇ ਤੁਲਸੀ ਦਾਸ ਨੂੰ ਪੱਤਰ ਲਿਖਿਆ-

"ਸਵਸਤੀ ਸ੍ਰੀ ਤੁਲਸੀ ਕੁਲਭੂਸ਼ਣ, ਦੂਸ਼ਣ ਹਰਨਿ ਗੁਸਾਈਂ।

ਬਾਰਹਿ ਬਾਰ ਪ੍ਰਣਾਮ ਕਰੋਂ, ਅਬ ਕਰਹੁ ਸ਼ੋਕ ਸਮੁਦਾਈ।

ਹੇ ਕੁਲ ਦੇ ਭੂਸ਼ਨ, ਵਿਕਾਰਾਂ ਦੇ ਨਾਸ ਕਰਨ ਵਾਲੇ ਆਚਾਰਿਆ ਸ੍ਰੀ ਤੁਲਸੀ, ਮੇਰੀ ਪ੍ਰਣਾਮ ਸਵੀਕਾਰ ਕਰੋ.... ਮੇਰਾ ਪ੍ਰੀਵਾਰਕ ਦੁਖ ਦੂਰ ਕਰੋ।

"ਸਾਧੂ ਸੰਗਿ ਅਰ ਭਜਨ ਕਰਤਿ ਮੋਹਿ ਦੇਤਿ ਕਲੇਸ ਮਹਾਈ॥"

ਸਤਿਸੰਗਿ ਅਤੇ ਸਿਮਰਨ ਕਰਦਿਆਂ, ਇਹ ਪ੍ਰੀਵਾਰ ਜਨ ਮੈਨੂੰ ਵੱਡਾ ਦੁੱਖ ਦੇਂਦੇ ਹਨ।

"ਮੇਰੇ ਮਾਤ-ਪਿਤਾ ਕੇ ਸਮ ਹੋ, ਹਰੀ ਭਗਤਨ ਸੁਖਦਾਈ॥

ਹਮਕੋ ਕਹਾ ਉਚਿਤ ਕਰਿਬੋ ਹੈ, ਸੋ ਲਿਖੀਏ ਸਮੁਝਾਈ॥"

ਤੁਸੀਂ ਮੇਰੇ ਮਾਤਾ-ਪਿਤਾ ਸਮਾਨ ਹੋ.... ਪ੍ਰਭੂ ਭਗਤਾਂ ਨੂੰ ਸੁਖ ਦੇਣ ਵਾਲੇ ਹੋ। ਕ੍ਰਿਪਾ ਕਰਕੇ ਲਿਖੋ, ਮੇਰੇ ਲਈ ਕਿਵੇਂ ਦਾ ਵਤੀਰਾ ਉਚਿਤ ਹੈ ?

ਤੁਲਸੀ ਦਾਸ ਜੀ ਨੇ ਪੱਤਰ ਰਾਹੀਂ ਜਵਾਬ ਭੇਜਿਆ-

"ਜਾ ਕੇ ਪ੍ਰਿਯ ਨ ਰਾਮ ਬੈਦੇਹੀ॥

ਸੋ ਨਰ ਤਜੀਏ ਕੋਟਿ ਬੈਰੀ ਸਮ, ਯਦਪਿ ਹੋਇ ਪਰਮ ਸਨੇਹੀ॥"

ਮੀਰਾ! ਜਿਸ ਦੇ ਅੰਦਰ, ਰਾਮ ਜਾਨਕੀ ਲਈ (ਆਪਣੇ ਇਸ਼ਟ ਲਈ ਸਤਿਗੁਰ ਲਈ) ਪ੍ਰੀਤ ਨਾ ਹੋਵੇ, ਉਹ ਭਾਵੇਂ ਕਿੰਨਾ ਪਿਆਰਾ ਹੋਵੇ.... ਕਰੋੜਾਂ ਵੈਰੀਆਂ ਵਾਂਗ, ਉਸ ਦਾ ਤਿਆਗ ਕਰ ਦੇਣਾ ਚਾਹੀਦੈ।

ਔਰ ਫੇਰ ਮੀਰਾ.... "ਮੇਰੇ ਤੋ ਗਿਰਧਰ ਗੋਪਾਲ, ਦੂਸਰੋ ਨ ਕੋਈ" ਗਾਉਂਦੀ ਹੋਈ ਚਿਤੌੜ ਗੜ੍ਹ ਦਾ ਕਿਲਾ ਤਿਆਗ, ਸੰਨਿਆਸਨੀ ਵੇਸ਼ ਧਾਰ, ਬ੍ਰਿੰਦਾਵਨ ਚਲੀ ਗਈ।

ਪ੍ਰੇਮ ਮੁੱਲ ਮੰਗਦੈ.... ਮਨ ਦੀ ਅਭਿਲਾਖਾ, ਸਭ ਸੁਖ ਤਿਆਗ।

ਜੋ ਇਹ ਛੋੜਿ, ਡਾਂਡੀ ਪਵੈ, ਚਲੈ ਹਮਾਰੇ ਸਾਥ॥

ਬੁੱਲੇ ਸ਼ਾਹ, ਆਪਣੇ ਮੁਰਸ਼ਦ, ਸ਼ਾਹ ਅਨਾਇਤ ਦਾ ਮੁਰੀਦ ਸੀ। ਇਹ ਅਵਸਥਾ ਸੀ– ਕਿ "ਗੁਰ ਬਿਨ ਰਹਿ ਨ ਸਕਉ, ਇਕ ਖਿਣ"...। ਇਕ ਵਾਰ ਕੋਈ ਗੱਲ ਹੋ ਗਈ, ਮੁਰਸ਼ਦ ਬੁੱਲ੍ਹੇ ਤੋਂ ਰੁੱਸ ਗਿਆ। ਬੁੱਲਾ ਕਹਿੰਦੈ ਯਾ ਮੇਰੇ ਮੁਰਸ਼ਦ! ਮੈਂ ਤੇਰੇ ਤੋਂ ਅੱਖਾਂ ਲੈ ਕੇ ਰੱਬ ਵੇਖਿਐ। ਮੇਰਾ ਕਰਮ, ਮੇਰਾ ਧਰਮ, ਤੇਰੀ ਮੁਕੱਦਸ ਦੇਹੁਰੀ ਤੇ ਅਰਪਿਤ। ਤੂੰ ਨਾ ਰੁੱਸੀਂ ਮੇਰੇ ਯਾਰਾ.... ਜਗ ਭਾਵੇਂ ਸਾਰਾ ਰੁੱਸ ਜਾਏ।

ਬੁੱਲਾ, ਔਰਤ ਦਾ ਰੂਪ ਧਾਰ, ਲਾਹੌਰ ਦੀ ਉਸ ਗਲੀ ਵਿਚ, ਜਿੱਥੇ ਸ਼ਾਹ ਅਨਾਇਤ ਰਹਿੰਦੇ ਸੀ, ਪਹੁੰਚ ਗਿਆ– ਨਾਲੇ ਨਿਰਤ ਕਰਦੈ, ਨਾਲੇ ਗਾਉਂਦੈ:

"ਤੇਰੇ ਇਸ਼ਕ ਨੇ ਨਚਾਇਆ, ਕਰ ਥਈਆ ਥਈਆ॥"

ਸਿੱਖ ਦਾ ਗੁਰੂ ਨਾਲ ਰਿਸ਼ਤਾ, ਪ੍ਰੀਤ ਦਾ ਹੈ। ਹੇ ਮੇਰੇ ਸਤਿਗੁਰੂ.... ਹੇ ਮੇਰੇ ਰੱਬ! ਮੇਰਾ ਧਰਮ.... ਮੇਰਾ ਈਮਾਨ ਤੂੰ.... ਜੋਗ ਦੀ ਇਕ ਰਾਹ ਵੀ ਤੂੰ....ਇਸ਼ਕ ਦੀ ਦਰਗਾਹ ਵੀ ਤੂੰ।

ਪਾਓਂਟੇ ਕਵੀਆਂ, ਦਰਬਾਰੀਆਂ ਦੇ ਵਿਚ, ਦਸਮ ਪਾਤਸ਼ਾਹ ਵਿਰਾਜਮਾਨ ਸਨ। ਚਰਚਾ ਹੋ ਰਹੀ ਸੀ। ਪ੍ਰਭੂ ਪ੍ਰਾਪਤੀ ਲਈ ਕਿਹੜਾ ਮਾਰਗ ਉਤਮ ਹੈ। ਗਿਆਨ ਯੋਗ, ਕਰਮ ਯੋਗ, ਸਾਂਖਿਅ ਯੋਗ। ਦਾਨ, ਸੇਵਾ, ਦਇਆ.... ਪ੍ਰਮੇਸ਼ਰ ਕਿਵੇਂ ਪ੍ਰਸੰਨ ਹੁੰਦੈ? ਚਰਚਾ ਚਲਦੀ ਰਹੀ। ਅੰਤ ਸਤਿਗੁਰੂ ਜੀ ਨੇ ਨਿਰਣਾ ਦਿੱਤਾ:

"ਸਾਚੁ ਕਹੋ ਸੁਨ ਲੇਹੁ ਸਭੈ

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ (ਸ੍ਰੀ ਅਕਾਲ ਉਸਤਤਿ)

ਪ੍ਰੋ. ਪੂਰਨ ਸਿੰਘ ਲਿਖਦੇ ਹਨ:

ਜੇ ਨਾ ਰਖੇਂ ਖਿੱਚ ਸਾਂਈਆਂ ਮੇਰਿਆ,

ਜਾਵਾਂ ਹਾਇ ਗਵਾਚ ਬਨਾਂ ਤੇ ਮੇਲਿਆਂ॥

ਮੇਰੇ ਸਤਿਗੁਰ ਤੇਰੀ ਪ੍ਰੀਤ, ਤੇਰੀ ਖਿੱਚ, ਮੈਨੂੰ ਫਰਜ਼, ਮਰਿਆਦਾ ਦੀ



Sri Satguru Jagjit Singh Ji eLibrary NamdhariElibrary@gmail.com

ਧੁਰੀ ਤੇ ਸਥਾਪਤ ਰਖਦੀ ਹੈ.... ਵਰਨਾ ਉਦਾਸੀਆਂ ਦੇ ਜੰਗਲ ਅਤੇ ਸੰਸਾਰ ਦੀਆਂ ਰੌਣਕਾਂ ਵਿਚ ਗੁੰਮ ਹੋ ਜਾਵਾਂ।

ਸ਼ੇਖ ਸਾਅਦੀ ਨੇ 13ਵੀਂ ਸਦੀ ਵਿਚ ਬਹੁਤ ਕੁਝ ਲਿਖਿਐ, ਮਨੁੱਖੀ ਆਸ਼ਾ ਪ੍ਰਤੀ, ਸੰਸਾਰਕ ਨਿਰਾਸ਼ਾ ਪ੍ਰਤੀ, ਜੀਆਂ ਦੀ ਪ੍ਰੀਤ ਬਾਬਤ, ਰੱਬੀ ਰੂਹਾਨੀ ਗੀਤ ਬਾਬਤ, ਬਹੁਤ ਕੁਝ ਲਿਖਿਐ। ਤੁਰ ਕੇ, ਹਿੰਦੁਸਤਾਨ, ਅਰਬ, ਇਰਾਨ, ਇਰਾਕ, ਕਈ ਮੁਲਕਾਂ ਵਿਚ ਗਏ...। ਦਮਿਸ਼ਕ, (ਸੀਰੀਆ) ਪੁੱਜੇ ਤਾਂ ਵੇਲੇ ਦੇ ਕੁਝ ਜਨੂਨੀਆਂ, ਅਤਿਵਾਦੀਆਂ ਨੇ ਫੜ ਲਿਆ। ਦੁਨੀਆਂ ਨੂੰ ਪਿਆਰ ਦਾ ਸੁਨੇਹੜਾ ਪਹੁੰਚਾਣ ਵਾਲਾ, ਸ਼ੇਖ ਸਾਅਦੀ, ਨਫ਼ਰਤ ਅਤੇ ਜਹਾਲਤ ਦੇ ਹੱਥਾਂ ਵਿਚ ਕੈਦ ਹੋ ਗਿਆ। ਇਕ ਪੁਰਾਣੇ ਮਿੱਤਰ ਨੇ। ਸੌ ਸੋਨੇ ਦੀਆਂ ਦੀਨਾਰਾਂ ਦੇ ਕੇ ਛਡਾਇਆ। ਸੰਨ 1251 ਵਿਚ ਲਿਖੀ "ਗੁਲਿਸਤਾਂ" ਵਿਚ ਸ਼ੇਖ ਸਾਅਦੀ ਨੇ ਲਿਖਿਐ:

"ਚੂੰ ਨਾ ਕਹਿਤ ਸਾਲੇ ਸੁਦਿ ਅੰਦਰਿ ਦਮਿਸ਼ਕ
ਕਿ ਯਾਰਾਂ ਫਰਾਮੋਸ਼, ਕਰਦੰਦ ਇਸ਼ਕ॥
ਦਮਿਸ਼ਕ ਦੇ ਲੋਗ, ਇਸ਼ਕ ਕਰਨਾ ਭੁੱਲ ਗਏ।
ਵਰ੍ਹਿਆਂ ਬੀਤ ਗਏ.... ਇਨਸਾਨੀ ਮੁਹੱਬਤ ਨੇ ਮੁਕਾਮ ਨਾ ਲਿਆ।

ਇਹ ਪ੍ਰੀਤ ਹੈ, ਜਿਹੜੀ ਆਪਣਾ ਆਪ ਦੇ ਦੇਂਦੀ ਹੈ। ਬਦਲੇ ਵਿਚ ਕੁਝ ਨਹੀਂ ਮੰਗਦੀ। ਸ੍ਰੀ ਆਨੰਦਪੁਰ ਸਾਹਿਬ, ਦਸਮੇਸ਼ ਪਿਤਾ ਦੇ ਸੰਗੀਤ ਦਰਬਾਰ ਵਿਚ, ਬੁਖਾਰੇ ਤੋਂ ਆਏ ਇਕ ਦਰਵੇਸ਼ ਨੇ, ਗੀਤ ਰਾਹੀਂ ਮਜਨੂੰ ਦਾ ਜੀਉਣਾ ਦੱਸਿਆ। ਭਾਈ ਨੰਦ ਲਾਲ ਸਣੇ ਕਈ ਦਰਬਾਰੀ, ਵਿਰਾਗੀ ਹੋ ਗਏ।

ਭਾਈ ਗੁਰਦਾਸ ਜੀ, ਆਪਣੀ ਬਾਣੀ ਵਿਚ ਮਜਨੂੰ ਦਾ ਪ੍ਰਸੰਗ ਰਚਦੇ ਹਨ–

"ਲੈਲੀ ਦੀ ਦਰਗਾਹ ਦਾ ਕੁੱਤਾ, ਮਜਨੂੰ ਦੇਖ ਲੁਭਾਣਾ।
ਕੁਤੇ ਦੀ ਪੈਰੀਂ ਪਵੈ, ਹੜ ਹੜ ਹਸੈ ਲੋਕ ਵਿਡਾਣਾ॥ (ਪੰ.37)

ਪ੍ਰੇਮ ਵਿਚ ਸੌਦਾ ਨਹੀਂ ਹੁੰਦਾ... ਬਦਲੇ ਦੀ ਆਸ ਨਹੀਂ ਹੁੰਦੀ। ਔਰੰਗਜ਼ੇਬ ਬਾਦਸ਼ਾਹ ਦੀ ਲੜਕੀ, ਜੇਹਬਲਨਿਸ਼ਾ ਫ਼ਾਰਸੀ ਦੀ ਕਵਿੱਤਰੀ ਸੀ। ਕੁਦਰਤ ਦੀ ਪ੍ਰੀਤਵਾਨ ਸੀ। ਇਕ ਵਾਰ, ਵਿਸਾਖ ਦਾ ਮਹੀਨਾ। ਤਪਦੀ ਧੁੱਪ... ਗਰਮ



Sri Satguru Jagjit Singh Ji eLibrary NamdhariElibrary@gmail.com

ਹਵਾ ਦੇ ਝੋਕਿਆਂ ਨੇ ਮੁਗ਼ਲ ਬਾਗ਼ ਵੀ ਸੁਕਾ ਦਿਤਾ ਸੀ। ਇਕ ਸ਼ਾਮ, ਜੇਹਬਲ ਬਾਗ਼ ਵਿਚ ਗਈ। ਵੇਖਿਆ, ਇਕ ਬੁਲਬੁਲ, ਦਰੱਖਤ ਦੀਆਂ ਸੁੱਕੀਆਂ ਟਾਹਣਾਂ ਤੇ ਫੁਦਕ ਰਹੀ ਸੀ... ਗੀਤ ਗਾ ਰਹੀ ਸੀ। ਜੇਹਬਲ ਨੇ ਹੈਰਾਨ ਹੋ ਕੇ ਕਿਹਾ-

"ਸ਼ਉਕੇ ਬੁਲਬੁਲ! ਕਮ ਨ ਗ਼ਰਨਦ।

ਗ਼ਰ ਰਵਦ.... ਗੁਲ ਅਜ਼ ਚਮਨ॥"

ਐ ਨਾਦਾਨ ਬੁਲਬੁਲ! ਪੱਤਝੜ ਦੀ ਰੁੱਤ ਵਿਚ, ਸੁੱਕੀਆਂ ਦਰੱਖ਼ਤ ਦੀਆਂ ਸ਼ਾਖਾਵਾਂ ਤੇ ਤੇਰਾ ਨਿਰਤ ਕਰਨਾ, ਸੁਰੀਲੇ ਕੰਠ ਨਾਲ ਤੇਰਾ ਗਉਣਾ.... ਮੇਰੀ ਸਮਝ ਵਿਚ ਨਹੀਂ ਆਇਆ। ਜੇ ਬਸੰਤ ਬਹਾਰ ਹੁੰਦੀ, ਹਰਿਆ-ਭਰਿਆ ਬਾਗ਼ ਹੁੰਦਾ, ਤਾਂ ਤੇਰੇ ਗੀਤ ਦਾ ਮੁੱਲ ਪੈਂਦਾ। ਬੁਲਬੁਲ ਬੋਲੀ-ਐ ਰਾਜਕੁਮਾਰੀ! ਪ੍ਰੀਤ ਦੀ ਰੀਤ ਤੂੰ ਕੀ ਜਾਣੇ! ਇਹ ਇਸ਼ਕ ਦਾ ਸਮੁੰਦਰ ਹੈ.... ਕਿਸੇ ਪ੍ਰੀਤਵਾਨ ਆਸ਼ਕ ਤੋਂ ਪੁੱਛ।

"ਹੁਸਨ ਬੇਬੁਨਿਆਦ ਅਸਤ.... ਇਸ਼ਕ ਬੇਬੁਨਿਆਦ ਨੇਸਤ॥"

ਹੁਸਨ (ਸੁੰਦਰਤਾ) ਦੀ ਬੁਨਿਆਦ ਨਹੀਂ... ਸਮੇਂ ਦੀ ਰੁੱਤ ਦੇ ਨਾਲ ਢਲ ਜਾਂਦਾ ਏ। ਪਰ ਇਸ਼ਕ! ਪ੍ਰੀਤ! ਇਹ ਸਦੀਵੀ ਹੁੰਦੈ! ਬਦਹਾਲੀ ਵਿਚ.... ਗਰੀਬੀ ਵਿਚ, ਬਦਲਦੀ ਰੁੱਤ ਨਾਲ ਹੌਂਸਲਾ ਨਹੀਂ ਛੱਡਦਾ। ਕੀ ਹੋਇਆ, ਜੇ ਇਨ੍ਹਾਂ ਬੂਟਿਆਂ ਤੇ, ਮਾਸੂਮ ਰੱਬੀ ਦੂਤਾਂ ਤੇ, ਖ਼ਿਜ਼ਾ ਵਿਆਪ ਗਈ। ਮੇਰੀ ਗੱਲ ਹੋਰ ਹੈ... ਮੈਂ ਤਾਂ ਇਨ੍ਹਾਂ ਨਾਲ ਮੁਹੱਬਤ ਕੀਤੀ ਏ।

ਮੂ ਲਾਲਨ ਸਿਉ ਪ੍ਰੀਤਿ ਬਨੀ....॥



Sri Satguru Jagjit Singh Ji eLibrary NamdhariElibrary@gmail.com

# 17

# ਭੁਗਤਿ ਗਿਆਨੁ ਦਇਆ ਭੰਡਾਰਣਿ

ਸੰਸਾਰ, ਇਕ ਰਹੱਸਮਈ ਲੋਕ ਹੈ। ਗੁਰੂ ਨਾਨਕ ਪਾਤਸ਼ਾਹ, ਜਪੁਜੀ ਵਿਚ ਇਸ ਰਹੱਸ ਨੂੰ ਖੋਲ੍ਹਦੇ ਹਨ–

"ਕੇਤੇ ਦੇਵ ਦਾਨਵ ਮੁਨਿ ਕੇਤੇ, ਕੇਤੇ ਰਤਨ ਸਮੁੰਦ ॥"

ਇਸ ਧਰਤੀ ਤੇ ਦੇਵ ਪੁਰਸ਼ ਭੀ ਹਨ ਅਤੇ ਦੈਂਤ ਵੀ ਹਨ। ਸੰਸਾਰ ਸਾਗਰ ਵਿਚ ਕਈ ਰਤਨ ਹਨ। ਵਿਸ਼ਨੂੰ ਪੁਰਾਣ ਵਿਚ ਸਮੁੰਦਰ ਮੰਥਨ ਦਾ ਪ੍ਰਸੰਗ ਹੈ। ਇਹ ਸਮੁੰਦਰ ਸੰਸਾਰ ਹੈ। ਦੇਵਤੇ ਅਤੇ ਦਾਨਵ, ਦੋਵੇਂ ਰਾਤ-ਦਿਨ ਇਸ ਨੂੰ ਆਪਣੇ ਪਾਸੇ, ਖਿੱਚ ਰਹੇ ਹਨ। ਕਹਿੰਦੇ ਹਨ, ਸੁਮੇਰ ਪਰਬਤ ਨੂੰ ਸਮੁੰਦਰ ਵਿਚਾਲੇ ਰੱਖ ਕੇ, ਸ਼ੇਸ਼ ਨਾਗ ਨੂੰ ਲਵੇਟ ਕੇ ਦੁਹਾਂ ਪਾਸਿਉਂ ਖਿੱਚਿਆ ਗਿਆ... ਮੱਥਿਆ ਗਿਆ। ਮਟਕੀ ਵਿਚ ਦਹੀਂ ਨੂੰ ਰਿੜਕਨ ਵਾਂਗ। ਚੌਦਾਂ ਰਤਨ ਪ੍ਰਾਪਤ ਹੋਏ। ਇਨ੍ਹਾਂ ਰਤਨਾਂ ਵਿਚ ਅੰਮ੍ਰਿਤ ਕਲਸ਼ ਵੀ ਨਿਕਲਿਆ ਅਤੇ ਜ਼ਹਿਰ ਭਰਿਆ ਭਾਂਡਾ ਵੀ। ਵਿਸ਼ਨੂੰ ਪੁਰਾਣ ਦਾ ਇਹ ਪ੍ਰਸੰਗ, ਸ੍ਰਿਸ਼ਟੀ, ਸਿਰਜਨ ਅਤੇ ਸਿਰਜਨਹਾਰ ਦੇ ਮਨੋਵਿਗਿਆਨ ਨੂੰ ਸਮਝਣ ਲਈ ਪ੍ਰਤੀਕਾਤਮਕ ਹੈ। ਇਸ ਸੰਸਾਰ ਸਾਗਰ ਵਿਚ ਮੱਛੀਆਂ ਵਾਂਗ ਭੋਲੇ ਜੀਅ.... ਮਨੁੱਖ ਵੀ ਹਨ ਅਤੇ ਮਗਰਮੱਛ ਵਾਂਗ ਹਿੰਸਕ ਲੋਕ ਵੀ ਹਨ। ਦੋਵੇਂ ਅਦਿੱਖ ਰੂਪ ਵਿਚ ਪ੍ਰਮੇਸ਼ਰ ਦੇ ਹੀ ਸਿਰਜੇ ਹਨ। ਦੋਵੇਂ ਸਿਰਜਨ ਅਤੇ ਵਿਨਾਸ਼, ਪ੍ਰਮੇਸ਼ਰ ਦੇ ਵਿਧਾਨ ਨੂੰ ਅੰਜਾਮ ਦੇ ਰਹੇ ਹਨ। ਜਨਮ ਅਤੇ ਮੌਤ, ਇਕ ਸੰਤੁਲਨ ਸਿਧਾਂਤ ਨਾਲ ਨਿਰਦੇਸ਼ਤ ਹੋ ਰਹੇ ਹਨ। ਕਈ ਵਾਰ ਇਹ ਸੰਤੁਲਨ ਵਿਗੜਿਆ...ਜ਼ਲਜ਼ਲਾ, ਸੁਨਾਮੀ ਜਾਂ ਮਨੁੱਖ ਜਗਤ ਵਿਚ ਵਿਆਪੀ ਮਹਾਂਮਾਰੀ ਦਾ ਭਿਅੰਕਰ ਰੂਪ ਸਾਮ੍ਹਣੇ ਆਇਆ। ਇਸ ਦਾ ਕਾਰਨ ਮਨੁੱਖ, ਸ੍ਰਿਸ਼ਟੀ ਦਾ ਸਭ ਤੋਂ ਵਿਵੇਕਸ਼ੀਲ ਪ੍ਰਾਣੀ ਹੋਣ ਦੇ ਗੁਮਾਨ ਵਿਚ ਆਪਣੀ ਪ੍ਰਭੁਤਾ ਚਾਹੁੰਦੈ। ਪ੍ਰਭੁਤਾ ਦੀ ਇਹ ਮਾਨਸਿਕਤਾ, ਵੱਖ ਵੱਖ ਖਿੱਤਿਆਂ ਦੇ



Sri Satguru Jagjit Singh Ji eLibrary NamdhariElibrary@gmail.com

ਲੋਕਾਂ ਵਿਚ ਕ੍ਰਿਆਸ਼ੀਲ ਹੋਈ ਔਰ ਸਾਰੇ ਖਿੱਤਿਆਂ, ਕਬੀਲਿਆਂ ਦੇ ਲੋਗ, ਦੁਨੀਆਂ ਤੇ ਪ੍ਰਭੁਤਾ ਕਾਇਮ ਕਰਨ ਲਈ, ਸਾਜ਼ਿਸ਼ਾਂ ਵਿਚ ਸ਼ਾਮਲ ਹੋ ਗਏ। ਸਭ ਤੋਂ ਵੱਧ ਵਿਕਸਿਤ ਹੋਣ ਦੀ ਹੋੜ ਵਿਚ, ਦੂਜਿਆਂ ਦਾ ਦਮਨ ਕਰਨ ਲੱਗੇ। ਇਹ ਮਨੋਦਸ਼ਾ, ਰੱਬੀ ਵਿਧਾਨ ਦੀ ਉਲੰਘਣਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਨਾਥਾਂ ਨੂੰ ਇਸ "ਵਾਇਰਸ" ਤੋਂ ਸੁਚੇਤ ਕੀਤਾ:

"ਭੁਗਤਿ ਗਿਆਨੁ ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ॥

ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ॥ (ਜਪੁ ਜੀ)

ਨਾਥ ਜੀ! ਪ੍ਰਮੇਸ਼ਰ ਦੇ ਸਿਰਜਨ ਸਿਧਾਂਤ ਨੂੰ ਸਮਝਣ ਦੀ ਲੋੜ ਹੈ। ਇਹ ਸਾਰਾ ਬ੍ਰਹਮਾਂਡ, ਸਾਰੇ ਅਸਤਿਤੱਵ ਵਿਚ ਵਿਚਰਦੇ ਪ੍ਰਾਣੀ, ਨਿੱਕੀ ਕੀੜੀ ਤੋਂ ਕੁੰਚਰ ਤਕ, ਦੇਵ-ਅਦੇਵ, ਮਨੁੱਖ, ਸਾਰੇ ਪ੍ਰਮੇਸ਼ਰ ਨੇ ਸੋਚ ਸਮਝ ਕੇ ਸਿਰਜੇ ਹਨ। ਸਭ ਦੀ ਕਿਤੇ ਨ ਕਿਤੇ ਉਪਯੋਗਿਤਾ ਹੈ। ਸਿਰਜਨਹਾਰ ਨੇ, ਅਤਿ ਸੂਖਮ ਜੀਵਾਣੂ ਤੋਂ ਲੈ ਕੇ ਮਨੁੱਖ ਤਕ, ਸਮਾਨ ਸਾਵਧਾਨੀ, ਸਮਾਨ ਸੋਚ ਨਾਲ ਸਿਰਜੇ। ਮਨੁੱਖ ਨੇ ਆਪ ਹੁਦਰੇ ਇਹ ਮਿਥਿਆ, ਭਰਮ ਪਾਲ ਲਿਆ ਕਿ ਮੈਂ ਸਰਵ ਸ੍ਰੇਸ਼ਠ ਹਾਂ, ਸਭ ਤੋਂ ਵੱਧ ਸ਼ਕਤੀਸ਼ਾਲੀ ਜੀਅ ਹਾਂ। ਮੇਰੀ ਪ੍ਰਭੁਤਾ, ਕਾਇਮ ਹੋਣੀ ਚਾਹੀਦੀ ਹੈ। ਇਸ ਸੋਚ ਨੇ ਸ੍ਰਿਸ਼ਟੀ ਸੰਤੁਲਨ ਵਿਗਾੜਨ ਦੀ ਖੇਡ ਖੇਡੀ। ਇਹ ਗੇਮ, ਇਹ ਸਾਜ਼ਿਸ਼, ਹਰ ਮਨੁੱਖ ਅੰਦਰ ਰਚੀ ਗਈ, ਔਰ ਸੰਸਾਰ ਵਿਚ ਉਪਦ੍ਰਵ ਉਠ ਖਲੋਤਾ। ਹਰ ਘਰ, ਬਾਜ਼ਾਰ, ਮੁਲਕ, ਮਹਾਦੀਪ ਵਿਚ ਸ਼ਕਤੀ ਪ੍ਰਦਰਸ਼ਨ ਹੋਣ ਲੱਗੇ। ਤਾਂ ਗੁਰੂ ਨਾਨਕ ਪਾਤਸ਼ਾਹ ਨਾਥਾਂ ਨੂੰ ਕਹਿੰਦੇ ਹਨ- "ਭੁਗਤਿ ਗਿਆਨ"... ਅੰਤਰਮੁਖੀ ਹੋ ਕੇ,.... ਆਤਮ ਗਿਆਨ ਵਿਚ ਸਥਿਤ ਹੋ ਕੇ ਵੇਖੋ....। ਹਰ ਜੀਅ ਵਿਚ ਰੱਬੀ ਨਾਦ ਗੂੰਜਦਾ ਸੁਣਾਈ ਦੇਵੇਗਾ। ਹਰ ਪ੍ਰਾਣੀ ਵਿਚ ਪ੍ਰਮੇਸ਼ਰ ਦਿਸੇਗਾ। ਸਭ ਦੇ ਪ੍ਰਤੀ ਸਮਤਾ ਦਾ ਭਾਵ, ਸ਼ਰਧਾ ਅਤੇ ਸਮਝਦਾਰੀ ਦਾ ਭਾਵ, ਸੁਖੀ ਅਤੇ ਸੁਰੱਖਿਅਤ ਮਨੁੱਖੀ ਸਮਾਜ ਦੀ ਕਲਪਨਾ ਸਾਕਾਰ ਕਰੇਗਾ। ਇਕੋ ਸਿਰਜਨਹਾਰ ਨਾਥ ਹੈ। ਸਭਨਾਂ ਦਾ ਨਾਥ। ਜਿਸ ਨੇ ਸਾਰੇ ਜਗਤ ਦੀ ਨੱਕ ਵਿਚ ਨਕੇਲ ਪਾਈ ਹੋਈ ਹੈ। ਸਾਰਿਆਂ ਨੂੰ ਨੱਥਿਆ ਹੋਇਐ:

"ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ॥"

ਤਾਂ ਕਹਿੰਦੇ ਹਾਂ ਸ੍ਰਿਸ਼ਟੀ, ਪ੍ਰਮੇਸ਼ਰ ਦੀ ਵਿਸਮਾਦੀ ਵਿਵਸਥਾ ਹੈ। ਸਿਰਜਨ,



Sri Satguru Jagjit Singh Ji eLibrary NamdhariElibrary@gmail.com

ਵਿਸਰਜਨ, ਨਿਰੰਤਰ ਹੋ ਰਿਹੈ। ਪਰ ਸਿਰਜਨਹਾਰ ਆਪ ਕਿਤੇ ਸਿੱਧੇ ਤੌਰ ਤੇ ਦਿਖ ਨਹੀਂ ਰਿਹਾ।

"ਸਭ ਤੇ ਨੇਰੈ ਸਭਹੂ ਤੇ ਦੂਰਿ॥

ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ॥" (ਸੁਖਮਨੀ)

ਕਿਤੇ ਦੂਰ-ਦੂਰ ਤਕ ਦਿੱਖ ਨਹੀਂ ਰਿਹਾ, ਪਰ ਸਭ ਤੋਂ ਨੇੜੇ ਉਹੀ ਹੈ... ਸਭ ਦੇ ਵਿਚ। ਕਹਿੰਦੇ ਹਨ, ਪ੍ਰਮੇਸ਼ਰ ਅੰਦਰ ਸਿਰਜਨ ਦੀ ਰਜ਼ਾ ਹੋਈ ਤਾਂ ਕੁਦਰਤ ਸਾਜੀ। ਇਸ ਕੁਦਰਤ ਨੂੰ ਪ੍ਰਕ੍ਰਿਤੀ, ਮਾਇਆ, ਆਦਿਕ ਨਾਵਾਂ ਨਾਲ ਸੰਬੋਧਿਤ ਕੀਤਾ ਗਿਐ। ਸ੍ਰੀ ਗੁਰੂ ਨਾਨਕ ਪਾਤਸ਼ਾਹ, ਸਿਰਜਨ ਦੀ ਰਮਜ਼ ਨੂੰ ਆਸਾ ਰਾਗ ਵਿਚ ਪ੍ਰਗਟ ਕਰਦੇ ਹਨਃ

"ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨਾ ਜਾਈ ਲਖਿਆ॥"

ਸਿਰਜਨਹਾਰ, ਕੁਦਰਤ ਸਾਜ ਕੇ ਆਪ ਕੁਦਰਤ ਅੰਦਰ ਪ੍ਰਵੇਸ਼ ਕਰ ਗਿਆ। ਸਿਰਜਨ ਸੰਬੰਧ ਵਿਚ ਇਹ ਸਿਧਾਂਤ ਬਹੁਤ ਅਰਥਪੂਰਨ ਹੈ। ਪ੍ਰਮੇਸ਼ਰ ਕੁਦਰਤ ਵਿਚ ਵਸ ਗਿਆ। ਜ਼ਾਹਿਰ ਹੈ, ਕੁਦਰਤ ਪ੍ਰਤੀ ਲਾਪਰਵਾਹੀ ਜਾਂ ਧੱਕਾ, ਰੱਬ ਨਾਲ ਧੱਕਾ ਹੈ, ਔਰ ਹਰ ਕੁਦਰਤ ਵਿਰੋਧੀ ਕ੍ਰਿਤ ਦੀ ਪ੍ਰਤੀਕ੍ਰਿਆ ਵੀ ਜ਼ਰੂਰ ਹੋਵੇਗੀ। ਅਜ ਦੇ ਸੰਸਾਰ ਵਿਚ —ਭਿਆਨਕ ਮਹਾਂਮਾਰੀ, ਹੜ, ਜ਼ਲਜ਼ਲਾ, ਅਤੇ ਜੰਗ ਦੇ ਰੂਪ ਵਿਚ ਨਿਤ ਨਵਾਂ ਸੰਕਟ ਖੜ੍ਹਾ ਹੋ ਜਾਂਦੈ। ਇਹ ਪ੍ਰਕ੍ਰਿਤੀ ਹਰ ਮਨੁੱਖ, ਹਰ ਜੀਅ-ਜੀਵਾਣੂ ਵਿਚ ਮੌਜੂਦ ਹੈ। ਹਰ ਜੀਅ ਪ੍ਰਕ੍ਰਿਤੀ ਦਾ ਹੀ ਸਿਰਜਿਆ ਪ੍ਰਤੀਰੂਪ ਹੈ। ਆਪਣੇ ਹੱਕ ਪ੍ਰਤੀ ਸਾਰੇ ਸੱਜਗ ਹਨ। ਇਹ ਮਨੋਦਸ਼ਾ, ਨਿੱਕੀ ਕੀੜੀ ਤੋਂ ਲੈ ਕੇ ਹਾਥੀ ਤਕ, ਮਨੁੱਖ, ਦੇਵਤੇ, ਸਾਰਿਆਂ ਵਿਚ ਸਮਾਨ ਹੈ। ਜਦੋਂ ਕੋਈ ਵਿਸਥਾਰਵਾਦੀ ਮਾਨਸਿਕਤਾ, ਦੂਜੇ ਦੀਆਂ ਹੱਕ-ਹੱਦਾਂ ਲੰਘਦੈ ਤਾਂ ਯਥਾ-ਸ਼ਕਤ ਪ੍ਰਤੀਕ੍ਰਿਆ ਹੁੰਦੀ ਹੈ। ਇਹ ਪ੍ਰਤੀਕ੍ਰਿਆ ਜੰਗ ਜਾਂ ਪ੍ਰਕ੍ਰਿਤਕ ਅਪਦਾ ਰੂਪ ਵਿਚ ਘਟਦੀ ਹੈ ਅਤੇ ਮਨੁੱਖ ਤ੍ਰਾਸ ਤ੍ਰਾਸ ਕਰ ਉਠਦੈ। ਕੁਦਰਤ ਨੇ ਮਨੁੱਖ ਬਣਾਇਆ। ਸਮੁੰਦਰ ਵਾਂਗ ਉਸ ਅੰਦਰ, ਅੰਮ੍ਰਿਤ ਅਤੇ ਜ਼ਹਿਰ ਦੋਵੇਂ ਦਿੱਤੇ। ਦੋਹਾਂ ਦੀ ਸਮੇਂ ਅਨੁਸਾਰ ਲੋੜ ਪੈਂਦੀ ਹੈ ਅਤੇ ਲੋੜ ਅਨੁਸਾਰ ਵਰਤੋਂ, ਗਿਆਨ ਦਾ ਪ੍ਰਮਾਣ ਹੈ। ਮਨੁੱਖ ਅੰਦਰ ਜਨਮ ਤੋਂ ਹੀ ਤਥਾਕਥਿਤ ਸਾਰਿਆਂ ਰੋਗਾਂ ਦੇ ਜੀਵਾਣੂ ਮੌਜੂਦ ਹਨ। ਸ਼ੂਗਰ, ਬਲੱਡ ਪ੍ਰੇਸ਼ਰ, ਟੀ.ਬੀ., ਕੈਂਸਰ, ਪੀਲੀਆ, ਸਾਰੇ ਰੋਗਾਂ ਦੇ ਲੱਛਣ, ਜਨਮ ਤੋਂ



Sri Satguru Jagjit Singh Ji eLibrary NamdhariElibrary@gmail.com

ਮੌਜੂਦ ਹੁੰਦੇ ਹਨ। ਪਰ ਇਕ ਸੰਤੁਲਨ ਵਿਚ ਹੋਣ ਤਾਂ ਕੋਈ ਚਿੰਤਾ ਨਹੀਂ। ਜਦੋਂ ਇਹ ਸੰਤੁਲਨ ਵਿਗੜਦੈ ਤਾਂ ਰੋਗ ਕਿਹਾ ਜਾਂਦੈ। ਇਨ੍ਹਾਂ ਰੋਗਾਂ ਲਈ ਸਾਡੀ ਜੀਵਨ ਸ਼ੈਲੀ, ਸਾਡੀ ਰਹਿਤ, ਖਾਨ-ਪਾਨ ਜ਼ਿੰਮੇਵਾਰ ਹੈ। ਉਦਾਹਰਣ ਵਜੋਂ—ਦੁੱਧ, ਘਿਉ, ਅੰਮ੍ਰਿਤ ਹੈ। ਪਰ ਇਸ ਅੰਮ੍ਰਿਤ ਨੂੰ ਹਜ਼ਮ ਕਰਨ ਲਈ, ਸਾਡੀ ਪਾਚਨ ਪ੍ਰਣਾਲੀ ਦੀ ਯੋਗਤਾ ਸੀਮਤ ਹੈ। ਸੀਮਤ ਪਾਚਨ ਸ਼ਕਤੀ ਤੋਂ ਵੱਧ ਵਰਤੋਂ, ਪਾਚਨ ਅੰਗਾਂ ਨੂੰ ਬੇਚੈਨ ਕਰ ਦਿੰਦੈ। ਉਹ ਅੰਗ ਪ੍ਰਤੀਕ੍ਰਿਆ ਵਜੋਂ ਸਿਸਟਮ ਬੰਦ ਕਰ ਦੇਂਦੇ ਹਨ। ਦੁੱਧ, ਘਿਉ ਜਿਹੇ ਅੰਮ੍ਰਿਤ ਵੀ ਅੰਦਰ ਜ਼ਹਿਰ ਬਣ ਜਾਂਦੇ ਹਨ- "ਫੂਡ ਪੁਵਾਇਜ਼ਨਿੰਗ" ਹੋ ਜਾਂਦੀ ਹੈ.... ਹੈਜ਼ਾ ਹੋ ਜਾਂਦੈ। ਨਾਲ ਦਿਆਂ ਨੂੰ ਵੀ ਪ੍ਰਭਾਅ ਵਿਚ ਲੈ ਕੇ, ਅੱਗੇ ਵੱਧਦਾ ਹੋਇਆ ਰੋਗ, ਸਾਰੇ ਪਿੰਡ ਨੂੰ ਮਹਾਂਮਾਰੀ ਨਾਲ ਸੰਕ੍ਰਮਿਤ ਕਰ ਦੇਂਦੈ। ਚੀਨ ਦੇ ਵੂਹਾਨ ਸ਼ਹਿਰ ਦੀ "ਸੀ ਫੂਡ ਮਾਰਕੀਟ" ਵਿਚ ਝੀਂਗਾ ਮਛਲੀ ਵੇਚਣ ਵਾਲੀ ਇਕ ਔਰਤ "ਵੇਈ ਗੁਈਜਿਆਨ" ਅੰਦਰ "ਕੋਰੋਨਾ ਵਾਇਰਸ" ਜੰਮੇ.... 20 ਦਿਸੰਬਰ 2019 ਨੂੰ "ਇਲੈਵੰਥ ਹੋਸਪੀਟਲ" ਵਿਚ ਜਾਂਚ ਤੋਂ ਇਸ ਵਾਇਰਸ ਦਾ ਪਤਾ ਲੱਗਾ, ਦੁਨੀਆਂ ਦੀ ਪਹਿਲੀ "ਕੋਰੋਨਾ ਪਾਜ਼ਿਟਿਵ" ਰੋਗੀ। ਦੋ ਮਹੀਨੇ ਦੇ ਅੰਦਰ ਤਕਰੀਬਨ ਸਾਰੀ ਦੁਨੀਆਂ ਇਸ ਰੋਗ ਦੀ ਚਪੇਟ ਵਿਚ ਆ ਗਈ। ਕਿਤੇ ਤਾਂ ਕੁਦਰਤ ਨਾਲ ਧੱਕਾ ਜ਼ਰੂਰ ਕੀਤਾ ਗਿਆ ਤਾਂ ਪ੍ਰਤੀਕ੍ਰਿਆ ਵਜੋਂ ਨਾ ਦਿੱਖਣ ਵਾਲੇ, ਅਤਿ ਸੂਖਮ ਜੀਵਾਣੂ ਨੇ, ਆਪਣੇ ਵੰਸ਼ ਨੂੰ ਏਨਾ ਵਧਾਇਆ ਕਿ ਦੋ ਮਹੀਨਿਆਂ ਵਿਚ ਆਪਣੇ ਆਪ ਨੂੰ ਸੁਪਰ ਪਾਵਰ ਹੋਣ ਦਾ ਮੁਗਾਲਤਾ ਪਾਲੀ ਬੈਠਾ ਮਨੁੱਖ, ਦਹਿਸ਼ਤ ਭਰਿਆ, ਘਰਾਂ ਅੰਦਰ ਬੰਦ ਹੋ ਕੇ ਰਹਿ ਗਿਆ।

ਪ੍ਰਮੇਸ਼ਰ ਇਕ ਚੇਤਨਾ ਹੈ..... ਪਰਮ ਚੇਤਨਾ। ਸ੍ਰਿਸ਼ਟੀ ਦੇ ਅਰਬਾਂ-ਖਰਬਾਂ ਅਸੰਖਾਂ ਜੀਅ-ਨਿਰਜੀਵ, ਜੜ ਚੇਤਨ, ਹਰ ਸ਼ੈਅ ਅੰਦਰ ਮੌਜੂਦ ਚੈਤਨਯਦੇਵ। ਕਮਾਲ ਦੀ ਵਿਵਸਥਾ! ਵਿਸਮਾਦੀ ਇੰਟੇਲੀਜੇਂਸ....! ਅਸੀਂ ਭੋਜਨ ਛਕਦੇ ਹਾਂ। ਮੂੰਹ ਵਿਚ ਬੁਰਕੀ ਪੈਂਦਿਆਂ ਮਸ਼ੀਨਰੀ ਚੱਲਣ ਲੱਗਦੀ ਹੈ। ਦੰਦ ਪੀਸ ਰਹੇ ਹਨ, ਮੂੰਹ ਚੋਂ ਪਾਚਨ ਰਸ, ਬੁਰਕੀ ਨੂੰ ਪੰਜਾਂ ਸੈਕੇਂਡਾਂ ਵਿਚ, ਰਸ ਵਿਚ ਤਬਦੀਲ ਕਰਕੇ ਅੰਦਰ ਲੰਘਾ ਦੇਂਦੈ। ਪੇਟ ਅੰਦਰ ਛੋਟੀ ਆਂਤ, ਵੱਡੀ ਆਂਤ... ਹਰ ਥਾਂ ਭੋਜਨ ਦੇ ਵੱਖ ਵੱਖ ਤੱਤਾਂ ਨੂੰ ਪਚਾਉਣ ਜੋਗ ਐਨਜਾਇਮ, ਪ੍ਰੋਟੀਨ, ਵਸਾ, ਚਰਬੀ, ਸ਼ੂਗਰ, ਸਭ ਨੂੰ ਪਚਾ ਕੇ ਖ਼ੂਨ ਵਿਚ ਤਬਦੀਲ ਕਰ



Sri Satguru Jagjit Singh Ji eLibrary NamdhariElibrary@gmail.com

ਦੇਂਦੇ ਹਨ। ਇਸ ਖ਼ੂਨ ਵਿਚ, ਸਰੀਰ ਅੰਦਰ ਖਰਬਾਂ ਦੀ ਗਿਣਤੀ ਵਿਚ ਮੌਜੂਦ ਸੇਲਸ ਲਈ ਖੁਰਾਕ ਹੁੰਦੀ ਹੈ। ਕੈਸੀ ਸੁਚੱਜੀ ਵਿਵਸਥਾ। ਮਨੁੱਖ ਹੀ ਮਨੁੱਖ ਮਾਤਰ ਦਾ ਦੁਸ਼ਮਨ ਬਣ ਰਿਹੈ। ਕਈ ਤਰ੍ਹਾਂ ਦੇ ਨਸ਼ੇ, ਅਮਾਨੁਸ਼ੀ ਭੋਜਨ, ਮਾੜੀ ਸੋਚ, ਮਾੜਾ ਵਤੀਰਾ, ਐਂਟੀ ਬਾਯੋਟਿਕ ਦਵਾਈਆਂ ਸਰੀਰ ਅੰਦਰ ਭੇਜ ਰਿਹੈ। ਅੰਦਰ ਦੇ ਮਿੱਤਰ ਜੀਵਾਣੂ (ਬੈਕਟੀਰੀਆ) ਪ੍ਰੇਸ਼ਾਨ ਹੋ ਰਹੇ ਹਨ। ਬਗ਼ਾਵਤ ਕਰ ਰਹੇ ਹਨ। ਸਰੀਰ ਦੇ ਅੰਦਰ ਐਂਟੀ ਬਾਡੀ, ਟਯੂਮਰ, ਗਿਲਟੀ ਦੀ ਸ਼ਕਲ ਵਿਚ ਬਣਾ ਦੇਂਦੇ ਹਨ। ਇਹੋ ਕੈਂਸਰ ਹੁੰਦੈ। ਕੁਦਰਤ ਹਰ ਪਲ ਜੀਵਾਣੂ ਬਣਾ ਰਹੀ ਹੈ। ਸਰੀਰ ਵਿਚ ਲਾਲ ਰੰਗ ਦੇ ਬੈਕਟੀਰੀਆ, ਜਿਨ੍ਹਾਂ ਕਰਕੇ ਖ਼ੂਨ ਲਾਲ ਹੁੰਦੈ। ਇਹ ਸਾਡੇ ਰਖਿਅਕ ਹਨ। ਕਿਸੇ ਬਾਹਰੀ ਮਾੜੇ ਵਾਇਰਸ ਨੂੰ ਸਰੀਰ ਵਿਚ ਦਾਖਲ ਨਹੀਂ ਹੋਣ ਦੇਂਦੇ। ਜੇ ਕਿਸੇ ਜ਼ਖ਼ਮ ਵਾਲੀ ਥਾਂ ਤੋਂ ਜਾਂ ਹੋਰ ਕਿਸੇ ਤਰ੍ਹਾਂ ਅੰਦਰ ਪ੍ਰਵੇਸ਼ ਕਰਨ ਤਾਂ ਇਹ ਅੰਦਰਲੇ ਬੈਕਟੀਰੀਆ ਉਨ੍ਹਾਂ ਨਾਲ ਲੜ ਕੇ ਬਾਹਰ ਕੱਢ ਦਿੰਦੇ ਹਨ। ਧਰਤੀ ਤੇ ਮਿੱਟੀ ਵਿਚ, ਸੂਖਮ ਜੀਵਾਣੂ ਅਤੇ ਕੀੜੇ-ਮਕੌੜੇ ਹੁੰਦੇ ਹਨ। ਉਹ ਕੂੜੇ ਕਚਰੇ ਨੂੰ ਖਾਦ ਵਿਚ ਤਬਦੀਲ ਕਰਕੇ, ਖੇਤਾਂ ਦੀ ਉਤਪਾਦਨ ਸ਼ਕਤੀ ਵਧਾਉਂਦੇ ਹਨ। ਅਸੀਂ ਕਈ ਕਿਸਮ ਦੇ ਪੇਸਟੀਸਾਈਡ, ਇਨਸੇਕਟੀਸਾਈਡ ਅਤੇ ਰਸਾਇਨਿਕ ਉਰਵਰਕਾਂ ਦੀ ਵਰਤੋਂ ਕਰ ਕੇ, ਇਨ੍ਹਾਂ ਨੂੰ ਮਾਰ ਰਹੇ ਹਾਂ ਔਰ ਇਹ ਸਾਰੇ ਅਦਿੱਖ ਜੀਵਾਣੂ, ਨਵੇਂ ਨਵੇਂ ਰੂਪ ਲੈ ਕੇ ਸਾਡੇ ਸਾਮ੍ਹਣੇ ਆ ਰਹੇ ਹਨ।

ਕੁਦਰਤ ਨੇ ਕੁਛ ਵੀ ਬੇਅਰਥ ਨਹੀਂ ਬਣਾਏ। ਸਾਰਿਆਂ ਨਾਲ ਰਲ-ਮਿਲ ਕੇ ਰਹਿਣਾ ਸਾਨੂੰ ਨਹੀਂ ਆਇਆ। ਅਸੀਂ ਬਾਰ ਬਾਰ ਐਂਟੀ ਬਾਯੋਟਿਕਸ ਅਤੇ ਕੈਮੀਕਲ ਨਾਲ, ਇਨ੍ਹਾਂ ਨੂੰ ਮਾਰ ਮੁਕਾਉਣ ਦੀ ਕੋਸ਼ਿਸ਼ ਕੀਤੀ.... ਔਰ ਇਹ ਸਾਰੇ ਸਾਡੇ ਦੁਸ਼ਮਨ ਬਣ ਗਏ।

ਤਾਂ ਗੁਰੂ ਨਾਨਕ ਪਾਤਸ਼ਾਹ ਨਾਥਾਂ ਨੂੰ ਕਹਿੰਦੇ ਹਨ- "ਭੁਗਤਿ ਗਿਆਨੁ ਦਇਆ ਭੰਡਾਰਣਿ"॥

ਅੰਤਰ ਗਿਆਨ ਦਾ ਵਿਕਾਸ, ਸਾਰਿਆਂ ਵਿਚ ਗੂੰਜ ਰਹੇ ਰੱਬੀ ਨਾਦ ਪ੍ਰਤੀ ਇਕਾਗ੍ਰਤਾ ਪੈਦਾ ਕਰਦਾ ਹੈ। ਸਾਰਿਆਂ ਪ੍ਰਤੀ, ਸੰਵੇਦਨਾ, ਸਮਰਸਤਾ ਅਤੇ ਸੁਹਿਰਦਤਾ, ਸੁਖੀ ਸਮਾਜ ਦਾ ਸੂਤਰ ਬਣ ਜਾਂਦੀ ਹੈ।

# 18

# ਜਗਦਾ ਦੀਵਾ

ਦਾਸਤਾਂ ਦੀਆਂ ਦੀਵਾਰਾਂ ਵਿਚ ਕੈਦ ਹਿੰਦੁਸਤਾਨ। ਦਹਿਸ਼ਤ ਵਿਚ ਡੁੱਬੀ, ਭਾਰਤ ਦੀ ਜਵਾਨੀ! ਦਮਨ-ਚੱਕ੍ਰ ਦੀ ਚਲਦੀ ਹੋਈ ਹਨੇਰੀ ਵਿਚ, ਪਿੰਡ ਭੈਣੀ 'ਚ ਇਕ ਦੀਵਾ ਬਲਿਆ। ਅਤਿ ਸਾਧਾਰਨ ਘਰ ਚੋਂ ਬਾਹਰ ਨਿਕਲ, ਜਦ ਇਸ ਦੀਵੇ ਨੇ ਤੂਫ਼ਾਨ ਨੂੰ ਚੁਨੌਤੀ ਦਿੱਤੀ ਤਾਂ ਵਗਦੇ ਹੋਏ ਪੰਜ ਦਰਿਆ ਥੰਮ੍ਹ ਗਏ, ਸਾਹ ਰੋਕ ਕੇ ਹਵਾਵਾਂ, ਇਸ ਬੇਮੇਲ ਜੰਗ ਦੀ ਗਵਾਹ ਬਣ ਗਈਆਂ।

ਕਹਿੰਦੇ ਹਨ, ਗਰੀਬੀ, ਭੁੱਖ, ਅਸਿਖਿਆ, ਬੇਰੋਜ਼ਗਾਰੀ ਕਲੰਕ ਹੈ। ਪਰ ਗੁਲਾਮੀ, ਮਨੁੱਖਤਾ ਦੇ ਮੱਥੇ ਲੱਗਾ, ਸਭ ਤੋਂ ਵੱਡਾ ਕਲੰਕ ਹੈ, ਜਿਸ ਤੋਂ ਉਪਰਲੀਆਂ ਸਾਰੀਆਂ ਸਮਾਜਕ ਸਮੱਸਿਆਵਾਂ ਜਨਮ ਲੈਂਦੀਆਂ ਹਨ। ਗੁਲਾਮੀ, ਉਹ ਬਦਨੁਮਾ ਕਾਲਖੰਡ ਹੁੰਦੈ, ਜਦੋਂ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਜਾਂਦੇ ਹਨ। ਸਰੇ ਰਾਹ, ਨਾਰੀ ਨਿਰ-ਵਸਤ੍ਰ ਕੀਤੀ ਜਾਏ ਔਰ ਹਜ਼ਾਰਾਂ ਲੱਖਾਂ ਦ੍ਰੋਪਦੀਆਂ ਦੀਆਂ ਚੀਖਾਂ, ਗਗਨ ਮੰਡਲ ਵਿਚ ਗੂੰਜ ਉਠਣ। ਜਦੋਂ ਅਬੋਧ ਬਾਲਕਾਂ ਦੇ ਸੀਨੇ ਸੰਗੀਨਾਂ ਨਾਲ ਵਿੰਨ੍ਹ ਦਿਤੇ ਜਾਣ....ਜਦੋਂ ਮਨੁੱਖਤਾ ਸਿਸਕਦੀ ਹੋਵੇ ਅਤੇ ਦਾਨਵਤਾ ਠਹਾਕੇ ਲਗਾਉਂਦੀ ਹੋਵੇ...ਸਾਰਾ ਦੇਸ਼ ਜੇਲਖਾਨਾ ਬਣ ਗਿਆ ਹੋਵੇ। ਜਦੋਂ ਨਿਰਾਸ਼ਾ ਦੀ ਕਾਲੀ ਬੋਲੀ ਰਾਤ ਹੋਵੇ....ਹਨੇਰਾ ਹੀ ਹਨੇਰਾ ਹੋਵੇ। ਔਰ ਐਸੀ ਹੀ ਭਿਆਨਕ ਰਾਤ ਵਿਚ ਕਾਇਨਾਤ ਪੁਕਾਰ ਉਠੇ:

"ਸਿਆਹ ਰਾਤ ਨਹੀਂ ਨਾਮ ਲੇਤੀ ਹੈ ਢਲਨੇ ਕਾ।
ਸੂਰਜ! ਯਹੀ ਤੋ ਵਕਤ ਹੈ ਤੇਰੇ ਨਿਕਲਨੇ ਕਾ॥"

ਔਰ ਉਸ ਹਨੇਰੀ ਰਾਤ ਵਿਚ, ਗੁਲਾਬੀ ਆਭਾ ਮੰਡਲ ਨਾਲ ਦਮਕਦੇ ਹੋਏ ਪੂਰਬ ਵਿਚ ਸੂਰਜ ਉਦੈ ਹੋ ਜਾਏ, ਤਾਂ ਪ੍ਰਮਾਤਮਾ ਦਾ, ਪ੍ਰਾਣੀ ਮਾਤਰ ਨੂੰ ਦਿੱਤਾ ਹੋਇਆ ਕਉਲ, ਪੂਰਾ ਹੁੰਦੈ- "ਕਿ ਜਦੋਂ ਜਦੋਂ ਧਰਮ ਦੀ ਹਾਨੀ



Sri Satguru Jagjit Singh Ji eLibrary NamdhariElibrary@gmail.com

ਹੋਵੇਗੀ, ਸਾਧ ਸੰਤ ਸਤਾਏ ਜਾਣਗੇ.....ਉਦੋਂ ਉਦੋਂ ਮੈਂ ਨਰ ਦੇਹ ਵਿਚ ਅਵਤਾਰ ਧਾਰਾਂਗਾ।"

ਗਿਆਨੀ ਕਰਤਾਰ ਸਿੰਘ, ਸਾਬਕਾ ਹੈੱਡ-ਗ੍ਰੰਥੀ, ਸ੍ਰੀ ਦਰਬਾਰ ਸਾਹਿਬ ਲਿਖਦੇ ਹਨ, "ਚਾਰਾ ਸੀ ਨਾ ਕੋਈ ਤਦੋਂ ਦਿਸਦਾ ਕਰਤਾਰ ਸਿੰਘ, ਡਾਵਾਂ-ਡੋਲ ਹੋਏ ਰਿਹਾ ਬੇੜਾ ਬੇਸਹਾਰਾ ਸੀ। ਕਲਾ ਵਰਤਾਈ, ਮਹਾਰਾਜ ਨੇ ਜਗਾਈ ਜੋਤ, ਭੈਣੀ ਪਿੰਡ ਬੀਚ ਭਇਓ ਭਾਨ ਉਜਿਆਰਾ ਸੀ।"

ਗੁਲਾਮੀ, ਧਾਰਮਕ ਆਡੰਬਰ, ਸਮਾਜਕ ਕੁਰੀਤੀਆਂ ਨਾਲ ਭਰੀ ਸਿਆਹ ਰਾਤ ਵਿਚ, ਆਸ਼ਾ ਦਾ ਨਵਾਂ ਸੁਰਘੌਂਦੈ......ਇਹੋ "ਸਤਿਗੁਰੂ ਰਾਮ ਸਿੰਘ" ਦਾ ਸੰਖਿਪਤ ਪ੍ਰੀਚੈ ਹੈ।

ਸਭ ਤੋਂ ਪਹਿਲੇ, ਸਤਿਗੁਰੂ ਰਾਮ ਸਿੰਘ ਅਤੇ ਨਾਮਧਾਰੀ ਪੰਥ ਦੇ ਇਤਿਹਾਸਕ ਰਚਨਾਕਾਰ, ਡਾਕਟਰ ਇੰਦਰ ਸਿੰਘ ਮੁਲਤਾਨੀ, ਅਸਿਸਟੈਂਟ ਸਰਜਨ, ਮੇਡੀਕਲ ਵਾਰੰਟ ਆਫ਼ੀਸਰ, ਸਤਿਗੁਰੂ ਰਾਮ ਸਿੰਘ ਦੇ ਸਮਕਾਲੀ, ਮੁਲਤਾਨ ਛਾਵਨੀ ਤੋਂ ਲਿਖੀ ਹੋਈ ਇਤਿਹਾਸਕ ਪੁਸਤਕ "ਜਗਦਾ ਦੀਵਾ" ਵਿਚ, ਗੁਰੂ ਰਾਮ ਸਿੰਘ ਦੀ ਆਤਮਕ ਅਮੀਰੀ, ਅਤੇ ਭਾਰਤੀ ਜਨ-ਜੀਵਨ ਲਈ ਕਲਪਿਤ ਉੱਚੇ ਆਦਰਸ਼ਾਂ ਲਈ, ਸੰਘਰਸ਼ ਦੀ ਅੱਖੀਂ ਡਿੱਠੀ ਕਹਾਣੀ ਕਲਮਬੰਦ ਕੀਤੀ ਏ।

ਗੁਰੂ ਰਾਮ ਸਿੰਘ ਦਾ ਜੀਵਨ ਦਰਸ਼ਨ, ਉੱਚ ਮੰਡਲਾਂ ਦੀ ਧੁਨੀ ਹੈ। ਇਕ ਰੱਬੀ ਯਾਦ, ਜਿਸ ਦੀਆਂ ਤਰੰਗਾਂ ਨੇ ਛੇਤੀ ਹੀ ਨਾਮਧਾਰੀ ਕਹੇ ਜਾਣ ਵਾਲੇ ਪੈਰੋਕਾਰਾਂ ਦੇ ਹਿਰਦੇ ਵਿਚ, ਉਹ ਧੁਨੀ ਧੁਖਾ ਕੇ ਇਲਾਹੀ ਹੌਂਸਲੇ ਨਾਲ ਭਰ ਦਿੱਤਾ, ਜੋ ਮੌਤ ਦੇ ਰੱਸੇ ਗੱਲ ਪਾਉਂਦਿਆਂ....ਤੋਪਾਂ ਅੱਗੇ ਉਡਦਿਆਂ ਵੀ ਬਸੰਤੀ ਰੰਗ ਵਿਚ ਸਰਾਬੋਰ ਹੋਏ ਮੌਤ ਨੂੰ ਮਜ਼ਾਕ ਕਰਦੇ ਰਹੇ-

"ਧੁਨੀ ਧੁਖੇ ਮੇਰੇ ਮੌਲਾ ਵਾਲੀ, ਮੱਥੇ ਨਾਦ ਸੁਣਾਇਆ।

ਭੈਣੀ ਵਿਚ ਇਕ ਦੀਵਾ ਬਲਿਆ, ਅੰਬਰ ਤਕ ਰੁਸ਼ਨਾਇਆ॥"

"ਸਤਿਆਗ੍ਰਹਿ" ਸ਼ਬਦ ਦੀ ਪਹਿਲੀ ਵਰਤੋਂ, ਸਤਿਗੁਰੂ ਰਾਮ ਸਿੰਘ ਨੇ ਕੀਤੀ। ਦੁਨੀਆਂ ਦੇ ਕਈ ਮੁਲਕਾਂ ਵਿਚ ਆਜ਼ਾਦੀ ਵਿਦਰੋਹ ਹੋਏ....ਸਾਰੇ ਦੇ ਸਾਰੇ ਹਥਿਆਰਾਂ ਨਾਲ ਲੜੇ ਗਏ। ਹਿੰਸਕ ਵਿਦਰੋਹ ਹੋਏ। ਸੰਨ 1857 ਤੋਂ ਸੰਨ 1872 ਤਕ ਜਾਂ ਉਸ ਤੋਂ ਬਾਦ ਵੀ, ਕੂਕਾ ਅੰਦੋਲਨ, ਸਰਵਥਾ ਅਹਿੰਸਕ



Sri Satguru Jagjit Singh Ji eLibrary NamdhariElibrary@gmail.com

ਹੀ ਰਿਹਾ। ਅਸੱਤ ਵਿਰੁੱਧ, ਸੱਤ ਦੀ ਲੜਾਈ। ਦੇਸ਼ ਤੇ ਕਾਬਜ ਵਿਦੇਸ਼ੀ ਹੁਕਮਰਾਨ ਨਾਲ ਆਜ਼ਾਦੀ ਅਧਿਕਾਰਾਂ ਦੀ ਲੜਾਈ। ਸਰਕਾਰੀ ਸੁਰੱਖਿਆ ਗਾਰਦ ਔਰ ਪੁਲਸੀਆਂ ਦੇ ਸਖਤ ਘੇਰੇ ਵਿਚ ਵੀ ਸਫ਼ੇਦ ਵਸਤ੍ਰਾਂ ਵਾਲੇ, ਇਹ ਗੁਰੂ ਦੇ ਮਰਜੀਉੜੇ ਸਿੱਖ, ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ ਫਾਹੇ ਦੇ ਰੱਸੇ, ਗਲ ਵਿਚ ਪਾ ਕੇ ਝੂਲਦੇ ਦੁਨੀਆਂ ਨੇ ਵੇਖੇ।

17 ਜਨਵਰੀ ਅਤੇ 18 ਜਨਵਰੀ ਨੂੰ ਮਲੇਰਕੋਟਲੇ 66 ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ। ਸੱਤ ਤੋਪਾਂ ਅੱਗ ਦੇ ਗੋਲੇ ਸੁਟ ਰਹੀਆਂ ਸਨ। ਇਕ ਵਾਰ ਵਿਚ, ਸੱਤ ਸਿੱਖ, ਤੋਪਾਂ ਦੇ ਸਾਹਮਣੇ ਖੜ੍ਹੇ ਹੋ ਜਾਂਦੇ। ਤੋਪਚੀ ਗੋਲੇ ਦਾਗਦੇ ਔਰ ਕਾਲਜਾ ਕੰਬਾਊ ਧਮਾਕੇ ਨਾਲ, ਸੱਤ ਮਨੁੱਖ ਚਿਥੜਿਆਂ ਵਿਚ ਤਬਦੀਲ ਹੋ ਜਾਂਦੇ। ਮਹਾਰਾਜਾ ਪਟਿਆਲਾ ਦਾ ਰਿਸ਼ਤੇਦਾਰ, ਵਰਿਆਮ ਸਿੰਘ ਨੂੰ ਮਧਰਾ ਕੱਦ ਕਹਿ ਕੇ, ਪਰ੍ਹੇ ਕਰ ਦਿੱਤਾ ਤਾਂ ਵਰਿਆਮ ਸਿੰਘ, ਕੁਝ ਇੱਟਾਂ ਢੀਮਾਂ ਦੇ ਢੇਰ ਤੇ ਖੜ੍ਹੇ ਹੋ ਕੇ ਹਕੂਮਤ ਨੂੰ ਲਲਕਾਰਿਆ–

"ਚਲਾ ਤੋਪ ਓਇ ਬਿਲਿਆ ਕਿ ਮੇਰਾ ਆਸਨ ਬਹੁਤ ਕੜਾ ਹੈ।

"ਵਰਿਆਮ" ਲਘੁਤਾ ਵਿਚ ਵੀ, ਗੋਰਿਆਂ ਤੋਂ ਬਹੁਤ ਬੜਾ ਹੈ।"

ਗੁਰੂ ਰਾਮ ਸਿੰਘ, ਨਿਰਸੰਦੇਹ, ਇਕ ਧਰਮ ਗੁਰੂ ਸਨ..... ਬਾਰ੍ਹਵੇਂ ਸਤਿਗੁਰੂ ! ਕੁਝ ਲਘੂ ਦ੍ਰਿਸ਼ਟੀ ਲਿਖਾਰੀਆਂ ਲੇ, ਨਾਮ ਰਸ ਵਿਚ ਭਿਜੇ ਨਾਮਧਾਰੀ ਦੀਵਾਨਾਂ ਵਿਚ, ਮਸਤੀ ਵਿਚ ਕੂਕਾਂ ਮਾਰਦੇ ਕੂਕੇ ਅਤੇ ਗਊ ਹਤਿਆ ਵਿਰੋਧੀ ਮਾਨਸਿਕਤਾ ਦੇ ਪ੍ਰਿਪੇਖ ਵਿਚ, ਕੂਕਾ ਅੰਦੋਲਨ ਨੂੰ ਧਾਰਮਕ ਅੰਦੋਲਨ ਕਹਿ ਕੇ, ਸੀਮਤ ਮੁਲਾਂਕਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਸੰਕੀਰਣ ਸੋਚ ਲਿਖਾਰੀਆਂ ਲਈ "ਧਰਮ" ਦਾ ਅਰਥ ਜਾਣ ਲੈਣਾ ਬਹੁਤ ਲਾਜ਼ਮੀ ਹੈ। ਧਰਮ ਦਾ ਅਰਥ, ਪੂਜਾ, ਪਾਠ, ਨਾਮ ਸਿਮਰਨ, ਤਿਲਕ, ਤ੍ਰਿਪੁੰਡ, ਤਰਪਣ, ਸ਼੍ਰਾਧ ਆਦਿ ਸੰਪ੍ਰਦਾਵਾਂ ਦਾ ਨਿਰਵਾਹ ਮਾਤਰ ਨਹੀਂ ਹੈ। ਧਰਮ ਤਾਂ "ਧ੍ਰੀ" ਧਾਤੂ ਤੋਂ ਬਣਿਆ ਵਿਆਪਕ ਅਰਥੀ ਸ਼ਬਦ ਹੈ। ਹਰ ਮਨੁੱਖ, ਹਰ ਪ੍ਰਾਣੀ, ਪਸ਼ੂ, ਪੰਖੀ, ਬਨਸਪਤੀ ਦੀ ਰਖਿਆ ਪਰਿਆਵਰਣ ਸੰਤੁਲਨ, ਸਤਿ, ਸਦਾਚਾਰ, ਸਮਾਜਕ ਸ਼ਾਂਤੀ ਸਥਾਪਨਾ, ਦੇ ਨਾਲ ਨਾਲ ਮਾਣਤਾ ਪ੍ਰਾਪਤ ਪੁਰਾਤਨ ਧਾਰਮਕ, ਸਮਾਜਕ ਆਸਥਾਵਾਂ ਅਤੇ ਪ੍ਰੰਪਰਾਵਾਂ ਦੀ ਰਖਿਆ ਦਾ ਦਾਇਤਵ ਨਿਰਵਾਹ ਦਾ ਸੰਕਲਪ ਅਤੇ ਦੇਸ਼ ਨੂੰ ਆਜ਼ਾਦ ਕਰਵਾ ਕੇ ਮਨੁੱਖ ਜੀਵਨ ਦੀ ਰਖਿਆ ਅਤੇ ਜੀਵਨ

ਨਾਲ ਜੁੜੇ ਹੋਏ ਤਮਾਮ ਮੌਲਿਕ ਅਧਿਕਾਰਾਂ ਦੀ ਰਖਿਆ, "ਧਰਮ" ਹੈ। ਧਰਮ ਤਾਂ ਭਾਰਤੀ ਰਿਸ਼ੀਆਂ, ਮੁਨੀਆਂ, ਗੁਰੂਆਂ ਦੇ ਅੰਤਰ ਬੋਧ ਦਾ ਉਹ ਪ੍ਰਗਟ ਸ਼ਬਦ ਹੈ, ਜਿਸ ਵਿਚ, ਹਰ ਪ੍ਰਾਣੀ ਦੀ ਰਖਿਆ, ਸਾਰੇ ਦੇਸ਼ਾਂ ਦੀ ਸਵਤੰਤਰਤਾ, ਸਰਵ-ਭੌਮਿਕਤਾ, ਏਕਤਾ, ਅਖੰਡਤਾ ਦੇ ਨਾਲ ਨਾਲ, ਸਾਰੇ ਵਿਸ਼ਵ-ਮਾਨਵ ਦੀ ਮੰਗਲ ਕਾਮਨਾ ਸ਼ਾਮਲ ਹੈ। ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਅਨੁਯਾਈ, "ਧਰਮ" ਦੇ ਇਸ ਵਿਆਪਕ ਅਰਥ ਸੋਚ ਵਾਲੇ, ਭਾਰਤ ਰਾਸ਼ਟਰ ਦੇ ਸੁਚੇਤ ਨਾਗਰਿਕ ਸਨ। ਸਾਨੂੰ ਗਰਵ ਹੈ ਕਿ ਸਿੱਖ ਪ੍ਰੰਪਰਾ ਦੇ ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਹਮਲੇ ਸਮੇਂ "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ" ਸ਼ਬਦ ਉਚਾਰ ਕੇ, ਆਜ਼ਾਦੀ ਦੇ ਅਧਿਕਾਰ ਨੂੰ ਧਰਮ ਨਾਲ ਜੋੜ ਕੇ, ਧਰਮ ਸ਼ਬਦ ਨੂੰ ਸਹੀ ਅਰਥ ਦਿੱਤਾ। ਦਸਮ ਪਾਤਸ਼ਾਹ, ਗੁਰੂ ਪ੍ਰੰਪਰਾ ਦੇ ਦਸਵੇਂ ਜਾਂਨਸ਼ੀਨ ਸਨ। ਦੇਸ਼ ਨੂੰ ਮੁਗਲੀਆ ਸੱਲਤਨਤ ਦੀ ਮਨੁੱਖ ਵਿਰੋਧੀ ਸੋਚ ਅਤੇ ਸ਼ੋਸ਼ਨ ਤੋਂ ਮੁਕਤਿ ਕਰਵਾਉਣ ਲਈ, ਸਰਬੰਸ ਦਾਨ ਕਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨਿਰਸੰਦੇਹ ਇਸੇ ਵਰਗ ਦੇ ਧਰਮ ਗੁਰੂ ਸਨ। 12 ਅਪ੍ਰੈਲ 1857, ਸ੍ਰੀ ਭੈਣੀ ਸਾਹਿਬ, ਅੰਮ੍ਰਿਤਸਰ, ਦਸਮੇਸ਼ੀ-ਸਿੱਖ ਸੰਪ੍ਰਦਾ ਨੂੰ ਪੁਨਰ ਜੀਵਤ ਕੀਤਾ, ਸਤਿ ਔਰ ਸਦਾਚਾਰ ਨਾਲ ਜੋੜ ਕੇ, ਸਿੱਖ ਔਰ ਸਿੱਖੀ ਨੂੰ ਅਜਿੱਤ ਹੋਣ ਦਾ ਮਾਰਗ ਦਿੱਤਾ। ਕੂਕਾ ਅੰਦੋਲਨ ਦੇ ਇਤਿਹਾਸਕ ਅਤੇ ਮਨੋਵਿਗਿਆਨਕ ਵਿਸ਼ਲੇਸ਼ਣ ਕਰਤਾ ਜਨ, ਪ੍ਰਬੁੱਧ ਲਿਖਾਰੀਆਂ ਅਤੇ ਪਾਠਕਾਂ ਲਈ ਇਹ ਯਥਾਰਥ, "ਕੂਕਾ ਸੰਗ੍ਰਾਮ" ਦੇ ਹਰ ਪਲ, ਹਰ ਲਮਹੇ, ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਸਵੈਤੰਤਰਤਾ ਸੰਗ੍ਰਾਮ ਦੇ ਸ਼ੰਖਨਾਦ ਤੋਂ ਲੈ ਕੇ, ਜੰਗ ਦੇ ਅੰਤ ਤਕ, ਨਾਮਧਾਰੀਆਂ ਨੇ "ਸਤਿ" ਨੂੰ ਇਕ ਖਿਨ ਲਈ ਆਪਣੇ ਤੋਂ ਪਰ੍ਹੇ ਨਹੀਂ ਹੋਣ ਦਿੱਤਾ। ਨਮੂਨਾ ਦੇਖੋ-

5 ਮਈ 1849 ਨੂੰ ਅੰਗ੍ਰੇਜ਼ ਸਰਕਾਰ ਨੇ ਪੰਜਾਬ ਵਿਚ ਗਊ ਹਤਿਆ ਨੂੰ ਮੰਜ਼ੂਰੀ ਦੇ ਦਿੱਤੀ। ਇਕ ਤਲਵਾਰ ਨਾਲ ਦੋ ਵਾਰ ਅੰਗ੍ਰੇਜ਼ਾਂ ਕੀਤੇ-

1. ਭਾਰਤੀਆਂ ਦੀ ਧਾਰਮਕ ਆਸਥਾ ਨੂੰ ਤੋੜ ਕੇ, ਅੰਗ੍ਰੇਜ਼ੀ ਧਰਮ ਸੋਚ ਵਲ ਮੋੜਨ ਦਾ ਰਾਹ ਸਾਫ ਕਰੀਏ।

2. ਗਊ-ਹੱਤਿਆ ਨਾਲ, ਹਿੰਦੂ-ਮੁਸਲਿਮ ਰਿਸ਼ਤਾ, ਤਨਾਅਪੂਰਨ ਅਤੇ ਹਿੰਸਕ ਹੋ ਜਾਏਗਾ, ਜੋ ਅੰਤ ਵਿਚ ਹਕੂਮਤ ਲਈ ਫਾਇਦੇਮੰਦ ਹੋਏਗਾ।



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੀ ਬੁੱਚੜਖਾਨਾ ਖੋਲ੍ਹ ਦਿੱਤਾ ਗਿਆ। ਗਊ-ਹਤਿਆ ਹੋਣ ਲੱਗੀ। ਕਾਵਾਂ, ਇੱਲਾਂ, ਹੱਡੀਆਂ ਤੇ ਮਾਸ ਦੀਆਂ ਬੋਟੀਆਂ ਚੁੰਝ ਵਿਚ ਲੈ ਕੇ ਉਡਦੀਆਂ। ਕਈ ਵਾਰ, ਉਹ ਚੁੰਝ ਤੋਂ ਛੁੱਟ ਕੇ ਪਵਿੱਤਰ ਸਰੋਵਰ ਵਿਚ ਜਾਂ ਪਰਕਰਮਾ ਵਿਚ ਡਿਗਦੀਆਂ। ਸਿੱਖਾਂ ਨੇ ਰੋਸ ਪ੍ਰਗਟ ਕੀਤਾ। 22 ਮਈ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸਪੱਸ਼ਟ ਕਿਹਾ, ਬੁੱਚੜਖਾਨਾ ਹਰ ਹਾਲ ਜਾਰੀ ਰਹੇਗਾ। ਹੁਣ ਪ੍ਰਸ਼ਾਸਨ ਨਾਲ ਹੋਰ ਗਲਬਾਤ ਦਾ ਕੋਈ ਲਾਭ ਨਹੀਂ ਸੀ। 14 ਜੂਨ 1871 ਨੂੰ ਸ੍ਰ. ਬੀਹਲਾ ਸਿੰਘ ਦੀ ਅਗਵਾਈ ਵਿਚ, ਅੱਧੀ ਰਾਤ, ਅਣਖੀ ਕੂਕਿਆਂ ਨੇ ਹਮਲਾ ਕਰ, ਚਾਰ ਕਸਾਈਆਂ ਨੂੰ ਮਾਰ, ਗਊਆਂ ਆਜ਼ਾਦ ਕਰਵਾ ਦਿੱਤੀਆਂ ਔਰ ਆਪ ਹਨੇਰੇ ਵਿਚ ਗਾਇਬ ਹੋ ਗਏ। 24 ਜੂਨ ਤਕ ਬੜੇ ਹੱਥ ਪੈਰ, ਮਾਰਨ ਤੋਂ ਬਾਦ ਵੀ ਕੋਈ ਸੂਤਰ ਹੱਥ ਨਾ ਲਗਿਆ ਤਾਂ ਬੇਦੋਸ਼ੇ, ਕੁਝ ਨਿਹੰਗ ਸਿੰਘ ਅਤੇ ਹੋਰ ਲੋਕਾਂ ਨੂੰ ਸ਼ੰਕਾ ਵਿਚ ਗ੍ਰਿਫਤਾਰ ਕਰਿ ਲਿਆ। ਮਾਰ ਕੁੱਟ ਕੇ, ਉਨ੍ਹਾਂ ਤੋਂ ਜੁਰਮ ਦਾ ਇਕਬਾਲੀਆ ਬਿਆਨ ਵੀ ਲੈ ਲਿਆ। 25 ਜੁਲਾਈ 1871 ਬਾਰਾਂ ਵਿਅਕਤੀਆਂ ਵਿਰੁੱਧ, ਹਤਿਆ ਦਾ ਆਰੋਪ ਪੱਤਰ ਅਤੇ ਤਿੰਨ ਵਾਇਦਾ ਮਾਫ ਗਵਾਹਾਂ ਦੀ ਲਿਸਟ, ਡਿਪਟੀ ਕਮਿਸ਼ਨਰ ਨੂੰ ਭੇਜ ਦਿੱਤੀ। ਉਨ੍ਹਾਂ ਨੂੰ ਮੌਤ ਦੀ ਸਜ਼ਾ ਨਿਸਚਤ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ, ਤੁਸੀਂ ਧਰਮ ਰਖਿਆ ਹਿਤ ਜਿਹੜਾ ਕੰਮ ਕੀਤੈ, ਉਸਨੂੰ ਸਵੀਕਾਰ ਕਰੋ। ਬੇਦੋਸ਼ੀਆਂ ਨੂੰ ਸਜ਼ਾ ਨਹੀਂ ਹੋਣ ਦੇਣੀ...ਸਤਿ ਨਹੀਂ ਛੱਡਣਾ। ਸਤਿਗੁਰੂ ਦੇ ਸਿੱਖ 'ਸੇਸ਼ਨ ਜੱਜ' ਦੀ ਅਦਾਲਤ ਵਿਚ ਹਾਜ਼ਰ ਹੋ ਕੇ, ਜੁਰਮ ਇਕਬਾਲ ਕੀਤਾ ਅਤੇ 15 ਅਗਸਤ 1871 ਨੂੰ ਅੰਮ੍ਰਿਤਸਰ, ਰਾਮ ਬਾਗ ਵਿਖੇ, ਬੋਹੜ ਦੇ ਦਰੱਖਤ ਨਾਲ ਚਾਰ ਕੂਕੇ ਸਿੰਘਾਂ ਨੂੰ ਫਾਂਸੀ ਦੇ ਦਿੱਤੀ ਗਈ। ਸ਼ਹੀਦ ਸਿੱਖਾਂ ਦੀ ਸ਼ਰਤ ਅਨੁਸਾਰ, ਪਵਿੱਤਰ ਸਰੋਵਰ ਵਿਚ ਇਸ਼ਨਾਲ ਕਰਕੇ, ਆਪ ਗਲ ਵਿਚ ਰੇਸ਼ਮ ਦੀਆਂ ਰੱਸੀਆਂ ਨਾਲ ਬਣੇ ਫਾਹੇ ਤੇ ਝੂਲ ਗਏ। ਪਾਠਕੋ ! ਘਟਨਾਵਾਂ ਤਾਂ ਸਦਾ, ਕਾਲ ਖੰਡ ਵਿਚ ਵਾਪਰੀ, ਕਿਸੇ ਘਟਨਾ ਦੀ ਪ੍ਰਤਿਕ੍ਰਿਆ ਵਜੋਂ ਹੀ ਮੁਖ ਤੌਰ ਤੇ ਘਟਦੀਆਂ ਹਨ...ਪਰ ਕੂਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਆਪਣੇ ਸਤਿਗੁਰ ਤੋਂ ਪ੍ਰਾਪਤ ਉਪਦੇਸ਼ ਅਨੁਸਾਰ "ਸਤਿ" ਨੂੰ ਸਮਰਪਿਤ ਹੋਈਆਂ ਔਰ ਇਤਿਹਾਸ ਦੀਆਂ ਕਾਲ ਅਤੀਤ ਘਟਨਾਵਾਂ ਬਣ ਗਈਆਂ।

"ਅਥਰਵ ਵੇਦ" ਵਿਚ ਦਰਜ ਕਈ ਸਲੋਕ, ਨਾਰੀ ਸਨਮਾਨ ਦੇ ਪ੍ਰਤੀਕ

ਹਨ। ਗਿਆਨ ਦੀ ਦੇਵੀ ਸਰਸਵਤੀ, ਧਨ ਦੀ ਦੇਵੀ ਲਕਸ਼ਮੀ, ਸ਼ਕਤੀ ਦੀ ਦੇਵੀ ਦੁਰਗਾ ਅਤੇ ਹੋਰ ਕਈ ਦੇਵੀਆਂ ਦੇ ਰੂਪ ਵਿਚ ਨਾਰੀ ਪੂਜਾ, ਭਾਰਤੀ ਸਭਿਅਤਾ-ਸੰਸਕ੍ਰਿਤੀ ਦਾ ਸਰਵ ਸੁੰਦਰ ਅੰਗ ਰਿਹੈ। ਕਾਲਾਂਤਰ ਵਿਚ, ਵਿਦੇਸ਼ੀ ਆਕ੍ਰਮਣਕਾਰੀਆਂ ਅਤੇ ਮੁਗਲ ਕਾਲ ਵਿਚ ਔਰਤਾਂ, ਭੋਗ ਦੀ ਸ਼ੈਅ ਬਣਾ ਦਿਤੀਆਂ ਗਈਆਂ। ਘਰਾਂ ਚੋਂ ਚੁੱਕ ਚੁੱਕ ਕੇ ਬਾਲਿਗ-ਨਾਬਾਲਿਗ ਲੜਕੀਆਂ ਔਰਤਾਂ, ਹਜ਼ਾਰਾਂ ਲੱਖਾਂ ਦੀ ਤਾਇਦਾਦ ਵਿਚ ਕਾਬੁਲ, ਕੰਧਾਰ ਅਤੇ ਗਜਨੀ ਦੇ ਬਾਜ਼ਾਰਾਂ ਵਿਚ, ਕਾਮ ਭੋਗ ਦੇ ਭੁੱਖੇ ਭੇੜੀਏ ਪਠਾਨਾਂ ਵਿਚ ਨੀਲਾਮ ਕੀਤੀਆਂ ਜਾਂਦੀਆਂ। ਪਿਤਾ, ਭਾਈਆਂ ਵਾਸਤੇ ਇਹ ਭਿਆਨਕ ਨਜ਼ਾਰਾ ਵੇਖਣ ਨਾਲੋਂ ਮਰ ਜਾਣਾ ਜਾਂ ਆਪ ਧੀਆਂ ਮਾਰ ਦੇਣੀਆਂ ਬੇਹਤਰ ਸੀ। ਉਸੇ ਭਿਆਨਕ ਕਾਲ ਤੋਂ ਪਰਦਾ ਪ੍ਰਥਾ, ਮੂੰਹ ਛੁਪਾ ਕੇ ਰਹਿਣਾ ਆਰੰਭ ਹੋਇਆ। ਫੇਰ ਅੱਗੇ ਚਲ ਕੇ, ਜੰਮਦੀਆਂ ਲੜਕੀਆਂ ਮਾਰ ਦੇਣ ਦੀ ਪ੍ਰਥਾ ਚਲ ਪਈ। ਦਹੇਜ ਅਤੇ ਸ਼ਾਦੀ ਵਿਆਹ ਦੇ ਖਰਚ ਵਿਚ ਅਸਮਰੱਥਤਾ ਭੀ, ਇਸ ਪ੍ਰਥਾ ਦਾ ਇਕ ਹੋਰ ਕਾਰਣ ਬਣ ਗਈ। ਗੁਰੂ ਨਾਨਕ ਪਾਤਸ਼ਾਹ ਨੇ ਨਾਰੀ ਦਸ਼ਾ ਵਿਚ ਸੁਧਾਰ ਦਾ ਸੰਦੇਸ਼ ਦਿੱਤਾ:

"ਸੋ ਕਿਉ ਮੰਦਾ ਆਖੀਐ, ਜਿਤ ਜਮਹਿ ਰਾਜਾਨ॥"

ਰਾਜਿਆਂ-ਮਹਾਰਾਜਿਆਂ, ਦੇਵਤਿਆਂ, ਨਰ ਅਵਤਾਰਾਂ ਨੂੰ ਜਨਮ ਦੇਣ ਵਾਲੀ ਇਸਤ੍ਰੀ ਦੀ, ਇੰਨੀ ਦਇਆ ਪੂਰਨ ਸਥਿਤੀ ਕਿਉਂ ਆ ਗਈ ? ਨਾਰੀ ਸੁਧਾਰ ਲਈ, ਗੁਰੂ ਨਾਨਕ ਤੋਂ ਆਰੰਭ-ਲਹਿਰ, ਗੁਰੂ ਰਾਮ ਸਿੰਘ ਦੇ ਵੇਲੇ ਕ੍ਰਾਂਤੀ ਦੀ ਮੁਖ ਕੇਂਦਰ ਬਣ ਗਈ। ਮਰਦਾਂ ਦੇ ਪੈਰਾਂ ਦੀ ਜੁੱਤੀ ਬਣੀ ਹੋਈ ਔਰਤ ਤੋਂ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ-ਸੂਰਮਿਆਂ ਦੀ ਮਾਂ ਬਣਨ ਦੀ ਆਸ ਕਿਵੇਂ ਕਰ ਸਕਦੇ ਹਾਂ ? ਅਗਰ ਦੇਸ਼ ਆਜ਼ਾਦ ਵੇਖਣਾ ਚਾਹੁੰਦੇ ਹਾਂ ਤਾਂ ਪਹਿਲਾਂ, ਮਾਨਸਿਕ ਗੁਲਾਮੀ ਤੋਂ ਆਜ਼ਾਦ ਹੋਣ ਪਏਗਾ। ਕੰਨਿਆ ਹੱਤਿਆ, ਦਹੇਜ ਪ੍ਰਥਾ, ਨਾਰੀ ਉਤਪੀੜਨ ਦੇ ਵਿਰੁੱਧ, ਗੁਰੂ ਰਾਮ ਸਿੰਘ ਨੇ ਕ੍ਰਾਂਤੀ ਦੀ ਲਹਿਰ ਚਲਾ ਦਿਤੀ। ਵਿਧਵਾ ਹੋਈਆਂ ਔਰਤਾਂ ਨੂੰ "ਵਿਧਵਾ ਵਿਵਾਹ" ਆਰੰਭ ਕਰਕੇ, ਸੁਖ ਅਤੇ ਸਵੈਮਾਨ ਪੂਰਨ ਜੀਵਨ ਦਾ ਅਧਿਕਾਰ ਦਿੱਤਾ। ਸ਼ਾਦੀ ਵਿਆਹ ਨੂੰ, ਪੂਰੀ ਤਰ੍ਹਾਂ ਦਹੇਜ ਮੁਕਤ, ਖਰਚ ਤੋਂ ਰਹਿਤ, ਪ੍ਰੰਪਰਾਵਾਂ ਦੇ ਨਾਂ ਤੇ ਵਾਧੂ ਦੇ ਬ੍ਰਾਹਮਣੀ ਆਡੰਬਰਾਂ ਤੋਂ ਮੁਕਤ, "ਅਨੰਦ ਕਾਰਜ" ਦਾ ਨਾਂ ਦਿੱਤਾ। ਹਾਲਾਂਕਿ, ਗੁਰੂ ਰਾਮ ਸਿੰਘ ਜੀ ਦਾ ਆਪਣਾ



Sri Satguru Jagjit Singh Ji eLibrary NamdhariElibrary@gmail.com

ਵਿਆਹ, ਬ੍ਰਾਹਮਣੀ ਪ੍ਰੰਪਰਾ ਨਾਲ ਹੀ ਹੋਇਆ ਸੀ। ਪਰ ਹੁਣ, ਘਟ ਤੋਂ ਘਟ ਸਿੱਖ ਸਮਾਜ ਨੂੰ, ਸਦੀਆਂ ਪੁਰਾਣੇ ਖਰਚੀਲੇ ਅਤੇ ਵਿਅਰਥ ਦੇ ਆਡੰਬਰੀ ਰਵਾਇਤਾਂ ਤੋਂ ਮੁਕਤ ਕਰਾਉਣ ਦਾ ਸੰਕਲਪ ਲਿਆ। ਪਰ ਇਹ ਕੰਮ ਇਤਨਾ ਆਸਾਨ ਨਹੀਂ ਸੀ। ਧਾਰਮਕ-ਸਮਾਜਕ ਰੀਤੀ ਰਿਵਾਜਾਂ ਦੇ ਨਿਰਵਾਹ ਦੇ ਨਾਂ ਤੇ ਦੁਕਾਨਦਾਰੀਆਂ ਬਣਾਈ ਬੈਠੇ, ਕਈ ਸੰਪਰਦਾਇਕ ਸੋਚ ਵਾਲੇ ਤਥਾਕਥਿਤ ਮਠਾਧੀਸ਼ ਪੰਡਤ, ਪੁਜਾਰੀ....ਸਾਰਿਆਂ ਨੂੰ ਆਪਣੀਆਂ ਦੁਕਾਨਾਂ ਬੰਦ ਹੁੰਦੀਆਂ ਦਿੱਸਣ ਲੱਗੀਆਂ। ਸਾਰੇ ਲਾਮਬੰਦ ਹੋ ਕੇ, ਅੰਗ੍ਰੇਜ਼ ਹਾਕਮਾਂ ਕੋਲ, ਗੁਰੂ ਰਾਮ ਸਿੰਘ ਦੁਆਰਾ "ਪ੍ਰਾਚੀਨ" ਧਾਰਮਕ ਪ੍ਰੰਪਰਾ ਤੋੜਨ ਅਤੇ ਧਾਰਮਕ ਆਸਥਾ ਖੰਡਿਤ ਕਰਨ ਦਾ ਦੋਸ਼ ਲਾਇਆ। ਕੇਸ ਦਰਜ ਹੋਇਆ.... ਗੁਰੂ ਰਾਮ ਸਿੰਘ ਨਜ਼ਰਬੰਦ ਕੀਤੇ ਗਏ। ਭੈਣੀ ਸਾਹਿਬ ਪੁਲਿਸ ਦਾ ਪਹਿਰਾ ਲਗ ਗਿਆ। ਨਾਮਧਾਰੀ ਇਕੱਤਰਤਾ, ਮੇਲਿਆਂ ਤੇ ਪਾਬੰਦੀ ਲਗ ਗਈ। ਮੁਕੱਦਮੇ ਦਰਜ ਹੋਏ। ਇਕੋ ਸਮੇਂ, ਚਾਰੇ ਪਾਸੇ ਵਿਰੋਧੀ ਮੋਰਚੇ ਖੁਲ੍ਹ ਗਏ। ਗੁਰੂ ਰਾਮ ਸਿੰਘ ਲਗਾਤਾਰ ਜੂਝਦੇ ਰਹੇ। ਸਮਾਜ ਵਿਚ ਵਿਆਪਤ ਭ੍ਰਿਸ਼ਟਾਚਾਰ ਨਾਲ ਲੜੇ, ਅੰਗ੍ਰੇਜ਼ੀ ਹਕੂਮਤ ਦੇ ਅਤਿਆਚਾਰ ਨਾਲ ਲੜੇ। ਆਪਣੇ ਪਿਆਰੇ ਸਿੱਖਾਂ ਨੂੰ ਫਾਹਿਆਂ ਤੇ ਝੂਲਦੇ ਵੇਖੇ, ਸਮੁੰਦਰਾਂ ਵਿਚ ਡੋਬੇ ਗਏ ਵੇਖੇ, ਤੋਪਾਂ ਨਾਲ ਉਡਦਿਆਂ ਵੇਖੇ। ਆਪ ਦੇਸੋਂ ਬਿਦੇਸ ਹੋ ਗਏ....। ਜ਼ਖਮਾਂ ਨਾਲ ਭਰਿਆ ਹੈ ਕੂਕਾ ਇਤਿਹਾਸ। ਕਾਲਜੇ ਤੇ ਲੱਗੇ ਹੋਏ ਜ਼ਖਮ! ਸ਼ੇਖ ਸਾਅਦੀ ਕਹਿੰਦੈ— ਓ ਦੁਨੀਆਂ ਦੇ ਲੋਕੋ, ਸੁੱਕਣ ਨਾ ਦੇਣਾ ਇਨ੍ਹਾਂ ਜ਼ਖਮਾਂ ਨੂੰ....ਹਰਿਆਂ, ਤਾਜਿਆਂ ਰੱਖਣਾ..... ਹਰ ਦਿਨ ਦਿਹਾੜੇ, ਪੁਰਬਾਂ ਤਿਉਹਾਰਾਂ ਤੇ ਇਨ੍ਹਾਂ ਜ਼ਖਮਾਂ ਨੂੰ ਇਕ ਨਜ਼ਰ ਵੇਖ ਲੈਣਾ.... ਤੁਹਾਡਾ ਇਤਿਹਾਸ ਜੀਉਂਦਾ ਰਹੇਗਾ..... ਸਦੀਵ ਕਾਲ ਤਕ!

"ਤਾਜ਼ਾ ਖਾਹੀ ਦਾਸਤਾਨ ਗਰ, ਦਾਗ ਹਾਏ ਸੀਨਾ ਰਾ।
ਗਾਹੇ ਗਾਹੇ ਯਾਜ ਕੁਨ ਈ ਕਿਸਾਏ ਪਾਰੀ ਨਾ ਰਾ॥"



Sri Satguru Jagjit Singh Ji eLibrary NamdhariElibrary@gmail.com

# 19.

## "ਬੋਲਦਾ ਬੋਹੜ"

ਉਹ ਸਰਦ ਰੁੱਤ ਦੀ ਇਕ ਠੰਢੀ ਸ਼ਾਮ ਸੀ। ਲੰਗਰ ਛੱਕ ਕੇ, ਦਿੱਲੀ ਕਲੌਨੀ ਵਾਲੇ ਪਾਸੇ ਮਿਲੇ ਕਮਰੇ ਵਿਚ ਚਲਾ ਗਿਆ। ਧੁੰਧ ਪੈਣੀ ਅਰੰਭ ਹੋ ਗਈ ਸੀ। ਮੈਂ ਆਰਾਮ ਦੀ ਮੁਦਰਾ ਵਿਚ ਬੈੱਡ ਤੇ ਲੇਟ ਗਿਆ। ਪਲਕਾਂ ਬੰਦ ਕਰਦਿਆਂ ਕੋਈ ਅਣਪਛਾਤਾ ਜਿਹਾ ਸਾਇਆ ...ਬਾਹਰ ਆਉਣ ਦਾ ਸੱਦਾ ਦੇਂਦਾ ਲੱਗਾ। ਉਸ ਗੈਬੀ ਮੂਰਤ ਵਿਚ, ਬਹੁਤ ਖਿਚ ਸੀ। ਮੈਂ ਉਸ ਖਿਚ ਨੂੰ ਆਪਣੀ ਇੱਛਾ ਸ਼ਕਤੀ ਨਾਲ, ਨਕਾਰਨ ਦੀ ਅਸਫਲ ਕੋਸ਼ਿਸ਼ ਕਰਦਾ ਰਿਹਾ। ਵਰਨੀਆਂ ਪਾਸੋਂ, ਘੜਿਆਲ ਨੇ ਦੱਸ ਵਜਾਏ। ਮੈਂ ਉਠ ਬੈਠਾ। ਚੱਪਲਾਂ ਪਾਈਆਂ, ਲੋਈ ਦੀ ਬੁੱਕਲ ਮਾਰ ਦਰਵਾਜ਼ੇ ਤੋਂ ਬਾਹਰ ਹੋ ਗਿਆ। ਮੈਂ ਸੱਮੋਹਿਤ ਜਿਹਾ ....ਮੰਤਰ ਮੁਗਧ ਤੁਰਦਾ ਹੋਇਆ, ਸਰੋਵਰ ਕੰਢੇ, ਬੋਹੜ ਹੇਠ ਪਹੁੰਚ ਗਿਆ। ਸਾਰੀ ਕਾਇਨਾਤ ਗਹਿਰੀ ਧੁੰਧ ਵਿਚ ਲਵੇਟੀ ਹੋਈ ਸੀ। ਸਰੋਵਰ ਪਾਸੇ ਨਜ਼ਰ ਮਾਰੀ, ਧੁੰਧ ਨਾਲ ਢੱਕੀ ਹੋਈ, ਕੋਈ ਘਾਟੀ ਜਾਪੀ। ਹਰੀਮੰਦਰ ਸਾਹਮਣੇ ਵਰਨੀਆਂ ਵਾਲਾ ਪਾਸਾ....ਕੁਝ ਨਜ਼ਰ ਨਹੀਂ ਸੀ ਆਉਂਦਾ। ਗਹਿਰਾ ਸੰਨਾਟਾ....। ਮੈਨੂੰ ਜਾਪਿਆ, ਕੋਈ ਪਿਆਰਾ ਜਿਹਾ ਬਜ਼ੁਰਗ, ਨਰਮ ਹੱਥਾਂ ਨਾਲ, ਬੈਠਣ ਦਾ ਇਸ਼ਾਰਾ ਕਰ ਰਿਹਾ ਸੀ। ਮੈਂ ਪੂਰਾ ਜ਼ੋਰ ਲਾ ਕੇ ਚੇਤਨਾ ਸੰਭਾਲੀ....ਇਹ ਬੋਹੜ ਦੀਆਂ ਕੂਲੀਆਂ-ਕੂਲੀਆਂ ਕੋਪਲਾਂ ਦਾ ਸਪੱਰਸ਼, ਆਪਣੇ ਹੀ ਕਿਸੇ ਵਡੇਰੇ ਦੀਆਂ ਨਰਮ ਉਂਗਲਾਂ ਦਾ ਅਹਿਸਾਸ ਕਰਵਾ ਰਿਹਾ ਸੀ। ਉਹ ਇਕ ਵਿਸਮਾਦੀ ਅਵਸਥਾ ਸੀ, ਜਦੋਂ ਮੇਰੇ ਅਵਚੇਤਨ ਮਨ ਵਿਚ, "ਭੈਣੀ ਤਪੋਵਨ" ਦੇ ਅਤੀਤ ਨੂੰ ਵੇਖਣ, ਸਮਝਣ ਦੀ ਅਭਿਲਾਸ਼ਾ ਜਾਗ ਉਠੀ। ਉਸ ਬਿਰਖ ਦੇਵ ਦੀਆਂ ਨਰਮ ਕੋਪਲਾਂ ਨੇ ਮੇਰੀਆਂ ਅੱਖਾਂ ਨੂੰ ਛੂਹ, ਅਦਭੁੱਤ ਦ੍ਰਿਸ਼ਟੀ ਛਮਤਾ ਵਿਕਸਤ ਕਰ ਦਿੱਤੀ। ਇਕ ਧੀਮੀ, ਪਰ ਗੰਭੀਰ ਆਵਾਜ਼ ਕੰਨਾਂ ਵਿਚ ਪਈ - "ਤੂੰ ਭੈਣੀ ਦਾ ਪਿਛੋਕੜ ਭਾਲਦਾ ਫਿਰਦੈਂ।



Sri Satguru Jagjit Singh Ji eLibrary NamdhariElibrary@gmail.com

ਇਸ ਤਪੋ-ਭੂਮੀ ਦਾ ਇਤਿਹਾਸ, ਮੇਰੇ ਸੀਨੇ ਵਿਚ ਛੁਪਿਆ ਪਿਐ।" ਮੈਨੂੰ ਲਗਾ, ਮਮਤਾਮਈ ਮਾਂ ਦੇ ਹੱਥ, ਮੇਰੇ ਸਿਰ ਮੂੰਹ ਤੇ, ਰੂੰ ਦੇ ਨਰਮ ਫਾਹਿਆਂ ਵਾਂਗ, ਹੌਲੀ ਹੌਲੀ ਫਿਰ ਰਹੇ ਸਨ ਅਤੇ "ਬੋਹੜ" ਦੀ ਮੰਦ ਗੰਭੀਰ ਆਵਾਜ਼, ਮੈਨੂੰ ਪਿੱਛੇ, ਬਹੁਤ ਪਿਛੇ ਲੈ ਜਾ ਰਹੀ ਸੀ। ਉਹ ਬੋਹੜ ਸਪੱਰਸ਼ ਦੀ ਤਿਲਸਮੀ ਅਨੁਭੂਤੀ ਮੈਨੂੰ, ਦੋ ਸਦੀਆਂ ਪਿਛਲੇ ਕਾਲ ਖੰਡ ਵਿਚ ਲੈ ਗਈ। ਮੇਰੇ ਅਵਚੇਤਨ ਦੇ ਆਕਾਸ਼ ਵਿਚ ਸਿਮ੍ਰੀਤੀਆਂ ਦੇ ਬੱਦਲ ਦ੍ਰਿਸ਼ਮਾਨ ਹੋਣ ਲਗ ਪਏ। ਉਹ ਸੁਪਨ ਲੋਕ ਜਿਹਾ ਨਜ਼ਾਰਾ ਸੀ।

"ਮੈਂ ਸਾਖੀ ਹਾਂ"-ਬੋਹੜ ਮੇਰੇ ਕੰਨ ਵਿਚ ਫੁਸਫੁਸਾਇਆ। ਭੈਣੀ ਦਾ ਬੀਤਿਆ ਹੋਇਆ ਕਾਲ-ਖੰਡ, ਮੇਰੀਆਂ ਯਾਦਾਂ ਵਿਚ ਸੁਰੱਖਿਅਤ ਹੈ। ਇਥੇ ਕੁਝ ਨਹੀਂ ਸੀ ਹੁੰਦਾ। ਮੇਰੇ ਨਾਲ, ਇਸ ਥਾਂ ਤੇ ਨਿੰਮ, ਬਰੋਟਿਆਂ ਅਤੇ ਸਰਕੰਡਿਆਂ ਦਾ ਜੰਗਲ ਹੁੰਦਾ ਸੀ। ਬਸ, ਜੁਗਾਂ ਪੁਰਾਣਾ ਇਹ "ਰਾਮਸਰ" ਸੀ। ਸਾਮ੍ਹਣੇ, ਦੂਰ ਦੂਰ ਤਕ, ਰੇਤ ਦੇ ਟੋਏ-ਟਿੱਬੇ। ਪਿੰਡ ਦੇ ਲਹਿੰਦੇ ਪਾਸੇ, ਇੱਕਾ-ਦੁੱਕਾ ਘਰ ਤੇ ਅੱਗੇ ਰਾਈਆਂ ਵਿਚ ਵਿਰਲੀ ਵਿਰਲੀ ਵਸੋਂ ਸੀ। ਪਹਿਲੀ ਵਾਰ, ਇਕ "ਰੱਬੀ ਜੋਤਿ" ਦੇ ਚਰਣ ਇਧਰ ਪਏ। ਉਸਦੀ ਅਲੌਕਿਕ ਖੁਸ਼ਬੋ ਨਾਲ ਮਹਿਕੀ ਹੋਈ ਹਵਾ ਨੇ, ਰੱਬੀ ਜੋਤਿ ਦੇ ਉਤਾਰੇ ਦਾ ਸੁਨੇਹਾ ਦਿੱਤਾ। ਮੋਰਾਂ, ਕੋਇਲਾਂ, ਬ੍ਰਿਖਾਂ, ਬੂਟਿਆਂ ਵਿਚ ਵਧਾਈਆਂ ਦਾ ਮੋਨ ਆਦਾਨ-ਪ੍ਰਦਾਨ ਹੋਇਆ। ਕੰਨੋ-ਕੰਨ ਖਬਰ ਲਗੀ, ਕੋਈ "ਤਪੀਆ", ਅਕਾਲ ਬੁੰਗੇ, ਤਪਲੀਨ ਹੈ। 12 ਵਰ੍ਹੇ.....ਕਠਿਨ ਤਪ ਤੇ ਰਾਸ਼ਟਰ ਚਿੰਤਨ! ਫੇਰ ਇਕ ਦਿਨ, ਮੇਰੇ ਸਾਮ੍ਹਣੇ...ਉਸ ਖੁੱਲੀ ਥਾਂ ਤੇ, ਭਾਰੀ ਇਕੱਠ ਹੋਇਆ। ਉਹ ਦਿਨ ਵੈਸਾਖੀ ਦਾ ਸੀ। ਸੁਫ਼ੇਦ ਸਤਿਜੁਗੀ ਬਾਣੇ ਵਾਲੇ "ਦੇਵ ਪੁਰਸ਼" ਨੇ, ਪੰਜ ਸਿੱਖਾਂ ਨੂੰ, ਅੰਮ੍ਰਿਤ ਛਕਾ ਕੇ ਦਸਮੇਸ਼ੀ ਸਿੱਖ ਪ੍ਰੰਪਰਾ ਸੁਰਜੀਤ ਕੀਤੀ। ਜੈ ਕਾਰਿਆਂ ਨਾਲ ਆਕਾਸ਼ ਗੂੰਜਿਆ। ਵਗਦੀ ਪੁਰਵਈਆ ਨੇ ਦੂਰ-ਦੂਰ ਤਕ ਜਾ ਸੁਨੇਹੇ ਦਿੱਤੇ-"ਸਿੱਖ ਰਹੁ-ਰੀਤਾਂ ਅਤੇ ਮਰਿਆਦਾ ਨਾਲ ਸੱਜਿਆ ਸਵਰਿਆ, ਪੰਜਾਬੀ ਸਭਿਆਚਾਰ ਦਾ ਪੁਨਰ-ਜਨਮ ਹੋਇਆ।" ਇਕ ਖਿਨ ਲਈ ਬੋਹੜ ਚੁੱਪ ਹੋ ਗਿਆ। ਭੁਲੀਆਂ ਵਿਸਰੀਆਂ ਯਾਦਾਂ ਦੇ ਮੰਡਲ ਚੋਂ ਕੁਝ ਲੱਭ ਲਿਆਇਆ। ਫੇਰ ਬੋਲਿਆ-ਤੈਨੂੰ ਕੀ ਦੱਸਾਂ ਪੁੱਤ, ਐਸੇ ਐਸੇ ਗਭਰੂ, ਵੇਖਦਿਆਂ ਭੁੱਖ ਲਹਿੰਦੀ।

ਉਹ ਸਾਮ੍ਹਣੇ ਰਾਮ ਸਰੋਵਰ ਵਿਚ ਟੁੱਬੀਆਂ ਲਾਉਂਦੇ। ਰਾਤ ਦੇ ਪਿਛਲੇ ਪਹਿਰ, ਜਦੋਂ ਜੱਗ ਸੁੱਤਾ ਹੁੰਦਾ, ਉਹ ਗੁਰੂ ਪਿਆਰੇ, ਸਿਮਰਨ ਰਾਹੀਂ, ਪ੍ਰਮੇਸ਼ਰ



Sri Satguru Jagjit Singh Ji eLibrary NamdhariElibrary@gmail.com

ਨਾਲ ਜੁੜ ਬਹਿੰਦੇ। ਵਾਰਾਂ ਲਾਉਂਦੇ....ਕੀਰਤਨ ਕਰਦੇ। ਦਿਨ ਚੜ੍ਹਦਾ ਤਾਂ ਉਸ ਖੁਲ੍ਹੀ ਥਾਂ ਤੇ ਕਸਰਤ ਕਰਦੇ, ...ਗਤਕਾ ਖੇਡਦੇ......ਦੌੜਦੇ, ਇਕ ਦੂਜੇ ਨੂੰ ਫੜਦੇ ...ਛਾਲਾਂ ਮਾਰਦੇ, ਤਲਵਾਰਬਾਜ਼ੀ ਕਰਦੇ। ਥੱਕ ਕੇ ਜਦੋਂ ਬਹਿੰਦੇ, ਗੁਲਾਮੀ ਤੇ ਗਊ ਹਤਿਆ ਤੇ ਰੋਸ-ਭਰੀ ਚਰਚਾ ਕਰਦੇ। ਮਰਨ ਮਾਰਨ ਦੀਆਂ ਗੱਲਾਂ ਹੁੰਦੀਆਂ, ਸਹੁੰਵਾਂ ਚੁੱਕੀਆਂ ਜਾਂਦੀਆਂ। ਵਗਦੀਆਂ ਹਵਾਵਾਂ ਦਸਦੀਆਂ, ਅੱਜ, ਕੂਕਿਆਂ ਮਰਜੀਉੜਿਆਂ ਨੇ, ਅੰਮ੍ਰਿਤਸਰ ਬੁੱਚੜਾਂ ਦਾ ਕਤਲ ਕਰ ਗਊਆਂ ਮੁਕਤਿ ਕਰਵਾਈਆਂ। ਅੱਜ ਰਾਇਕੋਟ.....। ਗੁਰਬਾਣੀ ਦੇ ਸ਼ਬਦ ਪੜ੍ਹਦਿਆਂ, ਹੱਸਦਿਆਂ ਹੱਸਦਿਆਂ...ਮੌਤ ਨਾਲ ਮਖੌਲ ਕਰਦਿਆਂ, ਫਾਹਿਆਂ ਤੇ ਝੂਲ ਗਏ। ਤੋਪਾਂ ਨਾਲ ਤੂੰਬਾ ਤੂੰਬਾ ਹੋ ਗਏ।

"ਮਲੇਰ ਕੋਟਲੇ" ਦਾ ਜ਼ਿਕਰ ਆਉਦਿਆਂ, ਬੋਹੜ ਦੇ ਬੋਲ ਕੰਬਣ ਲਗ ਪਏ। ਹੀਰਾ ਸਿੰਘ ਨੇ ਜੈਕਾਰਾ ਛਡਿਆ। ਤੋਪਾਂ ਗਰਜੀਆਂ.....ਆਜ਼ਾਦੀ ਗੀਤ ਦੇ ਗਵੱਈਏ, ਚਿੱਥੜੇ ਬਣ, ਆਕਾਸ਼ ਵਿਚ ਖਿੰਡਰ ਗਏ। ਫੇਰ ਸੱਤ ਜਵਾਨ ਅੱਗੇ ਆਉਂਦੇ, ਤੋਪਾਂ ਵਿਚ ਬਰੂਦ ਭਰਿਆ ਜਾਂਦਾ, ਤੋਪਚੀ ਨਿਸ਼ਾਨਾ ਲੈਂਦਾ, ਫਾਇਰ ਦਾ ਇਸ਼ਾਰਾ ਹੁੰਦਾ...ਔਰ -ਧੜੱਮ-ਧੜੱਮ ਸੱਤ ਤੋਪਾਂ ਗਰਜਦੀਆਂ। ਸੱਤ ਲਾਡਲੇ, ਫ਼ੀਤਾ-ਫ਼ੀਤਾ ਹੋ ਹਵਾ ਵਿਚ ਖਿੰਡਰ ਜਾਂਦੇ। ਇਹ ਸਿਲਸਿਲਾ ਸਾਰਾ ਦਿਨ ਚਲਦਾ ਰਿਹਾ। ਉਸੇ ਰਾਤ ਲੁਧਿਆਣੇ ਤੋਂ ਡਿਪਟੀ ਕਮਿਸ਼ਨਰ ਵਲੋਂ, ਗੁਰੂ ਰਾਮ ਸਿੰਘ ਦੀ ਗ੍ਰਿਫ਼ਤਾਰੀ ਦਾ ਵਾਰੰਟ, ਥਾਣੇਦਾਰ ਲੈ ਆਇਆ। ਮਾਘ ਦੀ ਠੰਢੀ ਰਾਤ, ਉਹ ਦਰਵੇਸ਼, ਕਾਲੀ ਕੰਬਲੀ ਦੀ ਬੁੱਕਲ ਮਾਰ, ਗੱਡੇ ਤੇ ਬੈਠ ਗਿਆ। ਸੰਗਤਾਂ ਕੁਰਲਾ ਉਠੀਆਂ। ਕਈਆਂ ਦੀਵਾਰਾਂ, ਦਰੱਖ਼ਤਾਂ ਨਾਲ ਸਿਰ ਮਾਰੇ। ਲਹੂ ਲੁਹਾਨ ਹੋਈ ਸੰਗਤ, ਵਿਰਲਾਪ ਕਰਦੀ ਰਹੀ। ਗੱਡਾ ਹਨੇਰੇ ਵਿਚ ਤੁਰ ਪਿਆ। ਛੋਟੇ ਭਰਾਤਾ, ਭਾਈ ਬੁੱਧ ਸਿੰਘ ਭਰੇ ਨੇਤਰਾਂ ਨਾਲ ਗੱਲ ਵਿਚ ਪੱਲਾ ਪਾ ਖਲੋ ਗਏ: ਪਾਤਸ਼ਾਹ ! ਮਲੋਦ, ਮਲੇਰਕੋਟਲੇ ਦਾ ਸਾਰਾ ਦੋਸ਼, ਮੈ ਆਪਣੇ ਸਿਰ ਲੈ ਲੈਂਦਾਂ ਹਾਂ, ਤੁਹਾਥੋਂ ਬਗੈਰ, ਭੈਣੀ ਸੁੰਞੀ ਹੋ ਜਾਣੀ। ਤੁਸੀਂ ਉਤਰ ਆਉ, ਗੱਡੇ ਤੋਂ ਮੈਂ ਤੁਰ ਜਾਂਦਾ ਹਾਂ। ਸਤਿਗੁਰ ਨਾ ਮੰਨੇ। ਪ੍ਰਮੇਸ਼ਰੀ ਭਾਣੇ ਅਧੀਨ, ਗੱਡਾ ਤੁਰਦਾ ਗਿਆ...।

ਬੋਹੜ ਦੀਆਂ ਅੱਖਾਂ ਨਮ ਹੋ ਗਈਆਂ। ਰੁੰਧੀ ਆਵਾਜ਼ ਵਿਚ ਫੇਰ ਬੋਲਿਆ - ਦੂਜੇ ਦਿਨ, ਗੁਰਦੁਆਰੇ ਦੀ ਡਿਓਢੀ ਨਾਲ ਪੁਲਿਸ ਚੌਂਕੀ ਬੈਠ ਗਈ। ਸਾਰੀ ਨਾਮਧਾਰੀ ਸੰਪ੍ਰਦਾ, ਗੈਰ-ਕਾਨੂੰਨੀ ਘੋਸ਼ਿਤ ਕੀਤੀ ਗਈ। ਪੰਜ ਤੋਂ ਵੱਧ

ਸਰੀਰ ਇਕੱਠਿਆਂ ਹੋਣ ਤੇ, ਦੀਵਾਨਾਂ, ਅਖੰਡ ਪਾਠਾਂ ਤੇ ਰੋਕ ਲਾ ਦਿੱਤੀ ਗਈ। ਸਾਰਾ ਭੈਣੀ ਸਾਹਿਬ, ਪੁਲਿਸ ਘੇਰੇ ਵਿਚ ਲੈ ਲਿਆ ਗਿਆ। ਅਘੋਸ਼ਤ ਜੇਲ੍ਹ ...! ਬੋਹੜ ਦੁਖ ਭਰੇ ਸਮੇਂ ਨੂੰ, ਯਾਦਾਂ ਦੀ ਕੂਚੀ ਨਾਲ ਚਿਤਰਤ ਕਰ ਰਿਹਾ ਸੀ। ਇੱਕ ਇੱਕ ਘਟਨਾ ਦਾ ਮਾਰਮਕ ਚਿਤਰਨ ! ਸਾਰੇ ਪੱਤੇ, ਸ਼ਾਖਾਂ, ਸਾਹ ਰੋਕ, ਸੁਣ ਰਹੇ ਸਨ।

ਉਹ ਸਮਾਂ ਅਤਿ ਦੁੱਖਦਾਈ ਸੀ। ਪ੍ਰੀਤਮ ਨੂੰ ਪ੍ਰਦੇਸ ਲੈ ਗਏ। ਕਿੱਥੇ ... ਕਿਸ ਹਾਲ ਹਨ, ਕੋਈ ਉੱਘ ਸੁੱਘ ਨਹੀਂ। ਇਥੇ, ਹਰ ਦਿਨ ਪੁਲਿਸ ਦਾ ਸਖਤ ਵਤੀਰਾ ਹੁੰਦਾ। ਗੁਰਦੁਆਰਾ, ਲੋਹ ਲੰਗਰ ਤਕ ਦੀ, ਕਈ ਕਈ ਵਾਰ ਤਲਾਸ਼ੀ ...। ਬਾਹਰ ਜਾਣ ਜਾਂ ਬਾਹਰੋਂ ਕਿਸੇ ਦੇ ਆਉਣ ਤੇ ਪੂਰੀ ਤਰ੍ਹਾਂ ਪਾਬੰਦੀ। ਭਾਈ ਬੁੱਧ ਸਿੰਘ ਜੀ, ਦਿਨੇ ਸੰਗਤ ਨੂੰ ਸੰਭਾਲਦੇ ... ਹੌਂਸਲਾ ਦੇਂਦੇ ... ਸਤਿਗੁਰਾਂ ਦੇ ਛੇਤੀ ਮੁੜ ਆਉਣ ਦਾ ਭਰੋਸਾ ਦਿਵਾਉਂਦੇ। ਸ਼ਾਂਤ ਚਿੱਤ, ਪੂਰੀ ਸਹਿਨਸ਼ਕਤੀ ਨਾਲ ਦਿਨ ਲੰਘਾਉਂਦੇ। ਰਾਤ ਹੁੰਦੀ ਤਾਂ ਜਿਵੇਂ ਟੁੱਟ ਜਾਂਦੇ। ਸਾਰਿਆਂ ਨੂੰ ਸੁੱਤਿਆਂ ਛੱਡ, ਪਿੰਡੋਂ ਬਾਹਰ, ਰੇਤ ਦੇ ਟਿੱਬਿਆਂ ਤੇ ਬੈਠ, ਭੁੱਬਾਂ ਮਾਰ ਰੋਂਦੇ। ਬੋਹੜ ਦ੍ਰਵ ਗਿਆ। ਯਾਦਾਂ ਦੇ ਪਵਨ ਝੋਂਕੇ ਆਏ...... ਬੋਹੜ ਦੀਆਂ ਜਿਵੇਂ ਸਿਸਕਾਰੀਆਂ ਨਿਕਲ ਰਹੀਆਂ ਸਨ। ਫੇਰ ਕੰਬਦੀ ਆਵਾਜ਼ ਵਿਚ ਬੋਲਣ ਲਗਾ -ਉਹ ਸਾਮ੍ਹਣੇ ਦੇ ਟਿੱਬਿਆਂ, ਚੋਂ ਹਰ ਰਾਤ ਰੋਣ ਦੀ, ਸਿਸਕੀਆਂ ਦੀ ਵਾਜ ਆਉਂਦੀ। ਉਸ ਰੁਦਨ ਨੂੰ, ਵਿਛੋੜੇ ਦੀਆਂ ਹਿਚਕੀਆਂ ਨੂੰ, ਉਤੇ ਅਸਮਾਨ ਵਲ ਵੇਖ, ਸਤਿਗੁਰੂ ਰਾਮ ਸਿੰਘ ਪ੍ਰਤੀ ਕੀਤੀਆਂ ਅਰਜੋਈਆਂ ਨੂੰ, ਵਗਦੀ ਹਵਾ, ਮੇਰੇ ਤਾਂਈ ਪਹੁੰਚਾਉਂਦੀ। ਉਹ ਆਪ ਵੀ ਕਰੁਣਾ-ਭਿੱਜੀ ਹੁੰਦੀ। ਕਈ ਵਾਰ ਆਖਦੀ, "ਮੈਥੋਂ ਇਹ ਦੁਖ ਵੇਖਿਆ ਨਹੀਂ ਜਾਂਦਾ। ਵੀਰ, ਤੂੰ ਈ ਕੁਝ ਕਰ, ਕਿਸੇ ਤਰ੍ਹਾਂ ਭਰਾਤਾ ਮਿਲਾਪ ਹੋ ਜਾਏ।"

ਇਕ ਖਿਨ ਲਈ ਬੋਹੜ ਚੁੱਪ ਹੋ ਗਿਆ। ਸਿਮ੍ਰਿਤੀ ਮੰਡਲ ਚੋਂ ਇਕ ਹੰਝੂ ਭਿੱਜਾ ਪ੍ਰਸੰਗ ਲੈ ਆਇਆ -

"ਪ੍ਰਦੇਸ ਗਮਨ ਦੇ ਥੋੜ੍ਹੇ ਦਿਨਾਂ ਮਗਰੋਂ, ਕਾਇਨਾਤ ਨੇ ਪਾਸਾ ਪਰਤਿਆ। ਬਨਸਪਤੀ ਮਉਲੀ ... ਬਸੰਤ ਆ ਗਈ। ਜਿਨ੍ਹੇ ਭਾਈ ਬੁੱਧ ਸਿੰਘ ਦਾ ਹਿਰਦਾ ਵਿੰਨ੍ਹ ਦਿੱਤਾ। ਉਸ ਰਾਤ, ਇਕੋ ਸ਼ਬਦ ਬਾਰ-ਬਾਰ ਪੜ੍ਹਦੇਃ

"ਨਾਨਕ ਤਿਨਾ ਬਸੰਤ ਹੈ, ਜਿਨ ਘਰਿ ਵਸਿਆ ਕੰਤੁ ॥
ਜਿਨਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥

ਸਾਰੀ ਰਾਤ ਰੋਂਦੇ ਰਹੇ .. ਸਮੇਂ ਨੂੰ ਕੋਸਦੇ ਰਹੇ, ਸਤਿਗੁਰਾਂ ਨੂੰ ਅਰਜੋਈਆਂ ਕਰਦੇ ਰਹੇ।"

ਹਕੂਮਤ ਦੀ ਸਖਤੀ ਵਧਦੀ ਗਈ। ਬੋਹੜ ਨੇ ਗੱਲ ਤੋਰੀ ਰੱਖੀ – ਦਰਸ਼ਨਾਰਥੀ ਸਿੱਖਾਂ ਪ੍ਰਤੀ ਰਵੱਈਆ ਹੋਰ ਕਠੋਰ ਹੁੰਦਾ ਗਿਆ। ਇਕ ਵਾਰ ਮਾਲਵੇ ਦੀ ਕੁਝ ਸੰਗਤ ਆਈ। ਚੌਕੀ ਦੇ ਥਾਣੇਦਾਰ ਨੇ ਸਾਰੇ ਤਬੇਲੇ ਡੱਕ ਦਿੱਤੇ। ਦੂਰੋਂ ਆਏ, ਭੁੱਖੇ ਭਾਣੇ ਸਿੱਖ! ਸਵੇਰੇ ਮਾਤਾ ਜੀਊਣ ਕੌਰ ਨੂੰ ਪਤਾ ਲੱਗਾ। ਇਕ ਟੋਕਰੇ ਵਿਚ ਪ੍ਰਸ਼ਾਦੇ ਰੱਖੇ, ਭਾਂਡੇ ਵਿਚ ਦਾਲਾ ਰੱਖ ਡਿਉਢੀ ਆਏ। ਪੁਲਸੀਆਂ ਨੂੰ ਮਿੰਨਤਾਂ ਕੀਤੀਆਂ –"ਵੇ ਮੇਰੇ ਪੁੱਤ ਭੁੱਖੇ ਤ੍ਰਿਹਾਏ ਹਨ ... ਪ੍ਰਸਾਦਾ ਪਾਣੀ ਛਕ ਲੈਣ ਦਿਓ"। ਨਿਰਦਈ ਹਵਲਦਾਰ ਨੇ, ਮਾਤਾ ਜੀ ਨੂੰ ਬੋਲ ਕੁਬੋਲ ਬੋਲੇ ਧੱਕਾ ਮਾਰਿਆ। ਮਾਤਾ ਜੀ ਪਰ੍ਹੇ ਜਾ ਡਿੱਗੇ। ਸਿਰ ਤੋਂ ਟੋਕਰਾ ਦੂਜੇ ਪਾਸੇ ਜਾ ਪਿਆ ... ਦਾਲਾ, ਪ੍ਰਸ਼ਾਦੇ ਭੌਏਂ ਖਿੰਡ ਗਏ। ਮਾਤਾ ਜੀ, ਚਉਬਾਰੇ ਤੇ ਜਾ, ਧਾਂਈ ਮਾਰ ਰੋਏ –"ਸਤਿਗੁਰੂ ਰਾਮ ਸਿੰਘ ਜੀ, ਜੇ ਤੈਨੂੰ ਪਤਾ ਸੀ, ਸਾਡੇ ਨਾਲ ਇਸ ਤਰ੍ਹਾਂ ਹੋਣੀ ਏ, ਤੂੰ ਪ੍ਰਦੇਸ ਨਹੀਂ ਸੀ ਜਾਣਾ।"

ਉਫ਼! ਉਹ ਰਾਤ ਬਹੁਤ ਭਿਆਨਕ ਸੀ। ਬੋਹੜ ਇਕ ਡਾਢਾ ਹਉਕਾ ਲੈ ਕੇ ਬੋਲਿਆ – ਭਾਦੋਂ ਦੀ ਇਕ ਬੱਦਲਾਂ ਭਰੀ ਕਾਲੀ ਰਾਤ। ਭਿਆਨਕ ਗਰਜਨਾਂ ਲਿਸ਼ਕਦੀ, ਕੜਕਦੀ ਬਿਜਲੀ, ਜਿਵੇਂ ਕੁਦਰਤ ਦਾ ਕਹਿਰ ਟੁੱਟ ਪਿਆ ਹੋਵੇ। ਅੱਧੀ ਰਾਤ ਦਾ ਸਮਾਂ ਹੋਣੈ ... ਤੇਜ ਬਰਖਾ ਵਿਚ ਇਕ ਮਨੁੱਖੀ ਸਾਇਆ, ਉਧਰੋਂ ਪਿਛਲੇ ਪਾਸਿਓਂ ਆਇਆ। ਸਾਮ੍ਹਣਿਓਂ ਹੌਲੀ ਹੌਲੀ ਉਪਰ ਨੂੰ ਲੰਘਿਆ। ਮੈਂ ਗੌਰ ਨਾਲ ਵੇਖਿਆ, ਕੋਈ ਨਾਰੀ ਮੂਰਤ ਸੀ। ਬ੍ਰਿਹੋਂ ਵਿਛੁੰਨੀ ਕੋਇਲ ਵਾਂਗ ਕੂਕਦੀ ਵਿਛੋੜਾ ਹੰਢਾਉਂਦੀ, ਗਾਉਂਦੀ ਲੰਘੀ। ਨੇੜੇ ਜਾਂ ਆਈ ...ਔਹ! ਇਹ ਤਾਂ "ਭੈਣੀ" ਹੈ! ਕਿੰਨਾ ਦਰਦ ਸੀ ਉਸਦੇ ਬੋਲਾਂ ਵਿਚ। ਖੌਰੇ ਉਸੇ ਦੀ ਵੇਦਨਾ ਤੋਂ ਬਿਹਬਲ ਹੋਇਆ, ਆਕਾਸ਼ ਵੀ ਰੋ ਰਿਹਾ ਸੀ। ਨੇੜਿਓਂ ਲੰਘੀ ਤਾਂ ਬੋਲ ਸਪੱਸ਼ਟ ਹੋਏ –

"ਮਾਹੀ ਗਿਆ ਪਰਦੇਸ ... ਸਮਾਂ ਹੋਇਆ ਹਰਜਾਈ।
ਹਾਇ ਵੇ ਡਾਢਿਆ ਰੱਬਾ, ਕਿਉਂ ਇਹ ਮੁਸੀਬਤ ਪਾਈ॥"

ਮੈਂ ਵੀ ਕਿੰਨਾ ਚਿਰ, ਗੁਮ ਸੁਮ ਰੋਂਦਾ ਰਿਹਾ। ਉਹ ਬਹੁਤ ਭਿਆਨਕ ਸਮਾਂ ਸੀ। ਰੱਬ ਨਾ ਕਰੇ, ਕਿਸੇ ਦੁਸ਼ਮਨ ਨੂੰ ਵੀ ਇਹ ਦਿਨ ਵੇਖਣੇ ਪੈਣ। ਫੇਰ



Sri Satguru Jagjit Singh Ji eLibrary NamdhariElibrary@gmail.com

ਤਿੰਨ ਕੁ ਸਾਲਾਂ ਮਗਰੋਂ, ਪਤਾ ਲਗਾ, ਪਰਦੇਸੀ ਪ੍ਰੀਤਮ ਦਾ ਹੁਕਮਨਾਮਾ ਆਇਆ, ਭਾਈ ਬੁੱਧ ਸਿੰਘ, "ਸਤਿਗੁਰੂ ਹਰੀ ਸਿੰਘ" ਹੋ ਗਏ। ਸੰਗਤ ਦੀ ਸੰਭਾਲ ਯੋਗ ਸਾਰੀਆਂ ਜ਼ਿੰਮੇਵਾਰਿਆਂ ਦੇ ਨਿਰਵਾਹ ਦਾ ਸੁਨੇਹਾ। ਇਸ ਹੁਕਮਨਾਮੇ ਰਾਹੀਂ ਪ੍ਰੀਤਮ ਨੇ ਲੌਕਿਕ ਅਲੌਕਿਕ ਸਾਰੀਆਂ ਸ਼ਕਤੀਆਂ, ਨਵੇਂ ਗੁਰੂ ਵਿਚ ਸਥਾਪਤ ਕਰ ਦਿੱਤੀਆਂ।

ਬੋਹੜ ਨੇ ਇਕ ਲੰਬਾ ਸਾਹ ਲਿਆ ... ਫੇਰ ਬੋਲਿਆ – ਸਤਿਗੁਰੂ ਹਰੀ ਸਿੰਘ, ਬਹੁਤ ਕਠਿਨ ਪ੍ਰੀਖਿਆ ਚੋਂ ਲੰਘ ਰਹੇ ਸਨ। ਸਤਿਗੁਰੂ ਰਾਮ ਸਿੰਘ ਦਾ ਵਿਛੋੜਾ ... ਹਕੂਮਤ ਦੀ ਹੱਦ ਤੋਂ ਵੱਧ ਸਖਤੀ ... ਆਪਣਾ ਸਮਝਿਆ ਜਾਣ ਵਾਲਾ ਭਾਈ ਚਾਰਾ ਵੀ, ਵੈਰੀਆਂ ਦੀ ਬੋਲੀ ਬੋਲ ਰਿਹਾ ਸੀ। ਪੱਤਾ-ਪੱਤਾ ਵੈਰੀ ਹੋਇਆ ਸੀ। ਸਿੱਖੀ ਦੀ ਸੰਭਾਲ ... ਸੇਵਾ, ਸਿਮਰਨ, ਲੋਹ ਲੰਗਰ ਦੀ ਨਿਰੰਤਰਤਾ ਨੂੰ ਕਾਇਮ ਰਖਣਾ, ਬਹੁਤ ਔਖੀ ਕਾਰ ਸੀ। ਕੋਈ ਸਹਾਰਾ ਨਹੀਂ, ਸਲਾਹਕਾਰ ਨਹੀਂ। ਅੰਗ੍ਰੇਜ਼ੀ ਅਤਿਆਚਾਰ ਦੇ ਝੱਖੜਾਂ ਵਿਚ, ਗੁਰੂ ਰਾਮ ਸਿੰਘ ਦੀ ਆਜ਼ਾਦੀ ਜੋਤਿ ਨੂੰ ਜਲਾਈ ਰੱਖਣਾ, ਬਹੁਤ ਵੱਡੀ ਜ਼ਿੰਮੇਵਾਰੀ ਸੀ। ਸਤਿਗੁਰੂ ਹਰੀ ਸਿੰਘ, ਸ਼ਾਂਤ-ਮੂਰਤ, ਸਦਾ ਇਸ ਚਿੰਤਨ ਵਿਚ ਡੁੱਬੇ ਰਹਿੰਦੇ। ਇਹ ਸਾਮ੍ਹਣੇ, ਹਰੀ ਮੰਦਰ ਵੇਖਦੇ ... ਇਥੇ ਕੁਝ ਨਹੀਂ ਸੀ। ਬਸ ਕੁਝ ਨਿੰਮ, ਬੇਰੀ, ਟਾਹਲੀ ਦੇ ਦਰੱਖ਼ਤ ਤੇ ਸਰਕੰਡਿਆਂ ਦਾ ਝੁਰਮੁਟ। ਚਹੁੰ ਪਾਸਿਓਂ, ਝਾੜੀਆਂ ਦਰੱਖਤਾਂ ਨਾਲ ਘਿਰਿਆ ਇਹ ਥਾਂ, ਗੁਰੂ ਹਰੀ ਸਿੰਘ ਦਾ ਤਪ-ਥਲ ਬਣ ਗਿਆ। ਕਿਸੇ ਗੁਪਤ ਵੀਚਾਰਾਂ ਲਈ, ਸਤਿਗੁਰੂ ਜੀ, ਇਸ ਥਾਂ ਦੀ ਵਰਤੋਂ ਕਰਦੇ। ਮੈਂ ਕਈ ਵਾਰ ਵੇਖਿਆ। ਬੋਹੜ ਨੇ ਰਹੱਸ ਖੋਲਿਆ – ਇਕ ਲੰਮਾ, ਆਕਰਸ਼ੱਕ ਨੈਣ ਨਕਸ਼ ਵਾਲਾ, ਸੁਡੋਲ, ਸੁਘੜ ਮਧੇਸ਼ ਉਮਰ ਵਾਲਾ ਸਿੱਖ, ਕਈ ਵਾਰ, ਸਤਿਗੁਰਾਂ ਨਾਲ, ਸੁਗਾਤਾਂ, ਸੁਨੇਹੇ ਦੇਂਦਾ, ਲੈਂਦਾ ਵਿਖਾਈ ਦਿੰਦਾ ਸੀ। ਉਥੇ ਨਿੰਮ ਥੱਲੇ, ਝੁਰਮੁਟ ਦੇ ਓਹਲੇ, ਦੋਵੇਂ ਕਿੰਨਾ ਚਿਰ, ਗੁਪਤ ਵਿਚਾਰ ਵਟਾਂਦਰਾ ਕਰਦੇ। ਫੇਰ ਅਚਾਨਕ ਦੋਂਵੇ, ਦੋ ਪਾਸਿਓਂ, ਗਾਇਬ ਹੋ ਜਾਂਦੇ। ਬਾਅਦ ਵਿਚ, ਇਸ ਬੇਰੀ ਦੀ ਵਾਰਤਾ ਤੋਂ ਪਤਾ ਲਗਾ, ਉਸ ਸੁਨੱਖੜੇ ਸਿੱਖ ਦਾ ਨਾਂ, "ਸੂਬਾ ਗੁਰਚਰਨ ਸਿੰਘ" ਸੀ। ਇਸੇ ਤਰ੍ਹਾਂ ਸੂਬਾ ਬਿਸ਼ਨ ਸਿੰਘ ਨਾਲ ਵੀ ਗੁਪਤ ਵਾਰਤਾ, ਇਸੇ ਥਾਂ ਹੁੰਦੀ। ਕਈ ਵੇਰ, ਗੱਲ ਬਾਤ ਵਿਚ, ਕਾਬਲ, ਕੰਧਾਰ, ਤੁਰਕਿਸਤਾਨ, ਰੂਸ, ਜਾਰ ਅਤੇ ਮਹਾਰਾਜਾ ਦਲੀਪ ਸਿੰਘ ਦਾ ਨਾਂ ਹੁੰਦਾ।

ਬ੍ਰਿਖਦੇਵ ਫਿਰ ਬੋਲਿਆ – ਸੱਚ ਜਾਨਣਾ, ਗੁਰੂ ਹਰੀ ਸਿੰਘ, ਬਹੁਤ ਸ਼ਾਂਤ ਚਿੱਤ, ਪਰ ਸਮੁੰਦਰ ਵਾਂਗ ਗਹਿਰੇ ਸਨ। ਗੁਰੂ ਰਾਮ ਸਿੰਘ ਦੇ ਆਰੰਭੇ, ਕਿਸੇ ਕਾਜ ਨੂੰ ਅਧੂਰਾ ਨਾ ਛਡਿਆ। ਲੋਹ ਗੱਡਦਿਆਂ, ਸਤਿਗੁਰਾਂ ਹੁਕਮ ਕੀਤਾ ਸੀ, ਇਹ ਸਰਬ ਲੋਹ ਹੈ, ਸਦਾ-ਵਰਤ ਵਰਤੇਗੀ ... ਅੰਨਪੂਰਣਾ ਵਾਂਗ। ਕੋਈ ਇਥੋਂ ਭੁੱਖਾ ਨਾ ਜਾਏ ... ਭਾਵੇਂ ਗਊ ਹੱਤਿਆ ਕਰ ਲਹੂ ਲਿਬੜੀ ਛੁਰੀ ਹੱਥ ਲੈ, ਕੋਈ ਕਸਾਈ ਵੀ ਆਵੇ ... ਇਥੋਂ ਭੁੱਖਾ ਨਾ ਜਾਵੇ।"

ਸਤਿਗੁਰ ਹਰੀ ਸਿੰਘ ਜੀ ਨੇ, ਸਤਿਗੁਰਾਂ ਦੇ ਇਸ ਕਉਲ ਨੂੰ, ਪੂਰੀ ਤਨ-ਦੇਹੀ ਨਾਲ ਨਿਭਾਇਆ। 19ਵੀਂ ਸਦੀ ਦੇ ਅੰਤ ਵਿਚ, ਦੇਸ਼ ਵਿਚ ਭਿਆਨਕ ਅਕਾਲ ਪਿਆ। ਡੰਗਰ, ਮਨੁੱਖ ਮਰਨ ਲੱਗੇ। ਕਿਸੇ ਤਰ੍ਹਾਂ, ਭੈਣੀ ਸਾਹਿਬ ਦੇ ਸਦਾ-ਵਰਤ ਲੰਗਰ ਦੀ ਖਬਰ ਉਥੇ ਪੁੱਜੀ। ਡਾਰਾਂ ਦੀਆਂ ਡਾਰਾਂ, ਇਸ ਪਾਸੇ ਟੁਰ ਪਈਆਂ। ਥੁੜ੍ਹ ਜਾਪੀ ਤਾਂ ਪੁਰਾਣੇ ਸਾਂਭੇ ਹੋਏ ਗਹਿਣੇ ਵੇਚ ਦਿੱਤੇ। ਲੰਗਰ ਅਤੁੱਟ ਵਰਤਦਾ ਰਿਹਾ। ਲੁਧਿਆਣੇ ਦਾ ਡਿਪਟੀ ਕਮਿਸ਼ਨਰ, 1300 ਏਕੜ ਜ਼ਮੀਨ ਦਾ ਪਟਾ ਲੈ ਕੇ, ਗੁਰਾਂ ਹਜ਼ੂਰ ਆਇਆ। ਕਿਹਾ, ਤੁਸੀਂ ਮਨੁੱਖਤਾ ਦੀ ਸੇਵਾ ਕੀਤੀ ਏ... ਸਰਕਾਰ ਵਲੋਂ ਇਹ ਤੋਹਫ਼ਾ ਪ੍ਰਵਾਨ ਕਰੋ। ਸਤਿਗੁਰਾਂ ਕਿਹਾ, ਇਹ 1300 ਏਕੜ ਲੈ ਕੇ, ਅਸੀਂ ਸਵੀਕਾਰ ਕਰ ਲਈਏ ਕਿ ਬਾਕੀ ਹਿੰਦੁਸਤਾਨ ਤੁਹਾਡਾ ਹੈ? ਇਹ ਨਹੀ ਹੋ ਸਕਦਾ। ਅੰਗ੍ਰੇਜ਼ੀ ਪੇਸ਼ਕਸ਼ ਮੋੜ ਦਿੱਤੀ।

ਕੂਕਾ, ਮਰਜੀਵੜਿਆਂ ਦੀ ਕੌਮ ਹੈ। ਦੇਸ਼ ਧਰਮ ਲਈ ਜਾਨਾਂ ਤਲੀ ਤੇ ਰੱਖ ਤੁਰਨ ਵਾਲੇ ਸੂਰਬੀਰਾਂ ਦਾ ਪੰਥ! ਉਨ੍ਹਾਂ ਨੂੰ ਵੇਖ ਮੈਂ ਵੀ, ਇਸ ਧਰਤੀ ਤੇ ਖਲੋਤਾ ਮਾਣ ਮਹਿਸੂਸ ਕਰਦਾ ਹਾਂ। ਇਥੋਂ ਦੀ ਮਿੱਟੀ, ਸਰੋਵਰ ਦਾ ਪਾਣੀ, ਹਵਾ, ਪੰਖੀ, ਬੂਟੇ, ਸਾਰੇ ਨਿਵੇਕਲੀ ਸ਼ਾਨ ਨਾਲ ਭਰੇ ਹਨ। ਉਹਨਾਂ ਸਖਤੀ ਦੇ ਦਿਨਾਂ ਵਿਚ, ਇਥੇ ਪੁਲਿਸ ਚੌਂਕੀ ਤੇ, ਗੇਂਦਾ ਸਿਪਾਹੀ, ਕਿਤੋਂ ਤਬਦੀਲ ਹੋ ਕੇ ਆਇਆ। ਬਹੁਤ ਬੇਰਹਿਮ ਤੇ ਕੁਰੱਖ਼ਤ। ਹਰ ਆਉਂਦੇ ਜਾਂਦੇ ਸਿੱਖਾਂ ਨੂੰ ਮਾਰਦਾ ਕੁੱਟਦਾ ... ਗਾਲ੍ਹਾਂ ਕੱਢਦਾ। ਸਾਰੇ ਦੁਖੀ ਸਨ। ਸਤਿਗੁਰ ਦਾ ਇਕ ਭੌਰਾ, ਅਲਮਸਤ ਜਵਾਨ ਕਿਤੋਂ ਭੈਣੀ ਆਇਆ। ਉਸਨੂੰ ਗੇਂਦੇ ਦੀ ਬਦਸਲੂਕੀ ਨਾ-ਗਵਾਰ ਗੁਜ਼ਰੀ। ਅੰਗ੍ਰੇਜ਼ੀ ਰਾਜ ਦਾ ਦੁਸ਼ਮਨ! ਨਾਂ ਉਸਦਾ ਸੀ, " ਭਗਵਾਨ ਸਿੰਘ ਅੜਬੰਗੀ"! ਕਈ ਕੇਸਾਂ ਦਾ ਭਗੌੜਾ ਘੋਸ਼ਿਤ। ਕਈ ਥਾਵਾਂ ਦੀ ਪੁਲਿਸ



Sri Satguru Jagjit Singh Ji eLibrary NamdhariElibrary@gmail.com

ਨੂੰ ਉਸ ਦੀ ਤਲਾਸ਼ ਸੀ। ਉਸ ਇਕੋ ਸਲੋਤਰ ਭਵਾਂ ਕੇ ਮਾਰਿਆ, ਗੋਂਦੇ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ। ਹਵਾਵਾਂ ਨੇ, ਬ੍ਰਿਖਾਂ, ਬੂਟਿਆਂ, ਪੰਖੀਆਂ ਸਭ ਨੂੰ ਇਹ ਸੁਖ ਸੰਦੇਸ਼ ਪਹੁੰਚਾਇਆ। ਇਕ ਵਾਰ, ਭੌਰ ਦੇ ਝੁਟਪੁਟੇ ਵਿਚ, ਰਾਤ ਦੇ ਪਿਛਲੇ ਪਹਿਰ, ਇਕ ਤਕੜਾ ਜਵਾਨ, ਸਣੇ ਕੇਸ਼ੀ ਇਸ਼ਨਾਨ ਕੀਤਾ ਹੋਇਆ, ਮਧੁਰ ਸੁਰ ਵਿਚ ਗਾਉਂਦਾ ਇੱਧਰ ਆਇਆ। ਬਹੁਤ ਖਿੱਚ ਸੀ, ਉਸ ਦੀ ਆਵਾਜ਼ ਵਿਚ। "ਇਹ ਭੈਣੀ ਦੀਆਂ ਗਲੀਆਂ, ਕਈ ਬਖਸ਼ੀਆਂ ਰੂਹਾਂ ਨੇ ਆਣ ਮੱਲੀਆਂ। ਇਹ ਨਿੰਮ ਤੇ ਇਹ ਬਰੋਟੇ, ਸਾਧ ਵਾਂਗ ਇਹ ਬੋਹੜ ਖਲੋਤੇ। ਇਹ ਰਾਮਸਰ ਦਾ ਪਾਣੀ, ਇਸ ਦੀ ਕਦਰ ਦੇਵਤਿਆਂ ਜਾਣੀ। ਸ਼ੋਭਾ ਇਸਦੀ ਗਗਨੰਤਰ ਹੈ, ਇਸ ਦਾ ਕੰਕਰ ਕੰਕਰ ਸ਼ੰਕਰ ਹੈ।" ਉਹ ਗਾਉਂਦਾ ਹੋਇਆ ਜਿਧਰੋਂ ਲੰਘਿਆ, ਹਵਾ ਵਿਚ ਇਕ ਗੈਬੀ ਮੁਗਧਤਾ ਦੀ ਮਹਿਕ ਬਿਖੇਰ ਗਿਆ। ਜਾਗੇ ਪੰਖੀ, ਮੋਰ, ਬ੍ਰਿਖ, ਲਤਾਵਾਂ ਪੁੱਛਣ, ਇਹ ਕੌਣ ਹੈ?

ਵਗਦੀ ਹਵਾ ਨੇ ਦੱਸਿਆ -ਪਛਾਣਿਆ ਨਹੀ ... "ਭਗਵਾਨ ਸਿੰਘ ਅੜਬੰਗੀ!"

ਸਤਿਗੁਰਾਂ ਦਾ ਹੁਕਮਨਾਮਾ ਆਇਆ, ਸਾਧ ਸੰਗਤ ਜੀ! ਆਦਿ ਸ੍ਰੀ ਗ੍ਰੰਥ ਸਾਹਿਬ ਦੇ ਅਖੰਡ ਪਾਠ, ਜਿਤਨੇ ਹੋ ਸਕਣ, ਕਰਵਾ ਕੇ ਭੋਗ ਪਾਉਣੇ ... ਮੇਰੇ ਨਮਿਤ! ਸਤਿਗੁਰੂ ਹਰੀ ਸਿੰਘ ਜੀ ਨੇ, ਲੰਗਰ ਵਿਚ ਗਹਿਰਾ ਟੋਇਆ ਪੁਟਵਾਇਆ ... ਮਿੱਟੀ ਵੀ ਕਿਸੇ ਗੁਪਤ ਥਾਂ ਸੁਟਵਾਈ। ਹਕੂਮਤ ਵਲੋਂ ਰੋਕ ਸੀ। ਮੌਤ ਤੋਂ ਬੇਪਰਵਾਹ ਕੂਕਿਆਂ ਨੇ ਥਾਂਈਂ ਥਾਂਈਂ, ਘਰੋ ਘਰੀ ਅਖੰਡ ਪਾਠ ਅਰੰਭ ਕਰਵਾਏ। ਜੁਰਮਾਨੇ ਭਰੇ... ਬਾਮੁਸ਼ੱਕਤ ਜੇਲ੍ਹ ਦੀਆਂ ਸਜ਼ਾਵਾਂ ਭੁਗਤੀਆਂ ... ਅਖੰਡ ਪਾਠਾਂ ਦੀ ਲੜੀ ਚਲਦੀ ਰਹੀ ...।

ਕਿਸੇ, ਮੇਰੇ ਪੈਰਾਂ ਨੂੰ ਹੱਥ ਲਾਇਆ ... ਉਠ ਭਾਈ, ਵਾਰੇ ਦਾ ਸਮਾਂ ਹੋ ਗਿਐ ... ਇਸ਼ਨਾਨ ਕਰੋ। ਵਰਨੀਆਂ ਚੋਂ ਘੜਿਆਲ ਤਿੰਨ ਵਾਰ ਖੜਕਿਆ। ਮੈਂ ਸ਼ਰਧਾ ਸਹਿਤ ਬੋਹੜ ਦਾ, ਸ਼ੁਕਰਾਨੇ ਵਜੋਂ, ਸਿਰ ਝੁਕਾ ਅਭਿਵਾਦਨ ਕੀਤਾ ਅਤੇ ਆਪਣੇ ਕਮਰੇ ਪਾਸੇ ਤੁਰ ਗਿਆ।



Sri Satguru Jagjit Singh Ji eLibrary NamdhariElibrary@gmail.com

# 20.

# ਹਰਿ ਕੀ ਗਤਿ ਨਹਿ ਕੋਊ ਜਾਨੈ

ਹਰ ਸ਼ੈਅ ਜੜ੍ਹ-ਚੇਤਨ ਵਿਚ, ਜੋ ਹਰੀ ਵਿਦਮਾਨ ਹੈ, ਸੋ "ਹਰਿ" ਕਿਹਾ ਗਿਆ। ਆਦਿ ਕਾਲ ਤੋਂ, ਮਨੁੱਖ ਉਸ, ਅਕਾਲ, ਅਲਖ, ਹਰੀ ਦੀ ਖੋਜ ਵਿਚ ਹੈ। ਘਣੇ ਜੰਗਲਾਂ ਵਿਚ ਕੁਦਰਤ ਦੇ ਛੁਪੇ ਰਹੱਸਾਂ ਨੂੰ ਭਾਲਦੇ 'ਏਕਸਪਲੋਰਰ' ਉੱਚੇ ਪਰਬਤਾਂ ਤੇ ਚੜ੍ਹਦੇ ਪਰਵਤ ਆਰੋਹੀ, ਸਮੁੰਦਰ ਦੀ ਗਹਿਰਾਈਆਂ ਵਿਚ ਗੋਤੇ ਲਾਉਂਦੇ-ਗੋਤਾਖੋਰਾਂ ਦੇ ਅਵਚੇਤਨ ਵਿਚ, ਸ਼ਾਇਦ ਭੌਤਿਕ ਜਾਣਕਾਰੀ ਤੋਂ ਇਲਾਵਾ, ਕਿਸੇ ਅਦਿੱਖ, ਅਲੌਕਿਕ ਸਿਰਜਨਹਾਰ ਦੀ ਭਾਲ, (ਜਗਿਆਸਾ) ਵੀ ਸ਼ਾਮਲ ਹੈ। ਰਿਸ਼ੀਆਂ ਮੁਨੀਆਂ, ਗੁਰੂਆਂ, ਪੀਰਾਂ, ਫ਼ਕੀਰਾਂ ਖੋਜ ਕੀਤੀ। ਪ੍ਰਮਾਤਮਾ ਦੇ ਕੁਝ ਸੰਕੇਤ ਵੇਦਾਂ ਸ਼ਾਸਤ੍ਰਾਂ ਵਿਚ ਆਏ। ਪਰ ਅੰਤ ਵੇਦਾਂ ਨੇ ਭੀ "ਨੇਤਿ-ਨੇਤਿ ਕਹਿ ਵੇਦ"। ਨ ਇਤੀ, ਨ ਇਤੀ (ਨੇਤਿ) ਇਥੇ ਵੀ ਅੰਤ ਨਹੀਂ ...ਇਥੇ ਵੀ ਅੰਤ ਨਹੀਂ। ਉਹ ਪ੍ਰਮਾਤਮਾ ਅਨੰਤ ਹੈ...ਉਸਦਾ ਕੋਈ ਅੰਤ ਨਹੀਂ।

ਨੌਂਵੇਂ ਪਾਤਸ਼ਾਹ, ਉਸ ਅਨੰਤ, ਆਨੰਦ ਘਨ ਸੱਚਿਦਾਨੰਦ ਬਾਬਤ ਕਹਿੰਦੇ ਹਨ:

"ਹਰਿ ਕੀ ਗਤਿ ਨਹਿ ਕੋਊ ਜਾਨੈ ॥

ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥ (ਪੰ: 143)

ਮਨੁਖ, ਦੇਹ ਰੂਪ ਹੈ....ਸਾਕਾਰ ਹੈ। ਕੁਝ ਵੀ ਜਾਣਕਾਰੀ ਲਈ, ਕੁਦਰਤ ਵਲੋਂ ਪ੍ਰਾਪਤ, ਗਿਆਨ ਇੰਦ੍ਰੀਆਂ, ਅੱਖ, ਕੰਨ, ਨੱਕ, ਰਸਨਾ ਅਤੇ ਤਵੱਚਾ ਦਾ ਮੁਹਤਾਜ ਹੈ।

ਜਿਸ ਨੂੰ ਅਸੀਂ ਦੇਖਦੇ ਹਾਂ, ਸੁਣਦੇ ਹਾਂ, ਉਸ ਨੂੰ ਮੰਨਦੇ ਹਾਂ। ਥੋੜ੍ਹੇ ਕੀਤੇ ਮਨੁੱਖ, ਰੱਬ ਨੂੰ ਵੀ ਮੰਨਦਾ ਨਹੀਂ, ਕਿਉਂਕਿ ਮਨੁੱਖ ਉਸ ਨੂੰ ਜਾਣਦਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਪ੍ਰਮੇਸ਼ਰ ਨਿਰਾਕਾਰ, ਅਦਿੱਖ ਅਰੂਪ ਹੈ...। ਉਸ ਅਰੂਪ ਨੂੰ ਜਾਣਨ ਲਈ, ਖੋਜੀ ਨੂੰ... ਸਾਧਕ, ਸਿੱਖ ਨੂੰ ਅਰੂਪ ਹੋਣਾ ਪਵੇਗਾ। ਦੇਹ ਵਿਚ ਹੁੰਦਿਆਂ ਬਿਦੇਹ! ਦੇਹ ਤੋਂ ਬਿਨਾ। ਇਹ ਮੌਤ ਦਾ ਪੜਾਅ ਹੈ। ਉਸ ਪੰਧ ਤੇ ਮਰ ਕੇ ਪੈਰ ਰੱਖੀਦੈ। ਆਕਾਰ ਨੂੰ ਤਿਆਗ, ਨਿਰਾਕਾਰ ਹੋ ਕੇ, ਨਿਰਾਕਾਰ ਦਾ ਸਾਖਿਆਤਕਾਰ। ਭਾਈ ਵੀਰ ਸਿੰਘ ਦੇਹ ਵਿਚ ਹੁੰਦਿਆਂ, ਅਕਾਲ, ਅਰੂਪ ਨਾਲ ਮਿਲਣ ਦੀ ਕਹਾਣੀ ਦਸਦੇ ਹਨ:

"ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸੀਂ ਧਾਅ ਗੱਲਵਕੜੀ ਪਾਈ।
ਨਿਰਾ ਨੂਰ, ਤੁਸੀਂ ਹੱਥ ਨ ਆਏ, ਸਾਡੀ ਕੰਬਦੀ ਰਹੀ ਕਲਾਈ॥"

ਪ੍ਰਮੇਸ਼ਰ ਨੂੰ ਸ਼ੂੰਨਯ ਕਿਹਾ ਗਿਐ। ਗਿਣਤੀ ਤੋਂ ਰਹਿਤ, ਰੂਪ ਆਕਾਰ ਤੋਂ ਰਹਿਤ। ਅਸੀ ਤਥਾਕਥਿਤ ਖੋਜੀ ਹਾਂ....ਖੋਜ ਦੇ ਸਵਾਂਗੀ। ਮੰਤਵ ਦੀ ਪ੍ਰਾਪਤੀ ਸੰਭਵ ਨਹੀਂ। ਨੌਂਵੇਂ ਪਾਤਸ਼ਾਹ ਕਹਿਦੇ ਹਨ: ਤੂੰ ਆਪਣੀ ਗੱਲ ਛੱਡ ਦੇ...."ਜੋਗੀ, ਜਤੀ, ਤਪੀ ਪਚਿ ਹਾਰੇ"...ਇਹ ਵੱਡੇ ਵੱਡੇ ਧੁਰੰਧਰ ਧਰਮੀ ਹਾਰ ਗਏ, ਬੰਦਿਆ ਤੇਰੀ ਕਿਆ ਔਕਾਤ ਹੈ?

ਹਜ਼ਾਰਾਂ ਸਾਲਾਂ ਤੋਂ, ਇਸ ਖਿੱਤੇ ਵਿਚ ਜੱਦੋ-ਜਹਿਦ ਜਾਰੀ ਰਹੀ। ਕਈ ਰਿਸ਼ੀਆਂ ਮੁਨੀਆਂ ਨੇ, ਦੇਹ ਹੁੰਦਿਆਂ, ਬਿਦੇਹ ਹੋਣ ਦੇ ਪ੍ਰਯੋਗ ਕੀਤੇ। ਮਨ ਅਤੇ ਇੰਦ੍ਰੀਆਂ ਦੇ ਪ੍ਰਭਾਅ ਖਿੱਚ ਤੋਂ ਦੂਰ, ਧਰਤੀ ਦੇ ਗੁਰੁਤੱਵਾਕਰਖਣ ਤੋਂ ਬਹੁਤ ਉਪਰ....."ਆਤਮ ਮੰਡਲ" ਤੇ ਸੁੰਨਯ ਦੀ ਸ਼ਿਨਾਖਤ ਕੀਤੀ। ਇਸੇ ਬਿਦੇਹੀ ਸੱਤਾ ਨੂੰ "ਗੁਰੂ" ਕਿਹਾ ਗਿਆ:

"ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰ ਤਿਸ ਕਾ ਨਾਉ॥"(ਸੁਖਮਨੀ)

ਸ੍ਰਿਸ਼ਟੀ ਦੇ ਦੋ ਹੀ ਪੱਖ ਹਨ: ਸ੍ਰਿਸ਼ਟੀ, ਜੋ ਦਿਖਾਈ ਦੇ ਰਹੀ ਹੈ-ਪਸ਼ੂ, ਪੰਖੀ, ਮਨੁੱਖ, ਨਦੀਆਂ, ਪਹਾੜ, ਜੜ੍ਹ-ਚੇਤਨ ਜੋ ਦਿਖ ਰਹੇ ਹਨ, ਉਹ ਸਿਰਜਨ ਹੈ। ਦੂਜਾ ਸਿਰਾ, ਸਿਰਜਨਹਾਰ ਦਾ!....

ਨਿਰਜੁਰ, ਨਿਰੂਪ, ਨਿਰਾਕਾਰ, ਸੁੰਨਯ! ਉਸ ਅਦਿੱਖ ਦੀ ਪ੍ਰਤੱਖ ਅਨੁਭੂਤੀ....ਸੁੰਨ ਬ੍ਰਹਮ ਦਾ ਪ੍ਰਗਟ ਬਿੰਬ! ਇਕ ਦੇਹ ਵਿਚ, ਬ੍ਰਹਮੰਡੀ ਚੇਤਨਾ ਦਾ ਪ੍ਰਵੇਸ਼ ....ਇਹ "ਸਤਿਗੁਰ" ਹੁੰਦੈ। ਪੰਜਵੇਂ ਪਾਤਸ਼ਾਹ ਇਸ ਰਹੱਸਮਈ ਪ੍ਰਕਰਣ ਨੂੰ ਖੋਲ੍ਹਦੇ ਹਨ-



Sri Satguru Jagjit Singh Ji eLibrary NamdhariElibrary@gmail.com

"ਗੁਰ ਕੀ ਮਹਿਮਾ ਕਥਨ ਨ ਜਾਇ॥

ਪਾਰਬ੍ਰਹਮੁ ਗੁਰੁ ਰਹਿਆ ਸਮਾਇ॥ (ਪੰ 268)

ਕਾਇਨਾਤ ਦੇ ਕਿਸੇ ਗੁਪਤ ਮੰਡਲ ਤੇ, ਨਿਰਾਕਾਰ ਜੋਤਿ, ਸਤਿਗੁਰ ਦੀ ਦੇਹ ਵਿਚ ਆਕਾਰ ਲੈਂਦੀ ਹੈ। ਸਤਿਗੁਰ ਨੇ, ਅਗਮ, ਅਗਾਧ-ਬੋਧ, ਅਲਖ, ਪਾਰਬ੍ਰਹਮ ਨੂੰ ਹਰ ਪ੍ਰਾਣੀ ਵਿਚ ਵਿਖਾਇਆ-

"ਦੇਖਹੁ ਅਚਰਜੁ ਭਇਆ॥

ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥

(ਪੰ: 618) (ਸੋਰਠ ਮਹਲਾ-5)

ਇਹ ਪ੍ਰਯੋਗ ਕਠਿਨ ਸੀ। ਕਿਸੇ ਪ੍ਰਯੋਗਸ਼ਾਲਾ ਵਿਚ ਨਹੀਂ...ਕੁਝ ਭੌਤਿਕ ਪਦਾਰਥਾਂ, ਸਮੱਗਰੀਆਂ ਨਾਲ ਸੰਪਾਦਿਤ ਨਹੀਂ। ਆਪਣੇ ਹੀ ਅੰਦਰ, ਕਿਸੇ ਅਗਿਆਤ ਘਾਟੀ ਵਿਚ ....ਇਕ ਗਹਿਰੀ ਗੁਫ਼ਾ ਅੰਦਰ....ਹਿਰਦੈ ਕੋਸ਼ਠ ਵਿਚ....ਬ੍ਰਹਮ ਵਿਖਾ ਦਿੱਤਾ। ਇਸੇ ਅਨੂਠੀ ਖੋਜ ਵਜੋਂ, ਭਾਰਤ ਦੀ ਦੁਨੀਆਂ ਵਿਚ "ਧਰਮ ਗੁਰੂ" ਦੇ ਨਾਂ ਨਾਲ ਪਛਾਣ ਹੋਈ।

"ਹਰਿ ਕੀ ਗਤਿ" ਨੂੰ ਜਾਨਣ ਵਾਲਾ "ਸਤਿਗੁਰੂ"....।

# 21.

# ਸਤਿਗੁਰ ਪੁਰਖੁ ਅਗੰਮ ਹੈ....

ਸਤਿ ਅਤੇ ਸਤਿਗੁਰ ਵਿਚ ਬਹੁਤ ਥੋੜਾ ਭੇਦ ਹੈ। ਸਤਿ ਦਾ ਅਰਥ ਹੈ, ਬ੍ਰਹਮ ਅਤੇ ਸਤਿਗੁਰ ਦਾ ਅਰਥ ਹੈ, ਬ੍ਰਹਮ ਗਿਆਨ। ਸਤਿ ਅਗੰਮ ਹੈ। ਸਤਿ ਤਕ ਪਹੁੰਚਿਆ ਨਹੀਂ ਜਾ ਸਕਦਾ। ਸਤਿਗੁਰ ਵੀ ਅਗੰਮ ਹੈ, ਅਗਿਆਤ ਹੈ। ਸਤਿਗੁਰ ਦੀ ਭੌਤਿਕ ਦੇਹ ਦੇ ਸਮੀਪ ਪਹੁੰਚਿਆ ਜਾ ਸਕਦੈ, ਪਰ ਅੰਦਰਲੇ ਸਤਿਆਰਥ ਪ੍ਰਕਾਸ਼....ਅੰਦਰ ਜਲ ਰਹੀ ਦਿੱਵ ਜੋਤਿ ਤਕ, “ਸਤਿ ਗੁਰ” ਤਕ, ਸਜਗ ਚੇਤਨਾ ਤਕ, ਨਹੀਂ ਪਹੁੰਚਿਆ ਜਾ ਸਕਦਾ। ਬਾਹਰੋਂ, ਗੁਰੂ ਦਾ ਰੰਗ, ਰੂਪ, ਕੱਦ, ਵਜ਼ਨ ਦਿਸਦੈ। ਇਹਨਾਂ ਬਾਬਤ ਪ੍ਰੀਚਯਾਤਕ ਰੇਖਾ-ਚਿੱਤਰ ਖਿੱਚੇ ਜਾ ਸਕਦੇ ਹਨ। ਪਰ ਅੰਦਰਲੀ ਅਸੀਮ ਊਰਜਾ ਸ਼ਕਤੀ ਦਾ ਅੰਦਾਜ਼ਾ ਅਸੰਭਵ ਹੈ। ਬਿਜਲੀ ਤਾਰ, ਬਾਜ਼ਾਰੋਂ ਲਿਆਏ। ਇਸ ਦਾ ਮੁੱਲ, ਐਮ.ਐਮ; ਕੱਪਰ ਜਾਂ ਐਲਮੁਨੀਅਮ....ਸਾਰੀ ਜਾਣਕਾਰੀ ਸੌਖੀ ਮਿਲ ਜਾਂਦੀ ਹੈ। ਅੰਦਰ ਬਿਜਲੀ ਦੇ ਪ੍ਰਵਾਹ ਦਾ ਅਨੁਭਵ ਨਿਵੇਕਲਾ ਹੁੰਦੈ। ਉਸ ਊਰਜਾ ਸ਼ਕਤੀ ਦਾ ਵਜੂਦ ਨਹੀਂ ਹੁੰਦਾ। ਉੱਚੇ ਟਾਵਰ ਤੋਂ ਜਾਂਦੀ ਕੇਬਲ ਔਰ ਕੇਬਲ ਦੇ ਅੰਦਰ ਹਨੇਰੀ ਤੋਂ ਵੀ ਤੇਜ਼ ਗਤੀ ਨਾਲ ਦੌੜ ਰਿਹਾ ਲੱਖ ਵੋਲਟ ਦਾ ਕਰੰਟ, ਦੋਵੇਂ ਵੱਖ ਹਨ। ਬਾਹਰਲਾ ਭੌਤਿਕ ਆਕਾਰ, ਰੰਗ, ਰੂਪ, ਸਭ ਵੇਖਦੇ ਹਨ....ਅੰਦਰਲੀ ਜੋਤਿ ਦੀ ਮੰਗ ਕੋਈ ਭਾਗਾਂ ਵਾਲਾ ਕਰਦਾ ਹੈ।

ਸੰਨ 2016.....ਹਰਿਦੁਆਰ ਵਿਖੇ, “ਧਰਮ ਅਤੇ ਸਮਾਜਕ ਚੇਤਨਾ” ਵਿਸ਼ੇ ਤੇ ਇਕ ਸੰਗੋਸ਼ਠੀ ਵਿਚ, ਮੈਨੂੰ ਵੀ ਸੱਦਿਆ ਗਿਆ ਸੀ। “ਅਦਵੈਤ ਮਤਿ” ਦੇ ਅਲਾਵਰ ਭਗਤੀ ਪ੍ਰੰਪਰਾ ਦੇ, ਸਵਾਮੀ ਸਵਰੂਪਾਨੰਦ ਜੀ ਨੇ, ਵੇਦਾਂਤ ਮਤਿ “ਬਹਮੈਵ ਇਦਂ ਸਰਵ” ਦੀ ਵਿਆਖਿਆ ਕਰਦਿਆਂ, ਨਿਰਾਕਾਰ ਸਰਬ ਵਿਆਮੀ “ਬ੍ਰਹਮ” ਦੀ ਵਿਆਖਿਆ ਕੀਤੀ। ਉਹਨਾਂ ਤੋਂ ਮਗਰੋਂ ਬੋਲਦਿਆਂ ਮੈਂ ਅਰਜ਼ ਕੀਤੀ- ਦਰਿਆ ਦੇ ਵਗਦੇ ਪਾਣੀ ਵਿਚ ਬਿਜਲੀ

ਸ਼ਕਤੀ ਹੁੰਦੀ ਏ। ਵਗਦੀ ਹਵਾ ਵਿਚ, ਅੱਗ ਵਿਚ, ਸੂਰਜ ਦੀਆਂ ਕਿਰਨਾਂ ਵਿਚ, ਬਿਜਲੀ ਊਰਜਾ ਹੁੰਦੀ ਏ, ਸਭ ਜਾਣਦੇ ਹਨ। ਮੈਨੂੰ ਘਰ ਦੇ ਹਨੇਰੇ ਨੂੰ, ਦੂਰ ਕਰਨ ਲਈ ਇਕ ਬੱਲਬ ਦੀ ਰੌਸ਼ਨੀ ਚਾਹੀਦੀ ਏ। ਕੋਈ ਦਰਿਆ ਦੇ ਵਗਦੇ ਪਾਣੀ ਨਾਲ ਜਾਂ ਵਗਦੀ ਹਵਾ ਨਾਲ, ਮੇਰਾ ਬੱਲਬ ਜਲਾ ਦੇਵੇ। ਸਭ ਜਾਣਦੇ ਹਾਂ, ਇਹ ਸੰਭਵ ਨਹੀਂ। ਇਹਨਾਂ ਦਰਿਆਵਾਂ ਵਿਚ ਵਗਦੇ ਹਾਈਡ੍ਰੋ ਪਾਵਰ Hydro Power ਨੂੰ Electric Energy, ਵਿਦਯੁਤ ਸ਼ਕਤੀ ਵਿਚ, ਤਬਦੀਲ ਕਰਨ ਲਈ ਆਕਾਰ ਚਾਹੀਦੈ। ਸ਼ਕਤੀਸ਼ਾਲੀ ਟਰਬਾਈਨ....ਜੇਨਰੇਟਰ ਚਾਹੀਦੈ। ਇਹ ਭੌਤਿਕ ਮਸ਼ੀਨ, ਜਲ ਸ਼ਕਤੀ ਕਰ ਦੇਂਦੀ ਹੈ। ਸਮਝ ਲਵੋ, ਦਰਿਆ ਵਿਚ ਵਗਦੀ ਅਪਾਰ ਜਲ ਸ਼ਕਤੀ, "ਬ੍ਰਹਮ" ਹੈ। ਆਮ ਲੋੜਵੰਦ ਦੀ ਪਹੁੰਚ ਤੋਂ ਪਰ੍ਹੇ...। ਇਕ ਮਸ਼ੀਨ, ਟਰਬਾਈਨ..."ਸਤਿਗੁਰ" ਹੈ। ਬ੍ਰਹਮ ਸ਼ਕਤੀ ਨੂੰ, ਆਪਣੇ ਪਿੰਡੇ ਤੇ ਲੈ ਲੈਂਦੈ ਔਰ ਲੋੜ ਅਨੁਸਾਰ, ਸਾਡੇ ਤੁਹਾਡੇ ਜਿਹੇ ਆਮ ਧਰਮੀ ਜਨ ਤਕ, ਅਲਖ ਨਿਰਾਕਾਰ ਨੂੰ ਪ੍ਰਗਟ ਕਰ ਦੇਂਦੈ, ਸਾਡੇ ਸਹਜ ਅਨੁਭਵ ਜੋਗ!

ਸ੍ਰੀ ਮਦ ਭਾਗਵਤ ਗੀਤਾ ਦੇ ਚੌਥੇ ਅਧਿਆਏ ਵਿਚ, ਭਗਵਾਨ ਸ੍ਰੀ ਕ੍ਰਿਸ਼ਨ ਕਹਿੰਦੇ ਹਨਃ

"ਯਦਾ ਯਦਾ ਹੀ ਧਰਮਸਯ ਗਲਾਨੀਰਭਵਤੀ ਭਾਰਤ।
ਅਭਯੁੱਥਾਨਮ ਧਰਮਸਯ ਤਦਾਤਮਾਨੰ ਸ੍ਰਿਜਾਮਯ ਅਹਮ।
ਪਰਿਤ੍ਰਾਣਾਇ ਸਾਧੂਨਾਂ ਵਿਨਾਸ਼ਇ ਚ ਦੁਸ਼ਕ੍ਰਿਤਾਮ।
ਧਰਮ ਸੰਸਥਾਪਨਾਰਥਾਇ ਸੰਭਵਾਮਿ ਯੁਗੇ ਯੁਗੇ॥" (4:7-8)

ਜਦੋਂ ਧਰਮ ਦਾ ਪਤਨ ਹੁੰਦੈ, ਅਧਰਮ ਵਰਤਦੈ, ਸਾਧੂ ਜਨ ਸਤਾਏ ਜਾਂਦੇ ਹਨ, ਉਦੋਂ ਮੈਂ ਨਰ ਰੂਪ ਅਵਤਾਰ ਧਾਰਣ ਕਰਦਾਂ। ਜਗ ਦੇ ਜੀਵਨ ਨੂੰ, ਧਰਮ ਦੀ ਰਾਹ ਤੋਰਦਾਂ। ਦਸਮ ਪਾਤਸ਼ਾਹ, ਸ੍ਰੀ ਦਸਮ ਗ੍ਰੰਥ ਵਿਚ, ਅਕਾਲ ਪੁਰਖ ਦਾ ਸੰਵਾਦ ਲਿਖਦੇ ਹਨ—

"ਜਬ ਜਬ ਹੋਤ ਅਰਿਸਟ ਅਪਾਰਾ॥
ਤਬ ਤਬ ਦੇਹ ਧਰਤ ਅਵਤਾਰਾ॥" (ਪੰਃ 412)

ਮਨੁੱਖ ਸਭਿਅਤਾ ਦੇ, ਦੋ ਅਤਿ ਵਿਕਸਤ ਧਰਮ ਦਰਸ਼ਨ ਦੇ, ਉਪਰੋਕਤ



Sri Satguru Jagjit Singh Ji eLibrary NamdhariElibrary@gmail.com

ਦੋ ਥੰਮ੍ਹ, ਸੰਪੂਰਨ "ਧਰਮ ਦਰਸ਼ਨ" ਨੂੰ ਚੁੱਕੀ ਦਿਸਦੇ ਹਨ।

ਸਿਰਜਨਹਾਰ, ਸੁੰਨ ਹੈ। ਉਹ ਪਾਰਬ੍ਰਹਮ, ਪ੍ਰਾਣੀ ਦੇ ਦੁਖ ਸੁਖ ਤੋਂ ਪਰ੍ਹੇ ਹੁੰਦੈ। ਨਿਰਲਿਪਤ....ਸੰਵੇਦਨਹੀਨ। ਉਹ ਬ੍ਰਹਮ ਹਰ ਥਾਂ ...ਹਰ ਖਿਨ ਮੌਜੂਦ ਹੈ। ਉਸ ਦੀ ਮੌਜੂਦਗੀ ਵਿਚ ਉਸ ਦੇ ਸਾਮ੍ਹਣੇ, ਪਾਪ ਹੁੰਦੈ, ਦੁਰਾਚਾਰ ਹੁੰਦੈ। ਲੁੱਟ-ਖੋਹ ਹੱਤਿਆ ਰੇਪ ਹੁੰਦੈ ਔਰ ਉਹ ਮੌਨ ਵੇਖਦਾ ਰਹਿੰਦੈ।

ਹਰ ਅਨਿਆਂ ਨੂੰ ਵੇਖ ਸਕਦੈ। ਉਸ ਅੰਦਰ ਵਿਦ੍ਰੋਹ ਨਹੀਂ ਹੁੰਦਾ। ਰੋਸ ਨਹੀਂ ਹੁੰਦਾ। ਬਸ ਇਹੋ ਫ਼ਰਕ ਹੈ, ਨਾਨਕ ਵਿਚ ਔਰ ਨਿਰੰਕਾਰ ਵਿਚ।

ਗੁਰੂ ਨਾਨਕ...ਦੇਹਧਾਰੀ ਗੁਰੂ ਹੈ। ਉਹ ਦੇਹ, ਪੰਚ ਭੂਤਕ ਹੈ, ਪਰ ਉਸ ਦੇਹ ਅੰਦਰ, ਨਿਰੰਕਾਰ ਦੀ ਜਾਗ੍ਰਿਤ ਜੋਤਿ ਹੈ। ਉਹ ਬਿਜਲੀ ਦੀ ਤਾਰ ਹੈ। ਕੋਰੀ ਤਾਰ ਨਹੀਂ...ਉਸ ਅੰਦਰ ਕਰੰਟ ਦੌੜ ਰਿਹੈ। ਬਿਜਲੀ ਦੀ ਪ੍ਰਚੰਡ ਸ਼ਕਤੀ ਵੱਗ ਰਹੀ ਹੈ। ਇਹ, ਗੁਰੂ ਨਾਨਕ ਹੈ....ਨਿਰੰਕਾਰ ਨੇ ਨਰ ਦੇਹ ਧਾਰਣ ਕੀਤੀ ਹੈ। ਬਾਬਰ ਦਾ ਹਿੰਦੁਸਤਾਨ ਤੇ ਹਮਲਾ ਹੋਇਆ। ਵੱਡ, ਕੱਟ, ਲੁੱਟ, ਬੇਪੱਤੀ ਵੇਖੀ ਤਾਂ ਮਨ ਵਿਚ ਸਿਰਜਨਹਾਰੀ ਵਿਵਸਥਾ ਪ੍ਰਤੀ ਵਿਦ੍ਰੋਹ ਉਠ ਖਲੋਤਾ '- ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ...?"

ਤਾਂ ਹੀ, ਕ੍ਰਿਸ਼ਨ ਕਹਿੰਦੇ ਹਨ - ਹਰ ਪ੍ਰਾਣੀ ਲਈ ਇਕ ਜੀਵਨ ਰੇਖਾ, ਕੁਦਰਤ ਵਲੋਂ ਮਿੱਥੀ ਹੁੰਦੀ ਏ। ਉਸ ਦੀਆਂ ਲੋੜਾਂ ਥੋੜ੍ਹਾਂ ਨੂੰ ਪੂਰਿਆਂ ਕਰਨ ਲਈ, ਪ੍ਰਾਣੀ ਮਾਤਰ ਦੇ ਅਧਿਕਾਰ ਨੀਯਤ ਹਨ। ਉਨ੍ਹਾਂ ਹੱਦਾਂ ਦੀ ਉਲੰਘਣਾ ਹੁੰਦੀ ਹੈ, ਦੁਰਾਚਾਰ, ਅਤਿਆਚਾਰ ਹੁੰਦੈ, ਸਾਧ ਸਤਾਏ ਜਾਂਦੇ ਹਨ, ... ਉਦੋ ਮੈਂ ਸੁੰਨਯ ਚੋਂ ਬਾਹਰ ਆਉਂਦਾ ਨਿਰਾਕਾਰ, ਨਿਰੂਪ ਦੀ ਯੋਗ-ਨਿੰਦਰਾ ਤਿਆਗ ਕੇ, "ਨਰ ਦੇਹ" ...ਮਨੁੱਖੀ ਦੇਹ, ਧਾਰਣ ਕਰਦਾ ਹਾਂ। ਸਤਿਗੁਰੂ, ਨਰ ਅਵਤਾਰ ਰੂਪ ਵਿਚ ਪ੍ਰਗਟ ਹੁੰਦਾ ਹੈ।

ਦਸਮ ਪਾਤਸ਼ਾਹ ਕਹਿੰਦੇ ਹਨ— ਜਦੋਂ ਧਰਤੀ ਤੇ ਦੁਖ-ਵਿਪਦਾ, ਵੱਧ ਜਾਂਦੀ ਏ ... "ਤਬ ਤਬ ਦੇਹ ਧਰਤ ਅਵਤਾਰਾ"।

ਇਹ ਦੇਹ, ਬਹੁਤ ਕੀਮਤੀ... ਬਹੁਤ ਉਪਯੋਗੀ ਹੈ, ਮਨੁੱਖ ਮਾਤਰ ਲਈ। ਸਾਰੇ ਧਰਮ ਸ਼ਾਸਤ੍ਰ, ਗੁਰਬਾਣੀ, ਦੇਹ ਵਿਚ ਮੌਜੂਦ ਬ੍ਰਹਮੰਡੀ ਚੇਤਨਾ ਅਤੇ ਪ੍ਰਾਣੀ ਮਾਤਰ ਪ੍ਰਤੀ, ਸੰਵੇਦਨਾ ਦੇ ਸੁਮੇਲ ਸਰੂਪ ਪ੍ਰਗਟ ਹੋਈ ਹੈ। ਇਹ



Sri Satguru Jagjit Singh Ji eLibrary NamdhariElibrary@gmail.com

ਰੱਬੀ ਬਾਣੀ ਹੈ, ਪਰ ਨਿਰਾਕਾਰ ਰੱਬ ਨੇ, ਕਿਤੇ ਕੋਈ ਬਾਣੀ ਨਹੀਂ ਉਚਾਰਣ ਕੀਤੀ। ਨਿਰਾਕਾਰ, ਬ੍ਰਹਮ ਸਾਕਾਰ ਹੋਇਆ, "ਸਤਿਗੁਰ" ਪ੍ਰਗਟਿਆ। ਮਨੁੱਖੀ ਜਗਤ ਨੂੰ ਜੀਵਨ ਦੀ ਜਾਚ, ਆਚਾਰ ਸੰਹਿਤਾ, ਸੁਖੇਵੇਂ ਸਮਾਜ ਯੋਗ, ਰਹਿਤ ਮਰਿਆਦਾ ਦਿੱਤੀ।

ਤਾਂ ਭਾਈ ਗੁਰਦਾਸ ਕਹਿੰਦੇ ਹਨ –

"ਸਤਿਗੁਰ ਪੁਰਖੁ ਅਗੰਮ ਹੈ, ਨਿਰਵੈਰ ਨਿਰਾਲਾ॥"

ਵੇਖਣ ਨੂੰ ਮਨੁੱਖ, ਪਰ ਮਨੁੱਖੀ ਸੰਸਾਰ ਤੋਂ ਨਿਰਾਲਾ ... ਨਿਵੇਕਲਾ। ਇਹ ਗੁਪਤ ਬ੍ਰਹਮ ਦਾ, ਪ੍ਰਗਟ ਰੂਪ ਹੈ–

"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ" – (ਪੰ.1395) ਨਰ ਅਤੇ ਨਰਾਇਣ ਦਾ ਸਾਂਝਾ ਸਰੂਪ!

ਇਹ "ਸਤਿਗੁਰੂ", ਕਿਸੇ ਦੇ ਬਣਾਇਆਂ ਨਹੀ ਬਣਦਾ। ਇਹ ਤਾਂ, ਕਰਤਾਰ ਆਪ ਪ੍ਰਗਟ ਹੁੰਦੈ। ਸਮਾਂ, ਸਥਾਨ, ਕੁਲ, ਉਸ ਦੀ ਰਜ਼ਾ ਅਨੁਸਾਰ ਨਿਰਧਾਰਤ ਹੁੰਦੇ ਹਨ। ਗੁਰੂ ਨਾਨਕ ਪਾਤਸ਼ਾਹ, ਕਰਤਾਰਪੁਰ, ਅੰਤ ਸਮਾਂ ਜਾਣ, ਭਾਈ ਲਹਿਣਾ ਜੀ ਨੂੰ, ਗੁਰਤਾ ਗੱਦੀ ਦੇਣ ਦਾ ਨਿਰਣਾ ਕੀਤਾ। ਦੋਵੇਂ ਪੁੱਤਰ, ਸ੍ਰੀ ਚੰਦ ਜੀ ਅਤੇ ਲਖਮੀ ਚੰਦ ਜੀ ਨਾਲ, ਮਾਤਾ ਸੁਲੱਖਣੀ ਜੀ, ਸਤਿਗੁਰਾਂ ਕੋਲ ਆਏ। ਗੁਰਤਾ, ਘਰ ਦੇ "ਪੁੱਤਰਾਂ" ਨੂੰ ਦੇਣ ਲਈ ਜ਼ੋਰ ਲਾਇਆ। ਸਤਿਗੁਰਾਂ ਬਚਨ ਕੀਤਾ:

ਨਹਿੰ ਕਿਸਹੂੰ ਕੇ ਕਰ ਬਿਖੈ, ਸਭਿ ਕਰਤਾਰ ਅਧੀਨ।

ਜਿਸ ਪਰ ਕਰੁਨਾ ਦ੍ਰਿਸਟਿ ਹ੍ਵੈ ਤਿਨਹਿ ਬਸਤੁ ਇਹ ਲੀਨਿ।

(ਸ੍ਰੀ ਗੁਰ ਪ੍ਰਤਾਪ ਸੂਰਜ)

ਭਲੀਏ ਲੋਕੇ! ਇਹ ਵਸਤੂ, ਕਰਤਾਰ ਦੀ ਹੈ, ਜਿਸ ਚਾਹੇ ਤਿਸ ਦੇਇ। ਰਜ਼ਾ ਹੈ ਰੱਬ ਦੀ, ਜਿਸ ਤੇ ਮੇਹਰ ਕਰੇ।

ਗੁਰਤਾ, ਕਿਸੇ ਭੌਤਿਕ ਵਿਰਸੇ ਦਾ ਸੁਖ–ਭੋਗ ਨਹੀਂ... ਇਹ ਤਾਂ ਅਸਮਾਨੀ ਬਿਜਲੀ ਨੂੰ, ਆਪਣੇ ਸਿਰ ਲੈ ਲੈਣ ਦੀ ਪ੍ਰਤੀਬੱਧਤਾ ਹੈ। ਜ਼ਾਲਿਮ ਬਾਦਸ਼ਾਹ ਔਰੰਗਜ਼ੇਬ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ, ਜਬਰਨ ਇਸਲਾਮ ਕਬੂਲ ਕਰਨ ਦਾ ਹੁਕਮ ਦਿੱਤਾ। ਜਾਂ ਕਬੂਲ ਜਾਂ ਮੌਤ! ਬਾਦਸ਼ਾਹ, ਸ੍ਰੀ ਆਨੰਦਪੁਰ ਸਾਹਿਬ ਨਹੀਂ

ਸੀ ਗਿਆ। ਨੌਵੇਂ ਪਾਤਸ਼ਾਹ ਨੂੰ ਕੋਈ ਦਬਾਅ ਨਹੀ ਸੀ। ਪਰ ਜੀਆਂ ਦਾ ਦੁਖ, ਆਪਣੇ ਸਿਰ ਲੈਣ ਦਾ ਸੰਕਲਪ ਉਠ ਖਲੋਤਾ। ਗੁਰੂ ਦਾ ਇਹੋ ਬਿਰਦ ਹੈ।

ਦੋ ਲੋਕਾਂ ਦਾ ਸੁਖ, ਆਦਿ ਕਾਲ ਤੋਂ ਮਨੁੱਖ ਦਾ ਸੁਪਨਾ ਰਿਹੈ। ਸਤਿਗੁਰ, ਦੋਹਾਂ ਲੋਕਾਂ ਦੀ ਸੁਖ-ਸੰਭਾਵਨਾ ਸਿਰਜਦੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨः

"ਇਹ ਲੋਕ ਸੁਖੀਏ ਪਰਲੋਕ ਸੁਹੇਲੇ॥

ਨਾਨਕ ਹਰਿ ਪ੍ਰਭਿ ਆਪਹਿ ਮੇਲੇ॥" (ਸੁਖਮਨੀ)

ਜੇ. ਕ੍ਰਿਸ਼ਨਾ ਮੂਰਤੀ ਕਹਿੰਦੇ ਹਨ - ਮਨੁੱਖ, ਦੋ ਤਲ ਤੇ ਜੀਉਣ ਵਾਲਾ ਜੀਅ ਹੈ, ਐਮਫ਼ੇਬੀਅਨ ਹੈ। ਦੇਹ ਦੇ ਤਲ ਤੋਂ, ਸਾਰੇ ਸੰਸਾਰਕ ਸੁਖ ਭੋਗ ਵੀ ਚਾਹੁੰਦੈ। ਰੂਹ ਦੇ ਤਲ ਤੇ ... ਰੂਹਾਨੀ ਮੰਡਲ ਦਾ ਪਰਮ ਆਨੰਦ ਵੀ ਲੋਚਦੈ। ਜੀਵਨ ਵਿਚ ਕਈ ਵਾਰ, ਜਦੋਂ ਬਾਹਰੋਂ ਕੋਈ ਆਧਿ, ਬਿਆਧਿ ਨਾ ਹੋਵੇ.. ਅੰਦਰ, ਸ਼ੋਰ ਥੰਮ ਜਾਏ। ... ਮਨ ਇੰਦ੍ਰੀਆਂ ਵਿਸ਼ਰਾਮ ਦੇ ਪਲ ਵਿਚ, ਜਿਵੇਂ ਸ਼ੋਰ ਪਾਉਂਦੇ ਘਰ ਦੇ ਬੱਚੇ ਸੁੱਤੇ ਹੋਣ...। ਚਿੱਤ ਦਾ ਆਕਾਸ਼ ਪ੍ਰਦੂਸ਼ਣ ਤੋਂ ਰਹਿਤ ... ਜਿਵੇਂ ਦੂਰ ਦੀ ਪਰਬਤ ਸ਼੍ਰੇਣੀ ਦਿੱਸਣ ਲੱਗੇ...। ਆਤਮ-ਗੁਫਾ ਚੋਂ "ਰੂਹ-ਜੋਗੀ" ਦਾ ਅਲਾਪ ਸੁਣ ਸਕੀਏ-

"ਚਲ ਚਲੀਏ ਕਿਸੇ ਸਾਗਰ ਕੰਢੇ, ਪੈਣ ਸਮੁੰਦਰੀ ਛੱਲਾਂ! ਅੰਦਰ ਇਕ ਵਾਰ ਝਾਤੀ ਪੈ ਜਾਏ ਤੇ ਹੋਣ ਰੂਹਾਂ ਦੀਆਂ ਗੱਲਾਂ॥ ਉਦੋਂ ਸਤਿਗੁਰ, ਦੁਹਾਂ ਲੋਕਾਂ ਦਾ ਸਾਂਝਾ ਸਾਂਈ, ਸਾਡੇ ਅਵਰੋਧ, ਸਾਰੀਆਂ ਔਕੜਾਂ, ਪਰ੍ਹੇ ਕਰ ਕੇ, ਸੁਰਤਿ ਦੀ ਉਡਾਰੀ ਜੋਗ, ਅਨੰਤ ਆਕਾਸ਼ ਖੋਲ੍ਹ ਦੇਂਦੈ। ਔਰ ਆਤਮ ਪੰਖੀ ਤੁਰ ਪੈਂਦੈ ਅਗੰਮ ਨੂੰ...।

"ਸਤਿਗੁਰ ਪੁਰਖੁ ਅਗੰਮ ਹੈ।" ...

# 22.

# "ਸਭ ਮੁਕਦੀ ਚਲੀ ਰੈਣਿ"

ਧਰਤੀ ਇਕ ਧਰਮਸ਼ਾਲਾ ਹੈ। ਗੁਰੂ ਨਾਨਕ ਪਾਤਸ਼ਾਹ ਨੇ, ਸੰਸਾਰ ਨੂੰ ਇਹ ਨਾਂ ਦਿਤਾ ਹੈ-

"ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ"... (ਜਪੁ ਜੀ) ਮਨੁੱਖ ਇਕ ਮੁਸਾਫ਼ਰ... ਇਕ ਰਾਤ ਦਾ ਮਹਿਮਾਨ। ਸਵੇਰੇ, ਸੂਰਜ ਦੀ ਪਹਿਲੀ ਕਿਰਨ, ਮੌਤ ਦੀ ਨੌਬਤ ਵਜਾਏਗੀ, ਔਰ ਮੁਸਾਫਰ ਤੁਰ ਪਵੇਗਾ... ਅਗਿਆਤ ... ਅਨੰਤ ਵਲ।

"ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗ॥

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।" (ਪੰ-1382)

ਇਕ ਜੀਵਨ ਦਾ ਅੰਤ ਹੋਇਆ। ਅਗਲੇ ਜਨਮ ਦੀ ਭੂਮਿਕਾ, ਮਨੁੱਖ ਇਸੇ ਜੀਵਨ ਵਿਚ, ਆਪਣੇ ਕਰਮਾਂ ਦੀ ਕਲਮ ਨਾਲ ਲਿਖ ਗਿਆ। ਕਰਮਾਂ ਨਾਲ, ਜਿਹੜੀਆਂ ਲਕੀਰਾਂ ਉਕੇਰੀਆਂ, ਉਹੀ ਲਕੀਰਾਂ, ਅਗਲੇ ਜਨਮ, ਮੱਥੇ ਤੇ ਭਾਗ-ਰੇਖਾ ਬਣ ਕੇ ਉੱਕਰ ਆਈਆਂ। ਇਕ ਰਾਤ ਵਿਚ, ਇਕ ਜਨਮ ਵਿਚ, ਕਰਮਾਂ ਨਾਲ ਆਪਣੀ ਕਿਸਮਤ ਲਿਖ ਗਿਆ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਕਰਮਾਂ ਦੇ ਅਨੁਰੂਪ, ਇਹ ਕਪੜਾ ... ਇਹ ਜੀਵਨ, ਮਿਲਿਆ -"ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ"- (ਜਪੁ ਜੀ) ਇਹ ਰਾਤ ਬਹੁਤ ਕੀਮਤੀ ਹੈ। ਬੜੇ ਨਸੀਬਾਂ ਨਾਲ ਇਹ ਜੀਵਨ ਮਿਲਿਆ ਹੈ। ਪ੍ਰਮਾਤਮਾ ਨੇ ਇਕ ਅਵਸਰ ਦਿੱਤਾ - ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" (ਪੰਜਵੇਂ ਪਾਤਸ਼ਾਹ ਪੰ-668) ਧਰਤੀ ਧਰਮਸਾਲ ਦੇ ਮੁਸਾਫ਼ਰਾਂ ਨੇ, ਤਿਨ੍ਹ ਤਰ੍ਹਾਂ ਨਾਲ, ਇਸ ਸੁਨੇਹੜੇ ਨੂੰ ਲਿਆ। ਇਕ ਵਰਗ ਨੇ, ਰਾਤ ਨੂੰ ਆਰਾਮ ਦਾ ਅਵਸਰ ਸਮਝਿਆ, ਉਨ੍ਹਾਂ ਸੌਂ ਕੇ ਗੁਜ਼ਾਰ ਲਈ।



Sri Satguru Jagjit Singh Ji eLibrary NamdhariElibrary@gmail.com

ਇਹ, ਅਗਿਆਨਤਾ ਦੀ ਨੀਂਦ ਵਿਚ ਗਾਫ਼ਿਲ ਲੋਕਾਂ ਦਾ ਵਰਗ ਹੈ। ਦੂਜਾ ਵਰਗ ਕਹਿੰਦੈ–ਇਹ ਜਗ ਮਿੱਠਾ, ਅਗਲਾ ਕਿੰਨ ਡਿੱਠਾ– ਖਾਓ–ਪੀਓ, ਮੌਜ ਕਰੋ। ਇਹ "ਚਾਰਵਾਕ ਜਮਾਤੀ" ਹਨ।

ਚਾਰਵਾਕ ਰਿਸ਼ੀ ਹੋਏ ਹਨ। ਇਹ ਬ੍ਰਿਹਸਪਤੀ ਦੇ ਸ਼ਿਸ਼ ਮੰਨੇ ਜਾਂਦੇ ਹਨ। ਇਹਨਾਂ ਨੇ ਭੋਗਵਾਦ ਦਾ ਨਾਸਤਿਕ ਦਰਸ਼ਨ ਦਿੱਤਾ – ਕਹਿੰਦੇ ਹਨ – "ਯਾਵਤ ਜੀਵੇਤ ਸੁਖਮ ਜੀਵੇਤ। ਰੀਣੰ ਕ੍ਰਿਤਵਾ ਘ੍ਰਿਤਮ ਪੀਵੇਤ। ਏਤਤ ਭਸਮੀ ਭੁਤਸਯ ਦੇਹਸਯ, ਪੁਨਰ ਆਗਮਨ ਕੁਤੋਂ।" (ਚਾਰਵਾਕ ਦਰਸ਼ਨ), ਜਦੋਂ ਤਕ ਜੀਓ, ਸੁਖੀ ਜੀਓ, ਭਾਵੇਂ ਕਰਜ ਲਵੋ ਤੇ ਘਿਓ ਪੀਓ। ਸਸਕਾਰ ਤੋਂ ਬਾਅਦ, ਸਵਾਹ, ਹੋਏ ਸਰੀਰ ਨੇ ਮੁੜ ਨਹੀਂ ਧਰਤੀ ਤੇ ਅਉਣਾ।"

ਤਾਂ ਦੂਜਾ ਵਰਗ, ਜੀਵਨ ਨੂੰ, ਭੋਗਾਂ ਦਾ ਅਵਸਰ ਸਮਝ ਗੁਜ਼ਾਰ ਗਿਆ।

ਤੀਜਾ, ਕੋਈ ਪ੍ਰਭੂ ਪਿਆਰਾ, ਕੋਈ ਸੰਤ, ਕੋਈ ਪ੍ਰਭੂ ਮਿਲਨ ਦੀ ਤੜਫ਼ ਵਿਚ, ਜੀਵਨ ਦੀ ਰਾਤ ਗੁਜ਼ਾਰ ਗਿਆ–

ਭਿੰਨੀ ਰੈਨੜੀਐ ਚਾਮਕਨਿ ਤਾਰੇ ॥

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ (ਪੰਜਵੇਂ ਪਾਤਸ਼ਾਹ–ਪੰ–231) ਕੋਈ ਸੰਤ ... ਕੋਈ ਜੋਗੀ ... ਪ੍ਰਭੂ ਵਿਯੋਗੀ, ਤਾਰਿਆਂ ਦੀ ਛਾਂ ਹੇਠ, ਪ੍ਰਮੇਸ਼ਰ ਦੇ ਸਿਮਰਨ ਵਿਚ ਗੁਜ਼ਾਰ ਦੇਂਦਾ ਹੈ।

ਤਾਂ ਪੰਜਵੇਂ ਪਾਤਸ਼ਾਹ, ਸਿਰੀ ਰਾਗ ਵਿਚ, ਪ੍ਰਾਣੀ ਨੂੰ ਸਾਵਧਾਨ ਕਰਦੇ ਹਨ–

"ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥" (ਪੰ–669) ਲਮਹਾ, ਲਮਹਾ, ਰਾਤ ਬਤੀਤ ਹੋ ਰਹੀ ਏ। ਜੀਵਨ, ਹੌਲੀ, ਹੌਲੀ ਅਸਤਾਂਚਲ ਨੂੰ ਵੱਧ ਰਿਹੈ। ਇਸੇ ਜੀਵਨ ਵਿਚ, ਜੀਵਨ ਦੀ ਇਕ ਰਾਤ ਵਿਚ, ਜਨਮਾਂ–ਜਨਮਾਂ ਦਾ ਪੰਧ ਮੁਕਾਉਣਾ ਸੀ। ਤੂੰ ਕੁਝ ਸੌਂ ਕੇ, ਕੁਝ ਭੋਗਾਂ ਵਿਚ ਗੁਜ਼ਾਰ ਲਈ। ਤੇਰਾ ਸਾਂਈ, ਤੇਰਾ ਸ਼ਹੁ, ਮੁੱਦਤਾਂ ਮਗਰੋਂ ਘਰ ਆਇਆ। ਤੇਰੇ ਜਾਗਣ ਦੀ ਉਡੀਕ ਕਰਦਾ ਰਿਹਾ। ਪ੍ਰਭਾਤ ਹੁੰਦਿਆਂ ਇਹ "ਪਰਦੇਸੀ ਆਤਮਾ" ਉਡਾਰੀ ਮਾਰ ਜਾਏਗੀ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ – ਸੁਰਤਿ ਪਤਨੀ, ਘਰ



Sri Satguru Jagjit Singh Ji eLibrary NamdhariElibrary@gmail.com

ਵਾਲੀ, ਸੰਸਾਰ ਦੀ ਝਾਤ ਵਿਚ ਲੱਗੀ ਰਹੀ... ਗੁਨਾਹਾਂ ਦੀ ਪੰਡ ਬੰਨ੍ਹਦੀ ਰਹੀ, ਪ੍ਰੀਤਮ ਇੰਤਜ਼ਾਰ ਵਿਚ ਰਿਹਾ ... ਸਾਰੀ ਰਾਤ, ਔਰ ਮੈਂ ਗਾਫ਼ਿਲ ਸੁੱਤੀ ਰਹਿ ਗਈ:

"ਏਕ ਨ ਭਰੀਆ ਗੁਣ ਕਰਿ ਧੋਵਾ॥

ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥ (ਪੰ-356)

ਇਹ ਜਾਗ੍ਰਿਤੀ ਹੈ। ਇਕ ਯਾਤਰਾ, ਅਵਚੇਤਨ ਤੋਂ, ਭੌਤਿਕਵਾਦ ਦੀ ਨੀਂਦ ਤੋਂ, ਬਾਹਰ, ਜਿਥੇ ਜੀਵਾਤਮਾ, "ਚੈਤਨਯ ਦੇਵ" ਉਡੀਕ ਰਿਹੈ। ਲੀਓ ਟਾਲਸਟਾਇ, ਮਹਾਨ ਰੂਸੀ ਲੇਖਕ ਨੇ "ਰੀਸੁਰੇਕਸ਼ਨ" ਬਹੁ ਚਰਚਿਤ ਪੁਸਤਕ ਲਿਖੀ ਹੈ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਅਨੁਵਾਦ ਕੀਤੈ, "ਮੋਇਆਂ ਦੀ ਜਾਗ"। ਨੀਂਦ ਤੋਂ ਅੱਗੇ,.. ਦੇਹ ਨਾਲ ਜੁੜੀਆਂ ਚਾਹਤਾਂ ਦੀ ਮੌਤ ਤੋਂ ਬਾਅਦ ਦਾ ਜਨਮ। ਭਾਰਤੀ ਧਰਮ ਸ਼ਾਸਤ੍ਰਾਂ ਇਸ ਜਾਗ ਨੂੰ ਦਵੀਜ ਕਿਹੈ ... ਦੂਜਾ ਜਨਮ। ਸਨਾਤਨ ਧਰਮ ਸ਼ਾਸਤ੍ਰ ਕਹਿੰਦੇ ਹਨ, ਤਿੰਨ ਦਿਨਾਂ ਬਾਦ, ਵਿਅਕਤੀ ਦੀ ਮੁਕੰਮਲ ਮੌਤ ਹੁੰਦੀ ਏ। ਤਿੰਨ ਦਿਨਾਂ ਤਕ, ਜੀਵਾਤਮਾ ਆਲੇ ਦੁਆਲੇ ਮੋਹ-ਵਿਚ ਫੱਸੀ ਰਹਿੰਦੀ ਏ। ਗੁਰੂ ਨਾਨਕ ਪਾਤਸ਼ਾਹ, ਤਿੰਨ ਦਿਨਾਂ ਬਾਅਦ ਵੇਂਈ ਨਦੀ ਚੋਂ ਬਾਹਰ ਆਏ। ... ਇਹ ਇਕ ਦਿੱਵ ਜੀਵਨ ਦਾ ਜਨਮ ਸੀ। ਕਹਿੰਦੇ ਹਨ, ਪ੍ਰਭੂ ਜੀਸਸ, ਕਰੱਾਸ ਤੇ ਟੰਗੇ ਗਏ ... ਮੌਤ ਹੋਈ। ਤਿੰਨ ਦਿਨ ਬਾਅਦ ਫਿਰ ਜੀਵਤ ਹੋ ਗਏ। ਈਸਾਈ ਮਤਾਵਲੰਬੀ ਇਸ ਦਿਹਾੜੇ ਨੂੰ, "ਈਸਟਰ" ਰੂਪ ਵਿਚ ਮਨਾਉਂਦੇ ਹਨ। ਈਸਟਰ, ਰੀਸੁਰੇਕਸ਼ਨ ਹੈ ... ਪੁਨਰ ਜਨਮ ਹੈ ... ਦੂਸਰਾ ਜਨਮ!

ਤਾਂ, ਪੰਜਵੇਂ ਪਾਤਸ਼ਾਹ ਕਹਿੰਦੇ ਹਨ -

"ਸਭ ਮੁਕਦੀ ਚਲੀ ਰੈਣਿ..."। ਉਠ ਖਲੋ ... ਰਾਤ ਮੁਕਦੀ ਜਾ ਰਹੀ ਏ। ਇਸ ਤੋਂ ਪਹਿਲਾਂ ਕਿ ਸਵੇਰਾ, ਤੇਰੀ ਮੌਤ ਦਾ ਪੈਗ਼ਾਮ ਲੈ ਆਵੇ ... ਉਠ ਜਾਗ ਮੁਸਾਫ਼ਰ...।

ਲਗਾ ਕਿਤੁ ਕੁਫਕੜੇ...।



Sri Satguru Jagjit Singh Ji eLibrary NamdhariElibrary@gmail.com

# 23.

# "ਇਹੁ ਤੇਲੁ ਦੀਵਾ ਇਉ ਜਲੈ"

ਦੀਵਾ ਬਲ ਰਿਹੈ ... ਚਾਨਣ ਹੋ ਰਿਹੈ। ਮਿੱਟੀ ਦਾ ਛੋਟਾ ਜਿਹਾ ਭਾਂਡਾ ... ਅਸੀਂ ਇਸਨੂੰ ਦੀਵਾ ਕਹਿੰਦੇ ਹਾਂ। ਦੀਵੇ ਵਿਚ ਤੇਲ ਹੈ, ਤੇਲ ਵਿਚ ਬੱਤੀ। ਤਿੰਨ ਚੀਜ਼ਾਂ ਹਨ। ਕਹਿੰਦੇ ਹਾਂ, ਦੀਵਾ ਬਲ ਰਿਹੈ। ਇਹ ਦੀਵਾ, ਮਨੁੱਖ ਹੈ। ਸ਼ਰਧਾ ਤੇਲ ਹੈ ਅਤੇ ਬੱਤੀ, ਗਿਆਨ ਦੀ ਲੋਅ! ਇਹ ਚਾਨਣ ਦੇਂਦੀ ਹੈ। ਕਹਿੰਦੇ ਹਾਂ, ਦੀਵਾ ਬਲ ਰਿਹੈ। ਪਰ ਇਹ ਗਲਤ ਧਾਰਣਾ ਹੈ। ਮਿੱਟੀ ਦਾ ਦੀਵਾ ਨਹੀਂ ਬਲ ਸਕਦਾ। ਫੇਰ ਕੌਣ ਬਲਦੈ ? ਬੱਤੀ ? ਰੂੰ ਦੀ ਬੱਤੀ ਦੀ ਕੀ ਔਕਾਤ ? ਇਕ ਖਿਨ ਵਿਚ ਸੜ ਕੇ ਸਵਾਹ ਹੋ ਜਾਏ। ਇਹ ਤੇ ਤੇਲ ਹੈ, ਜਿਹੜਾ ਬੱਤੀ ਨੂੰ ਉਮਰ ਦੇ ਰਿਹੈ। ਜਦੋਂ ਤਕ ਦੀਵੇ ਵਿਚ ਤੇਲ ਹੈ, ਬੱਤੀ ਬਲਦੀ ਰਹੇਗੀ। ਇਹ ਬੱਤੀ, ਜਿਹੜੀ ਰੌਸ਼ਨੀ ਦੇ ਰਹੀ ਹੈ, ਮਨੁੱਖ ਦਾ ਗਿਆਨ ਹੈ, ਜੋ ਸਤਿਗੁਰ ਦੇਂਦੈ...

"ਗਿਆਨ ਅੰਜਨੁ ਗੁਰਿ ਦੀਆ,

ਅਗਿਆਨ ਅੰਧੇਰ ਬਿਨਾਸ॥" (ਸੁਖਮਨੀ)

ਇਹ ਬੱਤੀ, ਇਹ ਗਿਆਨ, ਗੁਰੂ ਦੀ ਕ੍ਰਿਪਾ ਹੈ। ਤੇਲ, ਮਨੁੱਖ ਦੀ ਸ਼ਰਧਾ ਹੈ। ਅੰਦਰ ਸ਼ਰਧਾ ਹੈ, ਦੀਵੇ ਅੰਦਰ ਤੇਲ ਹੈ ਤਾਂ ਬੱਤੀ ਵੀ ਸਦੀਵੀ ਹੈ। ਸ਼ਰਧਾ ਨਹੀਂ ... ਤੇਲ ਨਹੀ, ਤਾਂ ਰੂੰ ਦੀ ਬੱਤੀ, ਮਨੁੱਖ ਦਾ ਗਿਆਨ, ਆਪਣੇ ਹੀ ਹੰਕਾਰ ਦੀ ਅੱਗ ਵਿਚ ਸੜ ਕੇ ਸਵਾਹ ਹੋ ਜਾਂਦੈ। ਵੱਡੇ-ਵੱਡੇ ਤਪੱਸਵੀ, ਗਿਆਨੀ ... ਵਿਸ਼ਵਾਮਿੱਤਰ, ਪਰਾਸ਼ਰ ਰਿਸ਼ੀ, ਦੇਵ ਰਿਸ਼ੀ ਨਾਰਦ, ਕਦੀ ਹੰਕਾਰ ਦੀ ਅੱਗ ਵਿਚ, ਕਦੀ ਕਾਮ ਦੀ ਅੱਗ ਵਿਚ ਤਪਦੇ ਹੋਏ, ਤਪ-ਤੇਜ ਤੋਂ ਹੀਣ ਹੁੰਦੇ ਵੇਖੇ ਗਏ।

ਤਾਂ, ਗੁਰੂ ਨਾਨਕ ਪਾਤਸ਼ਾਹ ਇਸ ਵਿਸ਼ੇ ਨੂੰ ਖੋਲ੍ਹਦੇ ਹਨ-

ਇਹੁ ਤੇਲੁ ਦੀਵਾ ਇਉ ਜਲੈ, ਕਰਿ ਚਾਨਣ ਸਾਹਿਬ ਤਉ ਮਿਲੈ॥ (ਪੰ-25) ਪ੍ਰਕਾਸ਼ ਬਹੁਤ ਜ਼ਰੂਰੀ ਹੈ। ਸੰਸਾਰ ਲਈ ਬਾਹਰ ਦੀ ਰੌਸ਼ਨੀ ਅਤੇ ਅੰਤਰ ਯਾਤਰਾ ਲਈ, ਆਤਮ ਪ੍ਰਕਾਸ਼! ਦੋਵੇਂ ਜ਼ਰੂਰੀ ਹਨ। ਪ੍ਰਮੇਸ਼ਰ ਨੇ ਹਰ ਪ੍ਰਾਣੀ ਅੰਦਰ, ਆਪਣੀ ਜੋਤਿ ਰਖੀ -

"ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਧਨਾਸਰੀ ਮਹਲਾ ੧-ਪੰ-835) ਮਨੁੱਖ, ਗਿਆਨ ਪ੍ਰਕਾਸ਼ ਦੇ ਅਭਾਵ ਵਿਚ, ਅੰਦਰ ਵੇਖਣ ਨੂੰ ਸਮਰੱਥ ਨਹੀਂ। ਤਾਂ ਇਕ ਜੋਤ ਬਾਹਰ, ਬਾਲਣ ਦੀ ਪ੍ਰਥਾ ਆਰੰਭ ਹੋਈ। ਦੀਪਕ ਦੀ ਲੋਅ ਵਿਚ, ਅੰਤਰ ਲੋਅ ਦਾ ਅਹਿਸਾਸ, ਜਾਗ੍ਰਿਤ ਹੋ ਸਕੇ। ਇਹ ਇਕ ਤੰਤਰ ਵਿਦਿਆ ਹੈ। ਯੋਗੀ, ਦੀਵੇ ਦੀ ਲੋਅ ਵਿਚ, ਤੰਤਰ ਸਾਧਨਾ ਕਰਦੇ ਹਨ। ਬਹੁਤੇ ਯੋਗੀ, ਗੁਰੂ ਗਿਆਨ ਦੀ ਲੀਹ ਤੋਂ ਭਟਕ ਕੇ, ਸੰਸਾਰੀ ਸ਼ਕਤੀਆਂ, ਸਿੱਧੀਆਂ ਦੀ ਰਾਹ ਤੁਰ ਪੈਂਦੇ ਹਨ। ਜੀਵਨ, ਵਿਅਰਥ ਦੀਆਂ, ਪ੍ਰਦਰਸ਼ਨਕਾਰੀ ਗਤੀ ਵਿਧੀਆਂ ਵਿਚ ਗੰਵਾ ਲੈਂਦੇ ਹਨ। ਗਿਆਨ ਬੱਤੀ ਨੂੰ ਜ਼ਰੂਰਤ ਅਨੁਸਾਰ ਸ਼ਰਧਾ ਦਾ ਤੇਲ ਨਹੀਂ ਮਿਲਿਆ। ਪਹਿਲਾਂ, ਗੁਰੂ ਦੇ ਪ੍ਰਤੀ, ਫੇਰ ਆਪਣੇ ਲਖ਼ਸ਼ ਦੇ ਪ੍ਰਤੀ, ਬਹੁਤ ਸ਼ਰਧਾਵਾਨ, ਬਹੁਤ ਸਾਵਧਾਨ ਹੋਣਾ ਪੈਂਦਾ ਹੈ। ਜ਼ਰਾ ਕੁ ਚੂਕ ... ਮਾੜੀ ਜਿਹੀ ਅਸਾਵਧਾਨੀ, ਲੀਹ ਤੋਂ ਪਰ੍ਹੇ ਕਰ ਜਾਂਦੀ ਹੈ।

ਭਾਈ ਗੁਰਦਾਸ ... ਸ੍ਰੀ ਸਤਿਗੁਰ ਅਰਜਨ ਦੇਵ ਪਾਤਸ਼ਾਹ ਦੇ ਮਾਮਾ ਜੀ ਸਨ। ਪ੍ਰਕਾਂਡ ਵਿਦਵਾਨ!

ਜਿਵੇਂ ਪਾਤਸ਼ਾਹ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਸੰਕਲਨ ਸਮੇਂ, ਪਵਿੱਤਰ ਗੁਰਬਾਣੀ ਲਿਖਣ ਦੀ ਜ਼ਿੰਮੇਵਾਰੀ, ਭਾਈ ਗੁਰਦਾਸ ਜੀ ਨੂੰ ਦਿੱਤੀ। ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਜੀ ਸਮੇਂ, ਦੋਵੇਂ ਵੇਲੇ ਦੀਵਾਨ -ਦਰਬਾਰ ਵਿਚ, ਆਪਣੀਆਂ ਰਚੀਆਂ ਹੋਈਆਂ, ਵਾਰਾਂ ਸੁਣਾਂਦੇ ਅਤੇ ਉਨ੍ਹਾਂ ਦਾ ਭਾਵਾਰਥ ਵੀ ਦਸਦੇ। ਇਕ ਵਾਰ, ਸਮਾਂ ਭਾਈ ਗੁਰਦਾਸ ਜੀ ਦੇ ਵਿਪਰੀਤ ਹੋ ਗਿਆ ... ਭਾਈ ਜੀ ਤੇ ਪਰਚਾ ਪੈ ਗਿਆ। ਸ੍ਰੀ ਕੀਰਤਪੁਰ ਸਾਹਿਬ, ਸ਼ਾਮ ਦੇ ਦੀਵਾਨ ਵਿਚ, ਆਪਣੀ ਸਵੈ-ਰਚਿਤ ਵਾਰ ਸੁਣਾਈ-

"ਜੇ ਗੁਰ ਸਾਂਗ ਵਰਤਦਾ, ਸਿੱਖ ਸਿਦਕ ਨ ਹਾਰੇ॥" -(ਵਾਰ-35) ਅਰਥ ਕੀਤਾ, "ਜੇ ਗੁਰੂ ਕਿਸੇ ਵੇਲੇ, ਸਾਂਗ ਵਰਤਾਉਣ, ਇਮਤਿਹਾਨ ਲੈਣ

ਤਾਂ ਸਿੱਖ, ਸਿਦਕ ਨਾ ਛੱਡੇ।" ਇਕ ਛੋਟੀ ਜਿਹੀ ਚੂਕ ਹੋ ਗਈ। ਸ਼ਰਧਾ, ਸਿਦਕ, ਦੀਵੇ ਦਾ ਤੇਲ, ਸਤਿਗੁਰ ਦੀ ਕ੍ਰਿਪਾ, ਬਖ਼ਸ਼ਿਸ਼ ਦੇ ਮੋਹਤਾਜ ਹਨ। ਜੇ ਬਖ਼ਸ਼ਿਸ਼ ਵਿਚੋਂ ਨਿਕਲ ਜਾਏ, ਤਾਂ ਹੰਕਾਰ ਦੀ ਅੱਗ ਭੱਖ ਪੈਂਦੀ ਹੈ। ਛੇਵੇਂ ਪਾਤਸ਼ਾਹ ਨੇ, ਕਾਬਲੋਂ ਘੋੜੇ ਖਰੀਦਣ ਦੀ ਵੱਡੀ ਜ਼ਿੰਮੇਵਾਰੀ ਭਾਈ ਜੀ ਨੂੰ ਦਿੱਤੀ। ਅਸ਼ਰਫ਼ੀਆਂ, ਸੋਨੇ ਦੀਆਂ ਮੋਹਰਾਂ, ਉਸ ਵੇਲੇ ਦੇ ਤਕਰੀਬਨ ਪੰਜਾਹ ਹਜ਼ਾਰ ਦੀਆਂ, ਦੇ ਕੇ, ਨਾਲ ਪੰਜ ਸੁਰੱਖਿਆ ਜਵਾਨ ਤੋਰੇ। ਘੋੜਿਆਂ ਤੇ ਸਭ ਰਵਾਨਾ ਹੋਏ। ਨਾਲ, ਹੁਕਮ ਹੋਇਆ, ਬਲਖ਼ ਤੋਂ ਭਾਈ ਦੂਨੀ ਚੰਦ ਨੂੰ ਨਾਲ ਲੈ ਲੈਣਾ। ਉਸਨੂੰ ਘੋੜਿਆਂ ਦੀ ਨਸਲ ਪਛਾਣ ਹੈ। ਹੁਕਮ ਅਨੁਸਾਰ, ਬਲਖ ਤੋਂ ਭਾਈ ਦੂਨੀ ਚੰਦ ਨੂੰ ਨਾਲ ਲੈ ਕੇ ਘੋੜਿਆਂ ਦੀ ਮੰਡੀ, ਐਰਾਕ ਪੁੱਜੇ। ਦੋ ਦਿਨ, ਦਲਾਲ ਨਾਲ ਲੈ ਕੇ ਘੋੜੇ ਵੇਖਦੇ ਰਹੇ... ਪਰਖ ਕਰਦੇ ਰਹੇ। ਅੰਤ ਘੋੜੇ ਖਰੀਦ ਲਏ... ਸੌਦਾ ਪੱਕਾ ਹੋਇਆ। ਭੁਗਤਾਨ ਲਈ, ਆਪਣੇ ਤੰਬੂ ਵਿਚ ਗਏ। ਬਾਹਰ ਜਵਾਨ ਪਹਿਰੇ ਤੇ, ਅੰਦਰ ਤੰਬੂ ਵਿਚ ਸੋਨੇ ਦੀਆਂ ਮੋਹਰਾਂ ਦਾ ਭਰਿਆ ਬਕਸਾ। ਖੋਲ੍ਹਿਆ ਤਾਂ ਭਾਈ ਗੁਰਦਾਸ ਦੇ ਰੰਗ ਉੱਡ ਗਏ। ਪ੍ਰੀਖਿਆ ਦਾ ਪਰਚਾ ਪੈ ਗਿਆ। ਬਕਸੇ ਵਿਚ, ਆਪ ਕੀਰਤਪੁਰ, ਸੋਨੇ ਦੀਆਂ ਅਸ਼ਰਫ਼ੀਆਂ ਭਰੀਆਂ ਸਨ। ਹੁਣ, ਔਹ ਰੱਬਾ! ਇਹ ਤਾਂ ਰੋੜੇ, ਕੰਕੜ, ਠੀਕਰਾਂ ਭਰੀਆਂ ਹਨ। ਇਹ ਸਤਿਗੁਰਾਂ ਦੀ ਜਾਣਕਾਰੀ ਵਿਚ ਮੇਰੇ ਨਾਲ ਛੱਲ ਹੋ ਗਿਆ? ਜਾਂ ਰਾਹ ਵਿਚ ਕਿਸੇ ਧੋਖਾ ਕੀਤਾ? ਹੁਣ ਕੀ ਕਰਾਂ? ਬਾਹਰ ਵਪਾਰੀ ਭੁਗਤਾਨ ਉਡੀਕ ਰਹੇ ਹਨ। ਦਲਾਲ ਦੇ ਨਾਲ ਖੜੇ ਹਨ। ਕੁਝ ਸਮਝ ਨਾ ਆਵੇ, ਕੀ ਕਰਾਂ? ਏਨੇ ਵੱਡੇ ਵਿਦਵਾਨ... "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ" ਕਹੇ ਜਾਣ ਵਾਲੇ, ਭਾਈ ਗੁਰਦਾਸ ਦਾ ਸਿਦਕ ਡੋਲ ਗਿਆ। ਗੁਰੂ ਤੋਂ ਭਰੋਸਾ ਛੱਡ ਬੈਠੇ। ਏਡਾ ਵੱਡਾ ਛੱਲ! ਤੰਬੂ ਦੇ ਸਾਮ੍ਹਣੇ ਦਲਾਲ, ਵਪਾਰੀ, ਭਾਈ ਦੂਨੀ ਚੰਦ ਬੈਠੇ ਸਨ। ਪਿਛਲੇ ਪਾਸਿਓਂ, ਤੰਬੂ ਪਾੜ ਕੇ ਨੱਸ ਪਏ। ਕਿਸੇ ਤਰ੍ਹਾਂ, ਛਿਪਦੇ ਛਿਪਾਂਦੇ, ਬਨਾਰਸ ਪਹੁੰਚ ਗਏ। ਉਧਰ ਕਾਫੀ ਸਮਾਂ, ਇੰਤਜ਼ਾਰ ਤੋਂ ਬਾਅਦ, ਦੂਨੀ ਚੰਦ ਤੰਬੂ ਅੰਦਰ ਗਏ। ਸੋਨੇ ਦੀਆਂ ਲਿਸ਼ਕਦੀਆਂ ਅਸ਼ਰਫ਼ੀਆਂ ਭਰਿਆ ਬਕਸਾ ਖੁੱਲਾ ਪਿਆ ਸੀ। ਪਿਛੋਂ ਤੰਬੂ ਪਾਟਿਆ ਹੋਇਆ। ਬਹੁਤ ਵਾਜਾਂ ਮਾਰੀਆਂ, ਭਾਈ ਗੁਰਦਾਸ ਦਾ ਕਿਤੇ ਅਤਾ-ਪਤਾ ਨਹੀਂ। ਖੈਰ ਬਕਸੇ 'ਚੋਂ ਰਕਮ ਲੈ ਕੇ, ਮੁੱਲ ਤਾਰਿਆ ਤੇ ਘੋੜੇ ਲੈ ਕੇ ਕੀਰਤਪੁਰ ਵਲ ਤੁਰ ਪਏ। ਪਾਤਸ਼ਾਹ ਜੀ ਨੂੰ, ਭਾਈ ਗੁਰਦਾਸ ਦੇ ਗਾਇਬ ਹੋਣ ਦਾ ਪ੍ਰਸੰਗ ਸੁਣਾਇਆ

ਤਾਂ ਹੌਲੀ ਜਿਹਾ, ਮੁਸਕਰਾ ਕੇ ਬਚਨ ਉਚਾਰਿਆ, –"ਨਿੱਕਾ ਜਿਹਾ ਇਮਤਿਹਾਨ ਸੀ, ਸਿੱਖ ਸਿਦਕ ਹਾਰ ਗਿਆ। " ਭਾਈ ਬਿਧੀ ਚੰਦ ਨੂੰ ਹੁਕਮ ਹੋਇਆ, ਬਨਾਰਸੋਂ, ਮੁਸ਼ਕਾਂ ਬੰਨ੍ਹ ਕੇ ਲਿਆਓ। ਧੰਨ ਸਤਿਗੁਰ! ਆਪਣੇ ਸਿੱਖ ਨੂੰ ਭਾਈ ਫੇਰ, ਸਿਦਕ ਦੇ ਦਿੱਤਾ, ਭਾਈ ਬਿਧੀ ਚੰਦ ਨੇ ਲਿਹਾਜ ਕੀਤਾ, ਪੰਥ ਦੇ ਵਿਦਵਾਨ ਦਾ। ਕਿਹਾ, ਹੁਕਮ ਸੀ, "ਮੁਸ਼ਕਾਂ ਬੰਨ੍ਹ ਕੇ ਲਿਆਉ"। ਪਰ ਤੁਸੀਂ ਬਸ ਨਾਲ ਤੁਰ ਪਵੋ। "ਨਾ ਭਾਈ"–ਭਾਈ ਗੁਰਦਾਸ ਬੋਲੇ—ਹੁਕਮ ਅਦੂਲੀ ਨਹੀਂ ਬਣਦੀ। ਪਹਿਲਾਂ ਮੁਸ਼ਕਾਂ ਮੇਰੀਆਂ ਬੰਨ੍ਹ, ਫੇਰ ਲੈ ਚਲ! ਉਵੇਂ ਹੀ ਹੋਇਆ। ਕਰਤਾਰਪੁਰ ਪੁੱਜੇ। ਸ਼ਾਮ ਦੇ ਦਰਬਾਰ ਵਿਚ, ਜਿਥੇ ਭਾਈ ਗੁਰਦਾਸ ਨੇ ਕੁਝ ਸਮਾਂ ਪਹਿਲਾਂ, ਆਪਣੀ ਵਾਰ ਦੀ ਕਥਾ ਕੀਤੀ ਸੀ–

"ਜੇ ਗੁਰ ਸਾਂਗ ਵਰਤਦਾ, ਸਿੱਖ ਸਿਦਕ ਨ ਹਾਰੇ" ਅੱਜ ਮੁਸ਼ਕਾਂ ਬੱਧੇ ਭਾਈ ਗੁਰਦਾਸ, ਉਸੇ ਦੀਵਾਨ–ਦਰਬਾਰ ਵਿਚ, ਉਸੇ ਥਾਂ ਪੁੱਜੇ। ਸਤਿਗੁਰਾਂ ਪੁਛਿਆ–ਹਾਂ ਭਾਈ ਜੀ, ਆਪਣੀ ਉਹੋ ਵਾਰ ਸੁਣਾਉ....ਕਿਵੇਂ ਸੀ, "ਸਿੱਖ ਸਿਦਕ ਨ ਹਾਰੇ..।" ਭਾਈ ਗੁਰਦਾਸ ਨੇ ਵਾਰ ਅਗੋਂ ਜੋੜੀ–

"ਜੇ ਗੁਰ ਭਰਮਾਏ ਸਾਂਗ ਕਰਿ ਕਿਆ ਸਿੱਖ ਵਿਚਾਰਾ॥"

ਮੇਰੇ ਪਾਤਸ਼ਾਹ! ਸ਼ਰਧਾ–ਸਿਦਕ ਵੀ ਤੂੰ, ਗਿਆਨ ਦੀ ਲੋਅ ਵੀ ਤੂੰ। ਜੇ ਨਾਲ ਹੈ, ਤਾਂ ਰੌਸ਼ਨ ਜੋਤਿ ਹੈ, ਜੇ ਛੱਡਦੈ, ਤਾਂ ਬੁਝਿਆ ਹੋਇਆ ਦੀਵਾ....ਸਮੇਂ ਤੋਂ ਥੁੜਕੀ ਹੋਈ, ਨਿਮਾਣੀ ਮਿੱਟੀ ....।

"ਇਹੁ ਤੇਲ ਦੀਵਾ ਇਉ ਜਲੈ"..........



Sri Satguru Jagjit Singh Ji eLibrary NamdhariElibrary@gmail.com

# 24

## ਗੁਰਮੁਖਿ ਅੰਤਰਿ ਸਹਜੁ ਹੈ

ਮਨੁੱਖੀ ਚਿੰਤਨ ਸ਼ੀਲਤਾ ਦੋ ਤਲ ਤੇ ਕ੍ਰਿਆਸ਼ੀਲ ਹੋਈ—ਮਨ ਦਾ ਤਲ ਅਤੇ ਆਤਮਕ ਤਲ! ਮਨ ਤੋਂ ਭੋਗ ਦਾ ਸੰਸਾਰ ਉਤਪੰਨ ਹੋ ਗਿਆ। ਕਾਮ-ਕ੍ਰੋਧ, ਲੋਭ, ਮੋਹ, ਹੰਕਾਰ—ਪੰਜ ਪੁੱਤਰ ....ਇਨ੍ਹਾਂ ਦਾ ਨਾਂ ਮਨੋਜ ਹੈ-

ਮਨ ਤੋਂ ਜੰਮੇ ਹੋਏ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥ (ਪੰ:736)

ਪੰਜ ਚੋਰ, ਪੰਜ ਠੱਗ...ਭੋਗ ਦੇ ਬਾਜ਼ਾਰ ਵਿਚ! ਪੰਜ ਕਰਮ ਇੰਦ੍ਰੀਆਂ, ਪੰਜ ਗਿਆਨ ਇੰਦ੍ਰੀਆਂ, ਹਰ ਇੰਦ੍ਰੀ ਦੀ ਆਪਣੀ ਪਸੰਦ ਦੀ ਭੋਗ ਸਮੱਗਰੀ। ਜਿੱਧਰ ਝਾਤੀ ਮਾਰੀਏ -ਭੋਗ ਦੇ ਬਾਜ਼ਾਰ ਸਜੇ ਹੋਏ ਨੇ-ਖਰੀਦ ਫਰੋਖ਼ਤ ਹੋ ਰਹੀ ਹੈ-ਅਸੀਂ ਇਸੇ ਨੂੰ ਸੰਸਾਰ ਕਹਿੰਦੇ ਹਾਂ। ਮਾਫ ਕਰਨਾ, ਤਥਾਕਥਿਤ ਧਰਮ ਅਦਾਰਿਆਂ ਵਿਚ ਵੀ, ਮਨ ਦੀ ਚਾਹਤ ਅਨੁਸਾਰ, ਭੋਗ ਸਮੱਗਰੀ ਪ੍ਰਾਪਤੀ ਦੀ ਘੋਸ਼ਨਾ ਹੋ ਰਹੀ ਹੈ। ਦੂਜਾ ਚਿੰਤਨ ਤਲ - ਜੀਵਾਤਮਾ ਪ੍ਰਦੇਸ਼। ਇਹ ਸੁੰਨ-ਲੋਕ ਹੈ। ਬਾਹਰਲੇ ਮਾਇਕ ਬਾਜ਼ਾਰ ਦਾ ਸ਼ੋਰ ਇਥੇ ਨਹੀਂ ਪੁਜ ਸਕਦਾ। ਇਕ ਗਹਿਰਾ ਮੌਨ-ਪਰਮ ਸ਼ਾਂਤ ਖਿੱਤਾ। ਹਰ ਮਨੁੱਖ ਅੰਦਰ ਚਲ ਰਹੇ, ਦੋ ਸਾਧਨਾ ਸ਼ਿਵਿਰ। ਬਾਹਰ ਦੀ ਇੰਦ੍ਰੀਆਂ ਵੀ ਸਾਧਨਾ ਕਰ ਰਹੀਆਂ ਹਨ-ਹੱਥ ਵਿਚ ਮਾਲਾ ਚਲ ਰਹੀ ਏ—ਨੇਤਰ, ਧਰਮ ਗ੍ਰੰਥਾਂ ਦਾ ਪਾਠ ਕਰ ਰਹੇ ਹਨ—ਰਸਨਾ ਪਾਠ ਉੱਚਾਰਣ ਕਰ ਰਹੀ ਹੈ...ਇਹ ਬਾਹਰ, ਦੇਹ ਤਲ ਤੇ ਇੰਦ੍ਰੀਆਂ ਦੀ ਸਾਧਨਾ ਹੈ। ਇਨ੍ਹਾਂ ਦੀ ਮੰਗ ਹੈ-ਤਨ ਦੀ ਅਰੋਗਤਾ, ਧਨ, ਪੁਤਰ ਦੀ ਪ੍ਰਾਪਤੀ-ਸਮਾਜਕ ਸ਼ਾਨ-ਸਨਮਾਨ!....ਕੁਝ ਸੰਸਾਰਕ ਜ਼ਰੂਰਤਾਂ ਹਨ, ਕੁਝ ਖੁਸ਼ਹਾਲ ਜੀਵਨ ਦੀ ਚਾਹਤ ਹੈ।



Sri Satguru Jagjit Singh Ji eLibrary NamdhariElibrary@gmail.com

ਦੂਜਾ ਤਲ ... ਆਤਮ ਤਲ ! ਦੇਹ ਦੇ ਅੰਦਰ, ਗਹਿਰੀ ਘਾਟੀ ਵਿਚ, ਇਕ ਗੁਫ਼ਾ! ਇਸ ਰਹੱਸਮਈ ਗੁਫ਼ਾ ਵਿਚ, ਨਿਰੰਤਰ ਜਲ ਰਹੀ, ਸੂਖਮ ਜੋਤਿ ...ਪਰਮਜੋਤਿ ਵਿਚ ਲੀਨ ਹੋਣ ਲਈ, ਜਨਮਾਂ-ਜਨਮਾਂ ਤੋਂ ਉਡੀਕ ਵਿਚ!

ਇਕੋ ਦੇਹ ਅੰਦਰ ਦੋ ਵਿਰੋਧੀ ਮੰਡਲ! ਤੀਜੇ ਪਾਤਸ਼ਾਹ, ਇਸ ਦਵੰਦ ਨੂੰ ਉਜਾਗਰ ਕਰਦੇ ਹਨ:

"ਗੁਰਮੁਖਿ ਅੰਤਰਿ ਸਹਜੁ ਹੈ, ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੂਖ ਹੈ, ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤਿ ਨਹੀ ਜਿਥੈ ਆਤਮ ਰਾਮ ਪ੍ਰਗਾਸ॥ "

(ਪੰ-1414)

ਅੰਦਰ ਸਹਜ ਹੈ। ਲੋਭੀ ਲਹਿਰਾਂ ਨਹੀਂ, ਚੰਚਲਤਾ ਨਹੀਂ। ਕਿਸੇ ਤੋਂ ਅਗੇ ਵੱਧਣ ਦੀ ਹੋੜ ਨਹੀਂ। ਹਰਖ ਨਹੀਂ, ਸੋਕ ਨਹੀਂ, ਨੀਂਦ-ਆਲਸ ਨਹੀਂ। ਭੁੱਖ ਨਹੀਂ। ਪ੍ਰਮੇਸ਼ਰ ਦਾ ਨਾਮ, ਅੰਮ੍ਰਿਤ ਦਾ ਸ਼ਾਂਤ ਸਰੋਵਰ... ਸਤਿ, ਚਿੱਤ ਆਨੰਦ।

ਮਨ ਔਰ ਆਤਮ ਪ੍ਰਦੇਸ ... ਦੋਹਾਂ ਦੀ ਖਿੱਚ! ਮਨ ਦਾ ਜਿਥੇ ਜ਼ੋਰ ਪੈਂਦੈ -ਤਾਂ ਨਾਈਟ ਕਲੱਬਾਂ ਵਿਚ ਮਨੁੱਖ ਦਿਖਦੈ। ਜਦੋਂ ਕੋਈ ਸੰਤ ਬਾਣੀ, ਗੁਰੂ-ਬਾਣੀ ਦੀ ਧੂਹ ਪੈਂਦੀ ਹੈ, ਤਾਂ ਧਰਮ ਸਥਾਨਾਂ ਵਿਚ ਮਨੁੱਖ ਦਿਖਦੈ। ਮਨੁੱਖ ਉਹੀ ਹੁੰਦੈ, ਪ੍ਰੇਰਕ ਤੱਤ ਤਬਦੀਲ ਹੋ ਜਾਂਦੇ ਹਨ- ਕਦੀ ਮਨ ਧੱਕੇ ਦੇਂਦੈ, ਕਦੇ ਆਤਮਾ ਦਾ ਮੋਨ ਸੱਦਾ!

ਪੰਜਵੇਂ ਪਾਤਸ਼ਾਹ, "ਸੁਖਮਨੀ" ਵਿਚ, ਇਸ ਇੰਦ੍ਰੀ-ਪ੍ਰੇਰਤ ਬਾਹਰਲੀ ਸਾਧਨਾ ਪ੍ਰਤੀ ਕਹਿੰਦੇ ਹਨ-

"ਇਸੁ ਦੇਹੀ ਕਉ ਬਹੁ ਸਾਧਨਾ ਕਰੈ॥ ਮਨ ਤੇ ਕਬਹੂ ਨ ਬਿਖਿਆ ਟਰੈ"॥ .. ਬਾਹਰੀ ਤਲ ਤੇ ਇੰਦ੍ਰੀਆਂ ਦੁਆਰਾ ਭੋਗ-ਇੱਛਾ ਲਈ ਸਾਧਨਾ...! ਮਨ ਦੀ ਬਿਖਿਆ, ਅੰਦਰ ਦਾ ਵਿਕਾਰ ਦੂਰ ਨਹੀਂ ਹੁੰਦਾ। ਪੰਜਵੇਂ ਪਾਤਸ਼ਾਹ ਕਹਿੰਦੇ ਹਨ, ਸਾਧਨਾ ਦੀ ਪੂਜਾ-ਅਰਚਨਾ ਦੀ ਇਹ ਬਾਹਰਮੁਖੀ ਸਾਧਨਾ ... ਵਿਖਾਵੇ ਦੀ ਭਗਤੀ, ਭੇਖ ਦੀ ਭਗਤੀ, ਕਈ ਜਨਮ ਵਿਅਰਥ ਚਲੇ ਗਏ।

ਤੀਜੇ ਪਾਤਸ਼ਾਹ ਦੇ ਸਮੇਂ, ਸ੍ਰੀ ਗੋਇੰਦਵਾਲ ਸਾਹਿਬ, ਇਕ ਯੋਗੀ ਆਇਆ। ਸ਼ਾਮ ਦੇ ਦੀਵਾਨ ਵਿਚ, ਸੰਗੀਤ ਅਤੇ ਗੁਰਬਾਣੀ ਸ਼ਬਦ ਲਹਿਰਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਝੂਮਦੀ ਕਾਇਨਾਤ ਦਾ ਨਜ਼ਾਰਾ ਵੇਖ, ਮੰਤਰ-ਮੁਗਧ ਹੋਏ ਗਿਆ। ਅਰਜ਼ ਕੀਤੀ, ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ, ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-"ਚਿਰੰਕਾਲ ਜੋਗ ਤਪ ਕੀਨੇ। ਲੈ ਸਿੱਧੀ ਨਰ ਕੀਏ ਅਧੀਨੇ। ਮਨ ਮੇਰੇ ਮਹਿ ਸ਼ਾਂਤ ਨ ਹੋਈ, ਮਾਨਹਿ ਮੋਹਿ ਜਗਤ ਸਭਿ ਕੋਈ॥" ਪਾਤਸ਼ਾਹ ਜੀ! ਜੋਗ ਮੁਦ੍ਰਾਵਾਂ ਅਤੇ ਤਪ ਨਾਲ, ਮੈਂ ਜਗਤ ਨੂੰ ਪ੍ਰਭਾਵਿਤ ਕਰ ਲਿਆ। ਪਰ ਅੰਤਰਆਤਮਾ ਸ਼ਾਂਤ ਨਹੀਂ ਹੋਈ। ਲਗਦੈ ਸਭ ਕੁਝ ਬਾਹਰ-ਬਾਹਰ ਹੁੰਦਾ ਰਿਹਾ-ਦੇਹ ਤਲ ਤੇ। ਆਤਮਾ ਦਾ ਆਨੰਦ ਦਿਉ ... ਦਇਆ ਕਰੋ। ਪਾਤਸ਼ਾਹ ਬਚਨ ਕੀਤਾ-ਇਸ ਜਨਮ, ਤੁਸੀਂ ਉਸ ਰੂਹਾਨੀ ਖੇੜੇ ਦੇ ਹੱਕਦਾਰ ਨਹੀਂ। ਦੇਹ ਤਿਆਗ ਕੇ ਸਾਡੇ ਕੋਲ ਆ ਜਾਉ, ਤੁਹਾਡਾ ਜੀਵਨ ਪਰਮ ਆਨੰਦ ਨਾਲ ਭਰ ਜਾਏਗਾ। ਉਸ ਜੋਗੀ ਨੇ ਡੇਰੇ ਜਾ ਕੇ ਦੇਹ ਤਿਆਗ ਦਿਤੀ। ਤੀਜੇ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦੇ, ਬਾਬਾ ਮੋਹਰੀ ਜੀ ਦੇ ਘਰ ਜਨਮ ਧਾਰਿਆ। ਬਾਲ ਜਨਮ ਦੀ ਖਬਰ ਲਗਦਿਆਂ ਪਾਤਸ਼ਾਹ ਹੁਕਮ ਕੀਤਾ, "ਬੱਚੇ ਨੂੰ ਲਿਆਉ"। ਹੱਥਾਂ ਵਿਚ ਬੱਚਾ ਚੁੱਕ ਬਚਨ ਕੀਤਾ, ਇਹ ਬਾਲ ਆਨੰਦ ਦੀ ਚਾਹਤ ਵਿਚ ਸਾਡੇ ਪਾਸ ਆਇਐ, ਇਸ ਦਾ ਨਾਂ, "ਆਨੰਦ" ਹੋਇਆ। ਉਸ ਥਾਂ, "ਆਨੰਦ ਸਾਹਿਬ" ਉਚਾਰਨ ਕੀਤਾ- ਅਨੰਦ ਭਇਆ ਮੇਰੀ ਮਾਏ, ਸਤਿਗੁਰੂ ਮੈ ਪਾਇਆ"... ਆਤਮ ਆਕਾਸ਼! ਇਹ ਸੁੰਨ ਮੰਡਲ ਹੁੰਦੈ, ਜਿਥੋਂ ਸ੍ਰਿਸ਼ਟੀ ਸਿਰਜ ਰਹੀ ... ਬਿਨਸ ਰਹੀ। ਆਤਮ-ਮੰਡਲ ਜਿਥੇ, ਜੀਵ-ਬ੍ਰਹਮ ਮਿਲਨ ਹੋ ਰਿਹੈ। ਜਿਥੇ ਧਰਤ-ਆਕਾਸ਼ ਮਿਲਨ ਹੁੰਦੈ। ਧਰਤ ਦਾ ਅਰਥ, ਪੰਜ ਤੱਤਾਂ ਦਾ ਜੀਵ ਅਤੇ ਆਕਾਸ਼ ਦਾ ਅਰਥ ਹੈ, ਸੁੰਨ-ਮੰਡਲ।

"ਪੰਚ ਤਤੁ ਸੁੰਨਹੁ ਪਰਗਾਸਾ। ਦੇਹ ਸੰਜੋਗੀ ਕਰਮ ਅਭਿਆਸਾ" ਮਾਰੂ ਮਹਲਾ (ਪੰ-1037)

ਸੁਰਤਿ ਦਾ ਸਿਖਰ, ਜਿਥੇ ਮਨ ਤੋਂ ਉਪਜੇ ਵਿਕਾਰਾਂ ਦੀ ਪਹੁੰਚ ਨਹੀਂ। ਆਦਿ ਸ਼ੰਕਰਾਚਾਰਿਆ ਇਸ ਥਾਂ ਨੂੰ ਏਕਾਂਤ ਕਹਿੰਦੇ ਹਨ-

"ਏਕਾਂਤੇ ਸੁਖਂ ਵਾਸ਼ਯਤਾਮ।"

ਏਕਾਂਤ-ਇਕ ਰਹਿ ਗਿਆ-ਹੋਰ ਸਾਰੀਆਂ ਵਾਸ਼ਨਾਵਾਂ ਦਾ ਅੰਤ! ਫੇਰ ਸਮਾਂ ਆਵੇ, ਇਸ ਏਕ ਦਾ ਭੀ ਅੰਤ ਹੋ ਜਾਏ.... ਕੋਈ ਵਿਕਲਪ ਨਾ ਰਹੇ..... ਨਿਰਵਿਕਲਪ! ਉਪਦ੍ਰਵ ਸ਼ਾਂਤ ਹੋ ਗਏ! ਜੀਵਨ ਮੁਕਤਿ ਹੋ ਗਿਆ।

## 26

# ਰੁਤਿ ਫਿਰੀ ਵਣੁ ਕੰਬਿਆ

ਜੀਵਨ ਦੇ ਦੋ ਆਯਾਮ ਹਨ..... ਜੀਵਨ ਸਰਿਤਾ ਦੇ ਦੋ ਕਿਨਾਰੇ। ਰਾਤ ਔਰ ਦਿਨ....! ਦੁਖ ਔਰ ਸੁਖ....! ਸੰਜੋਗ ਔਰ ਵਿਯੋਗ। ਦੋ ਵਿਰੋਧੀ ਅਨੁਭੂਤੀਆਂ 'ਚੋਂ ਲੰਘਦਾ ਜੀਵਨ। ਸੁਖੇਵਾਂ ਸਮਾਂ ਆਉਂਦੈ ਤਾਂ ਨਿਜ ਦੀ ਪ੍ਰਾਪਤੀ, ਸਮਝ, ਹੰਕਾਰ ਪੈਦਾ ਹੁੰਦੈ। ਦੁਖ ਆਉਂਦੈ ਤਾਂ ਕਿਸੇ ਹੋਰ ਤੇ ਦੋਸ਼ ਲਾਈਦੈ। ਕਿਸੇ ਸ਼ਰੀਕ ਕਰ ਕੇ, ਕਿਸੇ ਭਾਈਵਲ ਜਾਂ ਗਵਾਂਢ ਕਰਕੇ ਦੁਖ ਆਇਆ।

"ਉਮਰ ਭਰ ਗਾਲਿਬ, ਯਹੀ ਭੂਲ ਕਰਤਾ ਰਹਾ।
ਧੂਲ ਚੇਹਰੇ ਪੇ ਥੀ, ਔਰ ਆਈਨਾ ਸਾਫ਼ ਕਰਤਾ ਰਹਾ।"

ਭਗਤ ਰਵਿਦਾਸ ਜੀ ਮਨੁੱਖੀ ਮਨੋ-ਦਸ਼ਾ ਖੋਲ੍ਹਦੇ ਹਨ-

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥" (ਪੰ. 487)

ਪਤੰਗ, ਆਕਾਸ਼ ਤੇ ਉਡਾਰੀ ਮਾਰਦੀ ਹੋਵੇ ਤਾਂ ਹੰਕਾਰ ਨਾ ਕਰੇ....ਡੋਰ ਟੁੱਟੀ, ਫੇਰ ਪਤਾ ਨਹੀਂ ਕੀ ਹਾਲ ਹੋਵੇ। ਸਮੇਂ ਤੋਂ ਡਰੀਏ। ਸਮਾਂ ਪਾਸਾ ਪਰਤੇ ਤਾਂ ਵੱਡੇ-ਵੱਡੇ ਮਹਿਲਾਂ ਵਿਚ ਜ਼ਲਜ਼ਲਾ ਲੈ ਆਉਂਦੈ। ਅਰਜਨ ਦੇ ਨਾਲ, ਸਖਾ ਰੂਪ ਵਿਚ, ਭਗਵਾਨ ਕ੍ਰਿਸ਼ਨ ਸਨ...ਸਮਾਂ ਆਪਣੇ ਪੱਖੀ ਸੀ। ਅਰਜਨ ਦਾ ਗਾਂਡੀਵ (ਧਨੁੱਖ), ਜਦੋਂ ਤਾਰ ਟੰਕਾਰਦਾ ਸੀ ਤਾਂ ਕਹਿੰਦੇ ਦੇਵ ਲੋਕ ਵੀ ਕੰਬ ਜਾਂਦਾ ਸੀ। ਸਮੇਂ ਨੇ ਕਰਵਟ ਲਈ। ਦਵਾਰਕਾ, ਭਗਵਾਨ ਕ੍ਰਿਸ਼ਨ ਨੇ ਦੇਹ ਦਾ ਓਹਲਾ ਕੀਤਾ। ਅਰਜਨ, ਦੁਖ ਦਾ ਪ੍ਰਗਟਾਵਾ ਕਰ ਕੇ ਵਾਪਸ ਹਸਤਨਾਪੁਰ ਆਉਣ ਲੱਗਾ। ਬ੍ਰਿੰਦਾਵਨ ਦੀਆਂ ਕੁਝ ਗੋਪੀਆਂ, ਸ੍ਰੀ ਕ੍ਰਿਸ਼ਨ ਦੇ ਮਗਰ ਦਵਾਰਕਾ ਗਈਆਂ ਸਨ... ਉਹ ਭੀ ਅਰਜਨ ਦੇ ਨਾਲ ਵਾਪਸ ਤੁਰ ਪਈਆਂ।



Sri Satguru Jagjit Singh Ji eLibrary NamdhariElibrary@gmail.com

ਮੱਧ ਪ੍ਰਦੇਸ਼ ਦੇ ਜੰਗਲ 'ਚੋਂ ਲੰਘਦਿਆਂ, ਜੰਗਲੀ ਭੀਲਾਂ ਨੇ ਹਮਲਾ ਕਰ ਕੇ, ਗੋਪੀਆਂ ਸਹਿਤ ਸਾਰਾ ਕਾਫ਼ਲਾ ਲੁਟ ਲਿਆ-

"ਮਨੁਸ ਬੜਾ ਨਹੀ ਹੋਤ ਹੈ, ਸਮੈ ਬੜਾ ਬਲਵਾਨ।

ਭੀਲਣ ਛੀਨੀ ਗੋਪੀਕਾ, ਵਹੀ ਅਰਜੁਨ ਵਹੀ ਬਾਣ॥"

ਕਹਿੰਦੇ ਹਨ- "ਸਮਾਂ ਬੜਾ ਹਰਜਾਈ, ਸਮੇਂ ਦੀ ਗਤਿ ਕਿਨੈ ਨ ਪਾਈ"।

ਜੰਗਲ ਦੀ ਆਪਣੀ ਰਿਆਸਤ ਹੈ। ਦੂਰ-ਦੂਰ ਤਕ ਫੈਲਿਆ ਮਸਾਜ। ਘਣੇ ਬ੍ਰਿਖ, ਘਾਹ, ਲਤਾਵਾਂ, ਨਦੀਆਂ ਦੇ ਦੁਆਲੇ ਸ਼ੇਰ, ਚੀਤੇ, ਹਾਥੀ ਅਤੇ ਹਿਰਨਾਂ ਨਾਲ ਭਰਿਆ ਪੂਰਿਆ, ਜੰਗਲ ਪ੍ਰੀਵਾਰ! ਸਮੇਂ ਨੇ ਰੁੱਖ ਬਦਲਿਆ- ਤਾਂ ਜੰਗਲ ਕੰਬ ਗਿਆ।

ਭਗਤ ਫਰੀਦ ਜੀ, ਬਦਲੇ ਸਮੇਂ ਜੰਗਲ ਦੀ ਮਨੋ-ਦਸ਼ਾ ਖੋਲ੍ਹਦੇ ਹਨ-

"ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥

ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥ (ਪੰ. 1383)

ਰੁੱਤ ਬਦਲੀ, ਖ਼ਿਜ਼ਾਂ....ਪੱਤਝੜ ਸਵਾਰ ਹੋ ਗਈ। ਪੱਤੇ ਸਾਥ ਛੱਡਣ ਲੱਗੇ। ਸ਼ਾਖਾਵਾਂ ਕੁਮਲਾਉਣ ਲੱਗੀਆਂ। ਵਿਨਾਸ਼ ਦੇ ਮੂੰਹ ਵਿਚ ਜਾਂਦੇ ਪ੍ਰੀਵਾਰ ਨੂੰ ਵੇਖਦਿਆਂ ਜੰਗਲ ਕੰਬ ਗਿਆ--

"ਫਰੀਦਾ ਰੁਤਿ ਫਿਰੀ ਵਣ ਕੰਬਿਆ, ਪਤ ਝੜੇ ਝੜਿ ਪਾਹਿ"

ਇਹ ਜੰਗਲ, ਮਨੁੱਖ ਦਾ ਬਿੰਬ ਹੈ। ਸੁਖ ਆਇਆ ਤਾਂ ਦੁਖ ਭੁਲ ਗਿਆ। ਜੀਵਨ ਨੇ ਰਾਸ ਪਾਈ ਤਾਂ ਮੌਤ ਚੇਤੇ ਨਾ ਰਹੀ। ਮੌਤ, ਅਚਾਨਕ ਆਨ ਖਲੋਤੀ। ਮੌਤ ਦਾ ਹਲਕਾ ਜਿਹਾ ਪਦ-ਚਾਪ.... ਅਜਲ ਦੀ ਮੌਨ ਆਹਟ.....ਬੰਦਾ ਹੌਂਸਲਾ ਛੱਡ ਗਿਆ। ਮੌਤ ਦੇ ਨਾਂ ਤੋਂ ਦਿਲ ਦਹਿਲ ਜਾਂਦੈ। ਪੰਖੀ ਦਾ ਪਰਵਾਜ਼ ਉਸ ਦੇ ਖੰਭਾਂ ਵਿਚ ਸਹਿਮ ਜਾਂਦੈ। ਹੇ ਰੱਬਾ! ਕਿੱਥੇ ਜਾ ਛੁਪਾਂ? ਫਰੀਦ ਜੀ ਕਹਿੰਦੇ ਹਨ-

"ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥

ਸ਼ਿਵ-ਲੋਕ, ਇੰਦਰ-ਲੋਕ, ਬ੍ਰਹਮ-ਲੋਕ, ਵਿਸ਼ਨੂੰ-ਲੋਕ....ਮੌਤ ਦਾ ਹੱਥ, ਹਰ ਥਾਂ ਦਿਸਿਆ। ਦਸਮ ਪਾਤਸ਼ਾਹ ਕਹਿੰਦੇ ਹਨ-

"ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ।

ਰਾਮ ਚੰਦ੍ਰ ਕਿਸ਼ਨ ਕੇ ਅਵਤਾਰ ਭੀ ਅਨੇਕ ਹੈਂ।

ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ

ਸਿਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ।

ਮੌਨ ਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ

ਅੰਸਾ ਅਵਤਾਰ ਕੇਤੇ-ਕਾਲ ਬਸ ਭਏ ਹੈਂ।

ਪੀਰ ਔ ਪਿਕਾਂਬਰ ਕੇਤੇ ਗਨੇ ਨੇ ਪਰਤ ਏਤੇ।

ਭੂਮਹੀ ਤੇ ਹੁਇਕੈ ਫੇਰ ਭੂਮ ਹੀ ਮਿਲਏ ਹੈਂ॥

ਪ੍ਰਮੇਸ਼ਰ ਨੇ ਨਰ ਰੂਪ ਧਾਰਿਆ-ਭਗਵਾਨ ਰਾਮ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਗੁਰੂ ਪੀਰ ਦੇਹ ਦਾ, ਆਕਾਰ ਲਾਜ਼ਮੀ ਨਸ਼ਟ ਹੋਇਆ। ਸੁੰਨ 'ਚੋਂ ਆਏ ਤੱਤ, ਸੁੰਨ 'ਚ ਸਮਾਹਿਤ ਹੋ ਜਾਣਗੇ। ਪ੍ਰਮੇਸ਼ਰ ਦੀ ਕ੍ਰਿਪਾ ਹੋਈ, ਕੋਈ ਚੰਗਾ ਕਰਮ ਲੇਖੇ ਲਗਾ ਤੇ ਮਨੁੱਖ ਜਨਮ ਪਾਇਆ। ਸਵਾਸ ਚਲੇ ਤਾਂ ਗਿਣਤੀ ਆਰੰਭ ਹੋ ਗਈ। ਦਿਨ ਦੀ ਲਿਸ਼ਕ ਵਿਚ ਰਾਤ ਚੇਤੇ ਨਾ ਰਹੀ। ਜੀਵਨ ਦੇ ਭੋਗਾਂ ਵਿਚ ਮੌਤ ਭੁੱਲ ਗਈ। ਮਨੁੱਖ ਭੁੱਲ ਗਿਆ....ਰੱਬ ਨਹੀਂ ਭੁਲਿਆ। ਫਰੀਦ ਜੀ ਕਹਿੰਦੇ ਹਨ-

"ਜੇ ਤੈਂ ਰਬੁ ਵਿਸਾਰਿਆ ਤਾ ਰਬਿ ਨ ਵਿਸਰਿਓਹਿ।"

ਉਸ ਨੂੰ ਚੰਗੀ ਤਰ੍ਹਾਂ ਪਤਾ ਹੈ, ਕਿੰਨੇ ਸਵਾਸ ਹੋਰ ਰਹਿੰਦੇ ਹਨ।

ਗੁਰੂ ਨਾਨਕ ਪਾਤਸ਼ਾਹ (ਸੰਨ 1539) ਪਹਿਲਾਂ ਅਸੂ ਦੀ ਸਪਤਮੀ ਨੂੰ, ਦੇਹ ਤਿਆਗ ਦੀ ਇੱਛਾ ਜ਼ਾਹਰ ਕੀਤੀ। ਮਾਤਾ ਸੁਲੱਖਣੀ, ਕੰਬਦੀ ਹੋਈ ਨੇ ਕਿਹਾ, "ਏਨੀ ਛੇਤੀ ? ਅਜੇ ਕਲ, ਅਸ਼ਟਮੀ, ਵਡੇਰਿਆਂ ਦਾ ਸਰਾਧ ਵੀ ਹੈ।

ਚੰਗਾ, ਫੇਰ ਦਸਮੀ ਨੂੰ ਜਾਵਾਂਗੇ। ਸਾਰੇ ਪਾਸੇ ਖਬਰ ਫੈਲ ਗਈ। ਹਿੰਦੁਸਤਾਨ ਦੇ ਚਹੁੰ ਦਿਸ਼ਾਵਾਂ ਤੋਂ ਇਰਾਨ, ਇਰਾਕ, ਮੱਕਾ, ਮਦੀਨਾ, ਮੁਲਤਾਨ ਹਰ ਪਾਸਿਓਂ ਸੰਗਤਾਂ ਆ ਪੁੱਜੀਆਂ, ਕਰਤਾਰਪੁਰ ! ਸਲਾਹ ਕਰ ਕੇ ਕੁਝ ਪੱਤਵੰਤੇ ਸੱਜਣਾਂ ਦੀ ਅਗਵਾਈ ਵਿਚ, ਗੁਰੂ ਨਾਨਕ ਪਾਤਸ਼ਾਹ ਅੱਗੇ, ਅਜੇ ਦੇਹ ਤਿਆਗ ਦਾ ਭਾਣਾ ਨਾ ਵਰਤੌਣ ਲਈ ਅਰਜ਼ ਕੀਤੀ-



Sri Satguru Jagjit Singh Ji eLibrary NamdhariElibrary@gmail.com

ਪਾਤਸ਼ਾਹ ਨੇ ਆਸਾ ਰਾਗ ਵਿਚ ਗੁਰਬਾਣੀ ਉਚਾਰਨ ਕੀਤੀ:

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥

ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥......

ਭਾਵੇਂ ਕਿੰਨਾ ਨੇਕ ਇਨਸਾਨ ਹੋਵੇ.... ਲੱਖਾਂ ਚੰਗੇ ਕਰਮ--ਦਾਨ, ਪੁੰਨ, ਤਪ, ਤੀਰਥ, ਸਹਜ ਜੋਗ ਵਿਚ ਸਥਿਤ ਹੋਵੇ, ਸੂਰਬੀਰ ਹੋਵੇ-ਧਰਮ ਯੁੱਧ ਵਿਚ ਕਦੇ ਮੂੰਹ ਨਾ ਫੇਰੇ---ਪਰ

"ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥"

ਆਵਾ-ਗਮਨ, ਪ੍ਰਮੇਸ਼ਰ ਦਾ ਅਟੱਲ ਵਿਧਾਨ ਹੈ। ਤੱਤ ਗਿਆਨ ਦਾ ਚਾਨਣ...! ਉਥੇ ਮੌਤ ਦਾ ਭੈਅ ਨਹੀ., ਕਾਂਪਾ ਨਹੀਂ। ਮੌਤ ਉਤਸਵ ਬਣ ਜਾਂਦੀ ਹੈ.....ਨਿਜ ਘਰ, ਵਾਪਸੀ ਦੇ ਚਾਅ ਨਾਲ ਭਰੀ ਹੋਈ ਰੂਹ....।

# 27

## ਗੁਹਜ ਕਥਾ

ਆਕਾਸ਼ 'ਚ ਇਕ ਲਿਸ਼ਕਾਰਾ ਪਿਆ.... ਇਕ ਕਿਰਣ ਧਰਤੀ ਵੱਲ ਆਈ... ਮਾਤ ਗਰਭ ਵਿਚ ਪ੍ਰਵੇਸ਼ ਕੀਤੀ.... ਕੁਦਰਤ ਨੇ ਮਿੱਟੀ, ਪਾਣੀ, ਹਵਾ, ਅਗਨੀ ਦੀ ਦੇਹ ਬਣਾਈ.... ਬੱਚੇ ਦਾ ਜਨਮ ਹੋਇਆ....ਇਹ ਮਨੁੱਖ ਕਹਿਲਾਇਆ। ਸ੍ਰਿਸ਼ਟੀ ਦਾ ਸਭ ਤੋਂ ਗੁਹਜ, ਸਭ ਤੋਂ ਪੇਚੀਦਾ, ਸਭ ਤੋਂ ਰਹੱਸਮਈ, ਰਚਨਾ ਮਨੁੱਖ ਹੈ। ਦੇਹ ਰੂਪ 'ਚ ਸੰਸਾਰ, ਜੀਵ ਰੂਪ 'ਚ ਨਿਰੰਕਾਰ... ਆਪਣੇ ਆਪ 'ਚ ਸੰਪੂਰਨ ਬ੍ਰਹਮੰਡ ਦਾ ਬਿੰਬ! ਤੀਜੇ ਪਾਤਸ਼ਾਹ ਕਹਿੰਦੇ ਹਨ-

ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ॥

ਇਸੁ ਕਾਇਆ ਅੰਦਰਿ ਨਾਮੁ ਨਉਨਿਧਿ ਪਾਈਐ ਗੁਰ ਕੈ ਸਬਦ ਵੀਚਾਰਾ॥

(ਪੰ. 754)

ਕਾਇਨਾਤ 'ਚ, ਇਕ ਰਹੱਸਮਈ ਰੂਪਾਂਤਰਣ ਘਟ ਰਿਹੈ। ਸਾਗਰ ਤਲ 'ਤੇ ਨਿਰੰਤਰ ਵਾਸ਼ਪੀਕਰਨ ਹੋ ਰਿਹੈ। ਭਾਫ਼ ਬਣ ਕੇ ਪਾਣੀ, ਸਮੁੰਦਰ ਤੋਂ ਉੱਠ ਰਿਹੈ.... ਬੱਦਲ ਬਣ ਆਕਾਸ਼ 'ਚ ਉੱਡ ਰਹੇ ਹਨ। ਉੱਚੇ ਮੰਡਲਾਂ 'ਤੇ ਇਹ ਬੱਦਲ, ਪਾਣੀ ਦੀ ਬੂੰਦ 'ਚ ਤਬਦੀਲ ਹੋ, ਧਰਤੀ 'ਤੇ ਡਿੱਗ ਰਹੇ ਹਨ। ਇਹ ਸਿਲਸਿਲਾ ਨਿਰੰਤਰ ਚੱਲ ਰਿਹੈ। ਆਪ ਨਿਰਾਕਾਰ ਬ੍ਰਹਮ, ਜੀਵ ਰੂਪ 'ਚ, ਹਰ ਪ੍ਰਾਣੀ ਦੇਹ 'ਚ ਪ੍ਰਵੇਸ਼ ਕਰਦੈ.... ਜੀਉਣ ਦੇ ਲੱਛਣ ਪ੍ਰਗਟ ਹੁੰਦੇ ਹਨ। ਸਮਾਂ ਆਉਂਦੈ, ਜੋਤਿ ਬਾਹਰ ਨਿਕਲ ਜਾਂਦੀ ਹੈ..... ਦੇਹ ਲਾਸ਼ ਬਣ ਜਾਂਦੀ ਹੈ। ਬ੍ਰਹਮ-ਮਾਇਆ ਦਾ ਸੰਜੋਗ, ਤਾਂ ਜੀਵਨ ਬ੍ਰਹਮ ਦਾ ਵਿਯੋਗ, ਤਾਂ ਮੌਤ। ਪੰਜਵੇਂ ਪਾਤਸ਼ਾਹ ਸੂਹੀ ਰਾਗ 'ਚ ਕਹਿੰਦੇ ਹਨ, ਇਹ ਵਿਸਮਾਦੀ ਅਵਸਥਾ ਹੈ-



Sri Satguru Jagjit Singh Ji eLibrary NamdhariElibrary@gmail.com

ਗੁਹਜ ਕਥਾ ਇਹ ਗੁਰ ਤੇ ਜਾਣੀ॥

ਨਾਨਕੁ ਬੋਲੈ ਹਰਿ ਹਰਿ ਬਾਣੀ॥ (ਪੰ. 739)

ਪ੍ਰਾਕ੍ਰਿਤੀ ਦੇ ਇਸ ਭੇਦ ਨੂੰ ਜਾਣਨ ਲਈ, ਹਜ਼ਾਰਾਂ ਸਾਲਾਂ ਤੋਂ ਰਿਸ਼ੀ ਮੁਨੀ, ਅੰਤਰਮੁਖੀ ਪ੍ਰਯੋਗ ਕਰਦੇ ਰਹੇ। ਉਨ੍ਹਾਂ ਮਨੁੱਖੀ ਕਾਇਆ 'ਚ ਦੋ ਵਜੂਦ ਵੇਖ ਲਏ-

ਇਕ ਬ੍ਰਹਮ, ਦੂਜੀ ਮਾਇਆ। ਇਕ ਜੀਵਾਤਮਾ, ਦੂਜੀ ਦੇਹ।

ਇਕ ਪਿੰਡ 'ਚ ਦੋ। ਦਵੈਤ ਬਣ ਗਿਆ। ਦੇਹ ਦਿਖਦੀ ਹੈ, ਆਤਮਾ ਨਹੀਂ ਦਿਖਦੀ। ਜਿਵੇਂ ਬਿਜਲੀ ਦੀ ਤਾਰ ਦਿਸਦੀ ਹੈ, ਅੰਦਰ ਪ੍ਰਵਾਹਿਤ ਹੋ ਰਹੀ, ਸ਼ਕਤੀਸ਼ਾਲੀ ਬਿਜਲੀ ਦੀ ਧਾਰਾ ਨਹੀਂ ਦਿਸਦੀ। ਸਾਡੇ ਕੋਲ ਜਾਣਕਾਰੀ ਲਈ, ਕੁਦਰਤ ਵਲੋਂ ਪ੍ਰਾਪਤ ਗਿਆਨ ਇੰਦਰੀਆਂ, ਅੱਖ, ਕੰਨ, ਨੱਕ, ਰਸਨਾ ਜਾਂ ਤਵੱਚਾ, ਬਾਹਰਮੁਖੀ ਗਿਆਨ ਲਈ ਸਮਰੱਥ ਹਨ.... ਅੰਤਰਮੁਖੀ ਦਰਸ਼ਨ ਸਮਰੱਥਾ ਤੋਂ ਵਾਂਝੇ। ਅਸਾਂ, ਇਨ੍ਹਾਂ ਇੰਦਰੀਆਂ ਵਲੋਂ ਪ੍ਰਾਪਤ ਸੰਕੇਤਾਂ 'ਤੇ ਭਰੋਸਾ ਕੀਤਾ ਅਤੇ ਮੰਨ ਲਿਆ ਕਿ ਅਸੀਂ "ਦੇਹ ਰੂਪ" ਹਾਂ। ਸਾਡਾ ਰੂਪ, ਰੰਗ, ਕੱਦ, ਉਹਦਾ.... ਬਾਹਰਲੀ ਪਛਾਣ, ਸਾਡਾ ਪ੍ਰੀਚੈ ਬਣ ਗਿਆ.... ਇਥੇ ਹੀ ਮਨੁੱਖ, ਧੋਖਾ ਖਾ ਗਿਆ। ਇਹ ਬਾਹਰਲੇ ਭੌਤਿਕ ਵਜੂਦ ਦਾ ਪ੍ਰੀਚੈ ਸਾਡਾ "ਮੈਂ" ... ਹਉਮੈ ... ਬਣ ਕੇ ਪੱਕੇ ਤੌਰ ਤੇ ਬੈਠ ਗਿਆ। ਅਸੀਂ ਇਸ ਦੀ ਸੁੰਦਰਤਾ, ਸਵਸਥਤਾ, ਸੰਪੰਨਤਾ ਅਤੇ ਸੁਰੱਖਿਆ ਨੂੰ ਹੀ ਜੀਵਨ ਦਾ ਮੰਤਵ ਬਣਾ ਲਿਆ.... ਅੰਦਰਲੇ ਨਿਜ ਥਾਂਵ ਤਕ ਪੁੱਜਣ ਦੀ.... ਨਿਜ ਰੂਪ ਨੂੰ, ਆਤਮ ਰੂਪ ਨੂੰ...., ਤੱਤ ਰੂਪ ਨੂੰ ਜਾਣਨ ਦਾ ਕਦੀ ਸੰਕਲਪ ਨਾ ਲਿਆ। ਬਾਹਰਲੀ ਕਾਇਆ ਅਵਰੋਧ ਬਣ ਗਈ... ਅੰਤਰ ਯਾਤਰਾ ਦੇ ਮਾਰਗ 'ਚ ਦੀਵਾਰ ਬਣ ਕੇ ਖੜ੍ਹੀ ਹੋ ਗਈ। ਹਜ਼ਾਰਾਂ ਸਾਲ ਪਹਿਲਾਂ ਰਿਸ਼ੀ ਨੇ, ਮਨੁੱਖ ਦੇ ਸੂਖਮ ਸਰੂਪ ਨੂੰ ਵੇਖ ਲਿਆ। ਇਹ ਉਸ ਦੀ ਅੰਤਰਿ ਦ੍ਰਿਸ਼ਟੀ.... ਦਿਵ-ਦ੍ਰਿਸ਼ਟੀ ਦਾ ਕਮਾਲ ਸੀ। ਰਿਸ਼ੀ ਨੇ, ਰਿਗ ਵੇਦ 'ਚ ਘੋਸ਼ਣਾ ਕੀਤੀ-

ਉਦੁੱਤਮ ਮੁਮੁਗਧੀ ਨੋ ਵੀ ਪਾਸ਼ ਮਧਿਅਮੰ ਚ ਵ੍ਰਿਤੰ।

ਅਵਾਧਮਾਨਿ ਜੀਵਸੇ॥ 1/25/21 (ਰਿਗਵੇਦ)

ਦੇਹ ਪ੍ਰਤੀ ਆਸਕਤੀ ਬੰਧਨ ਹੈ.....ਇਸ ਬੰਧਨ ਨੂੰ ਕੱਟ ਕੇ, ਅੰਤਰ-ਯਾਤਰਾ ਨਿਰਵਿਘਨ ਕਰਨੀ ਚਾਹੀਦੀ ਹੈ।



Sri Satguru Jagjit Singh Ji eLibrary NamdhariElibrary@gmail.com

ਇਹ ਦੇਹ ਦਾ, ਦੇਹ ਨਾਲ ਜੁੜੇ ਪਰਿਵਾਰ, ਸੰਸਾਰ ਦਾ ਮੋਹ ਰੁਕਾਵਟ ਹੈ.... ਇਸ ਪਸ਼ੂ ਦੀ ਬਲੀ ਦੇ ਦਿਉ।

ਪਸ਼ੂ ਦਾ ਅਰਥ ਸੀ, ਢੋਣ ਵਾਲਾ... ਵਾਹਨ.... ਸਵਾਰੀ। ਮਨੁੱਖੀ ਸੱਭਿਅਤਾ ਦੇ ਵਿਕਾਸਵਾਦ 'ਚ, ਚਾਰ ਪੈਰਾਂ ਵਾਲਾ ਜਾਨਵਰ, ਪਹਿਲੀ ਸਵਾਰੀ ਬਣਿਆ। ਸਾਮਾਨ ਜਾਂ ਸਵਾਰੀ ਢੋਣ ਵਾਲਾ। ਇਸਨੂੰ ਪਸ਼ੂ ਕਿਹਾ। ਮਨੁੱਖੀ ਦੇਹ, ਜੀਵਾਤਮਾ ਨੂੰ ਢੋਅ ਰਹੀ ਹੈ, ਇਸ ਦੇਹ ਨੂੰ ਪਸ਼ੂ ਕਿਹਾ। ਵੇਦ ਰਿਚਾਵਾਂ ਨੂੰ ਵੀ ਕਿਤੇ-ਕਿਤੇ ਪਸ਼ੂ ਕਹਿਐ...... ਬ੍ਰਹਮ-ਵਾਣੀ ਨੂੰ ਢੋਣ ਵਾਲੀਆਂ ਰਿਚਾਵਾਂ। ਤਾਂ ਰਿਸ਼ੀ ਨੇ ਕਿਹਾ-ਇਹ ਦੇਹ ਤੇਰੇ ਲਈ ਬੰਧਨ ਹੈ-ਇਸ ਪਸ਼ੂ ਨੂੰ ਮਾਰ ਕੇ ਅੰਦਰ ਪ੍ਰਵੇਸ਼ ਕਰ! ਮਾਰਨ ਦਾ ਅਰਥ ਹੈ, ਉਪਰ ਲੰਘ ਜਾਣਾ। ਵਿਚਾਰੇ ਬੇਦੋਸ਼ੇ ਜੀਆਂ ਦੀ, ਜਾਨਵਰਾਂ ਦੀ ਬਲੀ ਪ੍ਰਥਾ ਆਰੰਭ ਹੋ ਗਈ। ਮਨੁੱਖ, ਚਲਾਕ ਪ੍ਰਾਣੀ, ਆਪਣੇ "ਹਉਮੈ" ਦੀ ਬਲੀ ਨਹੀਂ ਦੇ ਸਕਿਆ.... ਪਸ਼ੂ ਬਲੀ ਦੇਣ ਲੱਗ ਪਿਆ।

ਤਕਰੀਬਨ ਚਾਰ ਹਜ਼ਾਰ ਸਾਲ ਪਹਿਲਾਂ, ਪਹਿਲੇ ਜੈਨ ਤੀਰਥੰਕਰ, ਰਿਸ਼ਭਦੇਵ ਸਵਾਮੀ ਨੇ, ਇਸ ਗੁਹਜ ਪ੍ਰਸੰਗ ਨੂੰ ਪਛਾਣ ਲਿਆ......ਦੇਹ-ਵਾਸਨਾ ਨੂੰ ਦੁਸ਼ਮਨ ਕਿਹਾ। ਇਹ ਇੰਦਰੀਆਂ 'ਚੋਂ ਉੱਠ ਰਹੀ ਵਾਸਨਾ, ਸਾਡੀ ਦੁਸ਼ਮਨ ਹੈ। ਮੁਕਤੀ-ਮਾਰਗ 'ਚ.... ਆਤਮ-ਮਾਰਗ 'ਚ, ਕੋਈ ਬਾਹਰਲਾ ਦੁਸ਼ਮਨ ਰੁਕਾਵਟ ਨਹੀਂ ਪਾਉਂਦਾ..... ਇਹ ਵੈਰੀ, ਸਾਡੀ ਆਪਣੀ ਹੀ ਦੇਹ-ਆਸਕਤੀ ਹੈ..... ਇਸਨੂੰ ਮਾਰ ਦਿਓ। ਜਿਹੜਾ ਇਸ ਪਵਿੱਤਰ ਕਾਜ ਦੀ ਦੀਖਿਆ ਲੈਣਾ ਚਾਹੁੰਦੈ, ਉਹ "ਅਰਿਹੰਤ ਸੰਘ" 'ਚ ਸ਼ਾਮਲ ਹੋ ਜਾਏ। ਜੈਨ ਪੰਥ ਦਾ ਪਹਿਲਾ ਨਾਂ "ਅਰਿਹੰਤ ਸੰਘ" ਸੀ। ਅਰਿ ਦਾ ਅਰਥ ਹੈ ਦੁਸ਼ਮਨ ਅਤੇ ਹੰਤ ਦਾ ਅਰਥ ਹੈ ਮਾਰਨਾ.....ਮੋਕਸ਼ ਮਾਰਗ ਦੇ ਦੁਸ਼ਮਨ ਨੂੰ ਮਾਰਨ ਵਾਲਿਆਂ ਦਾ ਸੰਘ।

ਕਹਿੰਦੇ ਹਨ, ਮਨੁੱਖ ਦੀ ਇੱਛਾ-ਸ਼ਕਤੀ ਬਹੁਤ ਪ੍ਰਬਲ ਹੈ। ਆਕਾਸ਼ 'ਚ ਉੱਡਦੇ ਪੰਖੀਆਂ, ਪਤੰਗਿਆਂ ਨੂੰ ਵੇਖ ਕੇ ਮਨੁੱਖ 'ਚ ਉੱਡਣ ਦੀ ਅਭਿਲਾਸ਼ਾ ਹੋਈ-

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ॥ (ਜਪੁ ਜੀ ਸਾਹਿਬ)

ਕੀੜਿਆਂ 'ਚ ਵੀ ਆਕਾਸ਼ ਵੱਲ ਵੇਖ ਸੁਣ ਕੇ, ਉੱਡਣ ਦੀ ਇੱਛਾ



Sri Satguru Jagjit Singh Ji eLibrary NamdhariElibrary@gmail.com

ਜਾਗੀ ਤਾਂ ਪ੍ਰਭੂ ਨੇ ਖੰਭ ਲਾ ਦਿੱਤੇ..... ਮਨੁੱਖ ਉੱਡਣਾ ਚਾਹਿਆ ਤਾਂ ਹਵਾਈ ਜਹਾਜ਼, ਰਾਕੇਟ ਈਜਾਦ ਹੋ ਗਏ। ਇੱਛਾ ਪ੍ਰਬਲ ਹੈ। ਮਨੁੱਖ ਤਾਂ ਵਿਚਾਰਾ ਕਿਆ ਕਰ ਸਕਦੈ, ਵੱਡੇ-ਵੱਡੇ ਤਪੀ, ਉਦਾਸੀ, ਬ੍ਰਹਮਚਾਰੀ ਵੀ ਇਸ ਇੱਛਾ ਸ਼ਕਤੀ ਅੱਗੇ ਹਾਰਦੇ ਨਜ਼ਰ ਆਏ ਨੇ। ਜੇ ਤਪ ਦੀ ਇੱਛਾ ਹੋਈ ਤਾਂ ਇੰਦਰਪੁਰੀ ਡੋਲ ਗਈ.... ਜੇ ਨਾਰੀ ਭੋਗ ਦੀ ਇੱਛਾ ਜਾਗੀ ਤਾਂ, ਕਾਮ-ਇੱਛਾ ਦੇ ਹੜ੍ਹ 'ਚ ਤਪ, ਸਾਧਨਾ, ਬ੍ਰਹਮਚਰਿਆ, ਉਦਾਸੀ- ਸਾਰੇ ਵਰਤਾਂ ਦੇ ਬੰਨ੍ਹ ਤੋੜ ਕੇ ਲੰਘਿਆ। ਵਿਸ਼ਵਾਮਿੱਤਰ ਜੀ, ਕਠਿਨ ਤਪ 'ਚ ਲੀਨ ਸਨ। ਕਹਿੰਦੇ ਹਨ, ਇੰਦਰ ਦੇਵਤਾ ਨੂੰ ਚਿੰਤਾ ਹੋਈ। ਦੇਵਲੋਕ ਦੀ ਸਰਵ ਸੁੰਦਰੀ ਅਪਸਰਾ, ਮੇਨਕਾ ਨੂੰ ਤਪ ਭੰਗ ਕਰਨ ਲਈ ਭੇਜਿਆ। ਮੇਨਕਾ ਮਿਸ਼ਨ 'ਚ ਕਾਮਯਾਬ ਹੋ ਗਈ। ਵਿਸ਼ਵਾਮਿੱਤਰ ਜੀ ਦੀ ਨਾਰੀ ਆਸਕਤੀ ਅੱਗੇ, ਤਪ ਦੇ ਗੁੰਬਦ ਡਿੱਗ ਪਏ ਅਤੇ ਕਿਹਾ, "ਐ ਸੁੰਦਰੀ, ਜੇ ਮੇਰਾ ਤਪ ਭ੍ਰਿਸ਼ਟ ਕੀਤੈ, ਤਾਂ ਹੁਣ ਤੂੰ ਵੀ ਦੇਵ-ਲੋਕ ਨਹੀਂ ਜਾ ਸਕਦੀ..... ਆਪਣੇ ਤਪੋ-ਬਲ ਨਾਲ ਤੈਨੂੰ ਆਪਣੇ ਕੋਲ ਹੀ ਰੱਖਾਂਗਾ।" ਮੇਨਕਾ ਦੇ ਬਹੁਤ ਹੱਥ ਪੈਰ ਜੋੜਨ 'ਤੇ ਸਮਝੌਤਾ ਹੋਇਆ। ਇਕ ਬੱਚੇ ਦੇ ਜਨਮ ਤਕ ਤੁਹਾਡੇ ਕੋਲ ਰਹਾਂਗੀ...... ਫੇਰ ਉਡਾਰੀ ਮਾਰ ਜਾਵਾਂਗੀ। ਸਮਝੌਤੇ ਅਨੁਸਾਰ, ਵਿਸ਼ਵਾਮਿੱਤਰ-ਮੇਨਕਾ ਦੇ ਸੰਯੋਗ ਨਾਲ ਸ਼ਕੁੰਤਲਾ ਪੈਦਾ ਹੋਈ..... ਮੇਨਕਾ ਦੇਵ-ਲੋਕ ਵਾਪਸ ਚਲੀ ਗਈ।

ਇਸ ਦੁਸ਼ਮਨ ਨੂੰ..... ਇਸ ਅਰਿ ਨੂੰ ਮਾਰਨਾ ਬੜਾ ਅਉਖੈ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ-

ਗੁਹਜ ਕਥਾ ਇਹ ਗੁਰ ਤੇ ਜਾਣੀ॥

ਇਸ ਰਹੱਸਮਈ ਘਾਟੀ-ਯਾਤਰਾ ਦਾ ਮਰ੍ਮ, ਗੁਰੂ ਕੋਲ ਹੁੰਦੈ। ਉਹ ਤੈਨੂੰ ਤੇਰੇ ਵਜੂਦ 'ਚੋਂ ਕੱਢ ਲਏਗਾ..... ਬੱਦਲਾਂ 'ਚੋਂ ਡਿੱਗੀ ਬੂੰਦ ਨੂੰ ਸਰਿਤਾ ਦਾ ਸੰਗ ਕਰਵਾ ਕੇ.... ਸਾਗਰ ਮਿਲਾ ਦੇਵੇਗਾ। ਤੂੰ ਆਪ ਜੋ ਵੀ ਕਰੇਂਗਾ-ਤਪ, ਸਾਧਨਾ, ਸਿਮਰਨ, ਵੇਦ-ਬਾਣੀ-ਪਾਠ, ਤੂੰ ਕਰਤਾ ਹੋਵੇਂਗਾ..... ਤਪ ਕਰਨ ਵਾਲਾ, ਸਾਧਨਾ ਸਿਮਰਨ ਕਰਨ ਵਾਲਾ......ਇਹ ਦਵੈਤ ਹੋ ਜਾਏਗਾ..... ਦੋ ਹੋ ਜਾਣਗੇ। ਕਰਤਾ ਹੋਣ ਦਾ ਭਾਵ, ਅਹੰਕਾਰ ਦੀ ਦੀਵਾਰ ਬਣ ਖਲੋ ਜਾਏਗਾ। ਗੁਰੂ ਤੈਨੂੰ ਤੇਰੇ 'ਚੋਂ ਕੱਢ ਲਏਗਾ..... ਅਕਰਤਾ ਬੋਧ। "ਸਥੂਲ" ਕਿਤੇ ਬਹੁਤ ਪਿੱਛੇ ਰਹਿ ਗਿਆ..... ਸੂਖਮ ਨਾਲ ਸੂਖਮ ਦਾ ਸੁਮੇਲ..... ਬੂੰਦ ਔਰ ਸਾਗਰ ਮਿਲਨ.... ਗੁਹਜ ਕਥਾ ਦਾ ਸੁਖਾਂਤ.....।



Sri Satguru Jagjit Singh Ji eLibrary NamdhariElibrary@gmail.com

# 28

# ਬੂੰਦ ਮਹਿ ਸਾਗਰ

ਸਾਗਰ ਤਲ 'ਤੇ ਨਿਰੰਤਰ ਇਕ ਘਟਨਾ ਘਟ ਰਹੀ ਹੈ। ਮਾਤਰ ਸਾਗਰ ਤਲ 'ਤੇ ਨਹੀਂ, ਨਦੀ, ਤਾਲ, ਸਰੋਵਰ, ਪਾਣੀ ਦੇ ਹਰ ਤਲ 'ਤੇ ਇਕ ਘਟਨਾ ਘਟ ਰਹੀ ਹੈ। ਵਾਸ਼ਪੀਕਰਨ ਹੋ ਰਿਹੈ। ਹਰ ਖਿਨ ਪਾਣੀ ਸੁੱਕ ਰਿਹੈ। ਭਾਫ਼ ਬਣ ਕੇ ਉਪਰ ਆਕਾਸ਼ ਨੂੰ ਜਾ ਰਿਹੈ। ਇਹ ਰਹੱਸਮਈ ਘਟਨਾ, ਗੁਪਤ ਰੂਪ ਵਿਚ ਘਟ ਰਹੀ ਹੈ....ਇਹ ਪ੍ਰਕਿਰਤੀ ਦੀ ਰਹੱਸਮਈ ਘਟਨਾ ਹੈ। ਗੁਰੂ ਨਾਨਕ ਪਾਤਸ਼ਾਹ ਇਸ ਨੂੰ ਸਿਰਜਨ ਸਿਧਾਂਤ ਦਸਦੇ ਹਨ। ਹਰ ਖਿਨ ਪਾਣੀ ਭਾਫ਼ ਬਣ ਕੇ ਉਪਰ ਉਠ ਰਿਹੈ.....ਆਕਾਸ਼ ਦੇ ਅਨੁਕੂਲ, ਸਿਰਜਨ ਦੇ ਅਨੁਕੂਲ, ਵਾਯੂਮੰਡਲ 'ਤੇ ਪਾਣੀ ਦੀ ਬੂੰਦ ਵਿਚ ਤਬਦੀਲ ਹੋ ਰਿਹੈ... ਵਰਖਾ ਬੂੰਦ ਬਣ ਧਰਤੀ 'ਤੇ ਡਿੱਗ ਰਹੀ ਹੈ। ਨਦੀ ਪ੍ਰਵਾਹ ਵਿਚ ਸ਼ਾਮਲ ਹੋ, ਇਹ ਬੂੰਦ ਸਾਗਰ ਨਾਲ ਮਿਲ ਰਹੀ ਹੈ। ਧਰਤੀ 'ਤੇ ਹਰ ਖਿਨ ਹਜ਼ਾਰਾਂ ਲੋਕ ਮਰ ਰਹੇ ਹਨ, ਆਕਾਸ਼ ਤੱਤ ਵਿਚ ਮਿਲ ਰਹੇ ਹਨ। ਹਰ ਖਿਨ ਹਜ਼ਾਰਾਂ ਬੱਚੇ ਧਰਤੀ 'ਤੇ ਜਨਮ ਲੈ ਰਹੇ ਹਨ। ਪਾਣੀ ਦਾ ਭਾਫ ਬਣ ਉਪਰ ਉੱਠਣਾ ਔਰ ਆਕਾਸ਼ ਤੋਂ ਬੂੰਦ ਵਰਖਾ ਦਾ ਧਰਤੀ 'ਤੇ ਡਿੱਗਣਾ, ਸਾਗਰ ਨਾਲ ਮਿਲਣਾ.....ਇਹ ਕੁਦਰਤ ਦਾ ਸਿਰਜਨ ਔਰ ਵਿਸਰਜਨ ਸਿਧਾਂਤ ਹੈ। ਸਾਗਰ ਅਤੇ ਬੂੰਦ ਦੇ ਗੁਣ ਤੱਤ ਇਕ ਹਨ। ਪ੍ਰਕਿਰਤੀ ਦਾ ਇਹ ਸਾਂਗ ਸਮਝ ਆ ਗਿਆ ਤਾਂ ਸਿਰਜਨਹਾਰ ਦੀ ਖੇਡ ਸਮਝ ਆ ਸਕਦੀ ਹੈ। ਗੁਰੂ ਨਾਨਕ ਪਾਤਸ਼ਾਹ, ਰਾਮਕਲੀ ਰਾਗ ਵਿਚ, ਇਸ ਰਹੱਸ ਦੀਆਂ ਪਰਤਾਂ ਖੋਲ੍ਹਦੇ ਹਨ–

ਸਾਗਰ ਮਹਿ ਬੂੰਦ, ਬੂੰਦ ਮਹਿ ਸਾਗਰ, ਕਵਣ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ, ਆਪੇ ਤਤੁ ਪਛਾਣੈ ॥ (ਪੰ.878)

ਪ੍ਰਮੇਸ਼ਰ ਨੇ ਇਕ ਖੇਡ ਖੇਡੀ। ਆਪਣੇ 'ਚੋਂ ਮਾਇਆ ਉਤਪੰਨ ਕੀਤੀ।



Sri Satguru Jagjit Singh Ji eLibrary NamdhariElibrary@gmail.com

ਵੇਦਾਂਤ ਨੇ ਇਸ ਨੂੰ ਪ੍ਰਕਿਰਤੀ ਕਿਹੈ। ਪ੍ਰਕਿਰਤੀ ਨੇ ਆਕਾਰ ਧਾਰਿਆ। ਪੰਜ ਤੱਤ ਰਲਾ ਕੇ ਬੁੱਤ ਘੜੇ ਅਤੇ ਪ੍ਰਮੇਸ਼ਰ ਜੋਤਿ, ਇਨ੍ਹਾਂ ਬੁੱਤਾਂ ਵਿਚ ਪ੍ਰਵੇਸ਼ ਕਰ ਗਈ। ਗੁਰੂ ਨਾਨਕ ਪਾਤਸ਼ਾਹ, ਇਸ ਵਿਸ਼ੇ ਨੂੰ ਹੋਰ ਖੋਲ੍ਹਦੇ ਹਨ–

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਵੀਚਾਰੁ ॥

(ਆਸਾ ਦੀ ਵਾਰ)

ਚਹੁੰ ਪਾਸੇ ਮਾਇਆ, ਪ੍ਰਕਿਰਤੀ ਜਾਂ ਕੁਦਰਤ ਦਿਸ ਰਹੀ ਹੈ। ਸਥੂਲ ਦੇਹ ਬਣਾ ਕੇ, ਕੁਦਰਤ ਨੇ ਇਸ ਦਾ ਸਾਮਰਾਜ ਸਥਾਪਿਤ ਕਰ ਦਿੱਤਾ। ਕਾਇਆ ਸੁਣ ਰਹੀ... ਬੋਲ ਰਹੀ....ਸੁਖ ਦੇ ਸਾਰੇ ਸੰਕਲਪ, ਇਸ ਕਾਇਆ ਲਈ ਹਨ। ਨਿਰਾਕਾਰ ਸਿਰਜਨਹਾਰ ਨੇ ਆਕਾਰ ਦਿੱਤਾ। ਮੂਰਤਾਂ ਬਣਾਈਆਂ ਤਾਂ ਸਾਰਾ ਸੰਸਾਰ ਇਨ੍ਹਾਂ ਜਿਊਂਦੀਆਂ ਮੂਰਤਾਂ ਦੇ ਦੁਆਲੇ ਭਉਂ ਰਿਹੈ। ਸਾਂਗ ਬਣਾਇਆ। ਪਹਿਲਾਂ ਇਕ ਬ੍ਰਹਮ! ਮਾਇਆ ਸਿਰਜੀ, ਜੀਅ, ਜੰਤ, ਮਨੁੱਖ ਬਣਾਏ ਤਾਂ ਦੋ ਹੋ ਗਏ। ਦੋ ਪੱਖ ਹੋ ਗਏ ਤਾਂ ਹਰ ਪਾਸੇ ਕੌਡੀ–ਕੌਡੀ ਹੋਣ ਲੱਗੀ ਔਰ ਪ੍ਰਮੇਸ਼ਰ ਆਪ ਆਸਨ ’ਤੇ ਵੇਖ ਰਿਹੈ, ਬਿਗਸ ਰਿਹੈ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ–

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥(ਆਸਾ ਦੀ ਵਾਰ)

ਪ੍ਰਮੇਸ਼ਰ ਨੇ ਸਾਂਗ ਰਚਿਆ ਔਰ ਜੀਅ ਗੱਚਾ ਖਾ ਗਿਆ। ਇਹ ਖੇਡ ਸਮਝ ਨਾ ਸਕਿਆ..... ਹਰ ਮਨੁੱਖ ਆਪਣੀ ਸ਼ਕਤੀ, ਸ਼ਾਨ ਦੇ ਸੰਵਰਧਨ ਲਈ ਦੌੜਨ ਲੱਗ ਪਿਆ। ਇਹ ਦੌੜ ਉਦੋਂ ਹੀ ਆਰੰਭ ਹੋ ਗਈ, ਜਦੋਂ ਮਨੁੱਖ ਨੇ ਪਹਿਲੀ ਵਾਰ ਆਦਿ ਕਾਲ ਵਿਚ ਹੋਸ਼ ਸੰਭਾਲੀ। ਇਹ ਦੌੜ ਅੱਜ ਵੀ ਜਾਰੀ ਹੈ। ਪਹਿਲੇ 20 ਸਾਲ ਵਿੱਦਿਆ ਪ੍ਰਾਪਤੀ ਵਿਚ, 20 ਸਾਲ ਧਨ ਪ੍ਰਾਪਤੀ ਵਿਚ ਔਰ ਅਗਲੇ 20 ਸਾਲ ਪਰਿਵਾਰ ਸੰਭਾਲ, ਬੱਚੇ ਸੇਟ ਕਰਦਿਆਂ ਲੰਘ ਗਏ ਤਾਂ ਚੌਥੇ ਪਹਿਰ, ਮੌਤ ਨੇੜੇ–ਨੇੜੇ ਦਿਸਣ ਲੱਗੀ। ਵਸੀਅਤ ਦੀ ਵਿਉਂਤ ਬਣਾਉਣ ਲੱਗਾ, ਪਤਾ ਹੈ ਕੁਝ ਨਾਲ ਨਹੀਂ ਜਾਣਾ ਤਾਂ ਵੰਡਣ ਲਈ ਸੁਯੋਗ ਪਾਤਰ ਧੀ, ਪੁੱਤਰ ਜਾਂ ਧਾਰਮਿਕ ਟਰੱਸਟ, ਸਮਾਜ ਸੇਵੀ ਸੰਸਥਾਵਾਂ



Sri Satguru Jagjit Singh Ji eLibrary NamdhariElibrary@gmail.com

ਦੀ ਤਲਾਸ਼ ਕਰਨ ਲੱਗਾ। ਸਾਰੀ ਜ਼ਿੰਦਗੀ ਦੌੜਦਾ ਰਿਹਾ..... ਸ਼ਾਇਦ ਇਨ੍ਹਾਂ ਲਈ। ਇਕ ਮਨੁੱਖ ਇਕ ਸੇਠ ਕੋਲ ਨੌਕਰੀ ਕਰਦਾ ਸੀ। ਉਹ ਸੇਠ, ਉਸ ਨੂੰ ਗੱਲ-ਗੱਲ 'ਤੇ ਡਾਂਟਦਾ ਰਹਿੰਦਾ ਸੀ। ਇਕ ਦਿਨ ਸਮਾਂ ਆ ਗਿਆ। ਸੇਠ ਸਾਰੀ ਚੱਲ-ਅਚੱਲ ਸੰਪਤੀ ਇਕੋ ਇਕ ਧੀ ਦੇ ਨਾਂ ਕਰ, ਚੜ੍ਹਾਈ ਕਰ ਗਿਆ। ਧੀ ਨੇ ਉਸੇ ਨੌਕਰ ਨਾਲ ਵਿਆਹ ਕਰ ਲਿਆ। ਨੌਕਰ ਕਹਿੰਦੈ-ਮੈਨੂੰ ਕੀ ਪਤਾ ਸੀ, ਇਹ ਸੇਠ ਮੇਰੇ ਲਈ ਧਨ 'ਕੱਠਾ ਕਰ ਰਿਹੈ। ਇਹ ਘਟਨਾ ਸਭ ਨਾਲ ਘਟ ਰਹੀ ਹੈ। ਕੋਈ ਕਮਾ ਰਿਹੈ, ਕੋਈ ਉਹੀ ਕਮਾਈ ਉਡਾ ਰਿਹੈ। ਗੁਰੂ ਨਾਨਕ ਪਾਤਸ਼ਾਹ, ਇਸ ਸੰਦਰਭ ਵਿਚ ਬਹੁਤ ਸੁੰਦਰ ਬਿੰਬ ਰੱਖਦੇ ਹਨ-

ਕੋਈ ਵਾਹੇ ਕੋ ਲੁਣੈ ਕੋਈ ਪਾਇ ਖਲਿਹਾਨ॥

ਨਾਨਕ ਏਵ ਨਾ ਜਾਪਈ ਕੋਈ ਖਾਇ ਨਿਦਾਨ॥ (ਪੰ. 854)

ਖੇਤ ਕਿਸੇ ਵਾਹਿਆ, ਕਿਸੇ ਬੀਂ ਪਾਇਆ, ਕਿਸੇ ਵੱਢਿਆ, ਕਿਸੇ ਖਲਿਹਾਨ ਵਿਚ ਸੰਭਾਲਿਆ। ....ਇਹ ਅੰਨ ਹਜ਼ਾਰਾਂ ਮੀਲ ਦੂਰ, ਜਿਸ ਦੇ ਭਾਗਾਂ ਵਿਚ ਲਿਖਿਐ, ਉਥੇ ਪੁੱਜਦੈ, ਉਸ ਦੇ ਮੂੰਹ ਦਾ ਨਿਵਾਲਾ ਬਣਦੈ। ਸਾਰੀ ਦੁਨੀਆਂ ਅਰਥ ਲਈ ਦੌੜ ਰਹੀ...., ਪਰ ਕੌਣ ਕਿਹਦੇ ਲਈ ਇਕੱਤਰ ਕਰ ਰਿਹੈ, ਇਹ ਪ੍ਰਮੇਸ਼ਰ ਜਾਣਦੈ। ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ....ਪ੍ਰਮੇਸ਼ਰ ਨੇ ਮਿੱਟੀ ਦੇ ਪੁਤਲਿਆਂ ਦਾ ਨਾਟਕ ਰਚਿਆ। ਮਨੁੱਖ ਉਰਝ ਗਿਆ। ਤੱਤ ਦੀ ਪਛਾਣ ਪੁਰਸ਼ਾਰਥ ਹੈ।

ਇਕ ਵਾਰ, ਬੇਣੀ ਪੰਡਿਤ ਸ੍ਰੀ ਗੋਇੰਦਵਾਲ ਪੁੱਜੇ। ਤੀਜੇ ਪਾਤਸ਼ਾਹ ਦਾ ਪਹਿਰਾ ਸੀ। ਪੰਡਿਤ ਜੀ, ਪ੍ਰਕਾਂਡ ਵਿਦਵਾਨ ਸਨ। ਥਾਂ-ਥਾਂ ਸ਼ਾਸਤ੍ਰਾਰਥ ਕਰਦੇ.... ਪਰਾਜਿਤ ਕਰ ਵਿਦਵਾਨਾਂ ਨੂੰ, ਗ੍ਰੰਥਾਂ ਸਹਿਤ ਅਧਿਐਨ ਕਰ ਕੇ ਅੱਗੇ ਤੁਰ ਪੈਂਦੇ। ਪੁਸਤਕਾਂ-ਗ੍ਰੰਥਾਂ ਨਾਲ ਗੱਡਾ ਲੱਦਿਆ ਹੋਇਆ ਸੀ। ਗੋਇੰਦਵਾਲ, ਸੇਵਕ-ਹੱਥ, ਸ਼ਾਸਤ੍ਰਾਰਥ ਕਰਨ ਲਈ, ਤੀਜੇ ਪਾਤਸ਼ਾਹ ਨੂੰ ਸੱਦਾ ਭੇਜਿਆ। ਸ਼ਾਮ ਦਾ ਦਰਬਾਰ ਲੱਗਾ। ਸੰਗਤਾਂ ਜੁੜੀਆਂ, ਸਤਿਗੁਰੂ ਪਾਤਸ਼ਾਹ ਆਸਨ 'ਤੇ ਬਿਰਾਜਮਾਨ ਹੋਏ। ਕੀਰਤਨ ਉਪਰੰਤ, ਪੰਡਿਤ ਜੀ ਨੂੰ ਸੱਦਿਆ। ਪੰਡਿਤ ਜੀ ਦੀ ਵਿਦਵਤਾ ਅਤੇ ਗਿਆਨ ਨੂੰ ਹੰਕਾਰ ਹੇਠ ਦੱਬਿਆ ਵੇਖਿਆ। ਪੰਡਿਤ ਜੀ ਚਰਚਾ ਦੀ ਮੁਦਰਾ ਵਿਚ ਬੈਠੇ। ਪਾਤਸ਼ਾਹ ਕਲਿਆਣ ਦੀ ਰਜ਼ਾ ਵਿਚ ਆਏ। ਮਲਹਾਰ ਰਾਗ ਵਿਚ ਬਾਣੀ ਉਚਾਰਣ ਕੀਤੀ-

ਇਹੁ ਮਨੁ ਗਿਰਹੀ ਕਿ ਇਹੁ ਮਨ ਉਦਾਸੀ॥

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ॥

ਕਿ ਇਹੁ ਮਨੁ ਚੰਚਲ ਕਿ ਇਹੁ ਮਨੁ ਬੈਰਾਗੀ॥

ਇਸੁ ਮਨ ਕਉ ਮਮਤਾ ਕਿਥਹੁ ਲਾਗੀ॥

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ॥

ਅਵਰ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥ (ਪੰ. 1261)

ਮਨ, ਜੀਵਾਤਮਾ ਦਾ ਬਿੰਬ ਹੈ। ਮਨ ਤੋਂ ਨਿਰੰਤਰ ਇੱਛਾ ਤਰੰਗਾਂ ਉੱਠ ਰਹੀਆਂ ਹਨ। ਇਹ ਤਰੰਗਾਂ, ਚਿੱਤ ਕਹੀਆਂ ਜਾਂਦੀਆਂ ਹਨ। ਮੇਰਾ ਇਹ ਚਿੱਤ ਕਰਦੈ.....ਮੇਰਾ ਉਹ ਵੇਖਣ ਨੂੰ ਚਿੱਤ ਕਰਦੈ। ਇਹ ਚਿੱਤ, ਸਤਿ ਨਾਲ ਮਿਲ ਜਾਏ ਤਾਂ ਸਤਿ+ਚਿਤ=ਅਨੰਦ.... ਸੱਚਿਦਾਨੰਦ ਹੋ ਜਾਂਦੈ। ਇਹ ਚਿੱਤ ਸੰਸਾਰ ਨਾਲ ਜੁੜਦੈ, ਤਾਂ ਗ੍ਰਿਹਿਸਥੀ, ਉਦਾਸੀ, ਜਾਤਾਂ ਵਰਨਾਂ ਦੇ ਭੇਦ ਭਾਵ, ਦੁੱਖ-ਸੁਖ ਦੀ ਅਨੁਭੂਤੀ 'ਚੋਂ ਲੰਘਦੈ।

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਮਾਇਆ ਗਈ ਤਬ ਰੋਵਨੁ ਲਗਤੁ ਹੈ॥ (ਭਗਤ ਰਵਿਦਾਸ ਜੀ)

ਸੁਖ ਅਤੇ ਦੁੱਖ, ਹਰਖ ਅਤੇ ਸੋਗ, ਦੋ ਪਾਟਾਂ ਦੇ ਵਿਚਕਾਰ ਵੱਗ ਰਹੀ ਜੀਵਨ ਸਰਿਤਾ। ਇਹ ਨਦੀ ਮੇਰੇ ਵਿਚ, ਤੁਹਾਡੇ ਵਿਚ, ਸਭ ਵਿਚ ਵੱਗ ਰਹੀ। ਸਾਨੂੰ ਸੁਖ ਦੀ ਪਛਾਣ ਹੈ.... ਦੁਖ ਦੀ ਪਛਾਣ ਹੈ- ਇਹ ਪਛਾਣ, ਇਹ ਪ੍ਰੀਚੈ ਪਾਟਾਂ ਦਾ ਹੈ, ਕਿਨਾਰਿਆਂ ਦਾ ਹੈ.... ਨਦੀ ਤਾਂ ਉਹ ਜਲਰਾਸ਼ੀ ਹੈ, ਜੋ ਨਿਰੰਤਰ ਵਗ ਰਿਹੈ, ਉਸ ਪਾਣੀ ਦੀ ਪਛਾਣ ਨਹੀਂ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-

ਜੀਵਾਤਮਾ ਰੂਪ ਵਗਦੇ ਪਾਣੀਆਂ 'ਚ, ਪਰਮ ਤੱਤ ਪ੍ਰਵਾਹਿਤ ਹੋ ਰਿਹੈ- ਉਸਦੀ ਪਛਾਣ ਕਰੋ, ਉਸਦਾ ਪ੍ਰੀਚੈ ਕਰੋ, ਉਸ ਸਤਿ ਦਾ ਸੰਗ ਕਰੋ। ਕਿਨਾਰੇ ਅਸੱਤ ਹਨ। ਪਾਣੀ ਨਾ ਰਹੇ, ਪਾਟ, ਇਹ ਕਿਨਾਰੇ, ਇਹ ਦੇਹ, ਸੁਖ-ਦੁੱਖ ਸਭ ਢਹਿ ਜਾਣਗੇ।

ਕਵਣ ਬੁਝੈ ਬਿਧਿ ਜਾਣੈ॥



Sri Satguru Jagjit Singh Ji eLibrary NamdhariElibrary@gmail.com

ਕੌਣ ਬੁੱਝੇਗਾ ਇਸ ਰਹੱਸ ਨੂੰ, ਸਿਰਜਨਹਾਰ ਦੀ ਬਿਧਿ ਨੂੰ ?

ਪ੍ਰਮੇਸ਼ਰ ਨੇ, ਮੁੱਖ ਦੋ ਖੰਡਾਂ ਵਿਚ ਸ੍ਰਿਸ਼ਟੀ ਸਾਜੀ, ਇਕ ਖੰਡ ਪ੍ਰਗਟ ਹੈ, ਇਹ ਦੇਹ ਖੰਡ ਹੈ। ਦੂਜਾ ਖੰਡ, ਗੁਪਤ ਹੈ, ਇਹ ਆਤਮ-ਖੰਡ ਹੈ। ਮਨ ਦਾ ਮੁਖ, ਬਾਹਰਮੁਖੀ ਹੈ ਤਾਂ ਸੁਭਾਵਿਕ ਮਨ ਨੇ, ਮਨ ਤੋਂ ਉੱਪਜੀਆਂ ਤਰੰਗਾਂ ਨੇ, ਬਾਹਰ ਦੇਹ, ਪਰਿਵਾਰ, ਵਪਾਰ, ਅਨੰਤ ਸੰਸਾਰ ਰਚ ਦਿੱਤਾ। ਮਨ 'ਚੋਂ ਉੱਠ ਰਹੀਆਂ ਇੱਛਾਵਾਂ, ਆਕਾਂਖਾਵਾਂ ਨੂੰ ਵਿਸਥਾਰ ਦਿੱਤਾ ਜਾਏ ਤਾਂ ਸ਼ਾਇਦ ਸਾਰਾ ਬ੍ਰਹਿਮੰਡ ਮੁੱਕ ਜਾਏ। ਮਨੁੱਖ ਇਸੇ ਵਿਚ ਉਲਝ ਗਿਆ।..... ਗਜ਼ਬ ਦੀ 'ਭੂਲ ਭੁਲੱਈਆ' ਸਿਰਜੀ। ਆਦਿ ਕਾਲ ਤੋਂ ਜੀਵਨ, ਜਨਮ ਲੈ ਰਿਹੈ, ਉਲਝਿਆ ਹੋਇਆ ਦੌੜ ਰਿਹੈ, ਮਾਰੂਥਲ ਦੇ ਮਿਰਗ ਵਾਂਗ ਤ੍ਰਿਹਾਇਆ, ਦਮ ਤੋੜ ਰਿਹੈ। ਆਵਾ-ਗਮਨ ਬਦਸਤੂਰ ਜਾਰੀ ਹੈ। ਇਸ ਸਿਲਸਿਲੇ ਨੂੰ ਤੋੜਨਾ ਜ਼ਰੂਰੀ ਹੈ। ਮਨ ਦੀ ਸੁਰਤਿ, ਸੋਚ ਤਰੰਗਾਂ, ਕਿਵੇਂ ਅੰਤਰਮੁਖੀ ਹੋਣ ? ਅੰਦਰ, ਇਕ ਜੋਤਿ....ਪਰਮ-ਜੋਤਿ ! ਇਕ ਬਿੰਬ....ਪਾਰਬ੍ਰਹਮ ! ਇਸ ਸੂਖਮ ਪ੍ਰਾਣ ਨਾਲ ਪ੍ਰੀਚੈ... ਇਸ ਦੀ ਪਛਾਣ.... ਇਸ ਦੀ ਪ੍ਰਤੀਤ....ਅੰਦਰ ਇਸ ਦੀ ਅਨੁਭੂਤੀ ਹੀ ਬ੍ਰਹਮ ਗਿਆਨ ਹੈ....ਪ੍ਰਗਿਆ ਹੈ। ਮਨ ਕੋਈ ਅੰਗ ਨਹੀਂ ਹੈ.... ਇਹ ਮਨੁੱਖ ਅੰਦਰ ਉੱਠ ਰਹੇ ਅਨੰਤ ਵਿਚਾਰਾਂ ਦੀ ਗਹਿਰੀ, ਅੰਨ੍ਹੀ ਘਾਟੀ ਹੈ। ਇਸ ਘਾਟੀ 'ਚੋਂ ਨਿਰੰਤਰ ਕਾਮ ਰੂਪ ਅਤੇ ਕਾਮ ਇੱਛਾਵਾਂ ਦੀਆਂ ਤੇਜ਼ ਤਰੰਗਾਂ ਉੱਠ ਰਹੀਆਂ ਹਨ। ਇਹ ਤਰੰਗਾਂ, ਇੰਦਰੀਆਂ ਨੂੰ ਕਿਰਿਆਸ਼ੀਲ ਕਰਦੀਆਂ ਹਨ, ਔਰ ਹੱਥ, ਪੈਰ, ਅੱਖ, ਕੰਨ ਆਦਿ ਪੰਜ ਕਰਮ ਇੰਦਰੀਆਂ, ਪੰਜ ਗਿਆਨ ਇੰਦਰੀਆਂ, ਰਾਤ-ਦਿਨ ਦੌੜ ਰਹੀਆਂ ਹਨ, ਸਾਨੂੰ ਲੱਗਦੈ ਮਨੁੱਖ ਦੌੜ ਰਿਹੈ। ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ- ਆਪਣੇ ਅੰਦਰ ਮਨ ਦੀ ਘਾਟੀ ਵਿਚ, ਪਾਰਬ੍ਰਹਮ ਦੀ ਮੌਜੂਦਗੀ ਦਾ ਅਹਿਸਾਸ ਹੀ, ਰਾਮ ਭਗਤ ਹੋਣ ਦਾ ਪ੍ਰੀਚਾਇਕ ਹੈ।

ਜਿਸਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥

ਤਿਸਕਾ ਨਾਮੁ ਸਤਿ ਰਾਮਦਾਸੁ ॥ (ਸੁਖਮਨੀ)

ਪ੍ਰਾਣੀ ਬੂੰਦ ਹੈ। ਪ੍ਰਮੇਸ਼ਰ ਸਾਗਰ ਹੈ, ਅਨੇਕਾਂ ਅਸੰਖਾਂ ਪ੍ਰਾਣ ਬੂੰਦਾਂ ਦਾ ਮਹਾਸਾਗਰ ! ਬੂੰਦਾਂ ਉਸ 'ਚੋਂ ਉੱਠ ਰਹੀਆਂ, ਫੇਰ ਉਸੇ ਵਿਚ ਸਮਾਹਿਤ ਹੋ ਰਹੀਆਂ ਹਨ। ਸਾਗਰ ਉਵੇਂ ਦਾ ਉਵੇਂ ਹੈ। ਸੂਰਜ 'ਚੋਂ ਅਸੰਖਾਂ ਕਿਰਨਾਂ, ਧਰਤੀ



Sri Satguru Jagjit Singh Ji eLibrary NamdhariElibrary@gmail.com

ਨੂੰ ਜੀਵਨ ਦੀ ਨਿੱਘ ਦੇ ਰਹੀਆਂ ਹਨ, ਪ੍ਰਕਾਸ਼ ਦੇ ਰਹੀਆਂ ਹਨ, ਸੂਰਜ ਕਦੀ ਘਟਦਾ ਨਹੀਂ। ਇਸ ਤਲਿੱਸਮ ਨੂੰ, ਰੱਬੀ ਸਾਂਗ ਦੀ ਸਮਝ ਨਾ ਹੋਣ ਕਰਕੇ, ਮਨੁੱਖ ਲਈ ਸੰਸਾਰਕ ਸਫਲਤਾ ਹੀ ਜੀਵਨ ਦਾ ਮੰਤਵ ਬਣ ਗਿਆ। ਪਹਾੜਾਂ ਜਿਹੇ ਧਨ ਦੇ ਅੰਬਾਰ, ਗਗਨਚੁੰਬੀ ਮਹਿਲ, ਚਿੱਤ ਦੀ ਬਾਹਰਮੁਖੀ ਪ੍ਰਵਿਰਤੀ ਦੇ ਪ੍ਰਤੀਕ ਹਨ। ਇਕ ਹਸਤਿਨਾਪੁਰ। ਇਕ ਧੜਾ ਕਾਬਜ਼ ਰਹਿਣਾ ਚਾਹੁੰਦੈ, ਦੂਜਾ ਕਾਬਜ਼ ਹੋਣਾ ਚਾਹੁੰਦੈ ਤਾਂ ਮਹਾਂਭਾਰਤ ਹੋਇਆ। ਦੁਨੀਆਂ ਦੀਆਂ ਸਾਰੀਆਂ ਜੰਗਾਂ, ਸਾਰੇ ਮਹਾਂਭਾਰਤ, ਵਾਸਨਾ ਤਰੰਗਾਂ ਦੇ ਟਕਰਾਅ ਹਨ। ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ–

ਗਚ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ॥

ਸੇ ਭੀ ਢਹਿੰਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥ (ਪੰ. 1410)

ਮਜ਼ਬੂਤ ਮਸਾਲਿਆਂ, ਸੁਰਖੀ ਚੂਨੇ ਨਾਲ ਬਣੇ, ਆਕਾਸ਼ ਛੂੰਹਦੇ ਮਹਿਲ ਢਹਿੰਦੇ ਵੇਖੇ ਹਨ। ਕਦੀ ਨਾ ਹਾਰਦੇ ਰਾਜਿਆਂ-ਮਹਾਰਾਜਿਆਂ ਨੂੰ, ਮੌਤ ਤੋਂ ਹਾਰਦਿਆਂ ਵੇਖਿਐ....ਹੰਕਾਰ ਟੁੱਟਦਿਆਂ ਵੇਖਿਐ....ਤੂੰ ਸਾਵਧਾਨ ਹੋ ਜਾ!

ਭਗਤਾਂ ਨੇ ਮਨ ਦੀ ਗਹਿਰੀ ਘਾਟੀ 'ਚੋਂ, ਵਾਸਨਾ ਦੀ ਗਹਿਰੀ ਘਾਟੀ 'ਚੋਂ ਵਾਸਨਾ ਦੀ ਗਹਿਰੀ ਧੁੰਦ ਵਿਚ ਵੀ "ਪਰਮ ਆਤਮਾ" ਨੂੰ ਵੇਖ ਲਿਆ।

ਬਸ, ਸੁਰਤਿ ਰੂਪਾਂਤਰਿਤ ਹੋ ਗਈ.....ਪ੍ਰਭੂ ਪ੍ਰੀਤ ਦੀ ਮੰਗ ਉੱਠ ਖਲੋਤੀ..।

ਚੈਤਨਯ ਮਹਾ ਪ੍ਰਭੂ ਨੇ ਇਸੇ ਮਨੋਭਾਵ 'ਚ ਮੰਗਿਆ–

ਨਾ ਧਨਮ, ਨਾ ਜਨਮ, ਨਾ ਸੁੰਦਰਮ ਕਵਿਤਾਮ

ਵਾ ਜਗਦੀਸ ਕਾਮਏ॥

ਮਮ ਜਨਮਨੀ ਜਨਮਨਿਸ਼ਵਰੇ

ਭਵਤਾਦ ਭਗਤ ਅਹੈਤੁਕੀ ਭਵਯੀ॥

ਹੇ ਪ੍ਰਭੂ! ਮੈਨੂੰ ਧਨ ਨਾ ਦੇਈਂ, ਪਰਿਵਾਰ ਨਾ ਦੇਈਂ, ਮਨੋਰੰਜਨ ਦੇ ਸਾਧਨ ਨਾ ਦੇਈਂ.... ਪਰ ਹੇ ਸਿਰਜਨਹਾਰ, ਮੈਂ ਤੇਰੇ ਤੋਂ ਨਿਸ਼ਕਾਮ ਭਗਤੀ ਮੰਗਾਂ ਤਾਂ ਮੈਨੂੰ ਵਾਂਝਿਆਂ ਨਾ ਰੱਖੀਂ.....ਪ੍ਰਾਣੀ ਅਤੇ ਪ੍ਰਮਾਤਮਾ ਦਾ ਏਕਾਕਾਰ.... ਬੂੰਦ ਅਤੇ ਸਾਗਰ ਇਕ ਹੋ ਗਏ....।



Sri Satguru Jagjit Singh Ji eLibrary NamdhariElibrary@gmail.com

# 29

## ਮਾਹ ਦਿਵਸ ਮੂਰਤਿ ਭਲੇ...

ਸੰਸਾਰ, ਨਦੀ ਦੇ ਹੱੜ ਵਾਂਗ ਵੱਗੀ ਜਾ ਰਿਹੈ। ਜਿੱਧਰ ਵੇਖੋ, ਸਟੇਸ਼ਨ, ਹਵਾਈ ਅੱਡੇ, ਬਾਜ਼ਾਰ, ਮਨੁੱਖਾਂ ਦਾ ਸਮੁੰਦਰ ਉਮੜਦਾ ਦਿਸਦੈ। ਹਰ ਮਨੁੱਖ, ਦੌੜੀ ਜਾ ਰਿਹੈ। ਜ਼ਰੂਰਤਾਂ ਦਾ ਧੱਕਿਆ ਹੋਇਆ। ਘੋਰ ਜ਼ਰੂਰਤਾਂ ਹਨ। ਦੋ ਪੂਰੀਆਂ ਹੋਈਆਂ, ਮਨੁੱਖੀ ਆਕਾਂਖਾ ਨੇ ਚਾਰ ਹੋਰ ਅੱਗੇ ਲਿਆ ਧਰੀਆਂ। ਵਿਚਾਰਾ ਮਨੁੱਖ...! ਅਜੇ ਚੰਗੀ ਤਰ੍ਹਾਂ ਸਾਹ ਵੀ ਨਹੀਂ ਲਿਆ ਤੇ ਫੇਰ ਦੌੜ ਪਿਆ। ਇਹ ਦੌੜ ਕਈ ਜਨਮਾਂ ਤੋਂ ਚਲ ਰਹੀ ਹੈ। ਮਨੁੱਖੀ ਮਨ ਰੱਜੇ ਤਾਂ ਰੁੱਕੇ। ਅਜੇ ਤਾਂਈਂ ਦੌੜ ਰੁਕੀ ਨਹੀਂ, ਕਿਉਂਕਿ ਮਨੁੱਖ ਰੱਜਿਆ ਨਹੀਂ। ਭੁੱਖ ਤਨ ਦੀ ਹੈ, ਧਨ ਦੀ ਹੈ, ਸ਼ੋਹਰਤ ਦੀ ਹੈ। ਪਹਿਲਾਂ "ਤਮਸ਼" 'ਚੋਂ ਉਪਰ ਆਇਆ। ਵਾਸਨਾ, ਕ੍ਰੋਧ, ਫ਼ਸਾਦ ਦੀਆਂ ਗਲੀਆਂ 'ਚੋਂ ਬਾਹਰ ਨਿਕਲਿਆ... ਗਲੀ ਨੰਬਰ 2 ਵਿਚ ਪ੍ਰਵੇਸ਼। ਇਹ "ਰਜਸ਼" ਹੈ... ਰਜੋਗੁਣੀ ਮਾਰਗ! ਧਨ-ਵੈਭਵ, ਪ੍ਰਭੁਤਾ ਦੀ ਭੁੱਖ ਨੇ ਦੌੜਾਇਆ। ਹੋਰ ਅੱਗੇ ਵਧਿਆ, "ਸਤਸ਼" ਸਤੋ-ਗੁਣੀ ਬਸਤੀ। ਇਥੇ ਸੰਤ, ਮੌਲਵੀ, ਯੋਗੀ, ਸਿੱਧ ਬਹੁਤਾਇਤ ਵਿਚ ਹੁੰਦੇ ਹਨ। ਸਤੋਗੁਣੀ ਹੋਣਾ, ਇਕ ਘਟਨਾ ਹੈ। ਇਕ ਥਾਂ ਜਿੱਥੇ ਸਾਧਨ, ਸਮੱਗ੍ਰੀ ਨਹੀਂ, ਸਿਰਜਣਹਾਰ ਦਾ ਝਉਲਾ ਪੈਣ ਲੱਗਦੈ। ਭੌਤਿਕ ਸੰਸਾਰ ਹੱਥ 'ਚੋਂ ਛੁੱਟ ਜਾਂਦੈ। ਖਾਲੀ ਹੋਏ ਹੱਥ, ਅਰਦਾਸ, ਇਬਾਦਤ ਦੀ ਮੁਦਰਾ ਵਿਚ ਉਠ ਖਲੋਂਦੇ ਹਨ। ਨੈਨਾ 'ਚੋਂ ਵਗਦੇ ਨੀਰ ਨਿਵੇਕਲੀ ਵਿਆਕੁਲਤਾ ਨਾਲ ਵਗਦੇ ਹਨ। ਮਨ ਦੀ ਭੁੱਖ ਸ਼ਾਂਤ ਹੋ ਗਈ। ਅੱਗੇ ਪ੍ਰੀਤਮ ਦਾ ਦੇਸ਼... ਚਉਥਾ ਪਾਇਦਾਨ! ਰਸਤਾ ਹੋਰ ਬਿਖਮ, ਕੰਢਿਆਂ... ਸੂਲਾਂ ਭਰਿਆ ਰਸਤਾ। ਮੀਰਾ ਕਹਿੰਦੀ-

"ਸੂਲੀ ਉਪਰਿ ਸੇਜ ਪੀਆ ਕੀ, ਕਿਹ ਬਿਧਿ ਮਿਲਣਾ ਹੋਇ"

ਸੰਸਾਰ ਦੇ ਸਾਰੇ ਹਿੱਤ ਤਿਆਗ ਕੇ, ਇਥੋਂ ਤਕ ਪੁੱਜੇ ਭਗਤਾਂ ਲਈ ਹੁਣ, ਇਕ ਇਕ ਖਿਨ ਅਉਖਾ ਲੰਘਦੈ। ਭਗਤ ਕਬੀਰ ਜੀ, ਸਾਧਕ ਨੂੰ ਅਗਲੇ ਪੜਾਅ ਦੀ, ਚਉਥੇ ਪਦ ਦੀ ਝਲਕ ਦੇਂਦੇ ਹਨ-



Sri Satguru Jagjit Singh Ji eLibrary NamdhariElibrary@gmail.com

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦ ਪਾਇਆ॥

(ਪੰ-997)

ਤਿਨ ਮੁਸ਼ਕਲ ਪੜਾਅ ਲੰਘ ਆਇਆ। ਸੰਸਾਰ ਦੇ ਮੋਹ ਬੰਧਨ ਖੁਲ੍ਹ ਗਏ... ਕਿਸੇ ਗ਼ੈਬੀ-ਪ੍ਰਵਾਹ ਨਾਲ। ਸੁਤੇ ਸਿੱਧ ਚਉਥੇ ਮੁਕਾਮ ਵਲ ਵਗਦਾ, ਸੱਚਾ ਪ੍ਰੇਮੀ...।

ਇਹ ਸਤਿਗੁਰ ਤੋਂ ਆਤਮ-ਸਿੱਖਿਆ ਪ੍ਰਾਪਤ, ਸਿੱਖ ਦੀ ਸਿਮਰਨ-ਅਵਸਥਾ ਹੁੰਦੀ ਏ... ਕਿਸੇ ਪਰਮਹੰਸ ਯੋਗੀ ਦਾ ਨਿਰਵਾਣ ਪਦ, ਜਦੋਂ ਮਨ, ਬੁੱਧੀ, ਇੰਦ੍ਰੀਆਂ ਇਕ ਸੁਰ ਵਿਚ ਹੋ ਜਾਂਦੀਆਂ ਹਨ। ਹੁਣ ਸਿੱਖ (ਸਾਧਕ) ਆਪਣੀ ਸੰਪੂਰਨਤਾ ਨਾਲ, ਵਿਲੈਅ ਲਈ ਤਿਆਰ! ਇਹ ਸਤਿਗੁਰ ਦੀ ਸਿਖਿਆ ਹੁੰਦੀ ਏ। ਇਥੇ ਅੱਖਰ, ਅਰਥਹੀਨ ਹੋ ਜਾਂਦੇ ਹਨ...। ਬਸ ਇਕ ਰੂਪਾਂਤਰਣ ਘਟਦੈ। ਆਤਮ ਰਸ ਦਾ ਸਵਾਦ, ... ਇਕ ਰਹੱਸਮਈ ਆਨੰਦ ਦੀ ਆਤਮ ਅਨੁਭੂਤੀ...। ਪ੍ਰਾਣ ਦਾ ਜਹਾਜ਼, ਧਰਤੀ ਛੱਡ, ਉਪਰ ਉੱਠ ਗਿਆ। ਇਕ ਵੱਖਰਾ ਲੋਕ ਅਹਿਸਾਸ...ਉਡਦੇ ਬੱਦਲਾਂ 'ਚੋਂ ਲੰਘਦਾ... ਚੰਦ ਤਾਰਿਆਂ ਦਾ ਸੁਪਨ-ਲੋਕ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, ਇਹ "ਸੁੰਨ ਲੋਕ" ਹੈ...ਪ੍ਰਮੇਸ਼ਰ ਦਾ ਲੋਕ। ਸਾਰੀ ਸ੍ਰਿਸ਼ਟੀ ਦਾ ਸਿਰਜਨ ਇਥੇ ਹੀ ਹੋ ਰਿਹੈ। ਸਾਰੇ ਵਾਪਸ ਇਸੇ ਵਿਚ ਸਮਾਹਿਤ ਹੋ ਰਹੇ ਹਨ।

"ਸੁੰਨਹੁ ਖਾਣੀ ਸੁੰਨਹੁ ਬਾਣੀ, ਸੁੰਨਹੁ ਉਪਜੀ ਸੁੰਨਿ ਸਮਾਣੀ॥ (ਮਾਰੂ ਮਹਲਾ 1, ਪੰ. 1037)

ਅੰਡਜ, ਜੇਰਜ, ਸੇਤਜ ਅਤੇ ਉਤਭੁਜ, ਚਾਰ-ਖਾਣੀਆਂ ਦੇ ਪ੍ਰਾਣੀ, ਸੁੰਨ 'ਚੋਂ ਉਪਜੇ, ਸੁੰਨ ਵਿਚ ਸਮਾ ਰਹੇ ਹਨ। ਬੂੰਦ, ਸਾਗਰ ਵਿਚ ਸਮਾ ਕੇ, ਸਾਗਰ ਹੋ ਰਹੀ ਹੈ, ...ਜੋਤਿ...ਪਰਮਜੋਤ ਹੋ ਰਹੀ ਹੈ। ਪ੍ਰਾਣੀ ਪ੍ਰਮੇਸ਼ਰ ਹੋ ਰਿਹੈ! ਇਹ ਅਦਭੁਤ ਥਾਂ ਹੈ। ਉਪਜ ਵੀ ਰਹੇ ਹਨ... ਲੀਨ ਵੀ ਹੋ ਰਹੇ ਹਨ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ, ਇਹ "ਸੁੰਨਯ" ਹੈ। ਸਾਰੀ ਖੇਡ ਸੁੰਨ ਦੀ ਹੈ। ਪ੍ਰਾਣੀ ਦੇ ਅੰਦਰ ਵੀ-ਬਾਹਰ ਵੀ, ਸਾਰੇ ਅਸਤਿੱਤਵ ਵਿਚ ਇਹੋ ਸੁੰਨਯ



Sri Satguru Jagjit Singh Ji eLibrary NamdhariElibrary@gmail.com

ਬਿਰਾਜ ਰਿਹੈ। ਗੁਰੂ ਨਾਨਕ ਪਾਤਸ਼ਾਹ ਇਸ ਰਾਜ਼ ਨੂੰ ਖੋਲ੍ਹਦੇ ਹਨ-

"ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥

ਚਉਥੇ ਸੁੰਨੇ ਜੋ ਨਰੁ ਜਾਣੈ ਤਾਂ ਕਉ ਪਾਪੁ ਨ ਪੁੰਨੰ ॥ (ਪੰ. 943)

ਪ੍ਰਮੇਸ਼ਰ ਦੀ ਇਸ ਰਮਜ਼ ਨੂੰ ਨਾ ਸਮਝ ਸਕੇ, ਉਹ ਵੱਡੇ ਵੱਡੇ ਜੋਗੀ, ਸਿੱਧ, ਨਾਥ, ਤਪੀਸ਼ਵਰ ਵੀ ਖਾਲੀ ਰਹਿ ਗਏ। ਤੀਜੇ ਪਾਤਸ਼ਾਹ, ਸ੍ਰੀ ਗੁਰੂ ਅਮਰਦਾਸ ਜੀ ਕੋਲ, ਸ੍ਰੀ ਗੋਇੰਦਵਾਲ ਸਾਹਿਬ, ਇੱਕ ਯੋਗੀ ਆਇਆ। ਦੁਨੀਆਂ ਬਹੁਤ ਮੰਨਦੀ ਸੀ। ਕਈ ਵਰ੍ਹੇ ਜੋਗ ਤਪ ਕਰਦੇ ਰਹੇ। ਅੰਦਰੋਂ ਸਮਝਦੇ ਸਨ...ਜੀਵਨ ਰਿਕਤ ਰਹਿ ਗਿਆ... ਖਾਲੀ ਰਹਿ ਗਿਆ। ਪਾਤਸ਼ਾਹ ਦੇ ਚਰਨਾਂ ਤੇ ਸਿਰ ਰੱਖ ਰੋ ਪਿਆ-

"ਚਿਰੰਕਾਲ ਜੋਗ ਤਪਿ ਕੀਨ੍ਹੇਂ। ਲੈ ਸਿੱਧੀ ਨਰ ਕੀਏਂ ਅਧੀਨੇ।

ਮਨ ਮੇਰੇ ਮਹਿ ਸ਼ਾਂਤ ਨ ਹੋਈ। ਪੂਜਹਿ ਲੋਗ ਮਾਨਹਿ ਸਭਿ ਕੋਈ॥ (ਸ੍ਰੀ ਗੁਰ ਪ੍ਰਤਾਪ ਸੂਰਜ)

ਜੋਗ ਤਪ ਬਹੁਤ ਕੀਤੇ। ਸਿੱਧੀ ਪ੍ਰਾਪਤ ਕੀਤੀ, ਲੋਕ ਪਿੱਛੇ ਲਾ ਲਏ। ਪਰ ਮਨ ਮੇਰਾ ਸ਼ਾਂਤ ਨਹੀਂ ਹੋਇਆ। ਇਹ ਵਿਖਾਵਾ, ਮੈਨੂੰ ਪ੍ਰਮੇਸ਼ਰ ਦਰਬਾਰ ਵਿਚ ਪ੍ਰਵੇਸ਼ ਜੋਗ ਨਹੀਂ ਬਣਾ ਸਕਿਆ। ਜੋਗ, ਤਪ, ਸਿੱਧੀ, ਸਭ ਕੁਝ ਬਾਹਰ-ਬਾਹਰ, ਦੇਹ ਤਲ ਤੇ ਚਲਦਾ ਰਿਹਾ। ਰੂਹ ਤਲ ਤੇ ਕੋਰਾ ਰਹਿ ਗਿਆ। ਕਿਰਪਾ ਕਰੋ, ਮੈਨੂੰ ਆਤਮ-ਆਨੰਦ ਬਖਸ਼ਿਸ਼ ਕਰੋ। ਸਤਿਗੁਰ ਜੀ ਹੁਕਮ ਕੀਤਾ-

"ਇਹੁ ਤਨੁ ਤਜਿਕੇ ਅਪਰ ਧਰੀਜੈ।

ਫੁਨਿ ਹਮ ਢਿਗ ਹੋਇ ਆਨੰਦ ਲੀਜੈ।"

ਇਕ ਖਿਨ ਲਈ, ਪਾਤਸ਼ਾਹ ਜੀ ਅੰਤਰ ਧਿਆਨ ਹੋਏ। ਫੇਰ ਨੇਤਰ ਖੋਲ੍ਹੇ। ਯੋਗੀ ਦੇ ਪਿਛਲੇ ਅਗਲੇ ਜੀਵਨ ਤੇ ਝਾਤ ਪਾਈ ਤੇ ਹੁਕਮ ਕੀਤਾ, ਯੋਗੀ ਜੀ, ਇਸ ਜਨਮ ਨਸੀਬ ਨਹੀਂ। ਇਸ ਜੀਵਨ ਦਾ ਤਿਆਗ ਕਰ ਕੇ ਸਾਡੇ ਕੋਲ ਆਓ...ਫੇਰ ਸਦੀਵੀ ਆਨੰਦ ਪ੍ਰਾਪਤ ਕਰੋ। ਉਹ ਜੋਗੀ ਉਸੇ ਵੇਲੇ ਆਪਣੇ ਡੇਰੇ ਗਏ। ਯੋਗ ਸ਼ਕਤੀ ਨਾਲ ਪ੍ਰਾਣ ਤਿਆਗ ਦਿੱਤੇ। ਬਾਬਾ ਮੋਹਰੀ ਜੀ ਦੇ ਘਰ ਪੁੱਤਰ ਰੂਪ ਜਨਮ ਲਿਆ। ਬਾਬਾ ਜੀ ਦਾ ਵੱਡਾ ਪੁੱਤਰ, ਅਰਥ



Sri Satguru Jagjit Singh Ji eLibrary NamdhariElibrary@gmail.com

ਮੱਲ ਸੀ। ਦੂਜੇ ਪੁੱਤਰ, ਇਹ ਜੋਗੀ ਜੀ ਦਾ ਪੁਨਰ-ਜਨਮ। ਸਤਿਗੁਰੂ ਜੀ ਨੇ ਇਹ ਬਾਲ ਗੋਦ ਵਿਚ ਲਿਆ, ਬਚਨ ਉਚਾਰਿਆ-

ਇਹ ਯੋਗੀ, ਆਨੰਦ ਚਾਹੁੰਦਾ ਸੀ, ਇਸਦਾ ਨਾਂ "ਆਨੰਦ" ਹੋਇਆ। ਮੁਖਾਰਬਿੰਦ ਤੋਂ ਪਾਤਸ਼ਾਹ ਜੀ ਨੇ, ਉਸ ਵੇਲੇ ਆਨੰਦ ਸਾਹਿਬ ਦੀਆਂ 38 ਪਉੜੀਆਂ ਉਚਾਰਣ ਕੀਤੀਆਂ। ਇਕ ਪਉੜੀ ਚਉਥੇ ਪਾਤਸ਼ਾਹ ਅਤੇ ਇਕ ਪਉੜੀ ਪੰਜਵੇਂ ਪਾਤਸ਼ਾਹ ਨੇ ਰਚੀ। ਕੁਲ 40 ਪਉੜੀਆਂ, ਆਨੰਦ ਸਾਹਿਬ ਦੀਆਂ ਮੁਕੰਮਲ ਹੋਈਆਂ।

ਉਸ ਬਾਲ ਰੂਪ ਵਿਚ ਜਨਮ ਧਾਰੇ ਜੋਗੀ ਜੀ-ਬਾਬਤ ਖੁਸ਼ੀਆਂ ਬਖਸ਼ੀਆਂ:

"ਪਾਇ ਗਿਆਨ ਕੋ ਲਹਯੋ ਅਨੰਦ॥

ਇਹੀ ਬਾਸਨਾ ਭਲੀ ਮੁਕੰਦ॥

ਜੋਗੀ ਜੀ ਦੀ ਇੱਛਾ ਆਨੰਦ ਦੀ ਹੈ ਸੀ। ਹੁਣ ਗੁਰਸਿੱਖ ਰੂਪ ਵਿਚ, ਗਿਆਨ ਅਤੇ ਆਨੰਦ ਪ੍ਰਾਪਤ ਕਰਨਗੇ।

ਆਨੰਦ ਸਾਹਿਬ ਦੀ ਪਹਿਲੀ ਪਉੜੀ ਉਚਾਰੀ-

"ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ॥"

ਅਨੰਦ ਦੀ ਪਹਿਲੀ ਸ਼ਰਤ ਹੈ...ਅਨੰਦ ਪ੍ਰਾਪਤੀ ਦੀ ਆਰੰਭ ਅਵਸਥਾ- "ਸਤਿਗੁਰੂ ਮੈ ਪਾਇਆ"

ਤਾਂ ਪੰਜਵੇਂ ਪਾਤਸ਼ਾਹ, ਮਾਝ ਰਾਗ ਵਿਚ ਕਹਿੰਦੇ ਹਨ-

"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ (ਬਾਰਹ ਮਾਹ)

ਕਿਸੇ ਸੁਭਾਗੇ ਦਿਨ...ਕਿਸੇ ਸੁਲੱਖਣੀ ਘੜੀ... ਜਦੋਂ ਸਤਿਗੁਰ ਦੀ ਇਕ ਨਦਰਿ ਇਨਾਇਤ ਹੋ ਜਾਏ। ਉਹ ਘੜੀ, ਰੁਤ...ਉਹ ਮਹੀਨਾ... ਉਹ ਦਿਨ, ਭਾਗਾਂ ਵਾਲਾ, ਜਦੋਂ ਕਿਸੇ ਰੱਬੀ ਰੂਹ ਦੀ ਚਰਨ ਛੋਹ ਨਸੀਬ ਹੋ ਜਾਏ।

ਭਾਈ ਪਾਰੋ, ਡੱਲਾ ਪਿੰਡ, ਕਪੂਰਥਲਾ ਦੇ ਨੇੜੇ ਰਹਿਣ ਵਾਲਾ, ਸ੍ਰੀ ਖਡੂਰ ਸਾਹਿਬ, ਦੂਜੇ ਪਾਤਸ਼ਾਹ, ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗ਼ਰੀਬ ਨਿਵਾਜ ਆਪਣੀ ਮੌਜ ਵਿਚ, ਕੁਝ ਸ਼ਰਧਾਲੂਆਂ ਨਾਲ ਧਰਮ ਵਿਚਾਰ ਕਰ ਰਹੇ

ਸਨ। ਭਾਈ ਪਾਰੋ, ਚਰਨਾਂ ਤੇ ਮੱਥਾ ਟੇਕ ਬੈਠ ਗਿਆ-

"ਨਮਸਕਾਰ ਕਰ ਬੈਠਯੋ ਪਾਸ॥ ਹਾਥ ਜੋੜ ਕੀਨਸ ਅਰਦਾਸ॥

ਸ੍ਰੀ ਗੁਰੂ, ਪਰਮਹੰਸ ਹੋਇ ਕੌਣ॥

ਲੱਛਣ ਮੋਹਿ ਸੁਨਾਵਹੁ ਤੌਨ॥

ਸਤਿਗੁਰ ਜੀ ਬਚਨ ਕੀਤਾ, ਹੰਸ, ਦੁੱਧ 'ਚੋਂ ਪਾਣੀ ਨੂੰ ਵੱਖਰਾ ਕਰਨ ਦੀ ਕੁਦਰਤੀ ਕਾਬਲੀਅਤ ਰਖਦੈ।

"ਪਯ ਤੇ ਜਲ ਕੋ ਕਰਹਿ ਨਿਰਾਲਾ॥ ਸਾਰ ਅਸਾਰ ਪਿਖਹਿ ਤਤਕਾਲਾ॥"

ਦੁੱਧ-ਪਾਣੀ....ਸਾਰ-ਅਸਾਰ, ਵੱਖ ਕਰ ਦੇਂਦੈ।

ਪਾਠਕ ਜਨ! ਪ੍ਰਾਚੀਨ ਧਰਮ ਸ਼ਾਸਤਰਾਂ ਵਿਚ, ਹਿਤੋਪਦੇਸ਼ ਵਿਚ, ਹੰਸ ਲਈ, "ਨੀਰ-ਛੀਰ ਵਿਵੇਕ" ਜਿਹੇ ਵਿਸ਼ੇਸ਼ਣ ਦਾ ਪ੍ਰਯੋਗ ਕੀਤਾ ਗਿਆ ਹੈ.... ਪਾਣੀ ਅਤੇ ਦੁੱਧ ਦਾ ਵਿਵੇਕੀ ਪੰਖੀ। ਜੀਵ ਵਿਗਿਆਨੀਆਂ ਦੇ ਮੱਤ ਅਨੁਸਾਰ, ਹੰਸ ਦੀ ਚੁੰਝ ਵਿਚ ਇਕ, ਤੇਜ਼ਾਬ ਯੁਕਤ, ਅਮਲ-ਰਸ ਹੁੰਦੈ। ਜਦੋਂ ਉਹ ਚੁੰਝ ਦੁੱਧ ਵਿਚ ਪਾਉਂਦੈ ਤਾਂ ਉਸ ਖਟਾਸ ਭਰੇ ਰਸ ਦੇ ਸੰਪਰਕ ਵਿਚ ਆਉਣ ਕਰਕੇ, ਦੁੱਧ ਤਤਕਾਲ ਫਟ ਜਾਂਦੈ। ਪਾਣੀ ਅੱਡ ਹੋ ਜਾਂਦੈ...ਦੁੱਧ ਦਾ ਸਾਰ ਤੱਤ, ਪਨੀਰ ਰੂਪ ਅੱਡ ਹੋ ਜਾਂਦੈ। ਸ਼ਾਇਦ ਇਸੇ ਗੁਣ ਪ੍ਰਭਾਅ ਕਰ ਕੇ, ਹੰਸ ਨੂੰ ਇਹ ਵਿਸ਼ੇਸ਼ਣ ਮਿਲਿਆ। ਤਾਂ ਦੂਜੇ ਪਾਤਸ਼ਾਹ, ਭਾਈ ਪਾਰੋ ਨੂੰ ਦੱਸਦੇ ਹਨ-ਹੰਸ, ਕੁਦਰਤ ਵਲੋਂ, ਸਾਰ-ਅਸਾਰ ਵੱਖ ਵੱਖ ਕਰਨ ਜੋਗ ਸਮਰੱਥਾ ਰਖਦੈ। ਉਹ ਮਨੁੱਖ, "ਪਰਮਹੰਸ ਹੁੰਦੇ ਹਨ, ਜਿਨ੍ਹਾਂ ਕੋਲ ਸਤਿ-ਅਸਤਿ ਨੂੰ, ਪੁੰਨ ਅਤੇ ਪਾਪ ਕਿਰਤ ਨੂੰ ਨਿਖੇੜਨ ਦੀ ਵਿਵੇਕ ਸ਼ਕਤੀ ਹੁੰਦੀ ਹੈ। ਹਰ ਗੁਰਸਿੱਖ ਨੂੰ... ਗੁਰੂ ਤੋਂ ਸਿਖਿਆ ਲੈਣ ਵਾਲੇ ਸ਼ਰਧਾਲੂ ਨੂੰ, ਇਹ ਗੁਰੂ-ਗਿਆਨ, ਜ਼ਰੂਰ ਲੈਣਾ ਚਾਹੀਦੈ। ਪਾਰੋ, ਆਪਣੇ ਸਤਿਗੁਰ ਤੋਂ ਇਹ ਬ੍ਰਹਮ ਗਿਆਨ, ਸ਼ਾਂਤ ਚਿੱਤ ਸੁਣਦਾ ਰਿਹਾ। ਗੁਰਾਂ ਨੇ ਸੁਪਾਤਰ ਸਮਝ, ਪਾਰੋ ਦੇ ਸਿਰ ਤੇ ਹੱਥ ਰਖਿਆ, ਤਨ ਤੋਂ ਆਤਮਾ ਵੱਖ ਕਰ ਦਿੱਤੀ। ਰੂਹ ਨਾਲ ਪਰੀਚੈ ਹੁੰਦਿਆਂ, ਰੂਹਾਨੀ ਮੰਡਲ ਦਾ ਅਨੰਤ ਆਕਾਸ਼ ਖੁੱਲ ਗਿਆ। ਪ੍ਰਕ੍ਰਿਤੀ ਦੀਆਂ ਸਮੱਸਤ ਸ਼ਕਤੀਆਂ, ਦਾਸੀ ਬਣ ਆਗਿਆ ਦੀ ਉਡੀਕ ਵਿਚ ਖਲੋ ਗਈਆਂ। ਭਾਈ ਪਾਰੋ, ਰੋਜ਼ ਤੜਕੇ, ਡੱਲੇ ਪਿੰਡ ਤੋਂ ਘੋੜੇ ਤੇ ਸਵਾਰ ਹੋ ਕੇ, ਦਰਿਆ



Sri Satguru Jagjit Singh Ji eLibrary NamdhariElibrary@gmail.com

ਬਿਆਸ ਦੇ ਪੱਤਨ ਤੇ ਆਉਂਦਾ। ਭਾਵੇਂ ਕੋਈ ਰੁੱਤ ਹੋਵੇ, ਦਰਿਆ ਵਿਚ ਘੋੜਾ ਠੇਲ ਦੇਂਦਾ। ਪਹਿਲਾਂ, ਦੂਜੇ ਪਾਤਸ਼ਾਹ ਵੇਲੇ, ਸ੍ਰੀ ਖਡੂਰ ਸਾਹਿਬ ਜਾਂਦਾ ਸੀ। ਤੀਜੇ ਪਾਤਸ਼ਾਹ ਦੇ ਵੇਲੇ, ਸ੍ਰੀ ਗੋਇੰਦਵਾਲ ਹਰ ਰੋਜ਼ ਹਾਜ਼ਰੀ ਭਰਦੇ... ਸ੍ਰੀ ਗੁਰੂ ਸੇਵਾ ਲਈ ਤੱਤਪਰ ਰਹਿੰਦੇ। ਇਕ ਵਾਰ, ਸਾਵਨ ਦਾ ਮਹੀਨਾ ਸੀ। ਕਈ ਦਿਨਾਂ ਤੋਂ ਮੂਸਲਾਧਾਰ ਬਰਖਾ ਹੋ ਰਹੀ ਸੀ। ਬਿਆਸਾ ਪੂਰੇ ਉਫ਼ਾਨ ਤੇ ਸੀ। ਕਿਸੇ ਬੇੜੀ ਵਾਲੇ ਦੀ, ਰੱਸਾ ਖੋਲ੍ਹਣ ਦੀ ਹਿੰਮਤ ਨਹੀਂ ਸੀ। ਜਲੰਧਰ ਦਾ ਨਵਾਬ, ਉਸਮਾਨ ਅਲੀ ਖਾਂ, ਦਿੱਲੀ ਤੋਂ ਜਲੰਧਰ ਜਾਂਦਿਆਂ, ਹੜ੍ਹ ਕਰ ਕੇ ਦੋ ਦਿਨਾਂ ਤੋਂ ਫੌਜੀ ਟੁਕੜੀ ਸਮੇਤ, ਕਿਨਾਰੇ ਤੰਬੂਆਂ ਦਾ ਡੇਰਾ ਲਾ ਕੇ, ਹੜ੍ਹ ਮੱਠਾ ਪੈਣ ਦੀ ਉਡੀਕ ਵਿਚ ਸੀ। ਤੀਜੇ ਦਿਨ ਸਵੇਰੇ ਨਵਾਬ ਦੀ ਨਜ਼ਰ ਪਈ, ਇਕ ਘੁੜਸਵਾਰ, ਹਵਾ ਦੀ ਗਤੀ ਨਾਲ ਆ ਰਿਹਾ ਸੀ। ਬਿਆਸ ਦੇ ਕੰਢੇ ਇਕ ਖਿਨ ਲਈ ਘੋੜਾ ਖਲੋਤਾ। "ਧੰਨ ਸਤਿਗੁਰੂ" ਕਿਹਾ ਅਤੇ ਘੋੜੇ ਨੂੰ ਅੱਡੀ ਲਾਈ। ਘੋੜੇ ਨੇ ਉਫ਼ਨਦੀ ਬਿਆਸਾ ਵਿਚ ਛਾਲ ਮਾਰ ਦਿੱਤੀ। ਬਿਆਸਾ ਦੇ ਤੇਜ਼ ਪ੍ਰਵਾਹ ਵਿਚ, ਉਹ ਜਵਾਨ ਗੁੰਮ ਹੋ ਗਿਆ। ਨਵਾਬ ਨੇ ਸਮਝ ਲਿਆ ਸਣੇ ਘੋੜਾ, ਜਵਾਨ ਹੜ੍ਹ ਵਿਚ ਡੁੱਬ ਮਰਿਆ। ਦਿਨ ਲੰਘਿਆ। ਸ਼ਾਮ ਨੂੰ ਆਪਣੇ ਪੁੱਤਰ ਅਤੇ ਕੁਝ ਵਿਸ਼ੇਸ਼ ਫੌਜਦਾਰਾਂ ਨਾਲ, ਬਿਆਸਾ ਕਿਨਾਰੇ, ਹੜ੍ਹ ਦਾ ਜਾਇਜ਼ਾ ਲੈ ਰਹੇ ਨਵਾਬ ਨੇ ਵੇਖਿਆ, ਉਹੀ ਸਵੇਰ ਵਾਲਾ ਘੁੜਸਵਾਰ...! ਇਕ ਕਰਿਸ਼ਮੇ ਵਾਂਗ, ਹੜ੍ਹ ਦੀਆਂ ਉੱਚੀਆਂ ਲਹਿਰਾਂ 'ਚੋਂ ਘੋੜਾ, ਆਪਣੇ ਸਵਾਰ ਸਹਿਤ ਛਾਲ ਮਾਰ ਬਾਹਰ ਕੰਢੇ ਤੇ ਆਇਆ। ਹੈਰਾਨੀ ਦੀ ਹੱਦ ਨਾ ਰਹੀ। ਦੌੜ ਕੇ ਜਵਾਨ ਦੇ ਕੋਲ ਗਿਆ। ਹੈਰਾਨਕੁੰਨ ਨਵਾਬ... ਜਵਾਨ ਤੋਂ ਇਸ ਕਰਤਬ ਦਾ ਸਬੱਬ ਪੁੱਛਿਆ। ਭਾਈ ਪਾਰੋ ਨੇ ਕਿਹਾ–

"ਜਿਸ ਦੇ ਸਿਰ ਉਪਰ ਹੱਥ ਗੁਰਾਂ ਦਾ,
ਉਹਨੂੰ ਕਾਹਦਾ ਡਰ ਵੇ ਲੋਕੋ ॥"

ਪਿਛਲੇ ਕਈ ਵਰ੍ਹਿਆਂ ਤੋਂ, ਆਪਣੇ ਸਤਿਗੁਰ ਦਰਬਾਰ ਵਿਚ ਹਾਜ਼ਰੀ ਲਾਉਂਦਾ। ਗੁਰਸਿੱਖ ਦਾ ਰਾਹ ਰੋਕਣ ਜੋਗ ਸਮਰੱਥਾ, ਕੁਦਰਤ ਕੋਲ ਨਹੀਂ। ਨਵਾਬ ਨੇ ਉਸੇ ਵੇਲੇ ਖਜ਼ਾਨੇ ਦੀਆਂ ਚਾਬੀਆਂ ਪੁੱਤਰ ਹੱਥ ਫੜਾਈਆਂ। ਫ਼ੌਜਦਾਰਾਂ ਨੂੰ ਮੁਖਾਤਿਬ ਹੋਇਆ—ਜੇ ਗੁਰਾਂ ਦੇ ਦਰਸ਼ਨ ਕਰਕੇ ਵਾਪਸ ਆਇਆ ਤਾਂ ਠੀਕ ਵਰਨਾ, ਖ਼ੁਦਾ ਹਾਫ਼ਿਜ! ਭਾਈ ਪਾਰੋ ਅੱਗੇ ਬੇਨਤੀ ਕੀਤੀ, "ਗੁਰੂ



Sri Satguru Jagjit Singh Ji eLibrary NamdhariElibrary@gmail.com

ਦੇ ਸਿੱਖ! ਮੇਰੇ ਤੇ ਰਹਿਮ ਕਰੋ.... ਸਤਿਗੁਰਾਂ ਦੇ ਦਰਸ਼ਨ ਕਰਾ ਦਿਉ। ਭਾਈ ਪਾਰੋ ਨੇ ਘੋੜੇ ਤੇ ਆਪਣੇ ਪਿੱਛੇ ਨਵਾਬ ਨੂੰ ਬਿਠਾਇਆ ਤੇ ਮੁੜ ਹੜ੍ਹ ਨਾਲ ਉਫ਼ਨਦੀ ਬਿਆਸਾ ਵਿਚ ਘੋੜੇ ਨੂੰ ਛਲਾਂਗ ਲਵਾ ਦਿੱਤੀ। ਸ੍ਰੀ ਗੋਇੰਦਵਾਲ, ਸਤਿਗੁਰੂ ਚਰਨਾਂ ਵਿਚ ਜਾ ਹਾਜ਼ਰ ਕੀਤਾ।

ਗੁਰੂ ਦੀ ਕ੍ਰਿਪਾ ਦ੍ਰਿਸ਼ਟੀ.... ਮੇਹਰ ਦੀ ਇਕ ਨਜ਼ਰ... ਕਾਇਨਾਤ ਹੱਥ ਜੋੜ ਖਲੋ ਜਾਂਦੀ ਹੈ। ਤਾਂ ਪਾਤਸ਼ਾਹ ਕਹਿੰਦੇ ਹਨ-ਉਹ ਮਹੀਨਾ, ਉਹ ਦਿਨ, ਉਹ ਖਿਨ ਭਾਗਾਂ ਵਾਲਾ, ਜਦੋਂ ਗੁਰੂ ਦਾ ਦਰਸ਼-ਦਾਨ ਮਿਲ ਜਾਏ। ਪ੍ਰਮੇਸ਼ਰ ਮੇਹਰਬਾਨ ਹੋਵੇ....ਗੁਰੂ ਮਿਲਾ ਦੇ.....।

ਮਾਹ ਦਿਵਸ ਮੂਰਤਿ ਭਲੇ.....।

## 30

# ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ....

ਚੋਰਾਂ-ਲੁਟੇਰਿਆਂ, ਠੱਗਾਂ ਦਾ ਦੇਸ! ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪੰਜ ਚੋਰਾਂ, ਰਾਜ, ਮਾਲ, ਜਾਤਿ-ਰੂਪ, ਜੋਬਨ, ਪੰਜ ਠੱਗ....। ਰਾਤ ਦਾ ਹਨੇਰਾ.... ਸਾਰੇ ਮੌਕੇ ਦੀ ਉਡੀਕ ਵਿਚ! ਵਿਚਾਰਾ ਭੋਲਾ ਮਨੁੱਖ... ਗਹਿਰੀ ਨੀਂਦ ਵਿਚ ਸੁੱਤਾ ਹੋਇਆ। ਘਰ ਦੇ ਸਾਰੇ ਜੀਅ, ਸੁੱਤੇ ਹੋਏ... ਗਾਫ਼ਲ.... ਬੇਖਬਰ! ਇਹ ਨੀਂਦ ਜਨਮਾਂ-ਜਨਮਾਂ ਤੋਂ ਹੈ। ਇਹ ਨੀਂਦ ਨਿਵੇਕਲੀ ਹੈ। ਅੱਖਾਂ ਖੁਲ੍ਹੀਆਂ.... ਟੁਰਦਾ ਫਿਰਦਾ... ਕਾਰ ਵਿਹਾਰ ਕਰਦਾ... ਫਿਰ ਵੀ ਸੁੱਤਾ ਹੋਇਆ। ਪਾਤਸ਼ਾਹ ਕਹਿੰਦੇ, ਇਹ ਨੀਂਦ ਮਾਯਾਵੀ ਹੈ। ਬਾਹਰੋਂ.... ਇੰਦ੍ਰੀਆਂ ਦੇ ਤਲ ਤੇ, ਜਾਗ੍ਰਿਤ ਅੰਦਰ, ਚੇਤਨਾ...ਆਤਮਕ ਚੇਤਨਾ ਸੁਪਤ। ਸਤਿਗੁਰੂ, ਸੰਤ, ਧਰਮ ਸ਼ਾਸਤ੍ਰ ਕਹਿੰਦੇ, ਇਹ ਨੀਂਦ, ਦੁਨੀਆਂ ਦੇ ਦੁੱਖਾਂ ਦਾ ਕਾਰਨ ਹੈ। ਮਨੋਵਿਗਿਆਨ ਵਿਚ, ਇਕ ਅਧਿਆਏ ਹੈ, "ਹਿਪਨੋਟਿਜ਼ਮ"... ਸੰਮੋਹਨ ਵਿਦਿਆ। ਜਾਦੂਗਰ, ਆਮ ਤੌਰ ਤੇ ਇਸ ਵਿਦਿਆ ਦਾ ਪ੍ਰਯੋਗ ਕਰਦੇ ਹਨ। ਸੰਮੋਹਨ ਵਿਦਿਆ ਨਾਲ, ਨੀਂਦ ਵਿਚ ਲਿਜਾ ਕੇ, ਉਸ ਪ੍ਰਾਣੀ ਨਾਲ ਕਈ ਤਰ੍ਹਾਂ ਦੇ ਪ੍ਰਯੋਗ ਕਰਦੇ ਹਨ। ਸਾਡੇ ਸਾਰਿਆਂ ਨਾਲ, "ਮਾਇਆ ਜਾਦੂਗਰਨੀ" ਖੇਡ ਕਰ ਰਹੀ ਹੈ। ਉਸਦੇ ਇਸ਼ਾਰੇ ਤੇ ਅਸੀਂ ਹੱਸ ਰਹੇ, ਰੋ ਰਹੇ, ਦੌੜ ਰਹੇ ਹਾਂ। ਇਹ ਸਭ ਇਕ ਰਹੱਸ... ਇਕ ਤਿਲਸਮ ਵਾਂਗ ਵਾਪਰ ਰਿਹੈ। ਮਾਇਕ ਨੀਂਦ ਦਾ ਪ੍ਰਭਾਅ ਹੈ, ਮਨੁੱਖ ਨੂੰ ਆਪਣਾ ਬਿਗਾਨਾ, ਕੋਈ ਨਹੀਂ ਦਿਸਦਾ। ਸਤਿ-ਅਸਤਿ, ਜਾਇਜ-ਨਾਜਾਇਜ਼... ਕੁਝ ਨਹੀਂ। ਇਹ ਨੀਂਦ ਭਿਆਨਕ ਹੈ। ਵਿਸ਼ਵ ਪ੍ਰਸਿੱਧ ਮਨੋਵਿਗਿਆਨੀ ਫਰਾਇਡ ਕਹਿੰਦੈ, ਦੁਨੀਆਂ ਦੇ ਕਈ ਵੱਡੇ ਅਪਰਾਧ, ਇਸੇ ਅਵਸਥਾ ਵਿਚ ਹੋ ਰਹੇ ਹਨ।

ਮਨੁੱਖ ਨੂੰ ਸੰਮੋਹਿਤ ਕਰਕੇ, ਆਪਣੀ ਮਰਜ਼ੀ ਅਨੁਸਾਰ, ਸੰਦੇਸ਼ ਦੇ ਕੇ, ਉਸ ਤੋਂ ਕਤਲ ਜਾਂ ਕੋਈ ਵੱਡਾ ਜੁਰਮ ਕਰਵਾਉਣਾ....। ਅਪਰਾਧ ਜਗਤ ਵਿਚ ਇਵੇਂ ਦੇ ਕਈ ਪ੍ਰਸੰਗ ਹਨ।



Sri Satguru Jagjit Singh Ji eLibrary NamdhariElibrary@gmail.com

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ–

"ਨੈਨਹੁ ਨੀਂਦ ਪਰ ਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥

ਰਸਨਾ ਸੋਈ ਲੋਭਿ ਮੀਠੈ ਸਾਦਿ ॥ ਮਨ ਸੋਇਆ ਮਾਇਆ ਬਿਸਮਾਦਿ ॥

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।

ਸਾਬਤ ਵਸਤੁ ਓਹ ਅਪਨੀ ਲਹੈ ॥(ਪੰ.731)

ਹਰ ਮਨੁੱਖ ਦੇ ਨਾਲ, ਪ੍ਰੀਵਾਰ ਵਿਚ ਗਿਆਰਾਂ ਜਨ ਰਹਿੰਦੇ ਹਨ। ਪੰਜ ਗਿਆਨ ਇੰਦ੍ਰੀਆਂ, ਅੱਖ, ਕੰਨ, ਨੱਕ, ਰਸਨਾ ਅਤੇ ਤਵੱਚਾ (ਚਮੜੀ ਜਾਂ ਸਕਿਨ)। ਇਹ ਗਿਆਨ ਇੰਦ੍ਰੀਆਂ, ਮਨੁੱਖ ਨੂੰ ਹਰ ਮਾੜੇ ਚੰਗੇ ਨਜ਼ਾਰਿਆਂ, ਆਵਾਜ਼ਾਂ, ਖੁਸ਼ਬੋ, ਸੁਆਦ ਜਾਂ ਸਪੱਰਸ਼ ਦੀ ਪੂਰਵ ਸੂਚਨਾ ਦੇ ਕੇ ਸੁਚੇਤ ਕਰਦੇ ਹਨ। ਪੰਜ ਕਰਮ ਇੰਦ੍ਰੀਆਂ; ਹੱਥ, ਪੈਰ, ਮੂੰਹ, ਗੁਦਾ ਅਤੇ ਲਿੰਗ। ਇਹ ਨਿਰੰਤਰ ਕਰਮ ਕਰਦੇ ਹੋਏ, ਜੀਵਨ ਨੂੰ ਗਤੀਸ਼ੀਲ ਰਖਦੇ ਹਨ। ਗਿਆਰਵਾਂ ਮਨ! ਉਪਨਿਸ਼ਦ ਨੇ ਮਨ ਨੂੰ ਵੀ ਇਕ ਇੰਦ੍ਰੀ ਘੋਸ਼ਤ ਕੀਤੈ।

ਪੰਜਵੇਂ ਪਾਤਸ਼ਾਹ ਕਹਿੰਦੇ ਹਨ—ਇਨ੍ਹਾਂ ਸਾਰਿਆਂ ਪ੍ਰੀਵਾਰ ਜਨਾਂ ਦੀ ਕੁਝ ਜ਼ਿੰਮੇਵਾਰੀਆਂ ਹਨ। ਪਰ ਸਾਰੇ ਸੁੱਤੇ ਹੋਏ ਹਨ। ਚੋਰ, ਠੱਗ, ਘਰ ਵਿਚ ਵੜ ਚੁੱਕੇ ਹਨ।

ਅੱਖਾਂ ਸੁੱਤੀਆਂ–ਮਾੜੇ ਨਜ਼ਾਰਿਆਂ ਵਿਚ। ਕੰਨ ਸੁੱਤੇ, ਪਰਾਈ ਨਿੰਦਾ ਸੁਣਨ ਵਿਚ। ਰਸਨਾ ਸੌਂ ਗਈ, ਸਵਾਦਾਂ ਵਿਚ ਅਤੇ ਮਨ ਮਾਇਆ ਦੀ ਨੀਂਦ ਵਿਚ ਗਾਫ਼ਿਲ! ਕੈਸੀ ਵਿਸਮਾਦੀ.. ਕੋਈ ਹੈਰਾਨਕੁੰਨ ਘਟਨਾ ਮਨੁੱਖ ਨਾਲ ਘਟ ਰਹੀ ਹੈ। ਚੰਗਾ ਭਲਾ ਸਿਆਣਾ–ਬਿਆਣਾ ਦਿਸਦਾ ਮਨੁੱਖ, ਪੂੰਜੀ ਗਵਾ ਰਿਹੈ। ਬੇਵੱਸ....ਮਨੁੱਖ! ਇਨ੍ਹਾਂ ਲੁਟੇਰਿਆਂ ਨੇ, ਵੱਡਿਆਂ ਵੱਡਿਆਂ ਰਾਜਿਆਂ, ਮਹਾਰਾਜਿਆਂ, ਰਿਸ਼ੀਆਂ, ਮੁਨੀਆਂ, ਧੁਰੰਧਰ ਮਨੁੱਖਾਂ ਨੂੰ ਵੀ ਨਹੀਂ ਬਖਸ਼ਿਆ।

ਪ੍ਰੀਵਾਰਾਂ ਦੇ ਹਰ ਪ੍ਰਾਣੀ ਦੀ ਕੁਝ ਜ਼ਿੰਮੇਵਾਰੀਆਂ ਹੁੰਦੀਆਂ ਹਨ। ਪਾਤਸ਼ਾਹ ਕਹਿੰਦੇ–

ਅੰਤਰਿ ਗੁਰੁ ਆਰਾਧਣਾ, ਜਿਹਵਾ ਜਪਿ ਗੁਰ ਨਾਉ ॥

ਨੇਤ੍ਰੀ ਸਤਿਗੁਰੁ ਪੇਖਣਾ, ਸ੍ਰਵਣੀ ਸੁਨਣਾ ਗੁਰ ਨਾਉ ॥

ਸਤਿਗੁਰ ਸੇਤੀ ਰਤਿਆ, ਦਰਗਹ ਪਾਈਐ ਠਾਉ ॥

(ਪੰ. 517) ਗੂਜਰੀ ਮਹਲਾ 5



Sri Satguru Jagjit Singh Ji eLibrary NamdhariElibrary@gmail.com

ਮਨ ਵਿਚ ਗੁਰੂ ਅਰਾਧਨਾ ਚਲੇ, ਰਸਨਾ ਸਿਮਰਨ ਕਰੇ, ਨੇਤਰ ਦਰਸ਼ਨ ਦੀ ਆਸ ਵਿਚ ਹੋਣ, ਕੰਨ, ਸਤਿਗੁਰ-ਸੰਦੇਸ਼ ਸ੍ਰਵਣ ਲਈ ਸੱਜਗ ਹੋਣ।

ਸਾਰੇ ਹੀ ਸੌਂ ਗਏ। ਪਾਤਸ਼ਾਹ ਕਹਿੰਦੇ-ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ....। ਕੋਈ ਇਕ ਵੀ ਜਾਗਦਾ ਹੋਵੇ... ਦੁਹਾਈ ਪਾ ਦਏ.... ਨਾਲ ਦਿਆਂ ਨੂੰ ਵੀ ਜਗਾ ਦਏ।

ਬਾਹਰ-ਮੁਖੀ ਜਾਗ੍ਰਿਤੀ ਦਿੱਸਦੀ ਹੈ। ਆਪਣੇ ਹੱਕ ਦੀ ਸੁਰੱਖਿਆ ਸੰਭਾਲ ਲਈ! ਪਰਾਇਆ ਹੱਕ ਖੋਹਣ ਲਈ ਬਹੁਤ ਚੁਸਤੀ ਹੈ। ਕਹਿੰਦੇ ਹਨ, ਅੱਯਾਸ਼ੀ ਦੇ ਬਾਜ਼ਾਰ ਵਿਚ ਕਦੇ ਰਾਤ ਨਹੀਂ ਹੁੰਦੀ। ਅੱਧੀ ਰਾਤ, ਇਥੇ ਜਗਮਗ ਹੁੰਦੀ ਏ। ਕੈਸਿਨੋ, ਦੇਹ ਵਪਾਰ ਤੇ ਹੋਰਾਂ ਵਿਕਾਰਾਂ ਦੀਆਂ ਬੋਲੀਆਂ ਲਗਦੀਆਂ ਹਨ।

ਪੰਜਵੇਂ ਪਾਤਸ਼ਾਹ ਕਹਿੰਦੇ ਹਨ- ਦੋ ਤਰ੍ਹਾਂ ਦੇ ਲੋਕ ਜਗ ਵਿਚ ਹੁੰਦੇ ਹਨ, ਇਕ ਭੋਗੀ, ਦੂਜਾ ਜੋਗੀ। ਜਦੋਂ ਭੋਗੀ ਵਾਸ਼ਨਾਵਾਂ-ਵਿਕਾਰਾਂ ਵਿਚ ਸੁੱਤਾ ਹੁੰਦੈ, ਉਦੋਂ ਪ੍ਰਭੂ ਪਿਆਰਾ ਸੰਤ, ਹੰਝੂ ਭਰੇ ਨੇਤਰਾਂ ਨਾਲ, ਪ੍ਰਭੂ ਨੂੰ ਉਡੀਕਦਾ ਹੁੰਦੈ-

"ਭਿੰਨੀ ਰੈਨੜੀਐ ਚਾਮਕਨਿ ਤਾਰੇ॥

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ (ਰਾਗ ਆਸਾ, ਪੰ. 231)

ਰਾਤ ਦੇ ਹਨੇਰੇ ਵਿਚ, ਗੰਦੀ, ਗਲੀਜ਼ ਗਲੀਆਂ ਤੋਂ ਦੂਰ ਇਕ ਸੰਤ! ਮੇਰੇ ਰਾਮ ਪਿਆਰੇ! ਤਾਰਿਆਂ ਦੀ ਛਾਂ ਹੇਠ, ਪ੍ਰਭੂ ਪ੍ਰੀਤ ਵਿਚ ਜੁੜੇ ਹੁੰਦੇ ਹਨ।

ਭਗਵਾਨ ਸ੍ਰੀ ਕ੍ਰਿਸ਼ਨ, ਅਰਜਨ ਨੂੰ ਐਸੇ ਜੋਗੀ ਬਾਬਤ ਕਹਿੰਦੇ ਹਨ-

"ਯਾ ਨਿਸ਼ਾ ਸਰਵ ਭੂਤਾਨਾਂ ਤਸਿਆਂ ਜਾਗਰਤੀ ਸੰਯਮੀ।

ਯਸਯਾਂ ਜਾਗਰਤੀ ਭੁਤਾਨਾਂ, ਸਾ ਨਿਸ਼ਾ ਪਸ਼ਯਤੋ ਮੁਨੇः॥ ਸ੍ਰੀਮਦ ਭਗਵਤ ਗੀਤਾ (2:69)

ਅਰਜਨ! ਜਿਸ ਭੌਤਕ ਸੰਸਾਰ ਵਿਚ, ਲੋਕ ਮਾਇਆ ਦੀ ਰੇਸ ਦੌੜ ਰਹੇ ਹੁੰਦੇ ਹਨ, ਉਦੋਂ ਇਕ ਪ੍ਰਭੂ-ਯੋਗੀ ਲਈ ਰਾਤ ਹੁੰਦੀ ਏ। ਅਤੇ ਜਦੋਂ ਰਾਤ, ਦੁਨੀਆਂ ਗਾਫ਼ਿਲ ਸੁੱਤੀ ਹੁੰਦੀ ਏ, ਉਦੋਂ ਇਕ ਸੰਤ, ਪ੍ਰਭੂ ਪੁਕਾਰ ਵਿਚ ਜਾਗਦਾ ਹੁੰਦੈ।

ਬੁੱਲ੍ਹੇ ਸ਼ਾਹ, ਜਗ ਜਗਾਉਣ ਦੇ ਇਸੇ ਭਾਵ ਵਿਚ ਗਾਉਂਦੈ-



Sri Satguru Jagjit Singh Ji eLibrary NamdhariElibrary@gmail.com

"ਉਠ ਜਾਗ ਘੁਰਾੜੇ ਮਾਰ ਨਹੀਂ॥

ਇਹ ਸੌਣ ਤੇਰੇ ਦਰਕਾਰ ਨਹੀਂ॥

ਮਨੁੱਖ ਦਾ ਜੀਵਨ! ਇਕ ਮੰਦਰ ਦੇ ਦੋ ਖਿੱਤੇ। ਬਾਹਰ, ਇਮਾਰਤ ਦੀ ਫੱਬ! ਵੱਡਾ ਪ੍ਰਵੇਸ਼ ਦੁਆਰ! ਦਾਲਾਨ, ਸਭਾ ਗ੍ਰਿਹ, ਲੰਗਰ ਹਾਲ! ਇਸ ਖਿੱਤੇ ਵਿਚ ਤਾਂ ਬਹੁਤ ਚਹਿਲ ਪਹਿਲ ਹੈ....। ਬਹੁਤ ਰੌਣਕ ਹੈ। ਸਾਰੇ ਜਾਗਦੇ ਦਿਸਦੇ ਹਨ। ਅੰਦਰ ਕਿਤੇ ਹਨੇਰੀ ਗਲੀ 'ਚੋਂ ਇਕ ਪਤਲੀ ਜਿਹੀ ਪਉੜੀ... ਭਉਰੇ ਵਿਚ ਉਤਰੀ। ਉਥੇ ਨਿਰੰਤਰ ਜਲਦੀ ਹੋਈ ਜੋਤਿ! ਅਕਾਲ ਮੂਰਤਿ ਦੇ ਅਹਿਸਾਸ ਨਾਲ ਭਰਿਆ ਹੋਇਆ। ਇਥੇ ਉਹ ਵਸਦੈ, ਜਿਸ ਦੀ ਮੌਜੂਦਗੀ ਦੇ ਅਹਿਸਾਸ ਨਾਲ, ਮਕਾਨ ਦਾ ਨਾਂ ਮੰਦਰ ਪਿਆ। ਇਥੇ ਅਨਹਤ-ਨਾਦ.... ਇਕ ਵਿਸਮਾਦੀ ਸੰਗੀਤ ਵਜ ਰਿਹੈ। ਕੋਈ ਦਿੱਸ ਨਹੀਂ ਰਿਹਾ, ਪਰ ਰੱਬੀ ਕੀਰਤਨ ਹੋ ਰਿਹੈ। ਜਾਗਣਾ.... ਇਸ ਨਿਜ ਥਾਵ ਪ੍ਰਤੀ—

"ਜਾਗਨਾ ਜਾਗਨੁ ਨੀਕਾ, ਹਰਿ ਕੀਰਤਨ ਮਹਿ ਜਾਗਨਾ॥ (ਪੰ. 691)

ਕਿਤਨਾ ਅਭਾਗਾ ਹੈ ਮਨੁੱਖ! ਜੀਅ ਅਤੇ ਪਿੰਡ ਦੋਵੇਂ ਨਾਲ.... ਧਨ ਅਤੇ ਪਿਰ, ਪਤਨੀ ਅਤੇ ਪਤੀ ਇਕ ਸੇਜ ਤੇ। ਸਾਰਾ ਜੀਵਨ ਲੰਘ ਗਿਆ.... ਨਿਮਾਣੀ ਦੇਹ, ਜੀਵਾਤਮਾ ਤੋਂ ਪੂਰੀ ਤਰ੍ਹਾਂ ਅਪਰਿਚਿਤ....ਅਨਜਾਣ ਰਹਿ ਗਈ।

"ਏਕਾ ਸੇਜ ਵਿਛੀ ਧਨ ਕੰਤਾ॥

ਧਨ ਸੂਤੀ ਪਿਰੁ ਸਦ ਜਾਗੰਤਾ॥(ਸੂਹੀ ਮਹਲਾ 5, ਪੰ. 499)

ਰਾਤ, ਬਹੁਤੀ ਲੰਘ ਗਈ, ਥੋੜ੍ਹੀ ਰਹਿ ਗਈ। ਤਾਰੇ ਵੀ ਹੁਣ ਲਟਕਣ ਲੱਗੇ। ਪਹੁ ਫੁਟਦਿਆਂ, ਪ੍ਰਾਣ ਪੰਖੀ ਨੂੰ ਉਡਾਰੀ ਮਾਰਨ ਦੀ ਆਗਿਆ ਆ ਜਾਣੀ। ਹੁਣ ਵੀ.... ਇਸ ਗ੍ਰਿਹ ਮਹਿ ਕੋਈ ਜਾਗਤੁ ਰਹੈ......।



Sri Satguru Jagjit Singh Ji eLibrary NamdhariElibrary@gmail.com

# 31

# ਸਭ ਤੇ ਊਤਮ ਹਰਿ ਕੀ ਕਥਾ

ਮਨੋਵਿਗਿਆਨ ਕਹਿੰਦੈ ਕਿ ਤੁਸੀਂ ਜਿਸ ਬਾਬਤ ਸੋਚਦੇ ਹੋ, ਗੱਲ ਕਰਦੇ ਹੋ, ਤੁਹਾਡੀਆਂ ਵਿਚਾਰ ਤਰੰਗਾਂ, ਉਸ ਦੇ ਸੰਗ ਹੋ ਜਾਂਦੀਆਂ ਹਨ। ਇਹ ਸੰਗ ਬਹੁਤ ਸਹਿਯੋਗੀ ਹੁੰਦੈ, ਸਾਡੇ ਹਰਖ ਲਈ ਜਾਂ ਸੋਗ ਲਈ, ਸੁਖ ਲਈ ਜਾਂ ਦੁਖ ਲਈ। ਸੁਰਤਿ ਕਰਕੇ, ਸੋਚ ਕਰਕੇ, ਇਹ ਸੰਗ ਕਾਮ ਨਾਲ ਹੁੰਦੈ ਤਾਂ, ਕਾਮ ਵਾਸਨਾ ਸਿਰ ਤੇ ਚੜ੍ਹ ਜਾਂਦੀ ਹੈ। ਇਹ ਸੰਗ ਕਿਸੇ, ਵਿਰਕਤ-ਸੰਤ ਬਾਣੀ ਤੇ ਵਿਚਾਰ ਮਗਨ ਹੁੰਦੈ, ਤਾਂ ਬੀਤ ਰਾਗ ਵਾਂਗ, ਮਨ ਬੁੱਧ, ਰਸਨਾ, ਨੇਤਰ, ਨਿਰਦੋਸ਼ ਹੋਣ ਲਗ ਪੈਂਦੇ ਹਨ। ਭਗਵਾਨ ਕ੍ਰਿਸ਼ਨ ਨੇ ਅਰਜਨ ਅੱਗੇ ਇਹ ਭੇਦ ਖੋਲ੍ਹਿਆ-

"ਧਿਆਇਤੋ ਵਿਸ਼ਿਆਨ ਪੂੰਸਃ ਸੰਗਸਤੇਸੁ ਉਪਜਾਯਤੇ।

ਸੰਗਾਤ ਸੰਜਯਤੇ ਕਾਮः ਕਾਮਾਤ ਕ੍ਰੋਧ ਅਭਿਜਾਯਤੇ॥" (ਗੀਤਾ 2:62)

ਵਿਸ਼ੈ ਵਾਸਨਾ ਦਾ ਧਿਆਨ ਕਰਦਿਆਂ, ਉਸ ਨਾਲ ਸੰਗ ਹੁੰਦਿਆਂ, ਕਾਮ ਗ੍ਰੰਥੀਆਂ, ਕ੍ਰਿਆਸ਼ੀਲ ਹੋ ਜਾਂਦੀਆਂ ਹਨ। ਕਾਮ-ਉਤਪੰਨ ਹੋ ਜਾਂਦਾ ਹੈ। ਕਾਮ ਦੀ ਪੂਰਤੀ ਨਾ ਹੋਵੇ ਤਾਂ ਕ੍ਰੋਧ ਪੈਦਾ ਹੁੰਦਾ ਹੈ.....ਕ੍ਰੋਧ ਤੋਂ ਬੁੱਧੀ ਮਾਰੀ ਜਾਂਦੀ ਹੈ.... ਔਰ ਵਿਨਾਸ਼ ਤਕ, ਮਨੁੱਖ ਪਹੁੰਚ ਜਾਂਦਾ ਹੈ।

ਤਾਂ ਪੰਜਵੇਂ ਪਾਤਸ਼ਾਹ, ਸੁਖਮਨੀ ਵਿਚ, ਇਸ ਪ੍ਰਕ੍ਰਿਤੀ ਭੇਦ ਨੂੰ ਖੋਲ੍ਹਦੇ ਹਨ-

"ਸਭ ਤੇ ਊਤਮ ਹਰਿ ਕੀ ਕਥਾ॥

ਨਾਮੁ ਸੁਨਤ ਦਰਦ ਦੁਖ ਲਥਾ॥"

ਸਾਡਾ ਦੁਖ, ਦਰਦ, ਜਾਂ ਖੇੜਾ...ਬਹੁਤ ਕੁਝ ਸਾਡੀ ਸੋਚ ਤੇ ਨਿਰਭਰ ਕਰਦੈ। ਬਹੁਤ ਧਨ ਹੁੰਦਿਆਂ ਵੀ, ਸੋਚ ਵਿਚ ਸੰਤੋਖ ਨਹੀਂ ਤਾਂ ਹੋਰ ਅਗਲੇ



Sri Satguru Jagjit Singh Ji eLibrary NamdhariElibrary@gmail.com

ਪ੍ਰੋਜੈਕਟ ਲਈ ਲੋੜੀਂਦੇ ਧਨ ਦੀ ਕਮੀ, ਸੋਚ ਤੇ ਸਵਾਰ ਹੋ ਜਾਏਗੀ। ਉਹ ਧਨਵਾਨ ਵੀ ਬਹੁਤ ਥੁੜ੍ਹ ਵਾਲਾ...ਹੋਰ ਧਨ ਦਾ ਜੁਗਾੜ ਨਾ ਕਰ ਸਕਣ ਦੀ ਅਸਮਰਥਤਾ ਵਿਚ ਰਾਤ ਲੰਘਾਉਂਦੈ। ਦੂਜੇ ਪਾਸੇ, ਇਕ ਅਲਮਸਤ ਫ਼ਕੀਰ, ਪੇਟ ਤੋਂ ਭੁੱਖਾ ਹੋਣ ਦੇ ਬਾਵਜੂਦ, ਪ੍ਰਮੇਸ਼ਰ ਦੀ ਯਾਦ ਵਿਚ... ਪ੍ਰਮੇਸ਼ਰ ਦੇ ਸੰਗ-ਸੰਗ, ਸੰਸਾਰ ਦੀ ਸਭ ਤੋਂ ਸੁਖੀ ਰਾਤ ਗੁਜ਼ਾਰਦੈ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ:

"ਸਭ ਤੇ ਊਤਮ ਹਰਿ ਕੀ ਕਥਾ॥"

ਹਰੀ ਦੀ ਗੱਲ ਕਰਨ ਤੋਂ ਪਹਿਲਾਂ, ਸਰੀਰ ਵਿਚ ਕਈ ਪ੍ਰੋਸੇਸ, ਕਈ ਘਟਨਾਵਾਂ 'ਚੋਂ ਲੰਘਣਾ ਹੁੰਦੈ। ਪ੍ਰਮੇਸ਼ਰ ਵਲ ਧਿਆਨ... ਸੰਸਾਰਕ ਵਿਕਾਰਾਂ ਤੋਂ ਬੇਧਿਆਨ ਹੋ ਕੇ ਹੀ, ਧਿਆਨ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ। ਕਾਮ ਔਰ ਰਾਮ, ਰਾਤ ਔਰ ਦਿਨ, ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਸੂਰਜ ਦੇ ਹੁੰਦਿਆਂ, ਰਾਤ ਨੂੰ ਜਾਣਾ ਪੈਂਦੇ। ਰਾਮ ਦਾ ਸੰਗਿ ਹੁੰਦਿਆਂ, ਕਾਮ ਨੂੰ ਜਾਣਾ ਪੈਂਦੇ। ਪ੍ਰਭੂ ਦਾ ਸਿਮਰਨ ਇਕ ਅਗੰਮੀ, ਅਕਥ ਸੁਖ ਦੀ ਸਿਰਜਨਾ ਆਰੰਭ ਹੁੰਦੀ ਹੈ। ਭੈਅ, ਸ਼ੋਕ, ਹੀਣਤਾ, ਦੁਖ, ਗਰੀਬੀ, ਸਾਰੀਆਂ ਸੋਚਾਂ ਦੂਰ ਹੋਣ ਲੱਗਦੀਆਂ ਹਨ। ਪ੍ਰਮੇਸ਼ਰ, ਸਿਰਜਨਹਾਰ ਦੇ ਸੰਗ ਕਿਸੇ ਬਾਦਸ਼ਾਹ ਵਾਂਗ.... ਸ਼ਕਤੀਸ਼ਾਲੀ ਊਰਜਾ ਨਾਲ ਭਰ ਜਾਂਦੈ। ਉਸ ਲਈ ਦੁਨਿਆਵੀ ਰਾਜੇ, ਇਹ ਭੂਪਤਿ ਸਭਿ ਦਿਵਸ ਚਾਰ ਕੇ। ਸੰਸਾਰੀ ਰਾਜੇ ਬਹੁਤ ਨਿਮਾਣੇ, ਭੁੱਲੜ, ਦਇਆ ਦੇ ਪਾਤਰ ਲਗਦੇ ਹਨ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਉੜੀਸਾ ਵਿਚ ਸਨ। ਜਗਨਨਾਥ ਪੁਰੀ, ਅਕਾਲ ਪੁਰਖ ਦੀ ਆਰਤੀ ਗਾਇਨ ਤੋਂ ਬਾਅਦ, ਜਨਤਾ ਵਿਚ ਹੋ ਰਹੀ ਚਰਚਾ, ਉਤਕਲ ਨਰੇਸ਼, "ਪਰਤਾਪੁਰਦੇਵ" ਤਕ ਪੁੱਜੀ। ਰਾਜ-ਹਿੱਤ ਤੇ ਰੱਖਿਆ ਦਾ ਭਾਵ ਲੈ ਕੇ, ਗੁਰੂ ਨਾਨਕ ਪਾਤਸ਼ਾਹ ਨੂੰ ਮੱਥਾ ਟੇਕਿਆ। ਮਹਿਲ ਲੈ ਆਇਆ। ਅਰਜ਼ ਕੀਤੀ, ਮਹਿਲ ਵਿਚ ਬਹੁਤ ਸੁਖ ਹੈ। ਕਿਰਪਾ ਕਰੋ, ਇਹ ਸਾਰਾ ਸੁਰੱਖਿਅਤ ਰਹੇ। ਪਾਤਸ਼ਾਹ ਨੇ ਗੁਰਬਾਣੀ ਉਚਾਰੀ—

"ਗਚੁ ਜਿ ਲਗਾ ਗਿੜ ਵੜੀ ਸਖੀਏ ਧਉਲ ਹਰੀ॥

ਸੇ ਭੀ ਢਹਦੇ ਡਿਠੁ ਮੈ ਮੁੰਧ ਨਾ ਗਰਬ ਥਣੀ॥ (ਪੰ. 1410)

ਰਾਜਨ! ਮੈਂ ਰਾਵਣ ਦੀ ਲੰਕਾ ਵੇਖੀ ਏ... ਕਾਰੂ ਬਾਦਸ਼ਾਹ ਦੇ ਢੱਠੇ



Sri Satguru Jagjit Singh Ji eLibrary NamdhariElibrary@gmail.com

ਮਹਿਲ ਵੇਖੇ ਹਨ। ਇਥੇ ਕੁਝ ਥਿਰ ਨਹੀਂ। ਤੂੰ ਇਨ੍ਹਾਂ ਮਹਿਲਾਂ-ਮਾੜੀਆਂ ਤੇ ਗਰਬ ਨਾ ਕਰ... ਪ੍ਰਮੇਸ਼ਰ ਚਿਤ ਵਿਚ ਰੱਖ।

ਸੁਰਤਿ ਵਿਚ ਪ੍ਰਭੂ ਦੀ ਸੰਭਾਲ, ਸੋਚ, ਪ੍ਰਮੇਸ਼ਰ ਦੇ ਸੰਗ ਤਾਂ ਦੁਨੀਆਂ ਦਾ ਕੋਈ ਦੁੱਖ, ਕੋਈ ਭੈਅ ਨਹੀਂ।

ਪੰਜਵੇਂ ਪਾਤਸ਼ਾਹ ਇਸ ਭਾਵ ਵਿਚ ਹਨ-

"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ (ਪੰ. 162)

ਪ੍ਰਮੇਸ਼ਰ ਤਾਂ ਸਦਾ ਜੀਆਂ ਨਾਲ ਹੁੰਦੈ। ਜੀਅ ਨੂੰ ਸੰਭਾਲ ਨਹੀਂ। ਸੁਰਤਿ ਵਿਚ ਸੰਸਾਰ ਵਸਿਐ। ਦਾਤ ਪਿਆਰੀ ਲਗਦੀ ਹੈ, ਦੇਣ ਵਾਲਾ ਦਾਤਾਰ ਭੁਲ ਗਿਆ। ਜਿਸ ਖਿਨ, ਸੁਰਤਿ-ਪ੍ਰਭੂ ਦੇ ਸੰਗ ਹੁੰਦੀ ਏ, ਉਸੇ ਖਿਨ ਤ੍ਰਿਲੋਕੀ ਦੀ ਬਾਦਸ਼ਾਹੀ ਵੀ, ਪੈਰਾਂ ਦੀ ਧੂੜ ਵਾਂਗ ਬੇਅਰਥ ਹੋ ਜਾਂਦੀ ਏ। ਪ੍ਰਭੂ ਦੇ ਸੰਗ ਤਾਂ ਤੱਤੀ ਲੋਹ, ਫੁੱਲਾਂ ਦਾ ਸਿੰਘਾਸਨ ਬਣ ਜਾਂਦੀ ਹੈ। ਸਰੀਰ ਨੂੰ ਸੇਕ ਬੇਸ਼ੱਕ ਲੱਗੇ, ਮਨ ਅਡੋਲ ਹੋ ਜਾਂਦੈ।

ਨੌਵੇਂ ਪਾਤਸ਼ਾਹ, ਇਕ ਤੰਗ ਪਿੰਜਰੇ ਵਿਚ ਹਨ। ਭਾਈ ਮਤੀ ਦਾਸ ਨੂੰ ਮਜ਼ਬੂਤ ਫੱਟਿਆਂ ਵਿਚ ਕੱਸਿਆ ਗਿਆ। ਸਿਰ ਤੇ ਆਰਾ ਚਲਾਉਣੈ। ਅਖੀਰਲੀ ਕੋਈ ਇੱਛਾ ਪੁੱਛੀ। ਗੁਰੂ ਦਾ ਸਿੱਖ ਕਹਿੰਦੈ—

ਦੁਨੀਆਂ ਭਾਵੇਂ ਉਲਟ ਹੋ ਜਾਏ, ਮੇਰੇ ਸਤਿਗੁਰ ਦੀ ਨਜ਼ਰ ਸੁਵੱਲ ਹੋਵੇ। ਆਰਾ ਜਦ ਸੀਸ ਤੇ ਚੱਲਣ ਲੱਗੇ, ਮੇਰਾ ਮੂੰਹ, ਗੁਰੂ ਦੇ ਵੱਲ ਹੋਵੇ।" ਬਸ ਇਕੋ ਖਵਾਹਿਸ਼ ਹੈ, ਆਰਾ ਸਰੀਰ ਨੂੰ ਦੋ-ਫਾੜ ਕਰਨ ਲੱਗੇ, ਮੇਰਾ ਮੂੰਹ ਸਤਿਗੁਰਾਂ ਪਾਸੇ ਰਖਿਓ। ਨਿਗਾਹ ਸਤਿਗੁਰਾਂ ਵਲ, ਸੁਰਤਿ ਸਤਿਗੁਰ ਵਲ, ਤਾਂ ਮੌਤ ਬਹੁਤੀ ਸੁਖੇਵੀਂ ਹੋ ਜਾਂਦੀ ਹੈ।

ਸੰਨ 1790 ਕਾਸ਼ੀ ਨਰੇਸ਼, ਮਹੀਪ ਨਰਾਇਣ ਸਿੰਘ ਬੀਮਾਰ ਹੋ ਗਏ। ਪੇਟ ਦੀਆਂ ਅੰਤੜੀਆਂ ਵਿਚ ਜ਼ਖ਼ਮ ਹੋ ਗਿਆ। ਅੰਗ੍ਰੇਜ਼ ਡਾ. ਚਾਰਲਸ ਡੇਵਿਡ ਆਪਰੇਸ਼ਨ ਕਰਨ ਲਈ ਏਨੇਸਥੀਸੀਆ, ਬੇਹੋਸ਼ ਕਰਨ ਲਈ ਦੇਣ ਲੱਗਾ। ਰਾਜਾ ਭਗਵਾਨ ਸ੍ਰੀ ਕ੍ਰਿਸ਼ਨ ਦਾ ਪ੍ਰੀਤਵਾਨ ਸੀ ਅਤੇ ਗੀਤਾ ਪ੍ਰਤੀ ਬਹੁਤ ਸ਼ਰਧਾਵਾਨ ਸੀ। ਰਾਜੇ ਨੇ ਡਾਕਟਰ ਨੂੰ ਕਿਹਾ, ਮੇਰੇ ਹੱਥ ਵਿਚ ਗੀਤਾ



Sri Satguru Jagjit Singh Ji eLibrary NamdhariElibrary@gmail.com

ਦੇ ਦਿਉ...ਬੇਹੋਸ਼ੀ ਦੀ ਲੋੜ ਨਹੀਂ। ਮੈਂ ਪਾਠ ਕਰਦਾ ਰਹਾਂਗਾ, ਤੁਸੀਂ ਜਿੰਨਾਂ ਚਿਰ ਲਗੇ, ਆਪਰੇਸ਼ਨ ਕਰਦਿਆਂ ਰਹਿਣਾ, ਮੈਂ ਉਫ਼ ਨਹੀਂ ਕਰਾਂਗਾ। ਇਸੇ ਤਰ੍ਹਾਂ ਹੋਇਆ। ਕਾਸ਼ੀ ਨਰੇਸ਼ ਗੀਤਾ ਦੇ ਦੂਜੇ ਅਧਿਆਇ ਦਾ ਅਧਿਐਨ ਕਰਦੇ ਰਹੇ। ਦੇਹ ਅਤੇ ਆਤਮਾ ਭੇਦ ਬੁੱਧੀ ਵਿਚ ਸਥਿਤ ਹੋ ਗਏ। ਆਪਰੇਸ਼ਨ ਚਲਦਾ ਰਿਹਾ। ਰੋਗ ਗ੍ਰਸਤ ਆਂਤ ਨੂੰ ਕਟਦੇ, ਜੋੜਦੇ ਰਹੇ। ਦੋ ਘੰਟਿਆਂ ਬਾਅਦ, ਜਦੋਂ ਪੇਟ ਦੀ ਉਪਰੀ ਪਰਤ ਵੀ ਸੀਤੀ ਗਈ, ਪੱਟੀਆਂ ਮੁਕੰਮਲ ਹੋਈਆਂ ਤਾਂ ਅੰਗ੍ਰੇਜ਼ ਡਾਕਟਰ ਨੇ ਬਹੁਤ ਹੈਰਾਨੀ ਨਾਲ ਰਾਜੇ ਵਲ ਵੇਖਿਆ। ਗੀਤਾ ਦੇ ਸੰਗ, ਰਾਜਾ ਜੀਵਨ ਦੇ ਗਹਿਰੇ ਮਰ੍ਹਮ ਨੂੰ ਸਮਝਣ ਦੀ ਮੁਦਰਾ ਵਿਚ ਲੀਨ ਸੀ। ਹਲਕਾ ਜਿਹਾ ਸਪੱਰਸ਼ ਬਾਂਹ ਤੇ ਕੀਤਾ ਡਾਕਟਰ ਨੇ-ਰਾਜਾ ਸਾਹਿਬ! ਵਧਾਈ ਹੋਵੇ, ਆਪਰੇਸ਼ਨ ਸਫ਼ਲ ਹੋ ਗਿਐ। ਰਾਜੇ ਨੇ ਜਿਵੇਂ ਨੀਂਦ 'ਚੋਂ ਹੁਣੇ ਜਾਗਿਆ ਹੋਵੇ, ਪ੍ਰਸ਼ਨ ਸੂਚਕ ਨਿਗਾਹ ਨਾਲ, ਡਾਕਟਰ ਵਲ ਵੇਖਿਆ। ਅੱਛਾ! ਆਪਰੇਸ਼ਨ ਹੋ ਗਿਆ? ਗੀਤਾ ਮੱਥੇ ਨੂੰ ਛੁਹਾ ਇਕ ਪਾਸੇ ਰੱਖ ਦਿੱਤੀ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ—

"ਸਭ ਤੇ ਊਤਮ ਹਰਿ ਕੀ ਕਥਾ॥ ਨਾਮ ਸੁਨਤ ਦਰਦ ਦੁਖ ਲਥਾ॥"

ਇਹ ਜੀਵਨ, ਕਈ ਜਨਮਾਂ ਦਾ ਪ੍ਰਤੀਫਲ ਹੈ। ਕਈ ਕਈ ਘਟਨਾਵਾਂ ਤੋਂ ਉਪਜਿਆ ਇਹ ਜੀਵਨ, ਪਿਛਲੀਆਂ ਕਈ ਮੰਦੇ-ਚੰਗੇ ਕਰਮਾਂ ਦੀ ਸਿਮ੍ਰਤੀਆਂ ਨਾਲ ਲੈ ਕੇ ਆਇਐ। ਜੀਵਨ ਚਲ ਰਿਹੈ, ਕਰਮਾਂ ਦਾ ਹਿਸਾਬ ਵੀ ਚਲ ਰਿਹੈ। ਦੁਖ-ਸੁਖ ਤਾਂ ਲਾਜ਼ਮੀ ਆਉਣਗੇ। ਪਰ ਕਹਿੰਦੇ ਹਨ, ਸੁਖ ਵਿਚ ਸ਼ੁਕਰਾਨਾ, ਦੁਖ ਵਿਚ ਅਰਦਾਸ, ਸਤਿਗੁਰ ਅੱਗੇ। ਦੁਖ ਆਇਆ ਤਾਂ ਮਨੁੱਖ ਕੋਲ ਦੋ ਵਿਕਲਪ ਹੁੰਦੇ ਹਨ। ਜਾਂ ਦੁਖ ਦੇ ਨਾਲ ਹੋਈਏ... ਦਰਦ ਦੀ ਅਨੁਭੂਤੀ ਵਿਚ, ਅਹਿਸਾਸ ਵਿਚ ਰਹੀਏ। ਦੁਖ ਦਰਦ ਨੂੰ ਮਹਿਸੂਸ ਕਰਦਿਆਂ, ਹਾਇ ਹਾਇ ਕਰਦਿਆਂ, ਤੜਫਦਿਆਂ ਸਮਾਂ ਗੁਜ਼ਾਰੀਏ। ਜਾਂ ਪ੍ਰਮੇਸ਼ਰ ਦੀ, ਸਤਿਗੁਰਾਂ ਦੀ ਵਾਰਤਾ ਵਿਚ ਵਿਚਰਦਿਆਂ, ਪ੍ਰਮੇਸ਼ਰ ਤੋਂ ਆ ਰਹੀ ਸ਼ਕਤੀ ਊਰਜਾ ਨਾਲ ਭਰ ਕੇ ਅੰਦਰ ਇਕ ਪੋਜ਼ਟਿਵ ਐਨਰਜੀ, ਸਕਾਰਾਤਮਕ ਊਰਜਾ ਸਿਰਜਤ ਕਰ ਲਈਏ। ਜਿਥੇ ਸਦਾ, ਸੁਖ ਹੀ ਸੁਖ ਹੁੰਦੈ। ਦੁਖ-ਦਰਦ ਵਿਸਰ ਜਾਏ, ਹਰੀ ਦਾ ਰੰਗ ਚੜ੍ਹ ਜਾਏ।

ਭਗਤ ਜੈ ਦੇਵ ਅਤੇ ਪਤਨੀ ਪਦਮਾਵਤੀ ਕਾਵਿ ਰਚਨਾ ਕਰਦਿਆਂ,



Sri Satguru Jagjit Singh Ji eLibrary NamdhariElibrary@gmail.com

ਆਪਣੇ ਹੀ ਸਿਰਜੇ ਪਦ ਰਚਦਿਆਂ, ਗਾਉਂਦਿਆਂ, ਦਿਨ ਕਿਥੇ ਗਿਆ, ਰਾਤ ਕਿਵੇਂ ਬਤੀਤ ਹੋ ਗਈ, ਹੋਸ਼ ਨਾ ਰਹਿੰਦੀ। ਨਾ ਭੁੱਖ-ਤ੍ਰੇਹ, ਨਾ ਨੀਂਦ, ਸਰੀਰ ਦੀਆਂ ਜ਼ਰੂਰਤਾਂ, ਦੁਖ-ਦਰਦ, ਕਿਤੇ ਦੂਰ ਰਹਿ ਜਾਂਦੇ।

ਹਰਿ ਕੀ ਕਥਾ.... ਪ੍ਰਮੇਸ਼ਰ ਨਾਲ ਹੁੰਦਾ ਸੰਵਾਦ, ਜਿਵੇਂ ਬਸੰਤੀ ਬਯਾਰ ਦੀ ਸੁਖੇਵੀਂ ਛੋਹ, ਪ੍ਰੀਤਮ ਦੇ ਪਾਸ-ਪਾਸ... ਦੁਖ ਦਰਦ ਦਾ ਨਾਸ਼.... ਹਰ ਵੇਲੇ ਸੁਰਤਿ ਵਿਚ, ਸ੍ਰੀ ਕ੍ਰਿਸ਼ਨ ਰਹਿੰਦੇ।

ਸੰਨ 1225 ਵਿਚ ਸੰਸਕ੍ਰਿਤ ਦਾ ਮਹਾਂਕਾਵਿ "ਗੀਤ ਗੋਬਿੰਦਮ" ਦੀ ਰਚਨਾ ਕਰ ਰਹੇ ਸਨ। ਰਾਧਾ-ਕ੍ਰਿਸ਼ਨ ਦੇ ਅਲੌਕਿਕ ਪ੍ਰੀਤ ਨੂੰ, ਕਵਿਤਾ ਵਿਚ ਉਤਾਰ ਰਹੇ ਸਨ। ਇਕ ਦਿਨ, ਕਵਿਤਾ ਦੀ ਇਕ ਪੰਗਤੀ ਲਿਖੀ-

"ਸਮਰ ਗਰਲ ਖੰਡਨੰ। ਮਮ ਸਿਰਸਿ ਮੰਡਨੰ।

ਸ੍ਰੀ ਕ੍ਰਿਸ਼ਨ ਇਹ ਕਹਿ ਰਹੇ ਹਨ-

ਰਾਧਾ ਤੇਰੇ ਚਰਨ ਕਮਲ, ਜ਼ਹਿਰ ਨੂੰ ਕੱਟਣ ਵਾਲੇ ਹਨ। ਇਹ ਮੇਰੇ ਸਿਰ ਦੀ ਸ਼ੋਭਾ ਵਧਾਉਣ ਵਾਲੇ ਹਨ। ਅਗਲੀ ਪੰਗਤੀ ਸਮਝ ਵਿਚ ਨਹੀਂ ਆ ਰਹੀ ਸੀ। ਦੋਪਹਿਰਾ ਲੰਗਰ ਦਾ ਸਮਾਂ ਹੋ ਗਿਆ। ਪਤਨੀ ਪਦਮਾਵਤੀ ਨੇ ਅਰਜ਼ ਕੀਤੀ, ਇਸ਼ਨਾਨ ਕਰ ਲਉ, ਭੋਜਨ ਤਿਆਰ ਹੈ। ਭਗਤ ਜੈ ਦੇਵ ਜੀ ਨੇ ਮਨ ਦੀ ਦੁਬਿਧਾ ਦੱਸੀ। ਪਦਮਾਵਤੀ, ਇਕ ਤੁਕ ਤੇ ਕਵਿਤਾ ਰੁਕ ਗਈ ਹੈ... ਸਮਝ ਨਹੀਂ ਆ ਰਹੀ। ਭਾਵ ਹੈ ਪਰ ਢੁਕਵਾਂ ਸ਼ਬਦ ਨਹੀਂ ਲੱਭ ਰਿਹਾ। ਪਤਨੀ ਨੇ ਕਿਹਾ, "ਕੋਈ ਗੱਲ ਨਹੀਂ.... ਇਸ਼ਨਾਨ, ਭੋਜਨ ਤੋਂ ਬਾਦ ਪੰਗਤੀ ਪੂਰੀ ਕਰ ਲੈਣਾ। ਕਲਮ, ਦਵਾਤ ਅਤੇ ਕਾਗਜ਼ ਸਾਂਭ ਕੇ ਪਦਮਾਵਤੀ ਨੇ ਰੱਖ ਦਿੱਤੇ। ਭਗਤ ਜੀ ਇਸ਼ਨਾਨ ਲਈ, ਨਦੀ ਵਲ ਨੂੰ ਤੁਰ ਗਏ। ਉਸੇ ਵੇਲੇ, ਕਹਿੰਦੇ ਹਨ, ਆਪ ਭਗਤ ਵਤਸਲ ਸ੍ਰੀ ਕ੍ਰਿਸ਼ਨ, ਜੈ ਦੇਵ ਜੀ ਦਾ ਰੂਪ ਧਾਰ ਕੇ ਆਏ।

ਪਦਮਾ, ਮੈਨੂੰ ਰਾਹ ਵਿਚ ਹੀ ਅਗਲੀ ਪੰਗਤੀ ਧਿਆਨ ਵਿਚ ਆ ਗਈ। ਉਹ ਕਾਗਜ਼, ਕਲਮ ਦਵਾਤ ਦੇਣਾ। ਅਗਲੀ ਤੁਕ ਜੋੜਨੀ ਸੀ। ਲਿਖਿਆ-

"ਦੇਹਿ ਮਾਮ ਪਦਪੱਲਵੁਮ ਉਦਾਰਮ।"

ਭਗਤ ਜੀ ਦਾ ਪ੍ਰਸੰਗ ਪੂਰਾ ਹੋਇਆ-



Sri Satguru Jagjit Singh Ji eLibrary NamdhariElibrary@gmail.com

"ਸਮਰ ਗਰਲ ਖੰਡਨੰ, ਮਮ ਸਿਰਸਿ ਮੰਡਨੰ।

ਦੇਹਿ ਮਾਮ ਪਦਪੱਲਵੁਮ ਉਦਾਰਮ।"

ਹੇ ਦੇਵੀ, ਇਹ ਚਰਨ ਕਮਲ ਮੈਨੂੰ ਦੇ ਦੇ। ਸੰਸਾਰ ਦੇ ਜ਼ਹਿਰ ਨੂੰ ਕੱਟਣ ਵਾਲੇ, ਇਹ ਚਰਨ ਕਮਲ, ਮੇਰੇ ਸਿਰ ਦੀ ਸ਼ੋਭਾ ਵਧਾਉਣ ਵਾਲੇ ਹਨ।

ਥੋੜ੍ਹੇ ਸਮੇਂ ਉਪਰੰਤ, ਭਗਤ ਜੀ ਇਸ਼ਨਾਨ ਕਰਕੇ ਆਏ। ਭੋਜਨ ਤੋਂ ਬਾਅਦ, ਪਦਮਾਵਤੀ ਨੂੰ ਕਿਹਾ, "ਉਹ ਕਾਗਜ਼ ਕਲਮ, ਦਵਾਤ ਦੇਣੀ....ਅਗਲੀ ਤੁਕ ਧਿਆਨ ਵਿਚ ਆ ਗਈ ਹੈ।

ਪਰ ਤੁਸੀਂ ਉਹ ਪੰਗਤੀ ਪੂਰੀ ਤਾਂ ਕਰ ਲਈ ਹੈ। ਇਸ਼ਨਾਨ ਕਰਨ ਜਾਂਦਿਆਂ, ਅੱਧ ਰਾਹ ਤੋਂ ਮੁੜ ਆਏ ਤੇ ਪੂਰੀ ਕਰਕੇ ਚਲੇ ਗਏ ਸੀ। ਭਗਤ ਜੀ ਹੈਰਾਨ ਰਹਿ ਗਏ। ਮੈਂ ਤਾਂ ਨਹੀਂ ਆਇਆ। ਮੈਨੂੰ ਦੇਣਾ ਕਾਗਜ਼। ਵੇਖਿਆ—ਕਵਿਤਾ ਦੀ ਪੰਗਤੀ ਪੂਰੀ ਹੋ ਚੁੱਕੀ ਸੀ ਔਰ ਜਿਹੜੀ ਭਗਤ ਜੀ ਦੇ ਜ਼ਿਹਨ ਵਿਚ ਤੁਕ ਆਈ... ਬਿਲਕੁਲ ਉਹੀ ਲਿਖੀ ਹੋਈ ਸੀ। ਮੇਰੇ ਪ੍ਰਭੂ ਸ਼ਾਮ, ਆਪ ਆ ਕੇ ਅਧੂਰੀ ਕਵਿਤਾ ਪੂਰੀ ਕਰ ਗਏ... ਭਗਤ ਜੈ ਦੇਵ ਜੀ ਵਿਰਾਗੀ ਹੋ ਗਏ।

ਭਗਤ, ਪਰਮੇਸ਼ਰ ਦੇ ਸੰਗ... ਔਰ ਪਰਮੇਸ਼ਰ ਭਗਤ ਦੇ ਸੰਗ.... ਸਭ ਤੇ ਊਤਮ ਹਰਿ ਕੀ ਕਥਾ....।



Sri Satguru Jagjit Singh Ji eLibrary NamdhariElibrary@gmail.com

## 32

# ਗੁਰੂ ਮੇਰਾ ਪਾਰਬ੍ਰਹਮ

ਬ੍ਰਹਮਾਂਡ ਦੇ ਦੋ ਬਿੰਦੂ ਹਨਃ ਸਿਰਜਨ ਅਤੇ ਸਿਰਜਨਹਾਰ। ਸ੍ਰਿਸ਼ਟੀ ਦਿਸਦੀ ਹੈ... ਸਿਰਜਨ ਦਿੱਸਦੈ, ਸਿਰਜਨ ਵਾਲਾ ਨਹੀਂ ਦਿਸਦਾ। ਹਰ ਖਿਨ ਨਵੇਂ ਬਾਲ ਦਾ ਜਨਮ ਹੋ ਰਿਹੈ... ਹਰ ਖਿਨ ਮੌਤ ਹੋ ਰਹੀ ਹੈ। ਸਿਰਜਨ ਅਤੇ ਭੰਜਨ ਚਲ ਰਿਹੈ। ਪਰ, ਇਹ ਕੌਣ ਚਲਾ ਰਿਹੈ.... ਇਸ ਪਸਾਰੇ ਦਾ ਕਰਤਾ ਕੌਣ ਹੈ ? ਪਾਕਿਸਤਾਨ ਦਾ ਨਗਮਾ ਨਿਗਾਰ, ਮੁਜ਼ੱਫਰ ਵਾਰਿਸ ਕਹਿੰਦੈ–

"ਕੋਈ ਤੋ ਹੈ, ਜੋ ਨਿਜ਼ਾਮੇ ਹਸਤੀ ਚਲਾ ਰਹਾ ਹੈ, ਵਹੀ ਖ਼ੁਦਾ ਹੈ।

ਦਿਖਾਈ ਭੀ ਜੋ ਨ ਦੇ... ਨਜ਼ਰ ਭੀ ਜੋ ਨ ਆਏ... ਵਹੀ ਖ਼ੁਦਾ ਹੈ।

ਤਲਾਸ਼ ਨ ਕਰ ਉਸ ਕੋ ਬੁਤੋਂ ਮੇਂ....ਵੋ ਤੋ ਹੈ, ਬਦਲਤੀ ਹੁਈ ਰੁੱਤੋਂ ਮੇਂ।

ਜੋ ਦਿਨ ਕੋ ਰਾਤ ਔਰ ਰਾਤ ਕੋ ਦਿਨ ਬਨਾ ਰਹਾ ਹੈ, ਵਹੀ ਖ਼ੁਦਾ ਹੈ।"

ਸ੍ਰਿਸ਼ਟੀ ਦਾ ਪਹਿਲਾ ਮਨੁੱਖ, ਸਭਿਅਤਾ ਵਿਕਾਸ ਦੇ ਨਾਲ, ਜਿਹੜੀ ਪਹਿਲੀ ਜਗਿਆਸਾ ਸ਼ਾਇਦ ਉੱਠੀ ਹੋਵੇਗੀ, ਉਹ ਏਹੀ "ਕੌਣ ਸੰਸਾਰ ਨੂੰ ਸਿਰਜ ਰਿਹੈ.... ਪਾਲ ਰਿਹੈ.... ਨਾਸ਼ ਕਰ ਰਿਹੈ ?" ਜਾਣ ਨਹੀਂ ਸਕਿਆ, ਪਰ ਮਨੁੱਖ ਨੇ ਮੰਨ ਲਿਆ—ਜਿਹੜਾ ਇਹ ਸਭ ਸੰਭਾਲ ਰਿਹੈ, ਉਹ ਰੱਬ ਹੈ। ਮਨੁੱਖ ਜਾਣ ਨਹੀਂ ਸਕਿਆ.... ਪਰ ਮੰਨ ਲਿਐ। ਮਨੁੱਖ ਕੋਲ, ਜਾਨਣ ਲਈ, ਇੰਦ੍ਰੀਆਂ ਦਾ ਸਹਾਰਾ ਹੈ। ਅੱਖ, ਕੰਨ, ਨੱਕ, ਰਸਨਾ ਅਤੇ ਤਵੱਚਾ (skin)। ਇਹਨਾਂ ਪੰਜ ਗਿਆਨ ਇੰਦ੍ਰੀਆਂ ਨਾਲ ਉਹ ਕਿਸੇ ਸ਼ੈਅ ਦੀ ਪੜਚੋਲ, ਪਰਖ ਕਰਦੈ। ਅੱਖ ਨਾਲ ਵੇਖਦੈ ਤਾਂ ਮੰਨਦੈ। ਕੰਨ ਨਾਲ ਜਿਹੜੀ ਗੱਲ ਸੁਣ ਲਏ, ਉਸਨੂੰ ਮੰਨਦੈ। ਪ੍ਰਮੇਸ਼ਰ, ਇੰਦ੍ਰੀਆਂ ਤੋਂ ਪਰ੍ਹੇ ਹੈ....ਇੰਦ੍ਰੀਏ ਅਤੀਤ। ਇਸ ਕਰਕੇ, ਮਨੁੱਖ ਕੋਲ ਮੰਨਣ ਤੋਂ ਇਲਾਵਾ ਹੋਰ ਕੋਈ ਵਿਕਲਪ ਨਹੀਂ ਸੀ। ਸਿਧਾਂਤ ਰੂਪ ਵਿਚ ਕਿਹਾ ਜਾਂਦੈ ਕਿ ਹਰ ਜੀਅ ਵਿਚ, ਹਰ ਜ਼ੱਰੇ ਵਿਚ ਬ੍ਰਹਮ ਹੈ। ਇਹ ਉਵੇਂ ਹੈ, ਜਿਵੇਂ ਕਹੀਦੈ, ਸਾਰੀ ਧਰਤੀ ਜਨਨੀ ਹੈ... ਜਨਮ ਦੇਣ



Sri Satguru Jagjit Singh Ji eLibrary NamdhariElibrary@gmail.com

ਵਾਲੀ... ਪੈਦਾ ਕਰਨ ਵਾਲੀ ਹੈ। ਪਰ ਧਰਤੀ ਦੀ ਉਤਪਾਦਕਤਾ, ਕਈ ਹਾਲਾਤਾਂ ਤੇ ਨਿਰਭਰ ਕਰਦੀ ਹੈ। ਬੀਜ, ਪਾਣੀ, ਉਤਪਾਦਨ ਲਈ ਵਿਸ਼ੇਸ਼ ਜਲਵਾਯੂ, ਸਫਾਈ, ਸੰਭਾਲ, ਕਈ ਹਾਲਾਤਾਂ 'ਚੋਂ ਲੰਘਣਾ ਪੈਂਦੈ। ਜੇ ਸਾਰੇ ਤੱਤ ਅਨੁਕੂਲ ਹੋਣ ਤਾਂ ਪੈਦਾਵਾਰ ਘਰ ਆਉਂਦੀ ਹੈ। ਜੀਵ-ਜ਼ੱਰੇ ਵਿੱਚੋਂ ਬ੍ਰਹਮ ਨੂੰ ਪ੍ਰਗਟ ਕਰਨ ਲਈ, ਸੁਰਤਿ ਦੀ ਵਿਕਾਸਸ਼ੀਲਤਾ, ਪ੍ਰਬਲ ਸ਼ਕਤੀ, ਇਕਾਗਰਤਾ.... ਸਾਰੇ ਤੱਤ ਅਨੁਕੂਲ ਹੋਣ ਤਾਂ ਪ੍ਰਮੇਸ਼ਰ ਪ੍ਰਗਟ ਹੋਣ ਦੀ ਆਸ ਬਣਦੀ ਹੈ। ਇਹ ਸਾਰਿਆਂ ਹਾਲਾਤਾਂ ਦੀ ਅਨੁਕੂਲਤਾ, ਸ਼ਾਇਦ ਆਮ ਮਨੁੱਖ ਲਈ... ਕਈ ਜਨਮਾਂ ਤਕ ਸੰਭਵ ਨਹੀਂ ਸੀ। ਤਾਂ ਪੰਜਵੇਂ ਪਾਤਸ਼ਾਹ ਨੇ, ਮਨੁੱਖ ਦੀ ਪੁਕਾਰ ਉਜਾਗਰ ਕੀਤੀ-

"ਹਰਿ ਪੇਖਨ ਕਉ ਸਿਮਰਤ ਮਨ ਮੇਰਾ॥

ਆਸ ਪਿਆਸੀ ਚਿਤਵਉ ਦਿਨੁ ਰੈਨੀ, ਹੈ ਕੋਈ ਸੰਤੁ ਮਿਲਾਵੈ ਨੇਰਾ॥" (ਪੰ. 539)

ਕੋਈ ਸੰਤ... ਸਤਿਗੁਰ ਮਿਲਾ ਦੇ ਜਨਮਾਂ-ਜਨਮਾਂ ਦਾ ਪੰਧ....ਕੋਈ ਨੇੜੇ ਮੁਕਾ ਦੇ।

ਕਹਿੰਦੇ ਹਨ, ਜੇਠ ਹਾੜ ਵਿਚ ਤਪਦੀ ਧਰਤੀ ਪਾਣੀ-ਪਾਣੀ ਪੁਕਾਰਦੀ ਹੈ, ਤਾਂ ਸਾਵਨ ਭਾਦੋਂ ਆਉਂਦੇ ਹਨ। "ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥" (ਮਹਲਾ 3, ਪੰ. 641)

ਮਨੁੱਖ ਦੀ ਪੁਕਾਰ, ਗਹਿਰੇ 'ਚੋਂ.... ਹਿਰਦੈ 'ਚੋਂ ਨਿਕਲੀ, ਧੁਰ ਦਰਗਾਹ 'ਚੋਂ ਪ੍ਰਮੇਸ਼ਰ ਨੂੰ ਧੂਹ ਲਿਆਈ। ਆਤਮਾ ਦੇ ਅਨੰਤ ਆਕਾਸ਼ ਮੰਡਲ ਤੇ ਇਕ ਵਿਸਮਾਦੀ ਘਟਨਾ ਘਟੀ। ਸੁੰਨ 'ਚ ਮੌਜੂਦ ਬ੍ਰਹਮਾਂਡੀ ਚੇਤਨਾ, ਇਕ "ਦੇਹ ਪਿੰਡ" ਵਿਚ ਪ੍ਰਵੇਸ਼ ਕਰਦੀ ਏ। ਬਹੁਤ ਗੁਪਤ, ਮੌਨ, ਇਕ ਰੱਬੀ ਸ਼ਕਤੀ, ਮਨੁੱਖ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਜਗਤ ਉਸ ਨਰ ਨੂੰ ਨਾਰਾਇਣ ਕਹਿੰਦੈ। ਇਹ ਸਤਿਗੁਰ ਹੁੰਦੈ:

"ਆਪ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ।

ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (ਪੰ. 1395)

ਨਾਰਾਇਣ ਦਾ ਅਰਥ ਹੈ, ਨ: ਅਯਨ! ਅਯਨ....ਆਕਾਰ, ਰੂਪ, ਵਜੂਦ ਦਾ ਮੁੱਕ ਜਾਣਾ.... ਸੁੰਨ ਹੋ ਜਾਣਾ....ਰੱਬ ਹੋਣਾ। ਨਾਰਾਇਣ ਨੇ... ਨਿਰੰਕਾਰ

ਨੇ... ਆਕਾਰ ਲਿਆ.... ਰੂਪ ਧਾਰਿਆ। ਵੈਦਿਕ ਸ਼ਾਸਤ੍ਰਾਂ ਵਿਚ, ਇਸ ਰੂਪਾਂਤਰਣ ਨੂੰ ਦ੍ਵੀਜ ਕਿਹੈ....ਦੂਜਾ ਜਨਮ। ਰੂਸੀ ਲੇਖਕ, ਲੀਓ ਟਾਲਸਟਾਏ ਨੇ ਬਹੁ-ਚਰਚਿਤ ਪੁਸਤਕ ਲਿਖੀ ਹੈ, "ਰੀਸੁਰੇਕਸ਼ਨ"। ਪ੍ਰੋ. ਪੂਰਨ ਸਿੰਘ ਹੋਰਾਂ, ਇਸ ਦਾ ਪੰਜਾਬੀ ਤਰਜ਼ਮਾ ਕੀਤੈ, "ਮੋਇਆਂ ਦੀ ਜਾਗ"।

ਰੀਸੁਰੇਕਸ਼ਨ....ਪੁਨਰ ਜਨਮ। ਜੀਸਸ, ਕ੍ਰਾਸ ਤੇ ਟੰਗੇ ਗਏ... ਮੌਤ ਹੋ ਗਈ। ਤਿੰਨ ਦਿਨਾਂ ਬਾਅਦ, ਪ੍ਰਭੂ ਕਿਰਪਾ ਨਾਲ, ਮੁੜ ਜੀਵਤ ਹੋ ਗਏ। ਕਹਿੰਦੇ ਹਨ, ਜੀਸਸ ਦਾ ਰਿਸੁਰੇਕਸ਼ਨ ਹੋਇਆ। ਇਸ ਖੁਸ਼ੀ ਦੇ ਦਿਹਾੜੇ ਨੂੰ "ਈਸਟਰ" ਰੂਪ ਵਿਚ ਮਨੌਂਦੇ ਹਨ। ਗੁਰੂ ਨਾਨਕ ਪਾਤਸ਼ਾਹ, ਵੇਈਂ ਨਦੀ ਵਿਚ, ਸੁਲਤਾਨਪੁਰ ਲੋਧੀ, ਟੁੱਬੀ ਲਾਈ। ਦੂਰ ਦੂਰ ਤਕ ਨਦੀ ਫੋਲ ਲਈ, ਨਾ ਮਿਲੇ। ਤਿੰਨ ਦਿਨਾਂ ਬਾਅਦ ਬਾਹਰ ਆਏ....ਇਹ ਨਾਨਕ ਆਪ ਨਿਰੰਕਾਰ ਸੀ। ਨਰ ਨਹੀਂ, ਨਰਾਇਣ ਸੀ।

ਪ੍ਰਮੇਸ਼ਰ ਵਲੋਂ ਸਿਰਜੀ, ਉਹ ਵਿਸਮਾਦੀ ਘਟਨਾ, ਜਦੋਂ ਰੱਬੀ ਜੋਤਿ, ਨਰ ਦੇਹ (ਸਤਿਗੁਰ) ਵਿਚ ਪ੍ਰਵਿਸ਼ਟ ਹੁੰਦੀ ਏ। ਸਾਰੀ ਸ੍ਰਿਸ਼ਟੀ ਦਾ ਕਾਰਕ, ਗੁਰੂ ਦੇਹ ਵਿਚ ਪ੍ਰਗਟ ਹੁੰਦੈ।

ਮੰਡੀ ਦਾ ਰਾਜਾ ਹਰੀ ਸੈਨ, ਭਾਈ ਕਲਿਆਣਾ ਜੀ ਦੇ ਨਾਲ, ਪੰਜਵੇਂ ਪਾਤਸ਼ਾਹ, ਧੰਨ ਗੁਰੂ ਅਰਜਨ ਦੇਵ ਕੋਲ, ਦਰਸ਼ਨ ਲਈ, ਸ੍ਰੀ ਅੰਮ੍ਰਿਤਸਰ ਆਇਆ। ਸ਼ਾਮ ਦਾ ਦੀਵਾਨ ਚਲ ਰਿਹਾ ਸੀ। ਰਾਗੀ ਸਿੰਘ, ਗੁਰੂ ਨਾਨਕ ਬਾਣੀ ਦਾ ਕੀਰਤਨ ਕਰ ਰਹੇ ਸਨਃ

"ਲੇਖ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥

ਆਪੇ ਕਾਰਣੁ ਜਿਨਿ ਕੀਆ, ਕਰਿ ਕਿਰਪਾ ਪਗੁ ਧਾਰਿ॥" (ਦੱਖਣੀ ਓਅੰਕਾਰੁ, ਪੰ. 929)

ਕੀਰਤਨ ਸੁਣਿਆ, ਤਾਂ ਸੋਚੀ ਪੈ ਗਿਆ। ਜਿਹੜਾ ਮੱਥੇ ਦਾ ਲੇਖ, ਕਰਤਾਰ ਨੇ ਲਿਖ ਭੇਜਿਐ, ਉਹ ਮਿਟਣਾ ਨਹੀਂ..... ਫੇਰ ਕਿਸੇ ਧਰਮ ਕਰਮ ਦੀ, ਗੁਰੂ ਪੀਰ ਕੋਲ ਜਾਣ ਦੀ ਕੀ ਲੋੜ ਸੀ? ਕੀਰਤਨ ਸਮਾਪਤ ਹੋਇਆ, ਰਾਜੇ ਨੇ ਸਤਿਗੁਰਾਂ ਕੋਲ, ਮੱਥਾ ਟੇਕ, ਜਗਿਆਸਾ ਵਿਅਕਤ ਕੀਤੀ। ਜੇ ਲਿਖੇ ਲੇਖ ਨਹੀਂ ਮਿਟ ਸਕਦੇ, ਫਿਰ ਧਰਮ-ਕਰਮ ਦਾ ਕੀ ਮੰਤਵ ਹੈ? ਸਤਿਗੁਰਾਂ ਮੁਸਕਰਾ ਕੇ ਕਿਹਾ, ਰਾਜਨ, ਤੁਸੀਂ ਲੰਬਾ ਸਫਰ ਕਰ ਕੇ ਆਏ ਹੋ। ਲੰਗਰ



Sri Satguru Jagjit Singh Ji eLibrary NamdhariElibrary@gmail.com

ਛਕੋ... ਤੇ ਰਾਤ ਆਰਾਮ ਕਰੋ। ਕੱਲ ਨੂੰ ਗੱਲ ਕਰਾਂਗੇ। ਰਾਜਾ ਵਿਸ਼ਰਾਮ ਲਈ ਆਪਣੇ ਕਮਰੇ ਵਿਚ ਗਿਆ। ਰਾਤ ਸੁੱਤਾ। ਸੁਪਨਾ ਵੇਖਿਆ– ਮੈਂ ਮਰ ਗਿਆਂ। ਦੂਜਾ ਜਨਮ ਚੰਡਾਲ ਘਰ ਹੋਇਆ। ਜਵਾਨ ਹੋਇਆ.... ਵਿਆਹ ਹੋਇਆ, ਬਿਰਾਦਰੀ ਵਿਚ। ਬੱਚੇ ਜੰਮੇ। ਸਮਾਂ ਲੰਘਿਆ। ਚੰਡਾਲ ਰੂਪ (ਰਾਜੇ) ਦੀ ਮੌਤ ਹੋ ਗਈ। ਸਮਾਜ ਦੀ ਰੀਤ ਅਨੁਸਾਰ, ਕੱਬਰ ਵਿਚ ਦੱਬਿਆ ਗਿਆ। ਮੌਤ ਦੇ ਡਰ ਤੋਂ ਕੰਬਦਾ ਰਾਜਾ....ਸੁਪਨਾ ਟੁੱਟ ਗਿਆ। ਪ੍ਰਭਾਤ ਹੋਣ ਵਾਲੀ ਸੀ.... ਉਠ ਖਲੋਤਾ।

ਇਸ਼ਨਾਨ ਕਰ ਕੇ, ਆਸਾ ਦੀ ਵਾਰ ਕੀਰਤਨ ਵਿਚ ਗਿਆ। ਵਾਰੇ ਦਾ ਭੋਗ ਪਿਆ। ਸਤਿਗੁਰਾਂ ਹੁਕਮ ਕੀਤਾ। ਜਲ ਪਾਣੀ ਛੱਕਾ ਕੇ, ਰਾਜਾ ਜੀ ਨੂੰ ਸੈਰ ਲਈ ਘੋੜਿਆਂ ਤੇ ਨਾਲ ਲੈ ਚੱਲੋ। ਤੁਰਦਿਆਂ ਤੁਰਦਿਆਂ ਸ਼ਹਿਰੋਂ–ਬਾਹਰ, ਮਲੀਨ ਬਸਤੀਆਂ ਆ ਗਈਆਂ। ਬਸਤੀ ਦੇ ਕੁਝ ਨੰਗ–ਧੜੰਗ ਬੱਚੇ.... ਕਾਲੇ, ਮੈਲੇ ਜਿਹੇ, ਦੌੜਦੇ ਹੋਏ ਰਾਜੇ ਦੇ ਕੋਲ ਆ ਗਏ। ਪਹਿਲਾਂ ਹੈਰਾਨ ਜਿਹੇ ਵੇਖਦੇ ਰਹੇ, ਫੇਰ ਬਾਪੂ ਬਾਪੂ ਕਹਿ ਕੇ ਘੋੜੇ ਨੂੰ ਘੇਰ ਲਿਆ। ਰਾਜਾ ਸੁਣ ਵੇਖ ਕੇ ਹੱਕਾ–ਬੱਕਾ, ਪ੍ਰੇਸ਼ਾਨ ਹੋ ਗਿਆ। ਇਹ ਗੰਦੇ–ਮੈਲੇ ਜਿਹੇ ਚੰਡਾਲਾਂ ਦੇ ਬੱਚੇ, ਮੈਨੂੰ ਬਾਪੂ ਬਾਪੂ ਆਖ ਰਹੇ ਹਨ.... ਘੇਰਾ ਪਾ ਲਿਐ। ਪਿੰਡ ਵਿਚ ਰੌਲਾ ਪੈ ਗਿਆ। ਔਰਤ–ਮਰਦ ਕਈ ਦੌੜ ਕੇ ਉਥੇ ਪੁੱਜੇ। ਇਕ ਔਰਤ, ਜਿਸ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ, ਭਾਈ ਸੰਤੋਖ ਸਿੰਘ ਹੋਰਾਂ ਨੇ ਚੰਡਾਲਨ ਕਹਿ ਕੇ ਸੰਬੋਧਤ ਕੀਤੈ। ਲਿਖਦੇ ਹਨ, ਚੰਡਾਲਨ ਰਾਜੇ ਦੇ ਗੱਲ ਪੈ ਗਈ–

"ਕਹਿ ਚੰਡਾਲਣੀ ਤੂੰ ਪਤੀ ਮੇਰੋ। ਭੋਗਤ ਭੋਗ ਰਹਿਯੋ ਬਹੁਤੇਰੋ।
ਪੁਤਰ ਸੁਤਾ ਇਹ ਸਭਿ ਉਪਜਾਏ। ਅਬ ਕਿਆ ਰਿਦੈ ਤੇਰੋ ਮਹਿ ਆਏ ॥"

ਇਹ ਐਨੇ ਪੁੱਤਰ ਧੀਆਂ ਜੰਮ ਕੇ, ਹੁਣ ਤੂੰ ਇਹ ਕਿਹੜਾ ਕੁਫ਼ਰ ਤੋਲ ਰਿਹੈਂ। ਬਸਤੀ ਵਾਲਿਆਂ ਤੇ ਰਾਜੇ ਦੇ ਕੁਝ ਸੇਵਕਾਂ ਵਿਚ ਰੱਸਾ–ਕੱਸੀ ਵੀ ਹੋਣ ਲੱਗੀ। ਸਤਿਗੁਰ ਪਾਤਸ਼ਾਹ ਜੀ ਨੇ, ਬਸਤੀ ਵਾਲਿਆਂ ਨੂੰ ਸ਼ਾਂਤ ਕੀਤਾ। ਹੁਕਮ ਕੀਤਾ, ਤੇਰਾ ਪਤੀ ਮਰ ਗਿਐ। ਕੱਲ ਜਿਸ ਕੱਬਰ ਵਿਚ ਦੱਬਿਐ, ਚਲ ਕੇ ਉਹ ਵੇਖੋ। ਇਹ ਰਾਜਾ ਜੀ ਹਨ... ਰਲ੍ਹਦੇ ਮਿਲਦੇ ਮੁਹਾਂਦਰੇ ਦਾ ਭੁਲੇਖਾ ਪੈ ਗਿਐ। ਚਲ ਕੇ ਕੱਬਰ ਪੁੱਟੋ। ਹੁਕਮ ਅਨੁਸਾਰ, ਕੱਬਰ ਪੁੱਟੀ, ਮ੍ਰਿਤਕ ਚੰਡਾਲ ਦੀ ਦੇਹ, ਉਵੇਂ ਹੀ ਪਈ ਸੀ। ਗੱਲ ਸ਼ਾਂਤ ਹੋਈ। ਵਾਪਸ ਆਉਂਦਿਆਂ ਰਾਜੇ ਨੇ, ਭਿੱਜੇ ਹਿਰਦੇ ਨਾਲ ਅਰਜ਼ ਕੀਤੀ, ਸਤਿਗੁਰ ਪਾਤਸ਼ਾਹ! ਇਹ ਕੀ



Sri Satguru Jagjit Singh Ji eLibrary NamdhariElibrary@gmail.com

ਹੋਇਐ.... ਮੈਨੂੰ ਕੁਝ ਸਮਝ ਨਹੀਂ ਲਗ ਰਿਹਾ। ਉਹ ਚੰਡਾਲਨ ਵਾਕਈ ਮੇਰੀ ਜਨਾਨੀ ਸੀ। ਉਹ ਪਿੰਡ... ਉਹ ਬੱਚੇ... ਉਹ ਰਸਤੇ ਗਲੀਆਂ.... ਸਭ ਕੁਝ ਰਾਤ ਵੇਖੇ ਸੁਪਨੇ ਵਿਚ ਸੀ। ਸਤਿਗੁਰਾਂ ਰਾਜੇ ਦੇ ਮੋਢੇ ਤੇ ਹੱਥ ਰਖਿਆ ਤੇ ਬਚਨ ਕੀਤਾ- ਰਾਜਨ! ਤੂੰ ਕੱਲ ਸ਼ਾਮ, ਗੁਰਬਾਣੀ ਕੀਰਤਨ ਸੁਣ ਕੇ ਸ਼ੰਕਾ ਗ੍ਰਸਤ ਹੋ ਗਿਆ ਸੈਂ- "ਲੇਖੁ ਨ ਮਿਟਈ ਹੇ ਸਖੀ, ਜੋ ਲਿਖਿਆ ਕਰਤਾਰਿ"। ਵਾਕਈ ਕਰਮਾਂ ਦੇ ਲੇਖ ਨਹੀਂ ਮਿਟਦੇ। ਪਰ ਅਗਲੀ ਤੁਕ, ਸ਼ਾਇਦ ਤੂੰ ਨਹੀਂ ਸੁਣੀ-ਸਮਝੀ:

"ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥"

ਇਹ ਦੂਸਰੀ ਤੁਕ, ਤੇਰੀ ਜਗਿਆਸਾ ਸ਼ਾਂਤ ਕਰ ਦਏਗੀ।

ਜਿਸ ਸਿਰਜਨਹਾਰ ਨੇ, ਪ੍ਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ.... ਜੋ ਆਪ ਜਗਤ ਦਾ ਕਾਰਣ ਹੈ....ਕਰਤਾ ਹੈ.... ਉਸ ਪ੍ਰਮੇਸ਼ਰ ਨੇ ਕਿਰਪਾ ਕੀਤੀ, ਪਗੁ... ਪੈਰ...ਸਰੀਰ ਧਾਰਣ ਕੀਤਾ। ਉਹ ਸਤਿਗੁਰੂ, ਸਾਰੀਆਂ ਰੱਬੀ ਸ਼ਕਤੀਆਂ ਆਪਣੇ ਵਿਚ ਜਰ ਲੈਂਦੈ। ਪਰ ਜੇ ਉਹ ਚਾਹੇ.... ਉਸਦੀ ਰਜ਼ਾ ਹੋ ਜਾਏ ਤਾਂ, ਤੇਰੇ ਵਰਗੇ ਦਾ ਪੂਰਾ ਇਕ ਜੀਵਨ, ਰਾਤ ਦੇ ਇਕ ਸੁਪਨੇ ਵਿਚ ਲੰਘਾ ਦੇਵੇ। ਇਹ ਜੋ ਤੂੰ ਵੇਖਿਐ, ਤੇਰੇ ਇਕ ਜੀਵਨ ਦਾ ਸੱਚਾ ਅਤੀਤ ਹੈ। ਤੂੰ ਮਰਨਾ ਸੀ, ਚੰਡਾਲਾਂ ਘਰ ਜਨਮ ਲੈਣਾ ਸੀ। ਉਸ ਮਲੀਨ ਬਸਤੀ ਦੀਆਂ ਨਾਲੀਆਂ, ਗਲੀਆਂ....ਤੇਰਾ ਕਰਮ ਖੇਤਰ ਸੀ। ਸਤਿਗੁਰਾਂ ਦੀ ਕਿਰਪਾ ਨਾਲ, ਤੇਰਾ ਉਹ ਜੀਵਨ, ਰਾਤ ਦੇ ਸੁਪਨੇ ਵਿਚ ਲੰਘ ਗਿਆ।

ਤਾਂ ਪੰਜਵੇਂ ਪਾਤਸ਼ਾਹ, ਗੋਂਡ ਰਾਗ ਵਿਚ, ਗੁਰੂ ਦੀ ਬ੍ਰਹਮੰਡੀ ਸੱਤਾ ਬਾਬਤ ਕਹਿੰਦੇ ਹਨ-

"ਗੁਰੁ ਮੇਰੀ ਪੂਜਾ ਗੁਰੁ ਗੋਬਿੰਦ॥ ਗੁਰੁ ਮੇਰਾ ਪਾਰਬ੍ਰਹਮ ਗੁਰੁ ਭਗਵੰਤੁ॥
ਗੁਰੁ ਮੇਰਾ ਦੇਉ ਅਲਖ ਅਭੇਉ॥ ਸਰਬ ਪੂਜ ਚਰਨ ਗੁਰ ਸੇਉ॥
(ਪੰ. 864-65)

ਗੁਰੂ ਨੂੰ ਦੇਹ ਨਾ ਸਮਝੀਂ। ਗੁਰੂ ਬਿਦੇਹ ਹੁੰਦੈ। ਅਲਖ....ਅਭੇਉ! ਗੋਬਿੰਦ...ਗੋ ਦਾ ਅਰਥ ਹੈ ਧਰਤੀ....ਬਿੰਦ....ਪਾਲਨ ਵਾਲਾ। ਆਪ ਗੋਬਿੰਦ....ਪਾਰਬ੍ਰਹਮ ....ਭਗਵੰਤ.....।

"ਗੁਰੁ ਮੇਰਾ ਪਾਰਬ੍ਰਹਮ.....।"



Sri Satguru Jagjit Singh Ji eLibrary NamdhariElibrary@gmail.com

# 33

# ਅਬ ਮੋਹਿ ਜਲਤ ਰਾਮ ਜਲ ਪਾਇਆ

ਮਾਂ ਦੀ ਕੁੱਖ ਵਿਚ ਬੱਚਾ! ਨੇੜੇ ਹੀ ਪੇਟ ਦੀ ਅੱਗ, ਜਠਰਾਗਨੀ ਭੱਖ ਰਹੀ ਹੈ। ਭੋਜਨ ਦੀ ਹਰ ਸ਼ੈਅ, ਇਥੇ ਹਜ਼ਮ ਹੋ ਰਹੀ ਹੈ.... ਪ੍ਰਮਾਤਮਾ ਦੀ ਮੇਹਰ, ਬੱਚੇ ਨੂੰ ਸੇਕ ਨਹੀਂ ਲੱਗਦਾ।

"ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ॥

ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ॥

(ਆਸਾ ਕਬੀਰ ਪੰ.671)

ਬਾਲ ਦਾ ਜਨਮ ਹੋਇਆ....ਬਾਹਰ ਅੱਗ ਹੀ ਅੱਗ! ਵਿਦਿਆਲੇ ਵਿਚ ਸਪਰਧਾ ਦੀ ਅੱਗ... ਅੱਵਲ ਆਉਣ ਦੀ ਚਾਹ। ਵੱਡਾ ਹੋਇਆ, ਕਾਮ ਅਗਨੀ, ਕ੍ਰੋਧ ਅਗਨੀ, ਲੋਭ ਮੋਹ ਦੀ ਅੱਗ! ਆਪਣਾ ਹਿਤ, ਪ੍ਰੀਵਾਰ ਦਾ ਹਿਤ, ਸਮਾਜਕ ਸਨਮਾਨ ਦੀ ਚਾਹਤ। ਸਭ ਸ਼ੁਭ ਰਹੇ, ਸੁਰੱਖਿਅਤ ਰਹੇ। ਚਿੰਤਾ ਸਭ ਤੋਂ ਵੱਡੀ ਅੱਗ! "ਯੋਗ ਛੇਮ"। ਧਨ, ਸੰਪਤੀ, ਪ੍ਰੀਵਾਰ ਜੋ ਹੈ ਉਸ ਵਿਚ ਯੋਗ ਹੋਵੇ, ਵਾਧਾ ਹੋਵੇ ਅਤੇ ਜੋ ਮੇਰਾ ਹੈ, ਮੇਰੇ ਹਨ... ਉਹਨਾਂ ਦੀ ਰਖਿਆ ਹੋਵੇ, ਇਹ ਯੋਗ ਛੇਮ ਹੈ। ਅੱਗ ਵਿਚੋਂ ਜੰਮਿਆ, ਅੱਗ ਵਿਚ ਪਲਿਆ, ਜੀਵਿਆ, ਅੰਤ ਅੱਗ ਦੇ ਹਵਾਲੇ ਹੋਇਆ। ਇਹੋ ਜੀਵਨ ਦਾ ਯਥਾਰਥ ਹੈ। ਈਰਖਾ, ਦਵੇਸ਼, ਹੰਕਾਰ ਦੀ ਅੱਗ ਨੇ ਘਰ ਘਰ ਕੁਰੂਖੇਤਰ ਸਿਰਜਤ ਕਰ ਦਿਤੈ। ਹਰ ਮਨੁੱਖ, ਇਕ ਮਹਾਂਭਾਰਤ ਦੇ ਮੱਧ ਖਲੋਤਾ ਹੈ। ਤਾਂ ਭਗਵਾਨ ਕ੍ਰਿਸ਼ਨ ਕਹਿੰਦੇ ਹਨ-ਅਰਜਨ, ਤੂੰ ਇਕੱਲਾ ਨਹੀਂ, ਹਰ ਮਨੁੱਖ ਜੰਗ ਲੜ ਰਿਹੈ।

ਇਦੰ ਸ਼ਰੀਰੰ ਕੋਂਤੇਯ ਛੇਤਰਮਇਤੀ, ਅਭਿਦੀਯਤੇ (ਗੀਤਾ-13.1)

ਹੇ ਕੁੰਤੀ ਪੁਤਰ, ਅਰਜਨ! ਇਦੰ ਸਰੀਰੰ-ਇਹ ਸਰੀਰ, ਕੁਰੂਖੇਤਰ ਹੈ। ਹਰ ਮਨੁੱਖ, ਕੋਈ ਆਪਣੀ ਸੁਰੱਖਿਆ ਦੇ ਨਾਂ ਤੇ, ਕੋਈ ਵਿਕਾਸ ਦੇ ਨਾਂ ਤੇ,



Sri Satguru Jagjit Singh Ji eLibrary NamdhariElibrary@gmail.com

ਜੰਗ ਦੇ ਨਿਤ ਨਵੇਂ ਮੋਰਚੇ ਖੋਲ੍ਹ ਰਿਹੈ। ਆਪਣੀ ਹੋਂਦ ਲਈ ਵਰਚਸਵ (ਪਹਿਚਾਨ) ਸਥਾਪਿਤ ਕਰਨ ਲਈ, ਹਰ ਮਨੁੱਖ ਅੱਗ ਦੀਆਂ ਭਾਂਬੜਾਂ ਵਿਚ ਛਾਲ ਮਾਰ ਰਿਹੈ।

ਮਨੁੱਖ ਦੇ ਅੰਦਰ, ਇੜਾ, ਪਿੰਗਲਾ ਅਤੇ ਸੁਖਮਨਾ, ਤਿੰਨ ਨਾੜਾਂ ਉਪਰ ਦਸਮ ਦੁਆਰ ਤਕ ਜਾਂਦੀਆਂ ਹਨ। ਕੁੰਡਲਨੀ ਯੋਗ ਦੇ ਸਾਧਕ, ਮੂਲਾਧਾਰ ਤੋਂ ਸੁਰਤਿ ਦੀ ਯਾਤਰਾ ਆਰੰਭ ਕਰਕੇ, ਇਸੇ ਰਾਹ ਤੇ ਆਰੋਹਨ... ਕਰਦੇ ਹਨ। ਦਸਮ ਦੁਆਰ (ਬ੍ਰਹਮ ਰੰਧ੍ਰ) ਤਕ ਪੁੱਜਦੇ ਹਨ। ਹਿਮਾਲਾ ਦੀ ਬਰਫ ਭਰੀਆਂ ਘਾਟੀਆਂ ਵਿਚ, ਪਿੰਗਲਾ ਨਾੜੀ ਨੂੰ ਜਾਗ੍ਰਿਤ ਕਰਦੇ ਹਨ। ਇਹ ਪਿੰਗਲਾ, ਸੂਰਜ-ਨਾੜ ਹੁੰਦੀ ਏ...... ਤਪਸ਼ ਗੁਣ ਵਾਲੀ। ਇਸ ਨਾੜੀ ਨੂੰ ਕ੍ਰਿਆਸ਼ੀਲ ਕਰਕੇ, ਸਰੀਰ ਦੇ ਅੰਦਰ ਨਿੱਘ (ਅੱਗ) ਪੈਦਾ ਕਰ ਲੈਂਦੇ ਹਨ। ਫੇਰ ਉਹਨਾਂ ਨੂੰ ਠੰਢ ਨਹੀਂ ਲੱਗਦੀ। ਕੁਦਰਤ ਨੇ ਅੰਦਰ ਹੀ ਅੱਗ ਦੀ ਨਦੀ ਬਣਾਈ ਹੋਈ ਏ।

ਬੋਧ-ਲਾਮਾ ਮੰਤਰ ਰਾਹੀਂ ਨੇਤਰਾਂ 'ਚੋਂ ਅੱਗ ਦੀ ਚਿੰਗਾਰੀ ਨਾਲ, ਧਾਰਮਕ ਬੇਦੀ ਨੂੰ ਬਾਲਦੇ ਹਨ। ਮਾਚਿਸ ਜਾਂ ਕਿਸੇ ਬਾਹਰਲੇ ਉਪਕਰਨ ਦੀ ਵਰਤੋਂ ਨਹੀਂ ਕਰਦੇ। ਅੱਗ ਹੀ ਅੱਗ, ਚਹੁੰ ਪਾਸੇ। ਤਾਂ ਭਗਤ ਕਬੀਰ ਜੀ ਕਹਿੰਦੇ ਹਨ-

ਮੈਂ ਵੀ ਸਮਾਜ ਦੇ ਜਾਤਾਂ, ਵਰਗਾਂ ਦੀ ਤਪਸ਼ ਵਿਚ ਸਿਕਦਾ ਰਿਹਾਂ.....ਅੱਗ ਦੀਆਂ ਲਪਟਾਂ 'ਚੋਂ ਬਾਹਰ ਆਇਆਂ-

"ਅਬ ਮੋਹਿ ਜਲਤ ਰਾਮ ਜਲ ਪਾਇਆ॥

ਰਾਮ ਉਦਕਿ ਤਨੁ ਜਲਤ ਬੁਝਾਇਆ॥ (ਪੰ. 361)

ਧਰਮ ਤਾਂ ਜਲ ਹੈ, ਜਿਹੜਾ ਹਿਰਦੇ ਦੀ ਜਲਨ ਮਿਟਾਂਦੈ। ਮੈਨੂੰ ਇਹ ਭਗਤੀ ਦਾ ਉਦਕ, ਇਹ ਰਾਮ ਜਲ, ਮਿਲ ਗਿਐ। ਮੇਰੇ ਅੰਦਰੋਂ ਸਾਰੀਆਂ ਅੱਗਾਂ, ਤਪਸ਼ ਬੁੱਝ ਗਈਆਂ ਹਨ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-

"ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ॥

ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ॥" (ਪੰ. 147)

ਹਰ ਮਨੁੱਖ ਅੰਦਰ ਸ੍ਰੇਸ਼ਠ ਹੋਣ ਦੀ ਚਾਹਤ ਹੈ। ਆਪਣੇ ਹਿਤ ਦੀ, ਲੋਭ ਦੀ, ਕ੍ਰੋਧ ਦੀ ਅਤੇ ਹੰਸ ਹੋਣ ਦੀ, ਸ੍ਰੇਸ਼ਠ ਸਾਬਤ ਕਰਨ ਦੀ ਅੱਗ ਹੈ। ਚਾਰ ਨਦੀਆਂ, ਹਰ ਮਨੁੱਖ ਵਿਚ ਵੱਗ ਰਹੀਆਂ ਹਨ- "ਚਾਰੇ ਨਦੀਆ ਅਗਿ"!

ਇਹ ਅੱਗ ਦੀਆਂ ਨਦੀਆਂ, ਹਰ ਵੇਲੇ ਵਗਦੀਆਂ ਰਹਿੰਦੀਆਂ ਹਨ। ਬਾਹਰ ਅੱਗ....ਅੰਦਰ ਅੱਗ! ਇਸ ਵਿਚ ਘਿਰਿਆ ਹੋਇਆ ਮਨੁੱਖ! ਇਸ ਅੱਗ ਨੇ ਵੱਡੇ-ਵੱਡੇ ਮਹਿਲਾਂ ਨੂੰ, ਸਾੜ ਕੇ ਸਵਾਹ ਕਰ ਦਿੱਤਾ ਹੈ।

ਹਸਤਿਨਾਪੁਰ ਦਾ ਅੱਛਤ ਰਾਜ। ਮਹਾਰਾਜਾ ਸ਼ਾਂਤਨੂ ਦੇ ਚੜ੍ਹਾਈ ਕਰਨ ਤੋਂ ਬਾਅਦ, ਚਰਚਾ ਆਰੰਭ ਹੋਈ, ਗੱਦੀ ਤੇ ਕੌਣ ਬੈਠੇ। ਵੱਡਾ ਪੁੱਤਰ ਧ੍ਰਿਤਰਾਸ਼ਟਰ, ਅੰਨ੍ਹਾ ਸੀ। ਭੀਸ਼ਮ ਪਿਤਾਮਾ, ਦ੍ਰੋਣਾਚਾਰਿਆ, ਕ੍ਰਿਪਾਚਾਰਿਆ, ਬਿਦਰ, ਸਾਰਿਆਂ ਛੋਟੇ ਪੁੱਤਰ ਪਾਂਡੂ ਨੂੰ—ਰਾਜਤਿਲਕ ਦਾ ਫੈਸਲਾ ਕੀਤਾ। ਪਾਂਡੂ ਹਸਤਿਨਾਪੁਰ ਰਾਜਗੱਦੀ ਤੇ ਬਿਰਾਜਮਾਨ ਹੋਏ।

ਨਵਾਂ ਮਹਿਲ ਉਸਾਰਿਆ। ਗ੍ਰਿਹਿ ਪ੍ਰਵੇਸ਼ (ਚੱਠ) ਦਾ ਆਯੋਜਨ ਹੋਇਆ। ਨਿਰਮਾਣ ਕਲਾ ਦਾ ਨਿਵੇਕਲਾ ਨਮੂਨਾ ਸੀ ਉਹ ਮਹਿਲ। ਕਿਤੇ ਪਾਣੀ ਭਰਿਆ ਸਰੋਵਰ, ਪਰ ਇੰਝ ਜਾਪਦਾ ਸੀ, ਫ਼ਰਸ਼ ਹੈ। ਕਿਤੇ ਪਾਰਦਰਸ਼ੀ ਫ਼ਰਸ਼, ਇਵ ਭਾਸਦਾ, ਜਿਵੇਂ ਪਾਣੀ ਦੀ ਝਿਲਮਿਲ! ਦੁਰਯੋਧਨ ਆਪਣੇ ਕੁਝ ਭਰਾਵਾਂ-ਮਿੱਤਰਾਂ ਨਾਲ, ਹੈਰਤ ਅੰਗੇਜ਼ ਮਹਿਲ ਵੇਖਦਾ ਵੇਖਦਾ ਭੁਲੇਖਾ ਖਾ ਗਿਆ। ਸਰੋਵਰ ਵਿਚ ਡਿੱਗ ਪਿਆ। ਉਪਰ ਚੁਬਾਰੇ ਤੇ ਕੁਝ ਸਖੀਆਂ ਨਾਲ ਵੇਖਦੀ ਦ੍ਰੋਪਦੀ, ਖਿੜ ਖਿੜ ਹੱਸ ਪਈ। ਸਾਰੀਆਂ ਸਖੀਆਂ ਵੀ, ਹਾਸ ਵਿਨੋਦ ਵਿਚ ਹੱਸ ਪਈਆਂ। ਦ੍ਰੋਪਦੀ ਬੋਲ ਪਈ- "ਅੰਨ੍ਹੇ ਦੀ ਔਲਾਦ ਵੀ ਤਾਂ ਅੰਨ੍ਹੀ ਹੀ ਹੋਵੇਗੀ।" ਬਸ ਅਪਮਾਨ ਦੀ ਇਹ ਅੱਗ, ਦੁਰਯੋਧਨ ਦੇ ਕਾਲਜੇ ਭੱਖ ਪਈ। ਇਸੇ ਅੱਗ ਨੇ ਮਹਾਂਭਾਰਤ ਦਾ ਰੂਪ ਧਾਰਿਆ। ਕਬੀਰ ਜੀ ਕਹਿੰਦੇ ਹਨ—ਇਸ ਅੱਗ ਨੇ ਦੇਵਤਿਆਂ, ਰਿਸ਼ੀਆਂ-ਮੁਨੀਆਂ ਨੂੰ ਵੀ ਨਾ ਬਖਸ਼ਿਆ। ਦੇਵ ਰਾਜ ਇੰਦਰ, ਕਾਮ ਅਗਨ ਤੋਂ ਬੇਵੱਸ ਹੋਇਆ-ਗੌਤਮ ਤਪੇ ਦੀ ਕੁਟੀਆ ਵਿਚ, ਅੱਧੀ ਰਾਤ ਅਹਿੱਲਯਾ ਪਾਸ ਪੁੱਜਾ। ਅੱਧੀ ਰਾਤ, ਗੌਤਮ ਤਪਾ ਦਾ ਭੇਖ ਧਾਰ, ਅਹਿੱਲਯਾ ਨਾਲ ਭੋਗ ਕੀਤਾ। ਦੇਵ ਰਾਜ ਦੇ ਮੱਥੇ ਤੇ ਕਲੰਕ ਲਾਇਆ। ਵਿਸ਼ਵਾਮਿੱਤਰ, ਪਰਾਸ਼ਰ ਮੁਨਿ, ਭਸਮ ਕਰ ਦਿੱਤੇ:

"ਜਿਹ ਪਾਵਕ ਸੁਰਿ ਨਰ ਹੈ ਜਾਰੇ ॥

ਰਾਮ ਉਦਕਿ ਜਨ ਜਲਤ ਉਬਾਰੇ ॥"

ਇਹ ਰਾਮ ਜਲ....ਧਰਮ ਦਾ ਜਲ, ਅਗਨਿ ਸ਼ਾਂਤ ਕਰਨ ਦੇ ਕੰਮ ਆਵੈ...ਸੰਪਰਦਾਵਾਂ ਦੇ ਮੱਤ-ਭੇਦ ਵਿਚ, ਅੱਗ ਬਣਾ ਕੇ ਨਾ ਵਰਤਿਆ ਜਾਵੈ। ਅਬ ਮੋਹਿ ਜਲਤ ਰਾਮ ਜਲ ਪਾਇਆ....



Sri Satguru Jagjit Singh Ji eLibrary NamdhariElibrary@gmail.com

# 34

# ਕਰਹਿ ਭਗਤਿ ਆਤਮ ਕੈ ਚਾਇ

ਇਕ ਪਰਦੇਸੀ, ਦੁਰਘਟਨਾ ਗ੍ਰਸਤ ਹੋਇਆ। ਬੇਹੋਸ਼ ਹੋ ਗਿਆ। ਡਾਕਟਰ ਉਸ ਨੂੰ ਹੋਸ਼ ਵਿਚ ਲਿਆਉਣ ਦਾ ਜਤਨ ਕਰ ਰਹੇ ਹਨ। ਹੋਸ਼ ਆਵੇ ਤਾਂ ਇਸ ਨੂੰ ਘਰ ਦੀ ਯਾਦ ਆਵੇ। ਉਹ, ਦੁਰਘਟਨਾ ਗ੍ਰਸਤ, ਬੇਹੋਸ਼ ਪਰਦੇਸੀ, ਅਸੀਂ ਸਾਰੇ ਹਾਂ। ਸਤਿਗੁਰ ਵੈਦ, ਹੋਸ਼ ਵਿਚ ਲਿਆਉਣ ਦੀ ਜੁਗਤਿ ਕਰ ਰਹੇ ਹਨ। ਭਾਈ ਨੰਦ ਲਾਲ ਕਹਿੰਦੇ ਹਨ–

ਬਹੋਸ਼ ਬਾਸ਼ ਕਿ ਹੰਗਾਮਿ ਨੌਬਹਾਰ ਆਮਦ॥

ਬਹਾਰ ਆਮਦੋ ਯਾਰ ਆਮਦੋ ਕਿਰਾਰ ਆਮਦ॥

ਮਨੁੱਖ ਦਾ ਜੀਵਨ...ਲੱਖਾਂ ਦੁਖ ਭਰੀਆਂ ਜੂਨਾਂ–ਜਨਮਾਂ ਤੋਂ ਬਾਅਦ... ਇਹ ਬਸੰਤ ਨਸੀਬ ਹੋਈ। ਕਿਤੇ ਆਤਮਿਕ ਅਗਿਆਨਤਾ ਵਿਚ, ਬੇਹੋਸ਼ੀ ਵਿਚ, ਇਹ ਬਸੰਤ ਨਾ ਬੀਤ ਜਾਏ। ਹੋਸ਼ ਵਿਚ ਆ। ਇਕ ਜੀਵਾਤਮਾ, ਇਕ ਜੋਤਿ, ਉਹ ਸੱਜਣ, ਜਿਸ ਦੀ ਜਨਮਾਂ–ਜਨਮਾਂ ਤੋਂ ਭਾਲ ਸੀ, ਉਹ ਮੇਰੇ ਅੰਦਰ। ਕਿਸੇ ਸਤਿਗੁਰ ਨਾਲ ਮਿਲ....ਉਹ, ਤੇਰੀ ਸੁਰਤਿ ਸੰਵਾਰ ਕੇ, ਦਿੱਵ ਪ੍ਰਕਾਸ਼ ਨਾਲ ਭਰ ਦੇਵੇ। ਜਿਸ ਦੇ ਚਾਨਣ ਵਿਚ "ਪ੍ਰਮਾਤਮਾ ਪਾਰਬ੍ਰਹਮ ਕਾ ਰੂਪਿ" ਦ੍ਰਿਸ਼ਮਾਨ ਹੋ ਜਾਏ।

ਮਨੁੱਖ ਦੇਹ, ਪ੍ਰਕ੍ਰਿਤੀ ਦਾ ਇਕ ਵਿਚਿੱਤ੍ਰ ਸਿਰਜਨ ਹੈ। ਧਰਮ ਕਰਮ, ਭਗਤੀ ਬਹੁਤ ਹੋ ਗਈ ਏ। ਮਨ ਦੀ ਮਰਜ਼ੀ ਅਨੁਸਾਰ.... ਜੋਗ, ਯੱਗ, ਤਪ, ਦਾਨ। ਅੰਦਰ ਵਿਕਾਰ ਹੋਰ ਵੱਧ ਰਹੇ ਹਨ। ਪਹਿਲਾਂ ਤਨ ਦਾ ਹੰਕਾਰ ਸੀ, ਧਨ ਦਾ ਹੰਕਾਰ ਸੀ, ਹੁਣ ਧਰਮ ਕਰਮ ਵੀ ਹੰਕਾਰ ਬਣ ਗਏ। ਅਮੀਰ ਖੁਸਰੋ ਨੇ ਲਿਖਿਐ, ਮੰਦਰ ਦੇ ਮੁਖ ਪੁਜਾਰੀ ਜਾ ਰਹੇ ਸਨ। ਸਾਮ੍ਹਣੇ ਤੋਂ ਇਕ ਵੇਸ਼ਵਾ ਲੰਘੀ। ਪੰਡਤ ਜੀ ਪੁੱਛਿਆ–ਕੌਣ ?



Sri Satguru Jagjit Singh Ji eLibrary NamdhariElibrary@gmail.com

ਵੇਸ਼ਵਾ ਕਿਹਾ, ਪੰਡਤ ਜੀ, ਮੈਨੂੰ ਤਾਂ, ਸਾਰੇ ਭਲੀ ਭਾਂਤ ਜਾਣਦੇ ਹਨ, ਮੈਂ ਇਕ ਵੇਸ਼ਵਾ ਹਾਂ। ਮੈਂ ਤਾਂ ਜੋ ਹਾਂ ਦਿਸਦੈ, ਪਰ ਕੀ ਤੁਸੀਂ ਜੋ ਹੋ, ਉਹ ਦਿਸਦੈ ? ਪੁਜਾਰੀ ਦੇ ਪਹਿਰਾਵੇ ਅੰਦਰ, ਵਿਕਾਰਾਂ ਦਾ ਜੋ ਸਿਲਸਿਲਾ ਚਲ ਰਿਹੈ, ਉਹ ਦਿਸਦੈ ?

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ:

ਕਰਹਿ ਭਗਤਿ ਆਤਮ ਕੈ ਚਾਇ॥

ਪ੍ਰਭ ਅਪਨੇ ਸਿਉ ਰਹਹਿ ਸਮਾਇ॥ (ਪੰ. 286)

ਸਾਰਾ ਜਗਤ ਭਗਤੀ ਕਰ ਰਿਹੈ। ਜਪ, ਤਪ, ਪੂਜਾ ਪਾਠ, ਯੋਗ ਸਾਧਨਾ ਆਤਮਾ ਦੇ ਵਿਕਾਸ ਲਈ।

"ਇਸੁ ਦੇਹੀ ਕਉ ਬਹੁ ਸਾਧਨਾ ਕਰੈ॥

ਮਨ ਤੇ ਕਬਹੂ ਨ ਬਿਖਿਆ ਟਰੈ॥"

ਮਨ, ਬੁੱਧੀ, ਇੰਦ੍ਰੀਆਂ ਦੇ ਤਲ ਤੇ, ਪ੍ਰਦਰਸ਼ਨਕਾਰੀ ਭਗਤੀ! ਇਹ ਸ਼ੁੱਧੀਕਰਨ ਨਹੀਂ। ਪ੍ਰਦੂਸ਼ਨ ਹੋਰ ਵਧ ਰਿਹੈ। ਦਵੈਤ ਖੜਾ ਹੋ ਗਿਐ। ਮੈਂ ਭਗਤੀ ਕਰ ਰਿਹਾਂ, ਮੈਂ ਦਾਨ, ਤਪ ਕਰ ਰਿਹਾਂ—ਰੱਬ ਦਾ ਸ਼ਰੀਕ ਖੜ੍ਹਾ ਹੋ ਗਿਐ। ਰੱਬ ਦੇ ਸਾਹਮਣੇ ਮੈਨੂੰ ਮਰ ਜਾਣਾ ਚਾਹੀਦਾ ਸੀ.....ਸਮਰਪਿਤ ਹੋ ਜਾਣਾ ਚਾਹੀਦਾ ਸੀ।

"ਮੈਂ ਕਰਤਾ ਬਣ ਖਲੋ ਗਿਆ...ਮਹਾਂ ਵਿਕਾਰ....ਜ਼ਹਿਰ...ਇਕੱਠਾ ਹੋ ਗਿਆ। ਭਗਤੀ ਭਟਕ ਗਈ। ਦਿਸ਼ਾਹੀਨ ਹੋ ਗਈ।

ਭਗਤ ਜੈ ਦੇਵ ਜੀ ਰਾਹ ਦੇਂਦੇ ਹਨ-

"ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥ (ਪੰ. 526)

ਹਰੀ ਦੀ ਭਗਤੀ....ਮਨ, ਬੁੱਧੀ, ਇੰਦ੍ਰੀਆਂ, ਸਭ ਬਾਹਰ ਛੁੱਟ ਜਾਣ। ਇਹਨਾਂ 'ਚੋਂ ਹੀ ਪ੍ਰਦੂਸ਼ਣ ਫੈਲ ਰਿਹੈ। ਦੇਹ ਅਤੇ ਦੇਹ ਨਾਲ ਜੁੜੀਆਂ ਇੰਦ੍ਰੀਆਂ ਦੀਆਂ ਵਾਸਨਾਵਾਂ ਸਭ ਛੁਟ ਜਾਣ। ਕੇਵਲ ਤੂੰ ਰਹਿ ਜਾਏ। ਤੇਰਾ ਨਿਜਤੱਵ। ਨਿਜ ਰੂਪ, ਸੂਖਮ ਜੀਵਾਤਮਾ-"ਹਰਿ ਭਗਤ ਨਿਜ ਨਿਹਕੇਵਲਾ....। ਫੇਰ ਯੋਗ ਦੀ, ਯੱਗ ਦੀ, ਦਾਨ ਅਤੇ ਤਪ ਦੀ ਲੋੜ ਨਾ ਰਹੀ।



Sri Satguru Jagjit Singh Ji eLibrary NamdhariElibrary@gmail.com

ਇਸ ਅਵਸਥਾ ਨੂੰ, ਭਗਵਾਨ ਬੁੱਧ "ਕੈਵਲਯ" ਕਹਿੰਦੇ ਹਨ।

ਕੇਵਲ ਤੇਰਾ ਨਿਜ ਰੂਪ....ਸੂਖਮ ਜੋਤਿ।

ਤਾਂ ਪੰਜਵੇਂ ਪਾਤਸ਼ਾਹ ਕਹਿੰਦੇ ਹਨ:

"ਕਰਹਿ ਭਗਤਿ ਆਤਮ ਕੈ ਚਾਇ".... ਭਗਤੀ ਆਤਮਾ ਦੇ ਵਿਕਾਸ ਲਈ ਸਹਾਇਕ ਹੁੰਦੀ ਹੈ।

ਵਿਕਾਸ ਦੀ ਚਾਹਤ, ਮਨੁੱਖ ਦਾ ਸੁਭਾਅ ਹੈ। ਸਰੀਰ ਦੇ ਵਿਕਾਸ ਲਈ, ਖੁਰਾਕ, ਯੋਗਾ, ਕਸਰਤ ਕਰਦੇ ਹਾਂ। ਧਨ ਦੇ ਵਿਕਾਸ ਲਈ ਵਪਾਰ, ਵਿਕਾਸ-ਯੋਜਨਾਵਾਂ, ਕਈ ਮੈਨੇਜਮੈਂਟ, ਫੰਡੇ ਵਰਤਦੇ ਹਾਂ—ਇਥੋਂ ਤਕ ਮੰਦਰਾਂ, ਗੁਰਦੁਆਰਿਆਂ ਵਿਚ ਹਾਜ਼ਰੀਆਂ ਭਰਨੀਆਂ, ਚੜ੍ਹਾਵੇ.... ਸਾਰੇ, ਸਰੀਰ, ਪ੍ਰੀਵਾਰ, ਵਪਾਰ ਦੇ ਵਾਧੇ ਲਈ ਮੰਗੀਆਂ ਹੋਈਆਂ ਮੰਨਤਾਂ ਨੂੰ ਸਮਰਪਿਤ ਹੁੰਦੀਆਂ ਹਨ। ਸਾਡੇ ਕਰਮ, ਜੀਵਨ ਦੇ ਸਾਰੇ ਉਪਰਾਲੇ, ਮਨ ਦੀ ਪ੍ਰਫੁੱਲਤਾ ਲਈ ਕਰ ਰਹੇ ਹਾਂ। ਘਰ, ਪ੍ਰੀਵਾਰ, ਵਪਾਰ, ਹਰ ਸਾਧਨ ਮਨ ਦੀ ਸੰਤੁਸ਼ਟੀ ਲਈ। ਪਰ ਇਹਨਾਂ ਸਾਰਿਆਂ ਤੋਂ ਪਰੇ, ਸਰੀਰ ਦੀ ਕਿਸੇ ਸੁੰਨ ਘਾਟੀ ਵਿਚ, ਕਿਸੇ ਅਨਜਾਣ ਹਿਰਦੈ ਕੋਸ਼ਠ ਵਿਚ, ਆਤਮ ਨਿਵਾਸ। ਇਹ ਪ੍ਰਾਣ ਹੈ। ਇਹ ਪੰਚਾਇਣ ਪ੍ਰਦੇਸ ਹੈ। ਮਨੁੱਖੀ ਦੇਹ ਦੇ ਅੰਦਰ, ਪੰਜ ਸ਼ਕਤੀਸ਼ਾਲੀ ਤੱਤਾਂ ਦਾ ਮੇਲ ਹੋ ਰਿਹੈ। ਪੰਜ ਤੱਤ ਆਕਾਰ ਤੋਂ ਹੀਣ। ਮਨ, ਬੁੱਧੀ, ਚਿੱਤ, ਅਹੰਕਾਰ ਅਤੇ ਅੰਤਰਾਤਮਾ ਪੰਚਾਇਣ! ਪੰਜਾਂ ਦਾ ਮਹਾਂਸੰਗਮ ਜਿਥੇ ਹੋ ਰਿਹੈ, ਉਹ ਆਤਮ ਪ੍ਰਦੇਸ਼ ਹੈ। ਇਹ ਪ੍ਰਾਤਮਾ ਹੈ, "ਪ੍ਰਾਤਮਾ ਪਾਰਬ੍ਰਹਮ ਕਾ ਰੂਪਿ।" ਪੰਜੇ ਉਪਦ੍ਰਵੀ ਬੰਨ੍ਹ ਲਏ ਗਏ- "ਪੰਜੇ ਬੱਧੇ ਮਹਾਬਲੀ, ਕਰਿ ਸਚਾ ਢੋਆ।" ਆਤਮਾ ਸੱਚ.... ਪ੍ਰਮਾਤਮਾ ਸੱਚ। ਸੱਚ ਦਾ ਆਸਰਾ.... ਹੋਰ ਸਾਰੇ ਆਸਰੇ ਢਹਿ ਗਏ....। ਆਤਮਾ ਦਾ ਅਨੰਤ ਆਕਾਸ਼.... ਸੁਰਤਿ ਦਾ ਵਿਕਾਸ। ਭਗਤਿ, ਭਗਤੀ ਅਤੇ ਭਗਵਾਨ.... ਤ੍ਰਿਵੇਣੀ ਵੱਗਣ ਲੱਗੀ...।



Sri Satguru Jagjit Singh Ji eLibrary NamdhariElibrary@gmail.com

## 35

# ਕਰਮ ਬਿਰਖ

ਸਾਡਾ ਸਰੀਰ, ਸਾਡਾ ਪ੍ਰੀਵਾਰ, ਆਰਥਿਕ ਸਮਾਜ ਸਮਰੱਥਾ ਬਾਬਤ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

"ਕਰਮੀ ਆਵੈ ਕਪੜਾ"-ਇਹ ਕਪੜਾ, ਸਰੀਰ, ਸਾਡੇ ਪਿਛਲੇ ਕਰਮਾਂ ਦਾ ਪ੍ਰਤਿਫਲ, ਪਰਾਲੱਬਧ ਮਿਲਿਆ ਹੈ। ਪਿਛਲੇ ਕਰਮਾਂ ਦਾ ਲੇਖ, ਮੱਥੇ ਦੀਆਂ ਲਕੀਰਾਂ ਬਣ ਨਾਲ ਆਈਆਂ। ਜੋ ਕਰਮ, ਮਨ ਕਰ ਕੇ, ਬਚਨ ਕਰ ਕੇ, ਜਾਂ ਕ੍ਰਿਆ ਰੂਪ ਅਸੀਂ ਕਰ ਰਹੇ ਹਾਂ, ਕੁਦਰਤ ਉਨ੍ਹਾਂ ਨੂੰ ਬਹੁਤ ਬਾਰੀਕੀ ਨਾਲ ਸਾਂਭ ਰਹੀ ਹੈ... ਪੂਰੇ ਹਿਸਾਬ ਕਿਤਾਬ ਨਾਲ ਉਹ 'ਭਾਜੀ' ਸਾਨੂੰ ਮੋੜ ਰਹੀ ਹੈ।

ਰਾਜਾ ਦਸ਼ਰਥ, ਰਾਮ ਵਿਯੋਗ ਵਿਚ, ਬਿਹਬਲ, ਫਰਸ਼ ਤੇ ਲੇਟਣੀਆਂ ਲੈ ਰਹੇ ਹਨ। ਪੁੱਤਰ ਵਿਯੋਗ ਵਿਚ ਪ੍ਰਾਣ-ਪੰਖੀ, ਉਡਾਰੀ ਮਾਰਨ ਲਈ ਤਿਆਰ ਹੈ। ਮਿੱਤਰ, ਸੁਮੰਤ੍ਰ ਨੂੰ ਪੁੱਛਦੇ ਹਨ-ਮੈਂ ਕਿਹੜਾ ਪਾਪ-ਕਰਮ ਕੀਤਾ, ਜਿਸ ਦੀ ਸਜ਼ਾ ਮਿਲ ਰਹੀ ਹੈ। ਸੁਮੰਤ੍ਰ ਜੀ ਕਹਿੰਦੇ ਹਨ-

"ਜਨਮ, ਮਰਨ, ਸਭ ਦੁਖ, ਸੁਖ ਭੋਗਾ। ਹਾਨੀ ਲਾਭ ਪ੍ਰਿਅ ਮਰਨ ਵਿਯੋਗ।
ਕਾਲ ਕਰਮ ਬਸ ਹੋਹਿ ਗੁਸਾਈ, ਬਰਬਸ ਰਾਤ ਦਿਵਸ ਕੀ ਨਾਂਈ॥"

ਰਾਜਨ! ਸਾਡਾ ਜਨਮ, ਸਾਡੀ ਮੌਤ, ਦੁਖ ਸੁਖ, ਹਾਨੀ ਲਾਭ, ਪਿਆਰੇ ਦਾ ਮਿਲਣਾ, ਵਿਛੜਨਾ-ਸਾਡੇ ਹੀ ਕੀਤੇ ਹੋਏ ਕਰਮਾਂ ਦੀ ਵਾਪਸੀ ਹੈ, ਜੋ ਕਾਲ ਦੇ ਚਲਦੇ ਹੋਏ ਚੱਕ੍ਰ ਅਨੁਸਾਰ ਸਾਮ੍ਹਣੇ ਆਉਂਦੇ ਹਨ। ਰਾਜਾ ਦਸ਼ਰਥ ਦੀਆਂ ਅੱਖਾਂ ਅੱਗੇ, ਉਹ ਦ੍ਰਿਸ਼ ਪ੍ਰਗਟ ਹੋ ਗਿਆ, ਜਦੋਂ ਸ਼੍ਰਵਣ ਕੁਮਾਰ, ਆਪਣੇ ਅੰਨ੍ਹੇ ਮਾਤਾ ਪਿਤਾ ਨੂੰ ਬਹਿੰਗੀ ਵਿਚ ਬਿਠਾ ਕੇ ਤੀਰਥ ਕਰਵਾ ਰਿਹਾ ਸੀ। ਬਿਰਧ ਮਾਤਾ ਪਿਤਾ ਲਈ ਪਾਣੀ ਲੈਣ ਸਰੋਵਰ ਪਾਸ ਗਿਆ। ਪਾਣੀ ਲਈ ਲੋਟਾ ਡੋਬਿਆ, ਗੁੜ-ਗੁੜ ਦੀ ਆਵਾਜ਼ ਆਈ। ਸ਼ਿਕਾਰ ਦੀ ਟੋਹ



Sri Satguru Jagjit Singh Ji eLibrary NamdhariElibrary@gmail.com

ਵਿਚ ਨਿਕਲੇ ਦਸ਼ਰਥ ਨੇ ਸਮਝਿਆ, ਕੋਈ ਜੰਗਲੀ ਜਾਨਵਰ ਪਾਣੀ ਪੀ ਰਿਹੈ। ਸ਼ਬਦ ਭੇਦੀ ਬਾਣ ਮਾਰਿਆ—ਸ਼੍ਰਵਣ ਕੁਮਾਰ ਦੀ ਹਿੱਕ ਵਿਚ ਜਾ ਲੱਗਾ। ਹਾਅ...ਅ.. ਦੀ ਮਨੁੱਖੀ ਆਵਾਜ਼ ਆਈ। ਦੌੜ ਕੇ ਵੇਖਿਆ ਇਕ ਯੁਵਕ, ਸੀਨੇ ਵਿਚ ਖੁੱਬੇ ਤੀਰ ਸਹਿਤ ਲੇਟਣੀਆਂ ਲੈ ਰਿਹਾ ਸੀ। ਉਸ ਯੁਵਕ ਟੁੱਟਦੀ ਆਵਾਜ਼ ਵਿਚ ਕਿਹਾ, ਮੇਰੇ ਅੰਨ੍ਹੇ ਮਾਤਾ-ਪਿਤਾ ਪਿਆਸੇ ਸਨ.... ਮੈਂ ਮਰ ਰਿਹਾਂ, ਇਹ ਜਲ ਉਨ੍ਹਾਂ ਨੂੰ ਪਿਆ ਦਿਉ। ਰਾਜਾ ਪਾਣੀ ਦਾ ਲੋਟਾ ਲੈ ਕੇ ਉਨ੍ਹਾਂ ਪਾਸ ਪੁੱਜਾ। ਉਹ ਆਪਣੇ ਪੁੱਤ ਹੱਥੋਂ ਪਾਣੀ ਪੀਣਾ ਚਾਹੁੰਦੇ ਸੀ। ਰਾਜੇ ਨੇ ਭੁੱਲ ਵਸ਼ ਹੋਈ ਘਟਨਾ ਦਾ ਬ੍ਰਿਤਾਂਤ ਸੁਣਾਇਆ ਤਾਂ ਮਾਂ ਨੇ ਸਰਾਪ ਦਿੱਤਾ-ਜਾ ਰਾਜਨ, ਜਿਵੇਂ ਅਸੀਂ ਪੁਤਰ ਵਿਯੋਗ ਵਿਚ ਤੜਫ-ਤੜਫ ਕੇ ਮਰ ਰਹੇ ਹਾਂ, ਉਵੇਂ ਤੂੰ ਵੀ ਆਪਣੇ ਪੁੱਤਰ ਵਿਯੋਗ ਵਿਚ ਤੜਫ-ਤੜਫ ਕੇ ਮਰੇਂਗਾ। ਕਾਲ ਅਤੇ ਕਰਮ ਦਾ ਯੋਗ ਹੁੰਦੈ, ਤਾਂ ਉਹ ਪ੍ਰਤੀਫਲ ਬਣ ਕੇ ਸਾਮ੍ਹਣੇ ਆ ਗਿਐ।

ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ-

"ਨਾਨਕ ਮਾਇਆ ਕਰਮ ਬਿਰਖੁ, ਫਲ ਅੰਮ੍ਰਿਤ ਫਲ ਵਿਸੁ ॥

ਸਭਿ ਕਾਰਣ ਕਰਤਾ ਕਰੇ, ਜਿਸੁ ਖਵਾਲੇ ਤਿਸੁ ॥" (ਪੰ. 1290)

ਇਕ ਬ੍ਰਿਖ ਵਾਂਗ ਹੈ, ਮਨੁੱਖ ਦਾ ਜੀਵਨ। ਉਸ ਤੇ ਲਗੇ ਫਲ, ਅੰਮ੍ਰਿਤ ਤੇ ਬਿਖ....ਸੁਖ ਦੁਖ ਹਨ। ਅਸੀਂ ਬਿਰਖ ਹਾਂ, ਸਾਡੇ ਹੀ ਕੀਤੇ ਕਰਮ, ਫਲ ਰੂਪ ਲਗੇ ਹਨ ਅਤੇ ਇਹਨਾਂ ਫਲਾਂ ਦਾ ਭੋਗ ਲਾਜ਼ਮੀ ਹੈ। ਕਰਮਾਂ ਦਾ ਇਕ ਚੱਕ੍ਰ ਚਲ ਰਿਹੈ।

ਪਿਛਲੇ ਕਰਮਾਂ ਅਨੁਸਾਰ ਇਹ ਜੀਵਨ। ਹੁਣ ਜਿਹੜੇ ਕਰਮ ਕਰ ਰਹੇ ਹਾਂ, ਉਹ ਹੌਲੀ ਹੌਲੀ ਸਾਡਾ ਸੁਭਾਅ ਬਣ ਜਾਂਦੈ। ਇਹ ਸੁਭਾਅ ਹੀ ਉਸ ਦਾ ਸੰਸਕਾਰ ਬਣ ਜਾਂਦਾ ਹੈ। ਇਹ ਸੰਸਕਾਰ ਹੌਲੀ ਹੌਲੀ ਰਕਤ ਵਿਚ ਸ਼ਾਮਲ ਹੋ ਜਾਂਦੇ ਹਨ ਔਰ ਖ਼ੂਨ ਦੇ ਰਿਸ਼ਤਿਆਂ ਵਿਚ ਕੁਝ ਚੰਗੇ ਜਾਂ ਮੰਦੇ ਕਰਮ ਸੰਸਕਾਰ ਅੱਗੇ ਵਧਦੇ ਰਹਿੰਦੇ ਹਨ।

ਇਹ ਕਰਮ ਚੱਕ੍ਰ, ਆਮ ਤੌਰ ਤੇ ਵੰਸ਼ ਦੀ ਪਛਾਣ ਬਣ ਜਾਂਦੀ ਹੈ, ਜਿਵੇਂ ਦੈਂਤ ਕੁਲ ਵਿਚ ਜੰਮੇ ਦੀ ਰਾਖਸ਼ੀ ਪ੍ਰਵਿਰਤੀ ਅਤੇ "ਰਘੁਕੁਲ ਰੀਤ ਸਦਾ ਚਲੀ ਆਈ ॥ ਪ੍ਰਾਣ ਜਾਇ ਪਰ ਬਚਨ ਨ ਜਾਇ ॥" ਜਿਹੀ ਵਚਨ ਬੱਧਤਾ ਦੀ



Sri Satguru Jagjit Singh Ji eLibrary NamdhariElibrary@gmail.com

ਪਛਾਣ ਵਾਲਾ ਵੰਸ਼ ਰਘੁਕੁਲ। ਪਰ ਇਸ ਵਿਚ ਕਦੇ ਕਦੇ ਅਪਵਾਦ ਵੀ ਹੁੰਦਾ ਹੈ-ਜਿਵੇਂ ਹਰਨਾਕਸ਼ ਦੇ ਦੈਂਤ ਕੁਲ ਵਿਚ, ਪ੍ਰਹਿਲਾਦ ਜਿਹੇ ਭਗਤ ਦਾ ਜਨਮ ਲੈਣਾ ਜਾਂ ਪੁਲਸਤ ਰਿਸ਼ੀ ਦੇ ਪੁੱਤਰ ਬਿਸ੍ਰਵਾ ਰਿਸ਼ੀ ਘਰ, ਰਾਵਣ (ਦੈਂਤ ਪ੍ਰਵਿਰਤੀ) ਦਾ ਜਨਮ ਲੈਣਾ। ਕਈ ਤੱਤਾਂ ਦਾ ਸੁਮੇਲ, ਬੇਮੇਲ ਪ੍ਰਸੰਗ ਸਿਰਜਤ ਕਰਦਾ ਹੈ। ਇਹਨਾਂ ਚੋਂ ਸੰਤ ਜਾਂ ਸਤਿਗੁਰ ਦਾ ਸੁਮੇਲ, ਸਭ ਤੋਂ ਪ੍ਰਭਾਵਕਾਰੀ ਕਾਰਕ ਘਟਨਾ ਹੈ, ਜੋ ਆਪਣੇ ਪ੍ਰਭਾਅ ਨਾਲ ਪ੍ਰਹਿਲਾਦ ਜਿਹੇ ਦੈਂਤ ਬਾਲ ਵਿਚ ਸ਼ੁਭ ਸੰਸਕਾਰ ਪ੍ਰਤਿਰੋਪਣ ਕਰ ਦੇਂਦੇ ਹਨ ਜਾਂ ਰਤਨਾਕਰ ਡਾਕੂ, ਅੰਗੁਲੀ ਮਾਲ, ਜਾਂ ਕੌਡਾ ਰਾਖਸ਼ ਵਰਗੇ, ਨਾਰਦ, ਭਗਵਾਨ ਬੁੱਧ ਅਤੇ ਗੁਰੂ ਨਾਨਕ ਦੀ ਪਾਰਸ ਛੋਹ ਨਾਲ ਰੂਪਾਂਤਰਿਤ ਹੋ ਗਏ।

ਇਕ ਵਾਰ ਅਰਜਨ ਨੇ, ਭਗਵਾਨ ਕ੍ਰਿਸ਼ਨ ਤੋਂ ਪੁੱਛਿਆ, "ਤੁਸੀਂ ਕਹਿੰਦੇ ਹੋ, ਰੱਬ ਦੀ ਰਜ਼ਾ ਤੋਂ ਬਗੈਰ ਇਕ ਪੱਤਾ ਵੀ ਨਹੀਂ ਹਿਲਦਾ। ਫੇਰ ਮਨੁੱਖ ਵੀ ਮਾੜੇ ਚੰਗੇ ਕਰਮ, ਰੱਬ ਦੀ ਰਜ਼ਾ ਨਾਲ ਹੀ ਕਰਦੈ। ਤਾਂ ਮਨੁੱਖ ਦਾ ਕੀ ਦੋਸ਼ ਹੈ ?

ਭਗਵਾਨ ਕ੍ਰਿਸ਼ਨ ਕਹਿੰਦੇ ਹਨ-

ਨਾ ਕਰਤਿਤਵਂ ਨ ਕਰਮਾਨੀ ਲੋਕਸਯ ਸ੍ਰਿਜਤੀ ਪ੍ਰਭੂਃ।

ਨ ਕਰਮਫਲ ਸੰਜੋਗਂ ਸਵਭਾਵਅਸਤੁ ਪ੍ਰਵਰਤਤੇ॥ (ਗੀਤਾ 5:14)

ਮਨੁੱਖ ਨੂੰ ਕੀ ਕਰਨਾ ਚਾਹੀਦੈ, ਕਿਹੜੇ ਫ਼ਰਜ਼ ਹਨ, ਇਹਨਾਂ ਦਾ ਨਿਰਧਾਰਣ ਮੈਂ (ਪ੍ਰਮੇਸ਼ਰ) ਨਹੀਂ ਕਰਦਾ। ਨਾ ਹੀ ਕਰਮਾਂ ਦੇ ਫਲ ਦੀ ਰੂਪ ਰੇਖਾ ਬਣਾਂਦਾ ਹਾਂ। ਇਹ ਮਨੁੱਖ ਦੇ ਸੁਭਾਅ....ਸੰਸਕਾਰ ਅਤੇ ਸੋਚਾਂ ਅਨੁਸਾਰ ਸੰਪਾਦਤ ਹੁੰਦੇ ਹਨ। ਕੁਦਰਤ ਕਰਮ ਚੱਕ੍ਰ ਬਣ ਕੇ, ਹਰ ਜੀਅ ਵਿਚ ਸੰਚਾਲਤ ਹੁੰਦੀ ਹੈ। ਮਨੁੱਖ ਨੂੰ ਕੁਦਰਤ, ਕਈ ਅਵਸਰ ਅਤੇ ਸੰਕੇਤ ਦੇਂਦੀ ਹੈ। ਕਰਮ ਸੁਧਾਰ ਦੀ ਗੁੰਜਾਇਸ਼ ਦੇਂਦੀ ਹੈ। ਵਿਵੇਕ ਅਨੁਸਾਰ, ਮਨੁੱਖ ਬਹੁਤੇ ਪਾਪ-ਕਰਮਾਂ ਤੋਂ ਬਚ ਸਕਦੈ। ਪਰ ਕਰਮ ਦਾ ਤੀਰ, ਇਕ ਵਾਰ ਮਨੁੱਖ ਹਥੋਂ ਨਿਕਲ ਗਿਆ ਤਾਂ ਉਸ ਦਾ ਪ੍ਰਤੀਫਲ ਭੋਗਣਾ; ਮਨੁੱਖ ਭਾਗਾਂ ਦੀ ਨੀਯਤੀ ਬਣ ਜਾਂਦੈ। ਉਹ ਮਾੜੇ ਜਾਂ ਚੰਗੇ ਕਰਮ ਫਲ ਭੋਗਣੇ ਹੀ ਪੈਂਦੇ ਹਨ।

ਮਨੁੱਖ ਦੇ ਕਰਮ ਹੀ ਉਸਦੇ ਆਚਾਰ, ਵਿਚਾਰ ਅਤੇ ਸੰਸਕਾਰ ਦੀ ਪਛਾਣ ਕਰਵਾਉਂਦੇ ਹਨ। ਰਾਵਣ ਦਾ ਨਾਂ ਪਹਿਲਾਂ ਵਰਨਕੇਤੂ ਸੀ। ਬ੍ਰਿਸਵਾ ਰਿਸ਼ੀ ਦਾ ਪੁੱਤਰ ਅਤੇ ਪੁਲਸਤ ਰਿਸ਼ੀ ਦਾ ਪੋਤਰਾ ਸੀ। ਮੰਦੋਦਰੀ ਦੇ ਪਿਤਾ, ਮਹੀਦੰਤ



Sri Satguru Jagjit Singh Ji eLibrary NamdhariElibrary@gmail.com

ਨੇ, ਦਾਜ ਵਿਚ ਸੋਨੇ ਦੀ ਲੰਕਾ ਦਿੱਤੀ ਸੀ। ਰਾਵਣ ਦਾ ਲੰਕੇਸ਼ ਰੂਪ ਵਿਚ ਰਾਜ ਤਿਲਕ ਹੋਣਾ ਸੀ। ਵੇਲੇ ਦੇ ਮਸ਼ਹੂਰ ਤਪੱਸਵੀ "ਕੁਕੁਤਮੁਣੀ" ਇਸ ਸ਼ੁਭ ਕਾਲ ਲਈ ਸੱਦੇ ਗਏ ਸੀ। ਭਰੇ ਦਰਬਾਰ ਵਿਚ ਕੁਕੁਤਮੁਣੀ ਨੇ, ਰਾਵਣ ਨੂੰ ਕੁਪਾਤਰ ਕਹਿ ਕੇ, ਰਾਜ ਤਿਲਕ ਲਾਉਣ ਤੋਂ ਨਾਂਹ ਕਰ ਦਿੱਤੀ। ਮੁਨੀ ਜੀ, ਸਮਾਰੋਹ ਦਾ ਬਹਿਸ਼ਕਾਰ ਕਰ ਜੰਗਲ ਨੂੰ ਤੁਰ ਗਏ। ਕਿਸੇ ਹੋਰ ਸਾਧੂ ਤੋਂ ਤਿਲਕ ਲਗਾ ਕੇ ਸਮਾਰੋਹ ਪੂਰਾ ਕੀਤਾ ਗਿਆ। ਕੁਝ ਸਮੇਂ ਮਗਰੋਂ, ਰਾਵਣ ਨੇ ਕੁਕੁਤਮੁਨੀ ਨੂੰ ਸੱਦਿਆ। ਲੰਕਾ ਦਾ ਵਿਕਾਸ ਵਿਖਾਇਆ। ਨਿਰਮਾਣ ਕਲਾ, ਪਾਠਸ਼ਾਲਾ, ਧਰਮਸ਼ਾਲਾ, ਵਿਯਯਾਮ (ਕਸਰਤ) ਸ਼ਾਲਾ, ਔਸ਼ਧੀ (ਦਵਾ) ਸ਼ਾਲਾ ਵਿਖਾਈਆਂ। ਹੰਕਾਰ ਨਾਲ ਕਿਹਾ, ਜਿਸ ਰਾਵਣ ਦਾ "ਰਾਜਤਿਲਕ ਕਰਨ ਤੋਂ ਨਾਂਹ ਕਰ ਦਿੱਤੀ ਸੀ, ਉਸੇ ਰਾਵਣ ਦਾ ਵਿਕਾਸ ਵੇਖੋ। ਕੁਕੁਤਮੁਨੀ ਨੇ ਕਿਹਾ, ਇਕ ਕਮੀ ਅਜੇ ਵੀ ਰਹਿ ਗਈ। ਸਾਰੀਆਂ ਸ਼ਾਲਾਵਾਂ ਤਾਂ ਖੁੱਲ ਗਈਆਂ, ਆਚਾਰ ਸ਼ਾਲਾ ਨਹੀਂ ਖੋਲ੍ਹ ਸਕਿਆ ਅਤੇ ਚੰਗੇ ਆਚਾਰ, ਵਿਚਾਰ, ਸੰਸਕਾਰ ਨਾ ਹੋਣ ਤਾਂ ਇਹ ਸੋਨ-ਲੰਕਾ ਨੂੰ ਗਰਕ ਹੁੰਦਿਆਂ ਦੇਰ ਨਹੀਂ ਲੱਗਣੀ। ਇਹ ਕਹਿ ਕੇ ਆਤਮ ਸਨਮਾਨੀ "ਮੁਨੀ" ਜੰਗਲ ਦਾ ਰਾਹ ਫੜ ਲਿਆ। ਇਵੇਂ ਹੀ ਹੋਇਆ। ਸਮਾਂ ਆਇਆ "ਤਿਸ ਰਾਵਣ ਘਰਿ ਦੀਆ ਨਾ ਬਾਤੀ.....॥

ਤਾਂ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ:

"ਨਾਨਕ ਮਾਇਆ ਕਰਮ ਬਿਰਖੁ....।"



Sri Satguru Jagjit Singh Ji eLibrary NamdhariElibrary@gmail.com

# 36

# ਤੁਮ ਘਰਿ ਆਵਹੁ ਮੇਰੇ ਮੀਤ

ਪੰਜ ਤੱਤਾਂ ਦਾ ਸੁਮੇਲ ਹੋਇਆ, ਮਨੁੱਖ ਸਿਰਜਤ ਹੋਇਆ। ਦੇਹ ਧਾਰ ਮਨੁੱਖ, ਕਰਮਾਂ ਵਿਚ ਸੰਲਿਪਤ ਹੋਇਆ।

ਗੁਰੂ ਨਾਨਕ ਪਾਤਸ਼ਾਹ, ਪ੍ਰਾਣੀ ਦਾ ਸਿਰਜਨ ਰਹੱਸ ਖੋਲ੍ਹਦੇ ਹਨ-

"ਪੰਚ ਤਤੁ ਸੁੰਨਹੁ ਪਰਗਾਸਾ॥ ਦੇਹ-ਸੰਜੋਗੀ ਕਰਮ ਅਭਿਆਸਾ॥" (ਮਾਰੂ ਮਹਲਾ 1, ਪੰ.1037)

ਮਨੁੱਖ, ਕਰਮ ਲਈ, ਕਰਮ ਪ੍ਰਤੀ ਸੋਚ ਲਈ, ਇੰਦ੍ਰੀਆਂ ਤੇ ਨਿਰਭਰ ਹੈ। ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ! ਅੱਖ, ਕੰਨ, ਨੱਕ, ਰਸਨਾ ਅਤੇ ਤਵੱਚਾ (ਚਮੜੀ), ਗਿਆਨ ਇੰਦ੍ਰੀਆਂ ਹਨ। ਹੱਥ, ਪੈਰ, ਮੂੰਹ, ਲਿੰਗ ਅਤੇ ਗੁਦਾ ਦਵਾਰ, ਕਰਮ ਇੰਦ੍ਰੀਆਂ ਹਨ। ਕੁਝ ਵੀ ਜਾਣਕਾਰੀ ਪ੍ਰਾਪਤ ਕਰਨ ਲਈ ਜਾਂ ਕਰਮ ਕਰਨ ਲਈ, ਇਨ੍ਹਾਂ ਇੰਦ੍ਰੀਆਂ ਤੇ ਨਿਰਭਰ ਹੈ ਅਤੇ ਇਹ ਇੰਦ੍ਰੀਆਂ, ਭੌਤਿਕ (ਸੰਸਾਰੀ) ਹੋਣ ਕਰਕੇ ਬਾਹਰਮੁਖੀ ਹਨ। ਦੇਹ ਦੇ ਸਿਰਜਕ ਜੀਂਜ਼ ਭੌਤਿਕ ਹਨ... ਬਾਹਰ ਦਾ ਸੰਸਾਰ ਵੀ ਭੌਤਿਕ ਹੈ। ਇਸ ਕਰ ਕੇ ਮਨੁੱਖ ਦਾ ਮਨ.... ਇੰਦ੍ਰੀਆਂ ਸੁਭਾਵਕ ਸੰਸਾਰ ਮੁਖੀ ਹਨ, ਬਾਹਰਮੁਖੀ ਹਨ। ਪ੍ਰਭੂ ਜੋਤਿ... ਜੀਵਾਤਮਾ ਅੰਦਰ ਹੈ... ਕਿੱਥੇ? ਇਹ ਪਤਾ ਨਹੀਂ। ਅੰਦਰ ਜਾਣ ਦਾ ਕੋਈ ਵਸੀਲਾ, ਦੇਹ-ਇੰਦ੍ਰੀਆਂ ਕੋਲ ਨਹੀਂ। ਤਾਂ ਧਰਮ ਸ਼ਾਸਤ੍ਰ ਕਹਿੰਦੇ ਹਨ-ਅੰਦਰ ਹਨੇਰਾ ਹੈ, ਗਹਿਰਾ ਹਨੇਰਾ। ਪ੍ਰਕਾਸ਼ ਦਾ ਸਾਰਾ ਪ੍ਰਬੰਧ ਬਾਹਰ ਹੈ। ਪਸ਼ੂ, ਪੰਛੀ, ਮਨੁੱਖ, ਨਦੀਆਂ, ਪਹਾੜ ਸਾਰੇ ਭੌਤਿਕ ਪਦਾਰਥ ਦਿਸਦੇ ਹਨ। ਮੂਲ, ਪ੍ਰਾਣ, ਜੀਵਾਤਮਾ, ਨਹੀਂ ਦਿਸਦੀ। ਉਸ ਨੂੰ ਵੇਖਣ ਵਾਲੀ ਅੱਖ ਸਾਡੇ ਪਾਸ ਨਹੀਂ— ਭਗਤ ਫਰੀਦ ਜੀ ਕਹਿੰਦੇ ਹਨ-

"ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥ (ਪੰ. 1000)



Sri Satguru Jagjit Singh Ji eLibrary NamdhariElibrary@gmail.com

ਮੰਦਰ, ਗੁਰਦੁਆਰੇ, ਮਸਜਿਦਾਂ, ਚਰਚ ਸਾਰੇ ਬਾਹਰ ਹਨ। ਸਾਡੇ ਧਰਮ-ਕਰਮ ਵੀ ਬਾਹਰ-ਬਾਹਰ ਚਲ ਰਹੇ ਹਨ। ਸਾਡਾ ਸੂਖਮ ਪ੍ਰਾਣ.....ਛੋਟਾ ਬਾਲ, ਘਰ ਅੰਦਰ ਕਿਸੇ ਅਨਜਾਣ ਕਮਰੇ ਵਿਚ ਰੋ ਰਿਹੈ। ਮਾਂ ਬਾਪ, ਅਸੀਂ ਬਾਹਰ ਲੱਭ ਰਹੇ ਹਾਂ। ਗੀਤਾਂ ਰਾਹੀਂ, ਸ਼ਬਦਾਂ ਰਾਹੀਂ ਪੁਕਾਰ ਰਹੇ ਹਾਂ। ਸ਼ਾਇਦ ਸਾਡੇ ਪੂਰਬਲੇ ਲੱਖਾਂ ਜਨਮ, ਇਸੇ ਵਿਪਰੀਤ ਕਵਾਇਦ ਵਿਚ ਲੰਘ ਗਏ। ਕੋਈ ਪ੍ਰਭੂ ਦਾ ਪਿਆਰਾ, ਕੋਈ ਤੱਤ ਦਰਸ਼ੀ ਮਹਾਂਪੁਰਖ, ਅੰਤਰਮੁਖੀ ਹੋ ਗਿਆ। ਅੰਦਰ ਅਖੰਡ ਜੋਤਿ ਨਾਲ ਰੁਬਰੂ ਹੋ ਗਏ। ਇਹ ਸੂਖਮ ਜੋਤ.. ਪਰਮਜੋਤਿ ਹੈ। ਛੋਟਾ ਜਿਹਾ ਅਣੂ ਪਾਰਬ੍ਰਹਮ ਹੈ। ਉਸ ਮਹਾਂਪੁਰਖ ਨੇ ਜਾਣ ਲਿਆ। ਧਰਮ ਸ਼ਾਸਤ੍ਰਾਂ ਉਸ ਨੂੰ "ਸਤਿਗੁਰੂ" ਕਹਿਆ

"ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥" (ਸੁਖਮਨੀ)

ਇਹੋ ਬ੍ਰਹਮ-ਗਿਆਨ ਹੈ। ਤੱਤ ਗਿਆਨ, ਪ੍ਰਗਿਆ ਵੀ ਇਹੋ ਹੈ। ਸਤਿ, ਅਲਖ ਪਰਮੇਸਰ। ਗੁਰੂ ਦਾ ਅਰਥ ਗਿਆਨ..."ਸਤਿਗੁਰੂ"...।

ਤਾਂ ਸਤਿਗੁਰ ਅਰਜਨ ਦੇਵ ਜੀ, ਇਹ ਦਿੱਵ ਗਿਆਨ, ਸੰਸਾਰ ਹਿੱਤ ਲਈ ਦੇਂਦੇ ਹਨ:

"ਤੁਮ ਘਰਿ ਆਵਹੁ ਮੇਰੇ ਮੀਤ ॥

ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥" (ਪੰ. 198)

ਮਨੁੱਖ ਨੂੰ ਲਗਦੈ, ਮੇਰੀ ਇੱਛਾ ਪੂਰਤੀ ਵਿਚ, ਮੇਰੇ ਵਿਕਾਸ ਦੀ ਰਾਹ ਵਿਚ, ਕਈ ਦੋਖੀ ਰੁਕਾਵਟ ਬਣੇ ਹੋਏ ਹਨ। ਐਸੀ ਸੋਚ...ਐਸਾ ਅਨੁਭਵ, ਮਨ-ਬੁੱਧੀ ਤਲ ਤੇ ਹੋ ਰਿਹੈ। ਦੇਹ ਦੇ ਬਾਹਰੀ ਤਲ ਤੋਂ, ਸਭ ਤੋਂ ਅੱਗੇ ਲੰਘਣ ਦੀ ਯੋਜਨਾ ਬਣ ਰਹੀ ਹੈ। ਹਰ ਮਨੁੱਖ, ਦੂਜਾ ਸਿਕੰਦਰ ਬਣਨ ਦੀ ਵਿਉਂਤ ਰਚਾ ਰਿਹੈ। ਮੇਰੇ ਘਰ ਵਾਲੇ, ਸਮਾਜ ਵਾਲੇ, ਇਹ ਪੁਲਿਸ ਵਾਲੇ, ਮੇਰੇ ਦੋਖੀ ਹਨ। ਮੇਰੇ ਰਸਤੇ ਵਿਚ ਅਵਰੋਧ ਪਾ ਰਹੇ ਹਨ... ਰੋੜੇ ਪਾ ਰਹੇ ਹਨ। ਚਿਤ ਵਿਚ ਇੱਛਾਵਾਂ ਦੇ ਪਹਾੜ ਬਣ ਰਹੇ ਹਨ....ਵਾਸਨਾਵਾਂ-ਚਾਹਤਾਂ ਦੇ ਸਮੁੰਦਰ ਠਾਠਾਂ ਮਾਰ ਰਹੇ ਹਨ। ਪਰ ਲੋਕ, ਦੋਖੀ ਬਣ ਗਏ ਹਨ। ਜਮਾਤ ਵਿਚ ਅੱਵਲ ਆਉਣਾ ਚਾਹੁੰਦਾ ਹਾਂ। ਪਰ ਇਹ ਜਿਹੜੇ ਹੋਸ਼ਿਆਰ ਵਿਦਿਆਰਥੀ ਰੁਕਾਵਟ ਬਣ ਜਾਂਦੇ ਹਨ। ਪ੍ਰੀਖਿਆ ਵਿਚ ਨਕਲ ਕਰ ਕੇ ਅੱਗੇ ਲੰਘਣਾ ਚਾਹੁੰਦਾ ਤਾਂ, ਨਿਰੀਖਅਕ, ਸਿੱਖਿਅਕ ਸਿਰ ਤੇ ਖਲੋ ਜਾਂਦੇ ਹਨ। ਇਹ ਸਾਰੇ ਮੇਰੇ ਦੋਖੀ ਹੋ

ਗਏ ਹਨ। ਪੰਜਵੇਂ ਪਾਤਸ਼ਾਹ ਕਹਿੰਦੇ ਹਨ:

ਇਹ ਤੇਰੀ ਬਾਹਰਮੁਖੀ ਸੋਚ ਤੈਨੂੰ ਦੁਖੀ ਕਰ ਰਹੀ ਹੈ। ਮਨੁੱਖੀ ਚਾਹਤਾਂ ਭਰੀਆਂ ਸੋਚਾਂ ਦੀ ਭੀੜ ਇਕੱਠੀ ਹੋ ਗਈ ਹੈ। ਇਕ ਕਿਲਾ, ਕਬਜ਼ਾ ਕਰਨ ਲਈ ਰਾਜੇ ਤਿਆਰ ਹਨ। ਹਰ ਪਾਸੇ, ਜੰਗ ਦੀ ਦੁੰਦੂਭੀ (ਸ਼ਹਿਨਾਈ) ਵੱਜ ਰਹੀ ਹੈ। ਮਾਨਸ ਮਨੋਵਿਗਿਆਨ ਦਾ ਇਹੋ ਯਥਾਰਥ ਹੈ।

ਤਾਂ ਪੰਜਵੇਂ ਪਾਤਸ਼ਾਹ ਸੁਖੀ ਹੋਣ ਦਾ...ਦੁੱਖਾਂ ਤੋਂ ਨਿਜਾਤ ਪਾਉਣ ਦਾ ਮੰਤਰ ਦੇਂਦੇ ਹਨ:

"ਤੁਮ ਘਰਿ ਆਵਹੁ ਮੇਰੇ ਮੀਤ ॥"

ਹੇ ਮੇਰੇ ਮਿੱਤਰ! ਸੰਸਾਰਕ ਭੋਗ ਪਦਾਰਥਾਂ ਦੀ ਦੌੜ, ਤੇਰੇ ਦੁਖ ਦਾ ਕਾਰਣ ਹੈ। ਤੂੰ ਅੰਤਰਮੁਖੀ ਹੋ ਜਾ। ਬਾਹਰ ਬਹੁਤ ਦੁਖ ਸਹਿ ਲਿਆ। ਕਈ ਵਾਰੀ ਜਿੱਤ ਕੇ ਵੀ ਅੰਤ ਹਾਰਦਾ ਰਿਹਾ... ਖਾਲੀ ਹੱਥ ਇੱਥੋਂ ਜਾਂਦਾ ਰਿਹਾ। ਹੁਣ ਆਪਣੇ ਘਰ ਪਰਤ ਆ। ਤੇਰਾ ਨਿਜਤੱਵ, ਤੇਰੇ ਪ੍ਰਾਣ, ਤੇਰੀ ਜੋਤਿ, ਤੈਨੂੰ ਉਡੀਕ ਰਹੀ ਹੈ। "ਨਿਜ ਥਾਂਵ" ਆ ਜਾ। ਉਥੇ ਬਾਹਰਲੇ ਦੁਖਾਂ ਦੀ ਪਹੁੰਚ ਨਹੀਂ ਹੈ। ਸੁਖ ਹੀ ਸੁਖ ਹੈ...ਪਰਮ ਸੁਖ!

ਭਗਤ ਰਵਿਦਾਸ, ਉਸ ਥਾਂ ਬਾਬਤ ਕਹਿੰਦੇ ਹਨ–

"ਬੇਗਮਪੁਰਾ ਸਹਰ ਕੋ ਨਾਉ ॥ ਦੂਖ ਅੰਦੋਹੁ ਨਹੀ ਤਿਹਿ ਠਾਉ ॥"

(ਪੰਨਾ 464)

ਉਥੇ ਕੋਈ ਦੁਖ ਨਹੀਂ, ਚਿੰਤਾ ਨਹੀਂ, ਸ਼ੰਕਾ ਨਹੀਂ, ਘਾਟਾ ਨਹੀਂ, ਭੈਅ ਨਹੀਂ.. ਉਹ ਬੇਗਮਪੁਰਾ...ਚਿੰਤਾ ਮੁਕਤਿ ਸ਼ਹਿਰ ਹੈ—

"ਊਂਹਾ ਖੈਰਿ ਸਦਾ ਮੇਰੇ ਭਾਈ ॥"

ਉਥੇ ਸਦਾ ਬਸੰਤ ਬਹਾਰਾਂ ਨੇ... ਪਰਮ-ਸੁਖ ਹੈ, ਸ਼ਾਂਤੀ ਹੈ, ਸੁਰੱਖਿਆ ਹੈ। ਪੰਜਵੇਂ ਪਾਤਸ਼ਾਹ ਕਹਿੰਦੇ ਹਨ—ਤੂੰ ਲੌਟ ਕੇ ਆ ਜਾ ਮੇਰੇ ਮੀਤ, ਤੇਰੇ ਸਾਰੇ ਦੁਖ, ਸੰਤਾਪ, ਪ੍ਰਭੂ ਨਿਵਾਰ ਦੇਏਗਾ।



Sri Satguru Jagjit Singh Ji eLibrary NamdhariElibrary@gmail.com

## 37

# ਫਰੀਦਾ ਬੁਰੇ ਦਾ ਭਲਾ ਕਰਿ

ਸੰਨ 1971 ਵਿਚ ਗੀਤਕਾਰ ਗੁਲਜ਼ਾਰ ਨੇ ਬਹੁਤ ਖ਼ੂਬਸੂਰਤ ਗੀਤ ਲਿਖਿਆ ਸੀ, ਜਿਹੜਾ ਫਿਲਮ ਗੁੱਡੀ ਵਿੱਚ, ਸਕੂਲ ਪ੍ਰਾਥਨਾ ਦੇ ਰੂਪ ਵਿਚ ਗਾਇਆ ਅਤੇ ਫਿਲਮਾਇਆ ਗਿਆ—

"ਹਮਕੋ ਇਤਨੀ ਸ਼ਕਤੀ ਦੇਨਾ, ਮਨ ਵਿਜੈ ਕਰੇਂ।

ਦੂਸਰੋਂ ਕੀ ਜੈ ਸੇ ਪਹਿਲੇ, ਖ਼ੁਦ ਕੋ ਜੈ ਕਰੇਂ।

ਭੇਦ ਭਾਵ ਅਪਨੇ ਦਿਲ ਸੇ ਸਾਫ ਕਰ ਸਕੇਂ।

ਦੋਸਤੋਂ ਸੇ ਭੂਲ ਹੋ ਤੋ ਮਾਫ ਕਰ ਸਕੇਂ।

ਝੂਠ ਸੇ ਬਚੇ ਰਹੇਂ, ਸਤਿਅ ਕਾ ਦਮ ਭਰੇਂ।

ਦੂਸਰੋਂ ਕੀ ਜੈ ਸੇ ਪਹਿਲੇ, ਖ਼ੁਦ ਕੋ ਜੈ ਕਰੇਂ।"

ਇਸ ਗੀਤ ਦੇ ਬੋਲ, ਆਮ ਜਨ ਵਿੱਚ ਇੰਨੇ ਪਸੰਦ ਕੀਤੇ ਗਏ ਤੇ ਇੰਨੇ ਲੋਕਪ੍ਰਿਅ ਹੋਏ ਕਿ ਅੱਜ ਵੀ ਅਨੇਕਾਂ ਸਕੂਲਾਂ ਵਿਚ, ਪ੍ਰਾਥਨਾ ਰੂਪ ਵਿਚ ਗਾਇਆ ਜਾਂਦਾ ਹੈ।

ਸੰਸਾਰ ਜਿੱਤਣ ਦੀ ਤਮੰਨਾ, ਇਕੱਲੇ ਸਿਕੰਦਰ ਨੇ ਨਹੀਂ ਸੀ ਕੀਤੀ....ਹਰ ਉੱਚ ਅਭਿਲਾਸ਼ੀ ਮਨੁੱਖ, ਸਿਕੰਦਰ ਵਾਂਗ ਪ੍ਰਭੁਤਾ ਚਾਹੁੰਦਾ ਹੈ। ਮਨੁੱਖ ਦੀ ਇਹੋ ਮਨੋ-ਦਸ਼ਾ, ਸੰਸਾਰ ਵਿਚ, ਉਪਦ੍ਰਵ ਕਰ ਰਹੀ ਹੈ। ਹਰ ਇਨਸਾਨ, ਨਿੱਜ ਹਿੱਤ ਲਈ ਹੱਦਾਂ ਟੱਪ ਰਿਹਾ ਹੈ। ਵਿਕਾਸ ਦੀ ਰੇਸ ਵਿੱਚ, ਹਰ ਮਨੁੱਖ ਆਪਣੀ ਦਿਸ਼ਾ ਤੋਂ ਬਾਹਰ ਜਾ ਰਿਹਾ ਹੈ। ਪਰਸਪਰ (ਆਪਸੀ) ਟਕਰਾਅ, ਅਤੇ ਸੰਘਰਸ਼ ਹੋ ਰਹੇ ਹਨ। ਜੱਗ ਦੀਆਂ ਜੰਗਾਂ ਦਾ ਇਹ ਮੁੱਖ ਕਾਰਣ ਰਿਹਾ ਹੈ। ਤਾਂ ਧਰਮ ਸ਼ਾਸਤ੍ਰਾਂ ਨੇ ਧਰਮ ਦੇ ਦੋ ਪੈਰ ਦੱਸੇ- "ਇਹ ਲੋਕ ਸੁਖੀਏ, ਪਰਲੋਕ ਸੁਹੇਲੇ"।



Sri Satguru Jagjit Singh Ji eLibrary NamdhariElibrary@gmail.com

ਇਕ ਪੈਰ ਪ੍ਰਮਾਤਮਾ ਦਾ, ਹਰ ਜੀਅ ਵਿਚ....ਕਾਇਨਾਤ ਦੇ, ਕੁਦਰਤ ਦੇ, ਹਰ ਕਿਣਕੇ ਵਿਚ। ਇਹਨਾਂ ਸਾਰਿਆਂ ਪ੍ਰਤੀ ਸੁਹਿਰਦ ਹੋਣਾ, ਧਰਮ ਦਾ ਪਹਿਲਾ ਪਾਇਦਾਨ ਹੈ। ਇਸ ਜੱਗ ਵਿਚ, ਸਾਡੀ ਰਹਿਤ... ਜੀਉਣ ਦਾ ਢੰਗ, ਪਰਲੋਕ ਦੀ ਭੂਮਿਕਾ ਬਣਾਏਗਾ। ਤਾਂ ਪ੍ਰਮਾਤਮਾ ਤੋਂ ਮੰਗੀਏ, ਹੇ ਪ੍ਰਭੂ! ਮਨ ਨੂੰ ਜਿੱਤ ਸਕੀਏ, ਇਹੋ ਜਿਹੀ ਸਮਝ ਮਿਹਰ ਕਰ। ਹੇ ਸਤਿਗੁਰ, ਸਾਰੇ ਜੀਅ ਤੇਰੇ ਹਨ.... ਇਹਨਾਂ ਪ੍ਰਤੀ ਕਰੁਣਾ ਦੀ, ਦਇਆ ਦੀ ਮਨੋਦਸ਼ਾ, ਮਿਹਰ ਕਰ। ਤਾਂ ਜੋ ਹੇ ਰੱਬਾ, ਤੈਥੋਂ ਦਇਆ ਦੀ ਆਸ ਕਰ ਸਕਾਂ। ਕਿਸੇ ਦੀ ਭੁੱਲ ਮਾਫ਼ ਕਰ ਸਕਾਂ ਤਾਂ ਜੋ ਮੇਰੇ ਸਤਿਗੁਰ, ਤੈਥੋਂ ਆਪਣੀ ਭੁੱਲ ਬਖਸ਼ਾਉਣ ਦੀ ਫ਼ਰਿਆਦ ਕਰ ਸਕਾਂ।

ਤਾਂ ਭਗਤ ਫਰੀਦ ਜੀ ਕਹਿੰਦੇ ਹਨ—

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਦੇਹੀ ਰੋਗ ਨ ਲਗਈ ਪਲੈ ਸਭੁ ਕਿਛੁ ਪਾਇ॥" (ਪੰ. 642)

ਕਹਿੰਦੇ ਹਨ, ਚਿੰਤਾ ਸਭ ਤੋਂ ਵੱਡਾ ਰੋਗ ਹੈ। ਬਹੁਤ ਚਿੰਤਤ ਹੁੰਦੇ ਹਨ, ਉਹ ਸ਼ਖਸ, ਜਿਹੜਾ ਕਿਸੇ ਦਾ ਹੱਕ ਖੋਹਣ ਲਈ, ਹਮਲੇ ਦੇ ਵਿਉਂਤ ਰਚਦੇ ਹਨ। ਬਹੁਤ ਸ਼ਾਂਤ.... ਬਹੁਤ ਸੁੱਖੀ, ਉਹ ਸੱਜਣ ਹੁੰਦੇ ਹਨ, ਜੋ ਮਾਫ਼ ਕਰਦੇ ਹਨ ਤਿਆਗ ਕਰਦੇ ਹਨ, ਸਭ ਦਾ ਭਲਾ ਮੰਗਦੇ ਹਨ।

ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੋਇੰਦਵਾਲ, ਸ਼ਾਮ ਦੇ ਦੀਵਾਨ ਵਿਚ ਵਿਰਾਜਮਾਨ ਸਨ। ਹਜ਼ੂਰੀ ਰਾਗੀ, ਕੀਰਤਨ ਕਰ ਰਹੇ ਸਨ.... ਸਤਿਗੁਰ ਜੀ ਆਤਮਿਕ ਆਨੰਦ ਵਿੱਚ ਲੀਨ ਸਨ। ਭਾਈ ਦਾਤੂ ਜੀ (ਸ੍ਰੀ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰ) ਨੇ, ਆਸਨ ਤੇ ਬਿਰਾਜਮਾਨ, ਸਤਿਗੁਰ ਜੀ ਦੀ ਵੱਖੀ ਵਿਚ, ਜ਼ੋਰ ਦੀ ਲੱਤ ਮਾਰੀ। ਸਤਿਗੁਰ ਜੀ ਡਿੱਗ ਪਏ। ਬਿਰਧ ਸਰੀਰ। ਸੰਭਲੇ.... ਕੰਬਦੇ ਹੋਏ ਉੱਠੇ। ਵੇਖਿਆ, ਮੇਰੇ ਸਤਿਗੁਰ ਦੇ ਸਾਹਿਬਜ਼ਾਦੇ, ਦਾਤੂ ਜੀ! ਚਰਨ ਫੜ ਲਏ। ਸ੍ਰੀ ਗੁਰਪ੍ਰਤਾਪ ਸੂਰਜ ਵਿੱਚ, ਇਤਿਹਾਸਕਾਰ, ਭਾਈ ਸੰਤੋਖ ਸਿੰਘ ਜੀ ਲਿਖਦੇ ਹਨ-

"ਕਰ ਕਮਲਨ ਸੋਂ ਮਰਦਨ ਕਰੇ।" ਦਾਤੂ ਜੀ ਦੇ ਪੈਰਾਂ ਤੇ ਹੱਥ ਫੇਰਨ ਲੱਗੇ।

ਮੇਰਾ ਬਿਰਧ ਸਰੀਰ, ਸੇਵਾ ਕਰਦਿਆਂ ਹੋਰ ਕਠੋਰ ਹੋ ਗਿਐ। ਮੇਰੇ ਸਤਿਗੁਰਾਂ



Sri Satguru Jagjit Singh Ji eLibrary NamdhariElibrary@gmail.com

ਦੇ ਸਾਹਿਬਜ਼ਾਦੇ ! ਤੁਹਾਡੇ ਚਰਨ ਅਤਿ ਕੋਮਲ ਹਨ.... ਪੈਰਾਂ ਵਿਚ ਸੱਟ ਲੱਗੀ ਹੋਣੀ। ਅਨਜਾਣੇ, ਅਪਰਾਧ ਹੋ ਗਿਆ ਮੈਥੋਂ। ਤੁਹਾਨੂੰ ਵੇਖ, ਅੱਗੋਂ ਖਲੋਣਾ ਚਾਹੀਦਾ ਸੀ। ਚੰਗਾ ਕੀਤਾ, ਮੈਨੂੰ ਤਾੜਨਾ ਕੀਤੀ ਏ....ਮੇਰਾ ਭਲਾ ਕੀਤਾ।

ਬੁਰੇ ਨਾਲ ਸਭੁ ਬੁਰਾ ਕਮੌਂਦੇ, ਮਾਫ ਕਰਨ ਕਈ ਸਿਆਣੇ॥

ਬੁਰੇ ਨਾਲ ਵੀ ਭਲਾ ਕਮਾਉਣਾ... ਇਹ ਗੁਰੂ ਨਾਨਕ ਜਾਣੇ॥

ਦਾਤੂ ਜੀ ਨੂੰ ਖਡੂਰ ਸਾਹਿਬ ਜਾਂਦਿਆਂ, ਭਿਆਨਕ ਸਿਰ ਦਰਦ ਹੋਣ ਲੱਗਾ। ਮਾਤਾ (ਖੀਵੀ ਜੀ) ਨੂੰ ਵਾਰ ਵਾਰ ਕਹਿੰਦੇ-

ਮੇਰਾ ਸਿਰ ਫੱਟ ਜਾਣੈ...ਅਸਹਿ ਪੀੜ੍ਹ....ਸਹਿਨ ਨਹੀਂ ਹੁੰਦੀ। ਮਾਤਾ ਖੀਵੀ ਜੀ ਕਹਿੰਦੇ, ਪੁੱਤਰ, ਤੁਸਾਂ ਆਪਣੇ ਗੁਰੂ ਪਿਤਾ ਦੀ ਰਮਜ਼ ਨਹੀਂ ਸਮਝੀ। ਤੁਹਾਡੇ ਪਿਤਾ ਨੇ, ਭਾਂਡਾ ਵੇਖ ਕੇ ਹੀ ਗੁਰਤਾ ਦੀ ਦਾਤ, ਗੁਰੂ ਅਮਰਦਾਸ ਜੀ ਨੂੰ ਬਖਸ਼ੀ ਹੈ। ਤੁਸਾਂ ਬਹੁਤ ਮਾੜਾ ਕੀਤੈ....ਇਹ ਦਰਦ ਤਾਂ ਉਥੋਂ ਹੀ ਮਿਲਿਐ... ਉਥੋਂ ਹੀ ਦੂਰ ਹੋਣੈ। ਮਾਂ, ਮੈਨੂੰ ਇਕ ਵਾਰ ਨਾਲ ਲੈ ਚੱਲ। ਭਿਆਨਕ ਦਰਦ.....ਏਦੂੰ ਮੌਤ ਚੰਗੀ। ਮਾਂ ਕੁਝ ਕਰ। ਮਾਤਾ ਜੀ ਦਾਤੂ ਜੀ ਨੂੰ ਨਾਲ ਲੈ ਕੇ, ਸ੍ਰੀ ਗੋਇੰਦਵਾਲ ਪੁੱਜੇ। ਸਤਿਗੁਰ ਜੀ ਅੱਗੋਂ ਆਏ। ਇਹ ਕੀ, ਮਾਤਾ ਜੀ, ਤੁਸੀਂ ਸੁਨੇਹਾ ਭੇਜਦੇ, ਮੈਂ ਖਡੂਰ ਸਾਹਿਬ ਆ ਜਾਂਦਾ। ਮਾਤਾ ਜੀ ਨੇ, ਦਾਤੂ ਜੀ ਨੂੰ ਸਤਿਗੁਰ ਚਰਨੀ ਪਵਾਇਆ....ਖਿਮਾ ਮੰਗੀ। ਪਾਤਸ਼ਾਹ, ਇਸਦੀ ਸਿਰ ਪੀੜ....ਗੱਲ ਪੂਰੀ ਵੀ ਨਾ ਹੋਈ, ਤੀਜੇ ਪਾਤਸ਼ਾਹ ਆਪਣਾ ਹੱਥ, ਦਾਤੂ ਜੀ ਦੇ ਸਿਰ ਛੁਹਾਇਆ ਤੇ ਬਚਨ ਕੀਤਾ—

"ਇਹ ਤਾਂ ਉਵੇਂ ਹਵਾ ਲੱਗ ਗਈ ਏ....ਹੁਣੇ ਦੂਰ ਹੋ ਜਾਣੀ।"

ਉਸੇ ਪਲ, ਸਿਰ ਪੀੜ ਉੱਡ ਗਈ....

ਫਰੀਦਾ ਬੁਰੇ ਦਾ ਭਲਾ ਕਰਿ....॥

ਮਨੁੱਖ, ਭੁਲਣਹਾਰ ਜੀਅ ਹੈ। ਮਨ ਅਤੇ ਸੰਸਾਰ, ਦੋਵੇਂ ਭੌਤਿਕ ਹਨ। ਦੋਹਾਂ ਦੇ ਜੀਂਨਸ, ਦੋਹਾਂ ਦਾ ਡੀ.ਐਨ.ਏ. ਇਕੋ ਹਨ। ਮਨ ਸੁਭਾਵਕ, ਸੰਸਾਰ ਚਾਹੁੰਦਾ ਹੈ। ਸੰਸਾਰ ਦੀ ਪ੍ਰਾਪਤੀ ਦੇ ਸਿਲਸਿਲੇ, ਖਿਨ ਖਿਨ ਭੁੱਲਾਂ ਕਰਦੈ। ਸਾਧੂ ਜਨ ਖਿਮਾ ਕਰਦੇ ਹਨ। ਇਹ ਦੋ ਵਿਚਾਰਧਾਰਾਵਾਂ ਨੇ ਸੰਸਾਰ ਦੇ ਦੋ ਵਰਗ ਬਣਾਏ—ਇਕ ਧਰਮੀ, ਦੂਜਾ ਅਧਰਮੀ।



Sri Satguru Jagjit Singh Ji eLibrary NamdhariElibrary@gmail.com

ਅੱਜ ਅੱਵਧ ਵਿਚ, ਬਹੁਤ ਰੌਣਕ ਹੈ। ਉਤਸਵ ਦਾ ਮਾਹੌਲ ਹੈ। ਦਸ਼ਰਥ ਪੁੱਤਰ, ਸ੍ਰੀ ਰਾਮ ਵਿਆਹ ਕੇ ਸੀਤਾ ਸੰਗ ਆਏ ਹਨ। ਕੱਲ ਨੂੰ, ਸ੍ਰੀ ਰਾਮ ਦਾ ਰਾਜਤਿਲਕ ਹੋਣੈ। ਰਾਜਾ ਦਸ਼ਰਥ ਨੇ, ਵੱਡੇ ਪੁੱਤਰ ਸ੍ਰੀ ਰਾਮ ਨੂੰ ਅਯੁਧਿਆ-ਨਰੇਸ਼ ਦੀ ਘੋਸ਼ਣਾ ਕੀਤੀ ਹੈ। ਹੋਣੀ ਵਾਪਰ ਗਈ....। ਕੈਕਈ ਨੇ, ਕਿਸੇ ਵੇਲੇ, ਰਾਜਾ ਦਸ਼ਰਥ ਤੋਂ, "ਦੋ ਵਰ" ਲੈਣ ਦਾ ਵਚਨ ਲਿਆ ਸੀ। ਅੱਜ ਉਹ ਦੋ ਵਰ ਮੰਗ ਲਏ-

ਪਹਿਲਾ- "ਸੁਣਹੁ ਪ੍ਰਾਣਪ੍ਰਿਅ ਭਾਵਤ ਜੀ ਕਾ, ਦੇਹੁ ਏਕ ਬਾਰ ਭਰਤਹਿ ਟੀਕਾ।"

ਭਰਤ ਨੂੰ ਅਯੋਧਿਆ ਰਾਜਾ ਰੂਪ ਵਿਚ ਟੀਕਾ ਦਿਉ।

ਦੂਸਰਾ- "ਤਾਪਸ ਵੇਸ਼ ਵਿਸ਼ੇਸ਼ ਉਦਾਸੀ, ਚਉਦਹ ਵਰਸ ਰਾਮ ਬਨਵਾਸੀ॥

ਤਪੱਸਵੀਆਂ ਦਾ ਭੇਖ, ਸੰਨਿਆਸੀ-ਉਦਾਸੀ ਭੇਖ ਵਿਚ, ਰਾਮ ਨੂੰ ਚਉਦਾਂ ਸਾਲਾਂ ਦਾ ਬਨਵਾਸ।

ਰਾਜਾ ਦਸ਼ਰਥ ਦੇ ਪ੍ਰਾਣ, ਰਾਮ ਵਿਚ ਵੱਸਦੇ ਸਨ। ਇਕ ਪਾਸੇ ਸ੍ਰੀ ਰਾਮ ਪ੍ਰਤੀ ਮੋਹ, ਦੂਜੇ ਪਾਸੇ ਵਚਨ ਨਿਰਵਾਹ ਦੀ ਰਘੂਕੁਲ ਰੀਤ। ਰਾਜਾ ਬੇਹੋਸ਼ ਹੋ ਕੇ ਡਿੱਗ ਪਏ। ਕੈਕਈ ਨੇ, ਸੁਮੰਤ੍ਰ ਜੀ ਨੂੰ ਭੇਜ ਕੇ, ਰਾਮ ਨੂੰ ਸੱਦਿਆ। ਪਿਤਾ ਦੀ ਦਸ਼ਾ ਵੇਖ ਕੇ, ਸ੍ਰੀ ਰਾਮ ਵਿਆਕੁਲਤਾ ਭਰੇ ਸ਼ਬਦਾਂ ਵਿਚ ਮਾਂ ਕੈਕਈ ਤੋਂ, ਕਾਰਣ ਪੁੱਛਿਆ। ਕੈਕਈ ਨੇ ਜਦੋਂ ਦੱਸਿਆ ਤਾਂ ਸ੍ਰੀ ਰਾਮ ਨੇ ਕਿਹਾ-ਮਾਂ ਇਹ ਤਾਂ ਬਹੁਤ ਛੋਟੀ ਜਿਹੀ ਗੱਲ ਹੈ... ਇੰਨੀ ਕੁ ਗੱਲ ਲਈ, ਪਿਤਾ ਸ੍ਰੀ ਨੇ ਕਿਉਂ ਧੀਰਜ ਛੱਡਿਆ-

"ਜੋ ਪਿਤੁ ਮਾਤੁ ਕਹਉ ਬਨ ਜਾਨਾ, ਤਉ ਕਾਨੁਨ ਸਤ ਅਵਧ ਸਮਾਨਾ ਹੈ॥"

ਜੇ ਮਾਤਾ-ਪਿਤਾ, ਜੰਗਲ ਵਿਚ, ਸੰਨਿਆਸੀ ਹੋ ਕੇ ਜਾਣ ਦਾ ਹੁਕਮ ਦੇਣ ਤਾਂ—ਉਸ ਜੰਗਲ ਤੋਂ ਮਾਂ, ਸੌ ਅਯੁਧਿਆ ਫਿੱਕੀਆਂ ਹਨ। ਕਮਾਲ ਦਾ ਧੀਰਜ....ਕਮਾਲ ਦਾ ਤਿਆਗ। ਕਾਲ ਦਾ ਉਹ ਪਲ, ਜਦੋਂ ਅਯੁਧਿਆ ਤੋਂ, ਅੱਧੀ ਰਾਤ ਨਿਕਲੇ ਤਾਂ ਸ੍ਰੀ ਰਾਮ ਬਣ ਕੇ ਅਤੇ ਜਦੋਂ ਵਾਪਿਸ ਆਏ ਚੌਦਾਂ ਸਾਲ ਬਾਅਦ ਤਾਂ ਭਗਵਾਨ ਸ੍ਰੀ ਰਾਮ ਬਣ ਕੇ....।



Sri Satguru Jagjit Singh Ji eLibrary NamdhariElibrary@gmail.com

ਮਹਾਂਭਾਰਤ ਵਿਚ ਪ੍ਰਸੰਗ ਹੈ—ਯੁਧਿਸ਼ਠਰ ਨੇ, ਭਗਵਾਨ ਸ੍ਰੀ ਕ੍ਰਿਸ਼ਨ ਤੋਂ ਪੁੱਛਿਆ– "ਸਭ ਤੋਂ ਵੱਡਾ ਤੀਰਥ ਕਿਹੜਾ ਹੈ ? " ਭਗਵਾਨ ਬੋਲੇ– "ਛਮਾ ਤੂ ਪਰਮ ਤੀਰਥः ਸਰਵ ਤੀਰਥੇਸੁ ਪਾਂਡਵः ॥"

ਖਿਮਾ, ਸ੍ਰਿਸ਼ਟੀ ਦਾ ਸਭ ਤੋਂ ਵੱਡਾ ਤੀਰਥ ਹੈ। ਜਿੱਥੇ ਲੋਭ ਹੈ, ਉਥੇ ਪਾਪ ਹੈ....ਜਿੱਥੇ ਖਿਮਾ, ਉਥੇ ਪ੍ਰਭੂ ਆਪ ਹੈ।

ਕਹਿੰਦੇ ਹਨ, ਸ਼ੇਖ ਸਾਅਦੀ ਨੂੰ ਸੈਰ ਕਰਦਿਆਂ ਕੁੱਤੇ ਨੇ ਵੱਢ ਲਿਆ। ਘਰ ਆਏ ਦੱਸਿਆ, ਕੁੱਤੇ ਨੇ ਦੰਦੀ ਵੱਢ ਲਿਆ। ਭੈਣ ਨੇ ਕਿਹਾ, "ਕਿ ਆਖਿਰ ਤੁਰਾ ਤੇਜਾ ਦੰਦਾ ਨਮੂਦ ?" ਕੁੱਤੇ ਨੇ ਦੰਦੀ ਵੱਢਿਆ... "ਕੀ ਤੇਰੇ ਦੰਦ ਨਹੀਂ ਸਨ ?"

ਸ਼ੇਖ ਸਾਅਦੀ ਕਿਹਾ, "ਵਲੈਕੁਮ ਨ ਆਇਦ ਜ ਮਰਦਮ ਸਗੀ ॥"

ਭੈਣ ! ਦੰਦ ਤਾਂ ਮੇਰੇ ਕੋਲ ਹਨ... ਪਰ ਮੈਂ ਇਨਸਾਨ ਹਾਂ ਅਤੇ ਇਨਸਾਨ ਤੇ ਕੁੱਤੇ ਵਿਚ ਭੇਦ ਹੁੰਦੈ।

ਤਾਂ ਭਗਤ ਫਰੀਦ ਜੀ ਕਹਿੰਦੇ ਹਨ–

ਫਰੀਦਾ ਬੁਰੇ ਦਾ ਭਲਾ ਕਰਿ....।

ਆਪਣਾ ਆਪਣਾ ਸੁਭਾਅ ਹੈ....ਆਪਣੀ ਆਪਣੀ ਪ੍ਰਤਿਭਾ। ਇਕ ਸੰਤਾਂ ਦੀ ਸਾਖੀ–ਆਮ ਪ੍ਰਚਲਿਤ ਹੈ, ਬਹੁਤਿਆਂ ਨੇ ਸੁਣੀ ਹੋਵੇਗੀ। ਇਕ ਦਰਿਆ ਕੰਢੇ ਬੈਠਿਆਂ, ਇਕ ਸੰਤ ਨੇ ਠੂੰਆਂ ਪਾਣੀ ਵਿਚ ਡੁੱਬਦਾ ਦੇਖਿਆ। ਸੰਤਾਂ ਨੇ ਉਸੇ ਸਮੇਂ, ਹੱਥ ਨਾਲ ਠੂੰਆਂ ਚੁੱਕ ਲਿਆ। ਕਿਨਾਰੇ ਸੁੱਟਣ ਤੋਂ ਪਹਿਲਾਂ ਹੀ ਉਸਨੇ ਡੰਗ ਮਾਰ ਦਿੱਤਾ....ਹੱਥ ਕੰਬਿਆ ਦਰਦ ਨਾਲ ਅਤੇ ਠੂੰਆਂ ਫੇਰ ਦਰਿਆ ਵਿਚ ਡਿੱਗ ਪਿਆ। ਡੁੱਬਣ ਲੱਗਾ....। ਵਿਚਾਰਾ ਜੀਅ, ਮਰ ਜਾਵੇਗਾ। ਸੰਤਾਂ ਫੇਰ ਕਾਹਲੀ–ਕਾਹਲੀ ਹੱਥ ਤੇ ਚੁੱਕ ਲਿਆ। ਸ਼ਾਇਦ ਕੋਈ ਹੋਰ ਸਾਧਨ ਉਸ ਸਮੇਂ, ਠੂੰਆਂ ਚੁੱਕਣ ਲਈ ਨਾ ਦਿੱਸਿਆ ਹੋਵੇ। ਠੂੰਏਂ ਦਾ ਆਪਣਾ ਸੁਭਾਅ.... ਫਿਰ ਡੰਗ ਮਾਰਿਆ। ਸੰਤ ਦੀ ਆਪਣੀ ਬਿਰਤੀ, ਫੇਰ ਚੁੱਕਿਆ। ਕਿਸੇ ਵੇਖਣ ਵਾਲੇ ਨੇ ਸੰਤ ਦੀ ਮੂਰਖਤਾ ਤੇ ਟੋਕਿਆ। ਤੁਹਾਨੂੰ ਪਤਾ ਹੈ, ਠੂੰਏਂ ਦਾ ਸੁਭਾਅ ਇਵੇਂ ਦਾ ਹੁੰਦਾ ਹੈ। ਸੰਤ ਕਿਹਾ, ਇਹ ਆਪਣਾ ਸੁਭਾਅ ਨਹੀਂ ਛੱਡ ਸਕਦਾ.... ਮੈਂ ਆਪਣਾ ਕਿਵੇਂ ਛੱਡ ਦਿਆਂ.....।

ਪ੍ਰਿਥੀ ਚੰਦ ਨੇ ਘਰ ਵਿਚ ਬਹੁਤ ਕਲੇਸ਼ ਪਾਇਆ। ਲੋਭੀ ਸੁਭਾਅ ਦਾ...॥



Sri Satguru Jagjit Singh Ji eLibrary NamdhariElibrary@gmail.com

ਸਮਝਦਾ ਸੀ, ਗੁਰਤਾ ਮੈਨੂੰ ਮਿਲਣੀ ਚਾਹੀਦੀ ਸੀ। ਪਿਤਾ, ਸ੍ਰੀ ਗੁਰੂ ਰਾਮਦਾਸ ਜੀ, ਕਲੇਸ਼ ਵਿੱਚ ਹੀ ਦੇਹ ਤਿਆਗ ਦਿੱਤੀ। ਪ੍ਰਿਥੀਏ ਨੇ ਸਬਕ ਨਾ ਲਿਆ। ਮਾਮਾ ਜੀ, ਭਾਈ ਗੁਰਦਾਸ ਜੀ ਨੇ, ਪ੍ਰਿਥੀ ਚੰਦ ਅਤੇ ਉਸ ਦੀ ਘਰ ਵਾਲੀ ਬੀਬੀ ਕਰਮੋ ਨੂੰ ਬਿਠਾ ਕੇ ਫ਼ੈਸਲਾ ਕਰ ਦਿੱਤਾ—ਅੰਮ੍ਰਿਤਸਰ ਦੀਆਂ ਦਸ ਦੁਕਾਨਾਂ ਦਾ ਕਿਰਾਇਆ ਅਤੇ ਸ਼ਹਿਰ ਵਿੱਚ ਬਾਹਰੋਂ ਆਉਣ ਜਾਣ ਵਾਲੇ ਸਮਾਨ ਤੇ ਪ੍ਰਾਪਤ ਅੱਧੀ ਚੁੰਗੀ ਤੁਹਾਡੀ ਹੋਈ। ਆਮਦਨੀ ਤੁਹਾਡੀ ਬਣ ਗਈ....ਸ੍ਰੀ ਤਰਨ ਤਾਰਨ ਦੀ ਜਾਇਦਾਦ ਵੀ ਤੁਹਾਡੀ। ਜਦੋਂ ਭਾਈ ਗੁਰਦਾਸ ਜੀ ਨੇ, ਪੰਜਵੇਂ ਪਾਤਸ਼ਾਹ ਜੀ ਨੂੰ ਇਹ ਫ਼ੈਸਲਾ ਦੱਸਿਆ ਤਾਂ ਪਾਤਸ਼ਾਹ ਨਿਮਰਤਾ ਸਹਿਤ ਕਿਹਾ, ਮਾਮਾ ਜੀ! ਫ਼ੈਸਲਾ ਸਹੀ ਨਹੀਂ ਹੋਇਆ। ਵੱਡੇ ਭਾਈ ਜੀ ਦਾ ਪਰਿਵਾਰਿਕ ਖਰਚ ਬਹੁਤਾ ਹੈ, ਸ੍ਰੀ ਅੰਮ੍ਰਿਤਸਰ ਦੀਆਂ ਸਾਰੀਆਂ ਦੁਕਾਨਾਂ ਦਾ ਕਿਰਾਇਆ.... ਸਾਰੀ ਚੁੰਗੀ ਉਹਨਾਂ ਨੂੰ ਦੇ ਦਿਉ....ਪਾਸੀਆਂ ਵਾਲੀ ਸਾਰੀ ਆਮਦਨੀ, ਸ੍ਰੀ ਮਹਾਦੇਵ ਭਾ ਜੀ ਨੂੰ ਦੇ ਦਿਉ। ਮਾਮਾ ਜੀ ਨੇ ਪੁੱਛਿਆ, "ਤੁਹਾਡੇ ਕੋਲ ਗੁਜ਼ਾਰੇ ਲਈ ਕੀ ਰਹਿ ਗਿਆ?"

ਮੇਰੀ ਚਿੰਤਾ ਨਾ ਕਰੋ....ਇਹ ਵੀ ਤਾਂ ਮੇਰੇ ਹੀ ਹਨ।

"ਫਰੀਦਾ ਬੁਰੇ ਦਾ ਭਲਾ ਕਰਿ....॥"



Sri Satguru Jagjit Singh Ji eLibrary NamdhariElibrary@gmail.com

# 38

# ਜਿਨ ਪ੍ਰੇਮ ਕੀਓ

ਇਕ ਖਿੱਚ ਦੇ ਅਦਿੱਖ ਧਾਗੇ ਵਿਚ, ਸੰਸਾਰ ਬੱਧਾ ਹੈ। ਪਰਿਵਾਰ, ਵਪਾਰ, ਹਰ ਥਾਂ, ਇਕ ਭਰੋਸੇ ਦੀ ਖਿੱਚ, ਇਕ ਨੇਹ ਦਾ ਅਦਿੱਖ ਆਕਰਸ਼ਨ, ਮਿਲਨ-ਬਿੰਦੂ ਬਣਦੈ। ਧਰਤੀ-ਚੰਦ, ਸੂਰਜ, ਸਿਤਾਰੇ, ਸਾਰੇ ਦੇ ਸਾਰੇ ਖਿੱਚ ਦੇ ਇਸੇ ਸਿਧਾਂਤ ਵਿਚ ਬੱਧੇ ਸਥਿਰ ਹਨ। ਵਿਗਿਆਨ, ਇਸ ਨੂੰ "ਗੁਰੁਤੱਵਾਕਰਖਣ ਸਿਧਾਂਤ" ਕਹਿੰਦੇ ਹਨ। ਉਪਰ, ਸੂਰਜ ਖਿੱਚ ਰਿਹੈ, ਥੱਲੇ ਧਰਤੀ ਖਿੱਚ ਰਹੀ ਹੈ ਤਾਂ ਦੁਹਾਂ ਦੇ ਵਿਚਾਲੇ ਚੰਦਰਮਾ ਆਪਣੀ ਪਰਿਕਰਮਾ ਵਿਚ ਗਤੀਸ਼ੀਲ ਹੈ। ਸਾਰੇ ਗ੍ਰਹਿ, ਉਪਗ੍ਰਹਿ, ਇਸੇ ਖਿੱਚ ਸਿਧਾਂਤ ਵਿਚ ਸੁਰਖਿੱਅਤ ਹਨ।

ਇਹ ਖਿੱਚ-ਵਿਧਾਨ, ਪ੍ਰਾਣੀ ਅਤੇ ਪਰਮੇਸ਼ਰ ਵਿਚ ਵੀ ਸਦਾ ਕ੍ਰਿਆਸ਼ੀਲ ਰਹਿੰਦੈ। ਪਰਮੇਸ਼ਰ, ਆਤਮ ਸਵਰੂਪ.... ਸੂਖਮ ਬਿੰਬ ਰੂਪ, ਹਰ ਪ੍ਰਾਣੀ ਦੇਹ ਵਿਚ, ਅਦਿੱਖ ਨਿਰੰਕਾਰ ਪ੍ਰਤੀ ਕਸ਼ਿਸ਼ ਪੈਦਾ ਕਰਦਾ ਰਹਿੰਦੈ। ਰੂਹਾਨੀ ਤਲ ਤੇ ਜਾਗੇ ਹੋਏ ਜਨ, ਸਦਾ ਉਸ ਖਿੱਚ ਦੇ ਸੰਗ; ਉਸ ਖਿੱਚ ਦੀ ਨਿੱਘ ਲੋਚਦੇ ਹਨ। ਪ੍ਰੋ. ਪੂਰਨ ਸਿੰਘ, ਇਸੇ ਭਾਵ ਵਿਚ ਰਹਿੰਦੇ ਹਨ—

"ਜੇ ਨਾ ਰਖੇਂ ਖਿੱਚ, ਸਾਈਆਂ ਮੇਰਿਆ॥

ਜਾਵਾਂ ਹਾਇ ਗਵਾਚ ਬਨਾਂ ਤੇ ਮੇਲਿਆਂ"॥

ਵੇਖੀਂ ਮੇਰੇ ਸਾਂਈਆਂ! ਪ੍ਰੀਤ ਦੀ ਗਲਵਕੜੀ ਵਿਚ ਮਹਿਫ਼ੂਜ਼ ਰੱਖੀਂ.....ਹਰਖ ਦੇ ਮੇਲਿਆਂ ਵਿਚ, ਸੋਗ ਦੇ ਉਦਾਸ ਜੰਗਲਾਂ ਵਿਚ ਗੁੰਮ ਨਾ ਹੋ ਜਾਵਾਂ।

ਜ਼ਿੰਦਗੀ ਤਾਂ ਦਹਿਲੀਜ਼ ਹੈ... ਖੁਸ਼ੀ ਦਾ ਮਹਿਮਾਨ ਆਵੇ, ਨਵਾਂ ਬਾਲ, ਦਹਿਲੀਜ਼ ਅੰਦਰ ਪੈਰ ਰਖੇ ਤਾਂ ਬੰਦਨਵਾਰ ਲਗਦੇ ਹਨ; ਖੁਸ਼ੀ ਦੇ ਗੀਤਾਂ ਰਾਹੀਂ, ਖੁਸ਼-ਆਮਦੀਦ ਕਹਿੰਦੇ ਹਾਂ,.. ਦਹਿਲੀਜ਼ ਤੇ ਤੇਲ ਚੌਂਦੇ ਹਾਂ। ਇਸੇ



Sri Satguru Jagjit Singh Ji eLibrary NamdhariElibrary@gmail.com

ਦਹਿਲੀਜ਼ ਤੋਂ ਕਿਸੇ ਪਿਆਰੇ ਦਾ ਜਨਾਜ਼ਾ ਨਿਕਲੇ ਤਾਂ ਹੰਝੂਆਂ ਨਾਲ ਦਹਿਲੀਜ਼ ਭਿੱਜਦੀ ਹੈ। ਇਹ ਜੀਵਨ ਦਹਿਲੀਜ਼ ਦਾ ਕਰਮ ਹੈ। ਸੱਜਣ ਆਏ, ਤਾਂ ਜੀ ਆਇਆਂ ਨੂੰ। ਗਏ ਤਾਂ ਅਲਵਿਦਾ...। ਦੋਨੋਂ ਸਮੇਂ ਧੀਰਜ ਰਹੇ ਤਾਂ ਪ੍ਰੀਤ ਦਾ ਮੰਦਰ ਸਿਰਜਿਆ ਜਾਂਦੈ। ਮਨੁੱਖ ਦੇ ਅੰਦਰ ਇਕ ਬਿੰਦੂ...ਜਿੱਥੇ ਮੰਦਰ ਦੀ ਪ੍ਰਭੂ ਮੂਰਤ ਹੈ....ਇਸ਼ਕ ਦੀ ਦਰਗਾਹ। ਖੁਸ਼ੀ ਵਿਚ ਵੀ... ਗ਼ਮੀ ਵਿਚ ਵੀ ਇਥੇ ਸਿਰ ਝੁਕਦੇ ਹਨ। ਪ੍ਰੇਮ ਦਾ ਮੱਕਾ ਵੀ.... ਜਿੱਥੇ ਮੁਹੰਮਦ ਸਾਹਿਬ, ਸੰਸਾਰ ਦੀ ਮੁਆਠ ਅੰਦਰ ਆਏ... ਮਦੀਨਾ ਵੀ.... ਜਿੱਥੋਂ ਅਲਵਿਦਾ ਕਹਿ ਗਏ।

ਦਸਮ ਪਾਤਸ਼ਾਹ ਪਾਉਂਟੇ, ਯਮੁਨਾ ਤੱਟ ਤੇ, ਵਿਦਵਾਨਾਂ, ਕਵੀਆਂ ਵਿਚ ਕਹਿੰਦੇ ਹਨ- ਪ੍ਰੇਮ ਸਿਖਰ ਹੈ, ਭਗਤੀ ਦਾ:

"ਬਾਸ ਕੀਓ ਬਿਖਿਆਨ ਸੋ ਬੈਠ ਕੈ, ਐਸੇ ਹੀ ਐਸੇ ਸੁ ਬੈਸ ਬਿਤਾਇਓ॥

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ (ਅਕਾਲ ਉਸਤਤਿ)

ਸੰਸਾਰਕ ਪੂਜਾ-ਅਰਚਨਾ ਤਾਂ ਵਿਸ਼ੇ ਵਾਸ਼ਨਾਵਾਂ ਤੋਂ ਪ੍ਰੇਰਤ ਕਰਮ-ਕਾਂਡ ਹਨ। ਜ਼ਰੂਰਤਾਂ ਲਈ ਮੰਗ ਦਾ ਵਸੀਲਾ ਬਣਾ ਲਿਐ।

ਹੋਰ ਕਹਿੰਦੇ ਹਨ-

"ਸਾਰੇ ਹੀ ਦੇਸ ਕੋ ਦੇਖਿ ਰਹਿਓ, ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ।

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥ (ਸਵੈਯੇ)

ਪਾਤਸ਼ਾਹ ਨੇ ਦੋ ਵਾਰ "ਰੱਤੀ" ਸ਼ਬਦ ਦਾ ਪ੍ਰਯੋਗ ਕੀਤਾ ਹੈ:

ਰੱਤੀ ਦਾ ਅਰਥ ਹੈ-ਪ੍ਰੀਤ...ਰੱਤੀ ਦਾ ਅਰਥ ਹੈ: ਤੋਲ ਦੀ ਸਭ ਤੋਂ ਛੋਟੀ ਇਕਾਈ। ਤੋਲਾ, ਮਾਸਾ, ਰੱਤੀ। ਜਿਸ ਵਿਚ ਪ੍ਰੀਤ ਨਹੀਂ, ਉਹ ਇਕ ਰੱਤੀ ਵਾਂਗ, ਮੁੱਲਹੀਨ ਹੋ ਜਾਂਦੇ ਹਨ।

ਇਹ ਪ੍ਰੀਤ... ਇਹ ਇਸ਼ਕ, ਉਹ ਨਹੀਂ, ਜੋ ਕੇਵਲ ਦੋ ਜਿਸਮਾਂ ਦਰਮਿਆਨ ਘਟਦੈ। ਇਹ ਤਾਂ ਪ੍ਰੀਤ ਦੀ ਉਹ ਲਹਿਰ ਹੈ, ਜੋ ਆਲੇ ਦੁਆਲੇ ਦੇ... ਸੰਪਰਕ ਦੇ ਹਰ ਸੁੱਕੇ ਬੂਟਿਆਂ ਨੂੰ ਨਵਾਂ ਖੇੜਾ ਦੇਂਦੀ ਲੰਘਦੀ ਹੈ। ਕਹਿੰਦੇ ਹਨ, ਇਕ ਵਾਰ ਭਗਵਾਨ ਸ੍ਰੀ ਮਹਾਂਵੀਰ, ਗੋਸ਼ਾਲਕ ਨਾਲ ਸੈਰ ਕਰ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

ਰਸਤੇ ਵਿਚ, ਇਕ ਛੋਟਾ ਜਿਹਾ ਬੂਟਾ, ਵਗਦੀ ਹਵਾ ਦੇ ਹਰ ਝੌਂਕੇ ਨੂੰ, ਪੂਰਨ ਖੇੜੇ ਵਿਚ ਜੀ ਰਿਹਾ ਸੀ। ਗੋਸ਼ਾਲਕ ਖਲੋ ਗਿਆ। ਪੁੱਛਿਆ-ਦਸੋ, ਇਸ ਬੂਟੇ ਨੂੰ ਫੁੱਲ ਪੈਣਗੇ ਜਾਂ ਨਹੀਂ? ਤੀਰਥੰਕਰ ਨੇ ਬੂਟੇ ਵੱਲ ਪਿਆਰ ਨਾਲ ਵੇਖਿਆ ਤੇ ਕਿਹਾ, ਜ਼ਰੂਰ ਪੈਣਗੇ। ਗੋਸ਼ਾਲਕ ਨੇ ਉਸੇ ਵੇਲੇ, ਉਹ ਬੂਟਾ ਉਖਾੜ ਕੇ ਸੁੱਟ ਦਿੱਤਾ- "ਹੁਣ ਕਿੱਥੋਂ ਪੈਣਗੇ?" ਦੋਵੇਂ ਅੱਗੇ ਵੱਧ ਗਏ। ਦੂਜੇ ਦਿਨ ਬਹੁਤ ਬਾਰਿਸ਼ ਹੋਈ....ਵਗਦੇ ਪਾਣੀ ਦੇ ਪ੍ਰਵਾਹ ਨਾਲ ਰੁੜ੍ਹ ਕੇ ਮਿੱਟੀ ਆਈ....ਉਸ ਬੂਟੇ ਦੀ ਜੜ੍ਹ ਨੂੰ ਘੇਰੇ ਵਿਚ ਲੈ ਲਿਆ....ਮਿੱਟੀ ਸੰਗ ਰਲ ਕੇ ਪਾਣੀ ਨੇ ਖੁਰਾਕ ਦਿੱਤੀ.... ਸੂਰਜ ਦੀਆਂ ਕਿਰਨਾਂ ਨੇ ਨਿੱਘ ਦਿੱਤੀ...ਵਗਦੀ ਪਵਨ ਨੇ, ਫੇਰ ਭੰਗੂੜੇ ਦੇ ਬੱਚੇ ਵਾਂਗ ਝੁਲਾਇਆ...ਪੁਚਕਾਰਿਆ। ਨਵ-ਜੀਵਨ ਸਿਰਜਿਆ ਗਿਆ। ਬੂਟਾ ਫੇਰ ਲਹਿਲਹਾਇਆ। ਸੋਹਣੇ ਫੁੱਲ ਪਏ। ਕੁਝ ਦਿਨਾਂ ਨੂੰ ਫੇਰ ਸ੍ਰੀ ਮਹਾਂਵੀਰ, ਗੋਸ਼ਾਲਕ ਨਾਲ ਉਸੇ ਰਾਹ ਸੈਰ ਨੂੰ ਗਏ। ਹੱਸਦਾ, ਮੁਸਕਰੋਂਦਾ, ਨਵੇਂ ਫੁੱਲਾਂ ਨਾਲ, ਬੂਟੇ ਨੇ ਸੁਆਗਤ ਕੀਤਾ। ਕਹਿੰਦੇ ਹਨ-ਇਕ ਪਿਆਰੇ ਦੀ ਪ੍ਰੀਤ ਭਰੀ ਨਿਗਾਹ ਨੇ, ਉਜੜੇ ਜੀਵਨ ਵਿਚ ਬਸੰਤ ਬਹਾਰਾਂ ਲਿਆ ਦਿੱਤੀਆਂ।

ਧਰਮ, ਮੰਦਰਾਂ, ਮਸੀਤਾਂ, ਗੁਰਦੁਆਰਿਆਂ ਦੀਆਂ ਦੀਵਾਰਾਂ ਅੰਦਰ, ਬੰਦ ਸ਼ੈਅ ਨਹੀਂ। ਧਰਮ ਤਾਂ ਸਾਡੇ ਤੁਹਾਡੇ ਮਨ ਵਿਚ ਹੈ, ਜਿੱਥੋਂ "ਸਰਬੱਤ ਦੇ ਭਲੇ" ਲਈ ਦੁਆਵਾਂ ਜਨਮ ਲੈਣ। ਧਰਮ ਤਾਂ ਉਨ੍ਹਾਂ ਹੱਥਾਂ ਵਿਚ, ਜੋ ਕਿਸੇ ਦੁਖਿਆਰੇ ਦੇ ਪੈਰਾਂ ਵਿੱਚੋਂ ਚੁੱਭੇ ਕੰਢੇ ਚੁੱਗਣ। ਉਨ੍ਹਾਂ ਮੁਕੱਦਸ ਪੈਰਾਂ ਵਿਚ, ਜੋ ਗੁਰੂ ਨਾਨਕ ਪਾਤਸ਼ਾਹ ਵਾਂਗ, ਨੂਰੇ ਕੋਹੜੀ ਦੀ ਝੁੱਗੀ ਵਿਚ ਪ੍ਰਵੇਸ਼ ਕਰੇ ਔਰ ਸਿਰ ਤੇ ਹੱਥ ਰੱਖ, ਨਵਾਂ ਨਰੋਆ ਕਰ ਦਏ।

ਖੇਤੜੀ ਦੇ ਮਹਾਰਾਜ, ਸੁਆਮੀ ਵਿਵੇਕਾਨੰਦ ਦੇ ਭਗਤ ਸਨ। ਇਕ ਵਾਰ, ਨਗਰ ਵਿਚ ਜਸ਼ਨ ਦਾ ਮਾਹੌਲ ਸੀ... ਦਰਬਾਰ ਸੱਜਿਆ ਸੀ.... ਸਭ ਤੋਂ ਖੂਬਸੂਰਤ ਨਰਤਕੀ ਦਾ ਨ੍ਰਿੱਤ ਚਲ ਰਿਹਾ ਸੀ। ਸੰਦੇਸ਼ਵਾਹਕ ਨੇ "ਸੁਆਮੀ ਜੀ" ਦੇ ਆਗਮਨ ਦੀ ਸੂਚਨਾ ਦਿੱਤੀ। ਮਹਾਰਾਜ ਉਸੇ ਵੇਲੇ ਸਿੰਘਾਸਨ ਤੋਂ ਉਠ, ਨਗਰ ਦੇ ਪ੍ਰਵੇਸ਼ ਦੁਆਰ ਵਲ ਦੌੜੇ। ਨਰਤਕੀ ਨੂੰ ਕਲਾ ਦਾ ਅਪਮਾਨ ਸਹਿਨ ਨਾ ਹੋਇਆ। ਪੈਰ ਥੰਮ੍ਹ ਗਏ। ਘੁੰਘਰੂ ਮੌਨ ਹੋ ਗਏ। ਸੁਆਮੀ ਜੀ ਨੂੰ ਮਹਿਲ ਦੇ ਵਿਸ਼ੇਸ਼ ਸਥਾਨ ਵਿਚ ਠਹਿਰਾਇਆ ਗਿਆ। ਜਸ਼ਨ ਦੀ ਜਾਣਕਾਰੀ

ਮਿਲੀ ਤਾਂ ਸੁਆਮੀ ਜੀ ਨੇ, ਮਹਾਰਾਜ ਨੂੰ ਮਹਿਲ ਵਿਚ ਵਾਪਸ ਭੇਜਿਆ। ਕਲਾ ਕੌਸ਼ਲ ਸਵੈਮਾਨੀ, 'ਨਰਤਕੀ' ਨੇ ਕਿਹਾ, ਹੁਣ ਤਾਂ ਮੈਂ ਸੰਨਿਆਸੀ ਸਾਮ੍ਹਣੇ ਹੀ ਨਚਾਂਗੀ। ਨਰਤਕੀ ਉਸੇ ਮਹਿਮਾਨ ਸਥਾਨ ਵਲ ਗਈ। ਘੁੰਘਰੂਆਂ ਦੀ ਆਵਾਜ਼ ਸੁਣ ਸੁਆਮੀ ਜੀ ਨੇ ਦਰਵਾਜ਼ਾ ਬੰਦ ਕਰ ਲਿਆ। ਕਲਾ-ਸਮ੍ਰਿੱਧ ਨਰਤਕੀ ਨੇ ਬਾਹਰੋਂ ਆਵਾਜ਼ ਲਾਈ-

"ਐ ਭਗਵਾ ਧਾਰੀ ਸੰਨਿਆਸੀ! ਤੂੰ ਪਹਿਰਨ ਤਾਂ ਪਾ ਲਿਆ, ਅੰਦਰ ਰੰਗਿਆ ਨਹੀਂ ਗਿਆ। ਐ ਅਦਵੈਤਵਾਦ ਦੇ ਵਿਆਖਿਆਕਾਰ! ਤੂੰ ਜੀਵ-ਬ੍ਰਹਮ ਨੂੰ ਅਭੇਦ ਦਸਦੈਂ, ਪਰ ਔਰਤ ਮਰਦ ਵਿਚ ਭੇਦ ਕਰਦੈਂ। ਅਸੀਂ ਦੋਵੇਂ, ਉਸ ਪ੍ਰਮਾਤਮਾ ਦੀ ਰਾਹ ਨੂੰ ਸਮਰਪਿਤ ਹਾਂ। ਤੂੰ ਸੰਨਿਆਸ ਧਾਰਿਆ... ਵੇਦਾਂਤ ਦੀ ਲੀਹ ਤੇ ਤੁਰ ਪਿਆ। ਮੈਂ ਨ੍ਰਿੱਤ ਨੂੰ ਪ੍ਰਮੇਸ਼ਰ ਦੀ ਪੂਜਾ ਬਣਾ ਲਿਆ। ਤੂੰ ਮੈਨੂੰ ਨ੍ਰਿਤਾਂਗਣਾ, ਵੇਸਵਾ ਸਮਝ ਦਰਵਾਜ਼ਾ ਬੰਦ ਕਰ ਲਿਆ। ਮੈਨੂੰ ਆਪਣੀ ਭੈਣ ਸਮਝ ਗਲ ਲਾ ਸਕਦਾ ਸੈਂ....।" ਸੁਆਮੀ ਜੀ ਨੇ ਦਰਵਾਜ਼ਾ ਖੋਲ੍ਹ ਦਿੱਤਾ...ਬਾਹਰ, ਨਰਤਕੀ ਦੇ ਪੈਰ ਫੜ ਲਏ। ਅੱਜ ਮੇਰਾ ਅਦਵੈਤਵਾਦ ਪੂਰਨ ਹੋਇਆ....ਤੂੰ ਮੇਰੀ ਗੁਰੂ। ਬਾਅਦ ਵਿਚ ਸੁਆਮੀ ਵਿਵੇਕਾਨੰਦ ਲਿਖਿਐ-ਪਹਿਲਾਂ, ਆਪਣੇ ਗੁਰੂ, ਸੁਆਮੀ ਰਾਮਕ੍ਰਿਸ਼ਨ ਪਰਮਹੰਸ ਲਈ, ਪੂਜਾ ਫੁੱਲ ਲੈਣ ਲਈ ਲੰਬੇ ਰਾਹ ਤੋਂ ਜਾਂਦਾ ਸਾਂ। ਛੋਟੇ ਰਸਤੇ ਵਿਚ ਵੇਸਵਾਵਾਂ ਦੀ ਮਲੀਨ ਬਸਤੀ ਸੀ। ਪਰ ਹੁਣ ਮੈਂ ਦੇਹ ਵਪਾਰ ਕਰਨ ਵਾਲੀਆਂ, ਨੱਚਣ ਵਾਲੀਆਂ ਦੇ ਵਿਚ ਵੀ, ਭੈਣ ਵਾਂਗ, ਧੀ ਦੀ ਅਨੁਭੂਤੀ ਨਾਲ, ਸੁਧਾਰ ਕਰਮ ਕਰ ਸਕਦਾਂ।

ਤਾਂ ਦਸਮ ਪਾਤਸ਼ਾਹ ਕਹਿੰਦੇ, ਪ੍ਰੀਤ ਬਿਨਾਂ, ਭਗਤੀ ਅਰਥਹੀਣ ਹੈ।

ਇਹ ਪ੍ਰੀਤ...ਇਹ ਇਸ਼ਕ, ਰੱਬ ਦੀ ਦਰਗਾਹ! ਅੰਦਰ ਹੀ...ਅੰਤਰਾਤਮਾ ਦਾ ਗੀਤ ਬਣ ਜਾਏਗਾ। ਜਿੱਥੋਂ ਉੱਠਦੀਆਂ, ਨਾਦਾਤਮਕ ਧੁਨਾਂ.... ਜਿੱਥੇ ਜੀ ਕਰੇ "ਪ੍ਰਭੂ" ਪ੍ਰਗਟ ਕਰ ਲਉ।

ਸ਼ੇਖ ਸਾਅਦੀ ਈਰਾਨ ਦੇ ਸ਼ਿਰਾਜ ਸ਼ਹਿਰ ਤੋਂ ਉਠ, ਦੇਸ਼ ਵਿਦੇਸ਼ ਗਏ। ਅਰਬ, ਈਰਾਨ, ਮਿਸ੍ਰ, ਤੁਰਕੀ, ਹਿੰਦੁਸਤਾਨ ਹੁੰਦੇ ਹੋਏ, ਦਮਿਸ਼ਕ (ਸੀਰੀਆ) ਗਏ ਤਾਂ ਜਿਹਾਦੀਆਂ ਦੇ ਹਥੇ ਚੜ੍ਹ ਗਏ। ਕੈਦ ਹੋ ਗਏ। ਪੁਰਾਣੇ ਮਿੱਤਰ ਨੇ ਸੌ ਸੋਨੇ ਦੀਆਂ ਦੀਨਾਰਾਂ ਦੇ ਕੇ ਛਡਾਇਆ ਤਾਂ ਗੁਲਿਸਤਾ ਵਿਚ ਲਿਖਿਆ-

ਚੂੰ ਨਾ ਕਹਿਤ ਸਾਲੇ ਸ਼ੁਦ ਅੰਦਰਿ ਦਮਿਸ਼ਕ।

ਕਿ ਯਾਰਾਂ ਫਰਾਮੋਸ਼ ਕਰਦੰਦ ਇਸ਼ਕ॥

ਵਰ੍ਹਿਆਂ ਤੋਂ ਦਮਿਸ਼ਕ ਦੇ ਲੋਗ ਖੁਸ਼ਕ ਹੋ ਗਏ। ਇਸ਼ਕ ਕਰਨਾ ਭੁੱਲ ਗਏ।

ਭਗਤੀ ਤਾਂ ਸਰਵਾਂਗ ਸੁੰਦਰੀ! ਇਸ ਦੇ ਹੁਸਨ ਦੀ ਕਦਰ, ਸ਼ਾਹ ਹੁਸੈਨ ਜਾਣੇ....ਬੁੱਲਾ ਜਾਣੇ.... ਸੁਲਤਾਨ, ਬਾਹੂ, ਵਾਰਿਸ ਸ਼ਾਹ ਜਾਂ ਫਿਰ ਗੁਰੂ ਨਾਨਕ ਜਾਣੇ... ਗੁਰੂ ਗੋਬਿੰਦ ਜਾਣੇ। ਅਲਮਸਤ ਫ਼ਕੀਰ, ਜਿਨ੍ਹਾਂ ਮੁਰਸ਼ਦ ਦੀ ਦਰਗਾਹ ਤੇ ਸਿਰ ਰਖਿਆ, ਫੇਰ ਉਥੇ ਹੀ ਸਿਰ ਛੱਡ ਆਏ.... "ਜਿਨ ਪ੍ਰੇਮ ਕੀਓ....।"

ਭਗਵਾਨ ਸ੍ਰੀ ਕ੍ਰਿਸ਼ਨ, ਬ੍ਰਿੰਦਾਬਨ ਛੱਡ ਆਏ।

ਪ੍ਰੀਤ ਮੂਰਤ ਰਾਧਾ ਨੇ, ਦਰਖਤ ਦੇ ਓਹਲਿਓਂ, ਹੰਝੂ ਭਰੇ ਨੇਤਰਾਂ ਨਾਲ, ਵਿਦਾ ਕੀਤਾ। ਮੁੜ ਸ਼ਿਆਮ ਬ੍ਰਿੰਦਾਵਨ ਨਾ ਆਏ। ਰਾਧਾ ਨੇ ਕਦੀ ਪ੍ਰੀਤ ਦੀ ਦੁਹਾਈ ਨਾ ਦਿੱਤੀ। ਨਾਲ ਜਾਣ ਦੀ ਜ਼ਿੱਦ ਨਾ ਕੀਤੀ। ਮਥੁਰਾ ਤੋਂ ਦਵਾਰਕਾ ਪਹੁੰਚ ਗਏ। 24 ਵਰ੍ਹੇ ਲੰਘ ਗਏ।.... 16 ਦੀ ਅਣਵਿਆਹੀ ਰਾਧਾ 40 ਦੀ ਹੋ ਗਈ। ਉਧਰ ਸ਼ਾਮ, ਰਾਜ ਕਾਜ ਵਿਚ ਉਲਝੇ ਰਹੇ। ਰਾਧਾ, ਮਨ ਮੰਦਰ ਵਿਚ ਵਸੀ ਰਹੀ। ਕਿਸੇ ਪ੍ਰਸੰਗ ਤੇ ਗੱਲ-ਬਾਤ ਵਿਚ, ਰੁਕਮਣੀ ਹੁੰਦੀ, ਸਤਿਅਭਾਮਾ ਹੁੰਦੀ, ਪਰਿਵਾਰ ਹੁੰਦਾ, ਕੁਟੰਬ ਹੁੰਦਾ, ਸ਼ਾਮ ਰਾਧਾ ਦੀ ਨਿਸ਼ਕਾਮ ਸੇਵਾ ਦੀ ਉਸਤਤਿ ਕਰਦੇ। ਪਟਰਾਣੀਆਂ ਸੜ ਬਲ ਜਾਂਦੀਆਂ। ਇਕ ਦਿਨ ਰੁਕਮਣੀ ਕਿਹਾ, "ਤੁਸੀਂ ਗੱਲ-ਗੱਲ ਤੇ ਰਾਧਾ ਦੇ ਗੀਤ ਗਾਉਂਦੇ ਹੋ....ਐਸੀ ਕੀ ਗੱਲ ਹੈ ਉਸ ਵਿਚ? ਇਕ ਵਾਰ, ਭਗਵਾਨ ਸ੍ਰੀ ਕ੍ਰਿਸ਼ਨ ਨੇ ਖੇਡ ਬਣਾਈ। ਬਿਮਾਰ ਹੋ ਗਏ। ਤਾਪ ਨਾ ਉਤਰੇ। ਰਾਜ ਜੋਤਿਸ਼ ਨੇ ਗ੍ਰਹਿ ਗਣਨਾ ਕੀਤੀ ਤੇ ਕਿਹਾ, ਜੇ ਕਿਸੇ ਪਤਨੀ ਜਾਂ ਪ੍ਰੇਮਿਕਾ ਦੀ ਚਰਨ ਧੂੜ ਭਗਵਾਨ ਜੀ ਦੇ ਮੱਥੇ ਤੇ ਲਾਈ ਜਾਏ ਤਾਂ ਉਨ੍ਹਾਂ ਦਾ ਤਾਪ ਉਤਰ ਸਕਦੈ। ਰੁਕਮਣੀ ਨੇ, ਸਤਿਆਭਾਮਾ ਨੇ, ਹੋਰ ਸਾਰੀਆਂ ਰਾਣੀਆਂ ਨੇ ਸਾਫ ਨਾਂਹ ਕਰ ਦਿੱਤੀ। ਪੈਰਾਂ ਦੀ ਚਰਨ ਧੂੜ ਭਗਵਾਨ ਦੇ ਮੱਥੇ ਤੇ...? ਘੋਰ ਪਾਪ ਦੀ ਭਾਗੀ ਨਹੀਂ ਬਣਨਾ। ਇਕ ਇਕ ਕਰ ਕੇ ਸਭ ਤੋਂ ਪੁਛਿਆ ਗਿਆ.... ਕੋਈ ਤਿਆਰ ਨਾ ਹੋਈ। ਅਖੀਰ ਸ੍ਰੀ ਕ੍ਰਿਸ਼ਨ ਕਿਹਾ, ਇਕ ਵਾਰ ਬ੍ਰਿੰਦਾਵਨ ਰਾਧਾ ਕੋਲ ਜਾ ਵੇਖੋ। ਸੰਦੇਸ਼-ਵਾਹਕ



Sri Satguru Jagjit Singh Ji eLibrary NamdhariElibrary@gmail.com

ਰਾਧਾ ਦੇ ਘਰ, ਬਰਸਾਨੇ ਪੁੱਜਾ..... ਸ੍ਰੀ ਕ੍ਰਿਸ਼ਨ ਸੰਦੇਸ਼ ਦਿੱਤਾ। ਸ਼ਾਮ ਬੁਖ਼ਾਰ ਵਿਚ ਹਨ..... ਤੁਹਾਡੀ ਚਰਨ ਧੂੜ ਉਹਨਾਂ ਦੇ ਮੱਥੇ ਲੱਗੇ ਤਾਂ ਤਾਪ ਉਤਰ ਸਕਦੈ। ਸੁਣਦਿਆਂ ਰਾਧਾ ਬਾਵਰੀ ਹੋ ਗਈ। ਸ਼ਾਮ.... ਮੇਰਾ ਸ਼ਾਮ ਬਿਮਾਰ ਹੈ ? ਉਸੇ ਵੇਲੇ ਪੈਰਾਂ ਦੀ ਧੂੜ.... ਸਾੜ੍ਹੀ ਪਾੜ, ਪੱਲੂ ਨਾਲ ਬੱਧੀ– "ਜਾ ਮੇਰੇ ਵੀਰ....ਜਲਦੀ ਜਾ, ਸ਼ਾਮ ਦੇ ਮੱਥੇ ਲਾ....।" ਮੇਰਾ ਸ਼ਾਮ ਠੀਕ ਹੋ ਜਾਏ.... ਮੈਂ ਭਾਵੇਂ ਇਸ ਪਾਪ ਲਈ ਹਜ਼ਾਰ ਜਨਮ ਨਰਕ ਭੋਗਾਂ....।" ਇਹ ਪ੍ਰੀਤ ਦੀ ਗੱਲ ਹੈ.... ਬਦਲੇ ਵਿਚ ਕੋਈ ਮੰਗ ਨਹੀਂ..... ਕੋਈ ਆਸ ਨਹੀਂ। ਦੁਨਿਆਵੀ "ਭਾਜੀ" ਦਾ ਹਿਸਾਬ ਨਹੀਂ, ਉਸ ਕੀ ਦਿੱਤਾ ਤੇ ਮੈਂ ਕੀ ਦਿਆਂ ? ਪ੍ਰੀਤ ਤਾਂ ਹਿਰਦੇ ਦੀ ਉਹ ਪਾਕ ਪਵਿੱਤਰ ਸੰਵੇਦਨਾ ਹੈ, ਜੋ ਪੀਰ ਪਰਾਈ ਦੇ ਅਹਿਸਾਸ ਨਾਲ ਤੜਫ਼ ਉਠੇ। ਗੀਤਕਾਰ ਨਿਦਾ ਫਾਜ਼ਲੀ ਦੇ ਗੀਤ ਵਾਂਗ...."ਮਸਜਿਦ ਤਾਂ ਹੈ ਬਹੁਤ ਦੂਰ....ਚਲੋ ਕੁਝ ਇਵ ਕਰੀਏ, ਕਿਸੇ ਰੋਂਦੇ ਬੱਚੇ ਨੂੰ ਹਸਾਇਆ ਜਾਏ।" ਦਾਗਿਸਤਾਨ (ਰੂਸ) ਵਿਚ ਇਕ ਗਾਲ੍ਹ ਹੈ–"ਜਾ ਵੇ ਤੈਨੂੰ ਤੇਰੇ ਯਾਰ ਦਾ ਨਾਂ ਭੁੱਲ ਜਾਏ।" ਯਾਰ ਹੈ, ਤਾਂ ਜੀਵਨ ਦਾ ਮੱਕਸਦ ਹੈ। ਉਹ ਯਾਰ, ਹਰ ਮਨੁੱਖ ਅੰਦਰ, ਉਸਦੀ ਸੁਰਤ ਦੀ ਪਾਕੀਜ਼ਗੀ ਵਿਚ, ਉਸਦੇ ਵਿਵੇਕ ਦੀ ਵਿਕਸਿਤ ਨਜ਼ਰ ਵਿਚ, ਜਿਹੜੀ ਹਰ ਜੀਅ ਵਿਚ ਯਾਰ ਦਾ ਦੀਦਾਰ ਕਰ ਲਏ.....। ਗੋਯਾ ਨੰਦ ਲਾਲ ਦੇ ਭਾਵ ਅਨੁਸਾਰਃ

"ਦਿਲ ਗ਼ਰ ਦਾਨਾ ਬਣਦ, ਅੰਦਰਿ, ਕੁਨਾਰਸ ਯਾਰ ਅਸਤਿ।
ਚਸ਼ਮ ਗ਼ਰ ਬੀਨਾ ਬਣਦ, ਦਰਿ ਹਰਿ ਤਰਫ ਦੀਦਾਰ ਅਸਤਿ॥"

ਯਾ ਰੱਬ! ਯਾ ਮੇਰੇ ਸਤਿਗੁਰ! ਯਾ ਮੇਰੇ ਯਾਰ, ਤੂੰ ਹਰ ਥਾਂ... ਹਰ ਇਕ ਵਿਚ। ਪ੍ਰੀਤ ਦੀ ਹਰ ਰਾਹ ਵੀ ਤੂੰ.... ਇਸ਼ਕ ਦੀ ਦਰਗਾਹ ਵੀ ਤੂੰ.... ਇੱਟਾਂ, ਗਾਰਿਆਂ ਦੀਆਂ ਇਬਾਦਤਗਾਹਾਂ, ਪਿੱਛੇ ਰਹਿ ਗਈਆਂ....

"ਜਿਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਇਓ....!"



Sri Satguru Jagjit Singh Ji eLibrary NamdhariElibrary@gmail.com

# 39

## ਤੀਰਥ ਬਰਤ ਅਰੁ ਦਾਨ ਕਰਿ....

ਦਾਨ ਸ਼ਬਦ ਬਹੁਤ ਪ੍ਰਚੱਲਿਤ ਹੈ। ਸੋਸ਼ਲ ਮੀਡੀਆ ਤੇ, ਗਰੀਬਾਂ ਨੂੰ ਰਾਸ਼ਨ ਵੰਡਦਿਆਂ, ਜਾਂ ਮੰਦਰਾਂ, ਗੁਰਦੁਆਰਿਆਂ ਦੇ ਪੱਥਰਾਂ ਤੇ ਉਕੇਰੇ ਹੋਏ ਨਾਂ ਵੇਖਦੇ ਹਾਂ। ਦਾਨ ਸ਼ਬਦ, ਬਹੁਤ ਗਹਿਰੇ ਅਰਥ ਵਿਚ ਪ੍ਰਯੋਗ ਕੀਤਾ ਗਿਆ ਹੈ। "ਦਾ" ਅਰਥ ਹੈ ਦੇਣਾ.... "ਨ" ਅਰਥ ਹੈ ਨਹੀਂ। ਮੈਂ ਦਾਨ ਨਹੀਂ ਦੇਣ ਵਾਲਾ। ਮੇਰਾ ਕੁਝ ਨਹੀਂ, ਮੈਂ ਦਾਤਾ ਨਹੀਂ।

ਦਦਾ ਦਾਤਾ ਏਕੁ ਹੈ, ਸਭ ਕਉ ਦੇਵਨਹਾਰ ॥

ਦੇਂਦੇ ਤੋਟਿ ਨਾ ਆਵਈ, ਅਗਨਤ ਭਰੇ ਭੰਡਾਰ ॥ (ਪੰ. 257)

ਇੱਕ ਦਾਤਾ... ਹੋਰ ਸਾਰਾ ਜਗ ਮੰਗਤਾ। ਜਦੋਂ ਦੀ ਸ੍ਰਿਸ਼ਟੀ ਬਣੀ, ਉਦੋਂ ਦਾ ਦੇ ਰਿਹੈ। ਲੈਣ ਵਾਲੇ ਥੱਕ ਗਏ... ਦੇਣ ਵਾਲਾ ਪਰਮੇਸ਼ਵਰ ਨਹੀਂ ਥੱਕਿਆ...ਉਸਦੇ ਅਨੰਤ ਭੰਡਾਰ ਨਹੀਂ ਮੁੱਕੇ। ਦਾਨ ਦਾ ਅਰਥ ਹੈ, ਸ਼ੁਕਰਾਨਾ।

"ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ"- ਭਗਤ ਕਬੀਰ ਜੀ (ਪੰ. 642) ਦੇਣ ਵਾਲਾ ਵੀ ਤੂੰ.... ਮੰਗਣ ਵਾਲਿਆਂ ਵਿਚ ਵੀ ਤੂੰ। ਤੇਰਾ ਦਿੱਤਾ, ਤੈਨੂੰ ਦਿੰਦਿਆਂ, "ਮੈਂ ਦਾ ਬੋਧ ਸ਼ਰਮ ਜੋਗ ਹੈ। ਇਹ ਹੰਕਾਰ-ਭਾਵ, ਲੱਜਾ ਜਨਕ ਹੈ।

ਰਹੀਮ ਜੀ, ਬਾਦਸ਼ਾਹ ਅਕਬਰ ਦੇ ਮੁੱਖ ਦਰਬਾਰੀ ਕਵੀ ਸਨ, ਮੁੱਖ ਸਲਾਹਕਾਰ ਵਜ਼ੀਰ ਦਾ ਅਹੁਦਾ ਪ੍ਰਾਪਤ ਸੀ। ਲੋਕ ਸਨਮਾਨ ਵੱਜੋਂ, ਨਵਾਬ ਸਾਹਿਬ ਕਹਿ ਕੇ ਸੰਬੋਧਿਤ ਹੁੰਦੇ। ਰਹੀਮ ਜੀ, ਭਗਤ ਵੀ ਸਨ ਅਤੇ ਚੋਟੀ ਦੇ ਦਾਨੀ ਵੀ ਸਨ। ਉਨ੍ਹਾਂ ਦੀ ਇਕ ਫ਼ਿਤਰਤ ਸੀ, ਜਦੋਂ ਲੋੜਵੰਦ ਨੂੰ ਕੁਝ ਦੇਣ ਲਈ ਹੱਥ ਚੁੱਕਦੇ, ਤਾਂ ਸਿਰ ਝੁਕਾ ਲੈਂਦੇ। ਇਕ ਵਾਰ, ਉਨ੍ਹਾਂ ਦੇ ਮਿੱਤਰ ਮਹਾਂਕਵੀ ਫ਼ੈਜ਼ ਨੇ ਪੁੱਛਿਆ-



Sri Satguru Jagjit Singh Ji eLibrary NamdhariElibrary@gmail.com

ਸੀਖੇ ਕਹਾਂ ਨਵਾਬ ਜੂ, ਐਸੀ ਦੇਨੀ ਦੇਨ।

ਜਿਉ ਜਿਉ ਕਰਿ ਊਚੇ ਕਰੋ ਤਿਉ ਤਿਉ ਨੀਚੇ ਨੈਨ॥

ਭਗਤ ਰਹੀਮ ਜੀ ਨੇ ਜਵਾਬ ਦਿੱਤਾ—

ਦੇਵਣਹਾਰ ਕੋਈ ਔਰ ਹੈ, ਭੇਜਤ ਸੋ ਦਿਨ ਰੈਨ॥

ਲੋਗ ਭਰਮ ਹਮ ਪੇ ਧਰੈਂ, ਯਾਂ ਤੇ ਨੀਚੇ ਨੈਨ॥

ਕੋਈ ਹੈ ਪ੍ਰਮਾਤਮਾ, ਜੋ ਰਾਤ ਦਿਨ ਸੰਸਾਰ ਨੂੰ ਦੇ ਰਿਹਾ ਹੈ। ਉਸਨੇ ਨਿਮਿਤ ਮੈਨੂੰ ਬਣਾ ਲਿਆ.... ਕਿਸੇ ਲੋੜਵੰਦ ਨੂੰ ਦੇਣ ਦਾ ਵਸੀਲਾ ਮੈਨੂੰ ਬਣਾਇਆ। ਲੋਕ ਭਰਮ ਵਿਚ ਪੈ ਗਏ... ਸ਼ਾਇਦ ਮੈਂ ਦੇ ਰਿਹਾਂ, ਇਸ ਸੋਚ ਨਾਲ, ਮੇਰਾ ਸਿਰ ਲੱਜਾ ਵਿਚ ਝੁੱਕ ਜਾਂਦੈ। ਮੈਂ ਤਾਂ ਉਸ "ਦਾਤੇ" ਦੇ ਸ਼ੁਕਰਾਨੇ ਯੋਗ ਵੀ ਨਹੀਂ।

ਗਿਆਨ ਯੋਗ, ਕਰਮਯੋਗ, ਸਾਂਖਿਅ ਯੋਗ.... ਕਈ ਰਾਹ ਪ੍ਰਭੂ ਦੁਆਰ ਤਕ ਜਾ ਰਹੇ ਹਨ... ਕਹਿੰਦੇ ਹਨ "ਦਾਨ" ਸਰਵੋਤਮ ਮਾਰਗ ਹੈ। ਕਿਸੇ ਕੋਲ ਬਹੁਤ ਹੈ.... ਨਿਆਣੇ ਨਖਰਿਆਂ ਨਾਲ ਖਾਂਦੇ ਨੇ.... ਕਈ ਘਰਾਂ ਵਿਚ ਉਦਾਸੀ ਹੈ, ਭੁੱਖ ਹੈ... ਰੋਟੀ ਲਈ ਤਰਸਦੇ ਬੱਚੇ ਹਨ। ਸਮਾਜਿਕ ਅਸਮਾਨਤਾ ਰਾਸ਼ਟਰ ਦੁਰਦਸ਼ਾ ਦਾ ਕਾਰਣ ਹੁੰਦੀ ਹੈ।

ਕੋਟੀ ਕੋਟੀ ਝੋਪੜਿਓਂ ਮੇ ਛਾਈ ਹੂਈ ਉਦਾਸੀ ਹੈ।

ਬਸ ਮੁੱਠੀ ਭਰ ਮਹਲੋਂ ਮੇਂ ਹੋਤੀ ਪੂਰਨਮਾਸੀ ਹੈ।

ਇਸ ਆਰਥਿਕ ਅਸਮਾਨਤਾ ਦੇ ਖੱਡ ਨੂੰ ਭਰਨ ਲਈ, ਧਰਮ ਸ਼ਾਸਤ੍ਰੀਆਂ ਦਾਨ ਦੀ ਮਹਿਮਾ ਦੱਸੀ। ਬਹੁਤੇ ਵਾਲਾ, ਥੁੜ ਵਾਲੇ ਨੂੰ ਯਥਾ-ਸ਼ਕਤੀ ਦੇਵੇ। ਘਰ ਭਾਵੇਂ ਕੁਵੇਲੇ ਕੋਈ ਅਨਜਾਣ ਮਹਿਮਾਨ, ਭੁੱਖਾ, ਥੱਕਿਆ ਆਵੇ... ਅੰਨ, ਪਾਣੀ ਅਤੇ ਆਰਾਮ ਦਾ ਪ੍ਰਬੰਧ ਕਰੋ। ਮਹਾਂਭਾਰਤ ਦੇ ਅਸ਼ਵਮੇਧਿਕ ਪਰਵ ਵਿਚ ਪ੍ਰਸੰਗ ਹੈ। ਪਾਂਡਵ ਅਸ਼ਵਮੇਧ ਯੱਗ ਰਚਿਆ ਸੀ। ਭਗਵਾਨ ਸ੍ਰੀ ਕ੍ਰਿਸ਼ਨ ਯੁਧਿਸ਼ਠਰ ਨੂੰ ਕਹਿੰਦੇ ਹਨ-ਦੇਖੀਂ ਯੁਧਿਸ਼ਠਰ! ਇਸ ਯੱਗ ਵਿਚ ਕਈ ਥੱਕੇ, ਮੰਦੇ, ਮਾੜੇ, ਧੂਲ ਮਿੱਟੀ ਨਾਲ ਸਣੇ ਲੋਕ ਵੀ ਆਉਣਗੇ। ਸਾਰਿਆਂ ਨੂੰ ਦੇਵਤੇ ਸਮਝ ਕੇ, ਆਪਣੇ ਹੀ ਕੁਲ ਦੇ ਵੱਡੇ ਵਡੇਰੇ ਪਿੱਤਰਾਂ ਵਾਂਗ, ਉਨ੍ਹਾਂ ਲਈ ਭੋਜਨ, ਆਰਾਮ ਦਾ ਪ੍ਰਬੰਧ ਕਰੀਂ..... ਉਨ੍ਹਾਂ ਦੀ ਦੇਵਤਿਆਂ ਵਾਂਗ ਆਵ-ਭਗਤ ਕਰੀਂ.....



Sri Satguru Jagjit Singh Ji eLibrary NamdhariElibrary@gmail.com

"ਅਭਿਆਂਗਤੰ, ਸ੍ਰਾਂਤਮ ਅਨੁ ਵ੍ਰਜੰਤੀ। ਦੇਵਾਸਚ ਸਰਵੇ ਪਿਤਰੋ, ਅਗਨਯਸ਼ਚ ਤਸਮਿਨ ਦ੍ਵਿਜੇ ਪੂਜਿਤੇ ਪੂਜਿਤਾਃ। ਸਯੁਰਗਤੇ ਨਿਰਾਸਃ ਪਿਤਰੋ ਵ੍ਰਜੰਤੀ॥"

ਜੇ ਕੋਈ ਵੀ ਭੁੱਖਾ ਚਲ ਗਿਆ... ਸਾਰੇ ਦੇਵਤੇ, ਪੂਰਵਜ-ਮਿੱਤਰ ਵਾਪਸ ਚਲੇ ਜਾਣਗੇ।

ਬਹੁਤ ਔਖਾ ਹੈ ਦਾਨ ਦੇਣਾ, ਖਜ਼ਾਨੇ, ਭੰਡਾਰ ਭਰੇ ਹੋਏ, ਪਰ ਦੇਣਾ ਬੜਾ ਔਖਾ ਲੱਗਦਾ। ਗੁਲਜ਼ਾਰ ਕਹਿੰਦੈ-

ਆਗਾਹ ਅਪਣੀ ਮੌਤ ਸੇ ਕੋਈ ਬਸ਼ਰ ਨਹੀ।

ਸਾਮਾਨ ਸੌ ਬਰਸ ਕਾ, ਪਲ ਕੀ ਖਬਰ ਨਹੀਂ।

ਇਕ ਖਿਨ-ਪਲ ਦੀ ਗਾਰੰਟੀ ਨਹੀਂ....ਸੌ ਵਰ੍ਹਿਆਂ ਲਈ... ਕਈ ਕਈ ਪੁਸ਼ਤਾਂ ਲਈ ਸਾਮਾਨ ਭਰਿਆ। ਕੋਈ ਵਿਰਲਾ ਜੋ ਦਾਨੀ ਹੋਵੇ। ਉਪਨਿਸ਼ਦ ਕਹਿੰਦੇ ਹਨ-

ਸੈਂਕੜਿਆਂ 'ਚੋਂ ਕੋਈ ਇਕ ਸੂਰਮਾ ਜੰਮਦੈ। ਹਜ਼ਾਰਾਂ 'ਚੋਂ ਕੋਈ ਇਕ ਭਗਤ। ਵਕਤਾ, ਬੁਲਾਰਾ, ਦਸ ਹਜ਼ਾਰ ਚੋਂ ਕੋਈ ਇਕ.... ਪਰ ਦਾਤਾ.... ਦਾਨੀ.... ਲੱਖਾਂ ਚੋਂ ਕੋਈ ਹੋਵੇ.... ਇਸ ਦਾ ਭਰੋਸਾ ਨਹੀਂ....

ਸ਼ਤੇਸੁ ਜਾਯਤੇ ਸੂਰਾ। ਭਗਤ ਸਹਸਤ੍ਰੇਸੁ ਚ।

ਵਕਤਾ, ਦਸ ਸਹਸਤ੍ਰੇਸੁ, ਦਾਤਾ ਭਵਤੀ ਵਾ ਨਾ ਵਾ॥

ਯੁਵਕ ਸਿਧਾਰਥ, ਘਰ ਵਾਲੀ ਯਸ਼ੋਧਰਾ ਅਤੇ ਛੇ ਮਹੀਨੇ ਦਾ ਪੁੱਤਰ ਰਾਹੁਲ, ਸੁੱਤਿਆਂ ਛੱਡ ਕੇ ਘਰੋਂ ਨਿਕਲ ਗਿਆ। 12 ਵਰ੍ਹਿਆਂ ਬਾਅਦ, ਭਗਵਾਨ ਬੁੱਧ ਬਣ, ਦੇਸ਼ਾਟਨ ਕਰਦਿਆਂ ਕਪਿਲਵਸਤੂ ਪੁੱਜੇ। ਨਿਯਮ ਸੀ, ਇਕ ਘਰੋਂ ਭਿੱਖਿਆ ਮੰਗਦੇ। ਜੋ ਮਿਲ ਜਾਏ ਛੱਕਦੇ। ਫੇਰ ਅੱਠਾਂ ਪਹਿਰਾਂ ਬਾਅਦ ਭਿੱਖਿਆ ਪਾਤਰ, ਕਿਸੇ ਅੱਗੇ ਕਰਦੇ। ਉਸ ਦਿਨ ਬੁੱਧ 12 ਵਰ੍ਹਿਆਂ ਬਾਦ, ਫੇਰ ਉਸ ਦੁਆਰ ਤੋਂ "ਭਿਖਸ਼ਾ ਦੇਹਿ" ਦੀ ਆਵਾਜ਼ ਲਾਈ, ਜਿਸ ਦਵਾਰ ਤੋਂ ਸੰਨਿਆਸ ਲਈ ਨਿਕਲੇ ਸਨ। ਅੰਦਰ ਯਸ਼ੋਧਰਾ ਦੇ ਕੰਨਾਂ ਵਿਚ ਆਵਾਜ਼ ਪਈ...। ਉਹ...! ਇਹ ਤਾਂ ਮੇਰੇ ਸਵਾਮੀ ਦੀ ਆਵਾਜ਼ ਜਾਪਦੀ ਹੈ। ਦੌੜਦੀ ਬਾਹਰ ਆਈ.... ਚਰਨਾਂ ਤੇ ਡਿੱਗ ਪਈ.... ਸ਼ਾਇਦ ਅੱਜ ਪਰਤ



Sri Satguru Jagjit Singh Ji eLibrary NamdhariElibrary@gmail.com

ਆਇਆ ਮੇਰਾ ਸੁਹਾਗ। ਬੁੱਧ ਸ਼ਾਂਤ ਚਿੱਤ.... ਨਿਰਲਿਪਤ ਭਾਵ, ਭਿੱਖਿਆ ਪਾਤਰ ਅੱਗੇ ਵਧਾਇਆ-ਭਿਖਸ਼ਾ ਦੇਹਿ। ਯਸ਼ੋਧਰਾ ਅੰਦਰ ਇਕ ਨਾਰੀ ਦਾ ਸਵੈਮਾਨ ਉਠ ਖਲੋਤਾ। ਠਹਿਰ ਯੋਗੀ, ਤੂੰ ਸਮਝਦੈਂ, ਸ਼ਾਇਦ ਤਿਆਗ ਦਾ ਅਰਥ, ਘਰ-ਪਰਿਵਾਰ ਦਾ ਤਿਆਗ ਹੀ ਹੈ। ਦੇਖ, ਇਕ ਨਾਰੀ ਘਰ ਵਿਚ ਰਹਿ ਕੇ ਵੀ ਕਿਵੇਂ ਤਿਆਗ ਕਰ ਸਕਦੀ ਹੈ। ਅੰਦਰ ਗਈ, ਸਾਢੇ ਬਾਰ੍ਹਾਂ ਸਾਲਾਂ ਦੇ ਰਾਹੁਲ ਦਾ ਹੱਥ ਫੜ ਬਾਹਰ ਆਈ। ਲੈ ਸੰਨਿਆਸੀ, ਇਹ ਦਾਨ ਸਵੀਕਾਰ ਕਰ। ਪਤੀ ਤੋਂ ਮਗਰੋਂ, ਪੁੱਤਰ ਦਾ ਸਹਾਰਾ ਹੁੰਦੈ। ਅੱਜ ਉਹ ਵੀ ਤਿਆਗ ਰਹੀ ਹਾਂ.... ਰਾਹੁਲ ਦਾ ਹੱਥ, ਬੁੱਧ ਦੇ ਹੱਥ ਫੜਾ ਦਿੱਤਾ। ਚਾਰੇ ਦਿਸ਼ਾਵਾਂ 'ਚੋਂ ਬੋਧੀ ਗਾਨ ਗੂੰਜਿਆ-

"ਬੁੱਧਮ ਸ਼ਰਣਮ ਗੱਛਾਮੀ...ਧੱਮਮ ਸ਼ਰਣਮ ਗੱਛਾਮੀ॥"

ਤਾਂ ਨੌਵੇਂ ਪਾਤਸ਼ਾਹ ਕਹਿੰਦੇ ਹਨ

ਤੀਰਥ ਬਰਤ ਅਰੁ ਦਾਨ ਕਰਿ, ਮਨ ਮੈ ਧਰੈ ਗੁਮਾਨ॥

ਨਾਨਕ ਨਿਹਫਲ ਜਾਤ ਤਿਹਿ, ਜਿਉ ਕੁੰਚਰ ਇਸਨਾਨੁ॥ (ਪੰ. 1428)

ਤੀਰਥ, ਵਰਤ, ਦਾਨ, ਇਕ ਵਿਸ਼ੇਸ਼ ਭਾਵ ਅਰਥ ਵਿਚ ਹਨ। ਇਹ ਸਾਰੇ ਸ਼ਬਦ, ਦੇਹ ਅਭਿਮਾਨ ਤੋਂ ਪਰ੍ਹੇ ਹੋ ਕੇ, ਮਨੁੱਖੀ ਸਮਾਜ ਕਲਿਆਣ ਦੇ ਸੰਦਰਭ ਵਿਚ ਹਨ। ਸ਼ਾਂਤੀ ਪਰਵ, ਮਹਾਂਭਾਰਤ, ਵਿਚ ਪ੍ਰਸੰਗ ਹੈਃ ਯੁਧਿਸ਼ਠਰ ਨੇ ਭਗਵਾਨ ਕ੍ਰਿਸ਼ਨ ਤੋਂ ਪੁੱਛਿਆ- ਸਭ ਤੋਂ ਵੱਡਾ ਤੀਰਥ ਕਿਹੜਾ ਹੈ? ਸ੍ਰੀ ਕ੍ਰਿਸ਼ਨ ਕਹਿੰਦੇ ਹਨ-

ਛਮਾ ਤੂੰ ਪਰਮ ਤੀਰਥਃ ਸਰਵ ਤੀਰਥੇਸੁ ਪਾਂਡਵਃ॥

ਖਿਮਾ ਦਾਨ ਸਭ ਤੋਂ ਵੱਡਾ ਦਾਨ ਹੈ....ਸਭ ਤੋਂ ਵੱਡਾ ਤੀਰਥ ਹੈ।

*******



Sri Satguru Jagjit Singh Ji eLibrary NamdhariElibrary@gmail.com